*Published in Punjabi & English*
**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 15, ਅੰਕ-10, ਅਕਤੂਬਰ 2025 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਪਰਵਾਸ ਬਾਰੇ ਨਸਲਵਾਦੀਆਂ ਦੇ ਖ਼ਤਰਨਾਕ ਮਨਸੂਬੇ

ਪਿਛਲੇ ਕੁਝ ਸਮੇਂ ਤੋਂ ਪਰਵਾਸ ਦੇ ਮੁੱਦੇ ਉੱਪਰ ਸਰਗਰਮੀਆਂ 'ਚ ਖ਼ਾਸ ਤੇਜ਼ੀ ਆਈ ਹੈ। 1 ਸਤੰਬਰ ਨੂੰ ਆਸਟ੍ਰੇਲੀਆ ਦੇ 20 ਸ਼ਹਿਰਾਂ ਵਿਚ "ਮਾਰਚ ਫਾਰ ਆਸਟ੍ਰੇਲੀਆ" ਦੇ ਝੰਡੇ ਹੇਠ ਇਮੀਗ੍ਰੇਸ਼ਨ ਵਿਰੋਧੀ ਹਿੰਸਕ ਮੁਜ਼ਾਹਰੇ ਹੋਏ। ਉੱਥੋਂ ਦੇ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਨੇ ਵੀ ਨਸਲਵਾਦੀ ਲਾਮਬੰਦੀ ਨੂੰ "ਨਾਜ਼ੀਆਂ ਦੇ ਜਥੇਬੰਦ ਕੀਤੇ" ਇਕੱਠ ਕਹਿਕੇ ਨਿਖੇਧੀ ਕੀਤੀ। 13 ਸਤੰਬਰ ਨੂੰ ਬਰਤਾਨੀਆ ਦੇ ਘੋਰ ਸੱਜੇਪੱਖੀ ਕਾਰਕੁਨ ਟੌਮੀ ਰੌਬਿਨਸਨ ਦੀ ਅਗਵਾਈ 'ਚ ਲੰਦਨ ਵਿਖੇ "ਯੂਨਾਈਟ ਦ ਕਿੰਗਡਮ" ਮਾਰਚ ਵਿਚ ਇਕ ਲੱਖ ਤੋਂ ਵੱਧ ਇਮੀਗ੍ਰੇਸ਼ਨ ਵਿਰੋਧੀ ਸ਼ਾਮਲ ਹੋਏ ਜਿਨ੍ਹਾਂ ਨੇ ਪੁਲਿਸ ਉੱਪਰ ਵੀ ਹਮਲੇ ਕੀਤੇ। ਫਰਾਂਸ ਦੀ "ਨੈਸ਼ਨਲ ਰੈਲੀ, ਜਰਮਨੀ ਦੀ ਏਐੱਫਡੀ", ਇਸੇ ਤਰ੍ਹਾਂ ਹੋਰ ਯੂਰਪੀ ਮੁਲਕਾਂ ਵਿਚ ਵੀ ਅਜਿਹੀਆਂ ਘੋਰ ਸੱਜੇਪੱਖੀ ਰਾਜਨੀਤਕ ਤਾਕਤਾਂ ਉੱਭਰਵੇਂ ਤੌਰ 'ਤੇ ਸਰਗਰਮ ਹਨ ਜੋ ਪ੍ਰਵਾਸੀਆਂ ਨੂੰ ਜੁਰਮ, ਦਹਿਸ਼ਤਗਰਦੀ ਅਤੇ ਬੇਰੁਜ਼ਗਾਰੀ ਨਾਲ ਜੋੜ ਕੇ ਸਥਾਨਕ ਲੋਕਾਂ ਵਿਚ ਅਸੁਰੱਖਿਆ ਦਾ ਮਾਹੌਲ ਸਿਰਜਦੀਆਂ ਹਨ। ਪੰਜਾਬ ਵਿਚ 'ਭਈਏ ਭਜਾਓ' ਮੁਹਿੰਮ ਪਿੱਛੇ ਵੀ ਅਜਿਹੀ ਸੋਚ ਹੀ ਹੈ। ਦੋਗਲਾਪਣ ਦੇਖੋ, ਬਦੇਸ਼ੀ ਮੁਲਕਾਂ 'ਚ ਅਸੀਂ ਪੀ.ਆਰ. ਲੈਣ ਲਈ ਹਰ ਹਰਬਾ ਵਰਤਦੇ ਹਨ ਪਰ ਪੰਜਾਬ ਵਿਚ ਸਾਡੇ ਕੁਝ ਲੋਕ ਆਪਣੇ ਹੀ ਮੁਲਕ ਦੇ ਨਾਗਰਿਕਾਂ ਨੂੰ ਭਜਾਉਣ ਦੀ ਹਮਾਇਤ ਕਰ ਰਹੇ ਹਨ।

ਖ਼ੁਦ ਕੈਨੇਡਾ ਵਿਚ ਆਵਾਸ ਵੱਡਾ ਮੁੱਦਾ ਬਣਦਾ ਜਾਂਦਾ ਹੈ। 13 ਸਤੰਬਰ ਨੂੰ ਟੋਰਾਂਟੋ ਵਿਚ 'ਕੈਨੇਡਾ ਫਸਟ ਰੈਲੀ' ਦਾ ਇਕੱਠ ਭਾਵੇਂ ਛੋਟਾ ਸੀ ਪਰ ਨਸਲੀ ਸ੍ਰੇਸ਼ਟਤਾਵਾਦੀ ਸੋਚ ਤਕੜੀ ਹੋ ਰਹੀ ਹੈ। ਕੈਨੇਡੀਅਨਾਂ 'ਚ ਇਮੀਗ੍ਰੇਸ਼ਨ ਨੂੰ ਬੋਝ ਸਮਝਣ ਵਾਲਿਆਂ ਦੀ ਪ੍ਰਤੀਸ਼ਤ ਵਧਣ ਦਾ ਰੁਝਾਨ ਚਿੰਤਾਜਨਕ ਹੈ। ਪਿਛਲੇ ਸਾਲ ਐਨਵਾਇਰਨਿਕਸ ਇੰਸਟੀਚਿਊਟ ਆਫ ਸਰਵੇ ਰਿਸਰਚ ਨੇ ਅਜਿਹੀ ਸੋਚ ਵਾਲਿਆਂ ਦੀ ਪ੍ਰਤੀਸ਼ਤ 58 ਦੱਸੀ ਸੀ ਜੋ 2022 'ਚ 22% ਸੀ।



23 ਸਤੰਬਰ ਨੂੰ ਯੂ.ਐੱਨ. ਜਨਰਲ ਅਸੈਂਬਲੀ ਵਿਖੇ 'ਬੇਕਾਬੂ ਆਵਾਸ' ਵਿਰੋਧੀ ਚੈਂਪੀਅਨ ਡੋਨਲਡ ਟਰੰਪ ਦੇ ਭਾਸ਼ਣ ਦਾ ਇਕ ਵੱਡਾ ਨੁਕਤਾ ਇਮੀਗ੍ਰੇਸ਼ਨ ਵਿਰੁੱਧ ਸਖ਼ਤੀ ਕਰਨ ਦਾ ਉਪਦੇਸ਼ ਸੀ। ਉਹ ਝੂਠੇ ਦਾਅਵੇ ਤੇ ਗ਼ਲਤ ਅੰਕੜੇ ਪੇਸ਼ ਕਰਕੇ ਅਜਿਹੀ ਸੋਚ ਦਾ ਭਾਵੁਕ ਸ਼ੋਸ਼ਣ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦਾ। ਟਰੰਪ ਪ੍ਰਸ਼ਾਸਨ ਵੱਲੋਂ ਗਿਣੀ-ਮਿੱਥੀ ਯੋਜਨਾ ਤਹਿਤ ਕਥਿਤ ਗ਼ੈਰਕਾਨੂੰਨੀ ਆਵਾਸੀਆਂ ਵਿਰੁੱਧ ਸਖ਼ਤੀ ਦੀ ਨੁਮਾਇਸ਼ ਲਗਾਈ ਜਾ ਰਹੀ ਹੈ। ਟਰੰਪ ਦੇ ਦੌਰ ਵਿਚ ਪਰਵਾਸ ਵਿਰੋਧੀ ਰਾਜਨੀਤੀ ਨੂੰ ਖ਼ਾਸ ਵਾਜਬੀਅਤ ਮਿਲੀ; "ਅਮਰੀਕਾ ਪਹਿਲਾਂ" ਅਤੇ ਸਰਹੱਦ 'ਤੇ ਕੰਧ ਬਣਾਉਣ ਵਰਗੇ ਨਾਅਰੇ ਆਵਾਸੀਆਂ ਵਿਰੁੱਧ ਘ੍ਰਿਣਾ ਅਤੇ ਰਾਜਨੀਤਕ ਪਾਲਾਬੰਦੀ ਦਾ ਆਧਾਰ ਬਣੇ; ਅਤੇ ਨਸਲੀ ਹਿੰਸਾ ਤੇ ਆਵਾਸੀਆਂ ਦੇ ਅਧਿਕਾਰਾਂ ਉੱਤੇ ਹਮਲੇ ਵਧੇ। ਉਪਰੋਕਤ ਭਾਸ਼ਣ ਵਿਚ ਉਸਨੇ ਆਪਣੀ ਸਫ਼ਲਤਾ ਦੀ ਸ਼ੇਖੀ ਮਾਰੀ ਅਤੇ ਯੂਰਪੀ ਮੁਲਕਾਂ ਨੂੰ ਚੇਤਾਵਨੀ ਦਿੱਤੀ ਕਿ ਉਹ ਆਪਣੀ 'ਓਪਨ ਬਾਰਡਰ' ਨੀਤੀ ਕਾਰਨ "ਬਰਬਾਦ ਹੋਣ ਜਾ ਰਹੇ" ਹਨ।

ਇਹ ਆਵਾਸੀਆਂ ਲਈ ਸਖ਼ਤ ਕਾਨੂੰਨ ਬਣਾਉਣ ਦੀ ਮੰਗ ਕਰਨ ਵਾਲੇ ਸਾਰੇ ਨਸਲੀ ਸ੍ਰੇਸ਼ਟਤਾਵਾਦੀਆਂ ਦਾ ਸਾਂਝਾ 'ਸਰੋਕਾਰ' ਹੈ। ਐਲਨ ਮਸਕ ਵੱਲੋਂ ਆਪਣੇ ਪਲੈਟਫਾਰਮ 'ਐਕਸ' ਉੱਪਰ ਆਸਟ੍ਰੇਲੀਆ ਦੇ ਇਕੱਠਾਂ ਦੇ ਅੰਕੜੇ 10 ਗੁਣਾਂ ਵਧਾ-ਚੜ੍ਹਾ ਕੇ ਪੇਸ਼ ਕਰਨ 'ਚ ਖ਼ਾਸ ਦਿਲਚਸਪੀ ਲੈਣਾ ਅਤੇ ਲੰਦਨ ਦੇ ਮੁਜ਼ਾਹਰੇ ਵਿਚ ਵੀਡੀਓ ਲਿੰਕ ਰਾਹੀਂ ਹਿੱਸਾ ਲੈ ਕੇ ਭੜਕਾਊ ਭਾਸ਼ਣ ਦੇਣਾ ਦਰਸਾਉਂਦਾ ਹੈ ਕਿ ਅਜਾਰੇਦਾਰ ਸਰਮਾਏਦਾਰੀ ਅਤੇ ਨਸਲਵਾਦ ਦਾ ਕਿੰਨਾ ਗੂੜ੍ਹਾ ਰਿਸ਼ਤਾ ਹੈ।

ਅਮਰੀਕਾ-ਕੈਨੇਡਾ, ਯੂਰਪ, ਆਸਟ੍ਰੇਲੀਆ, ਗੱਲ ਕੀ ਹਰ ਜਗ੍ਹਾ ਹੀ ਸਮਾਜਿਕ-ਸੱਭਿਆਚਾਰਕ ਵੰਨ-ਸੁਵੰਨਤਾ ਅਤੇ ਪੈਦਾਵਾਰੀ-ਸ਼ਕਤੀ ਨੂੰ ਮਜ਼ਬੂਤ ਬਣਾਉਣ ਪੱਖੋਂ ਪਰਵਾਸੀਆਂ ਦਾ ਯੋਗਦਾਨ ਅਤੇ ਮਹੱਤਵ ਪ੍ਰਤੱਖ ਹੈ। ਆਵਾਸੀਆਂ ਵਿਰੁੱਧ ਮਾਹੌਲ ਭੜਕਾਉਣ ਵਾਲੇ ਨਸਲੀ ਸ੍ਰੇਸ਼ਟਤਾਵਾਦੀ ਪਰਵਾਸ ਦੇ ਮੂਲ ਕਾਰਨਾਂ ਦੀ ਗੱਲ ਨਹੀਂ ਕਰਦੇ। ਉਹ ਸਿਰਫ਼ ਸਮੱਸਿਆਵਾਂ ਗਿਣਾਉਂਦੇ ਹਨ ਪਰ ਕਾਨੂੰਨੀ ਅਤੇ 'ਗ਼ੈਰਕਾਨੂੰਨੀ' ਆਵਾਸੀਆਂ ਦੇ ਯੋਗਦਾਨ ਬਾਰੇ ਚੁੱਪ ਵੱਟਕੇ ਉਨ੍ਹਾਂ ਨੂੰ ਆਪਣੀ ਸੱਭਿਆਚਾਰਕ-ਨਸਲੀ ਪਛਾਣ ਲਈ ਖ਼ਤਰੇ ਦੇ ਤੌਰ 'ਤੇ ਪੇਸ਼ ਕਰਦੇ ਹਨ। ਉਹ ਆਰਥਕ ਮੰਦਵਾੜੇ, ਰੁਜ਼ਗਾਰ ਦੇ ਸੰਕਟ, ਸਮਾਜਿਕ-ਰਾਜਨੀਤਕ ਅਸੁਰੱਖਿਆ ਪਿਛਲੇ ਮੂਲ਼ ਕਾਰਨਾਂ ਤੋਂ ਧਿਆਨ ਹਟਾ ਕੇ ਨੌਕਰੀਆਂ, ਘਰਾਂ, ਸਿਹਤ ਸਹੂਲਤਾਂ ਆਦਿ ਦੀ ਘਾਟ ਲਈ ਪਰਵਾਸੀਆਂ ਨੂੰ ਦੋਸ਼ੀ ਠਹਿਰਾਉਂਦੇ ਹਨ। ਪਰਵਾਸੀ ਸਵਾਲ ਹਾਕਮ ਜਮਾਤਾਂ ਲਈ ਆਪਣੇ ਮਾੜੇ ਰਾਜ-ਪ੍ਰਸ਼ਾਸਨ ਵਿਰੁੱਧ ਲੋਕ ਬੇਚੈਨੀ ਨੂੰ ਮੋੜਾ ਦੇਣ ਅਤੇ ਲੋਕਾਂ ਦਾ ਧਿਆਨ ਭਟਕਾਉਣ ਦਾ ਸਾਧਨ ਹੈ।

ਅੰਤਰਰਾਸ਼ਟਰੀ ਪਰਵਾਸ ਵਿਚ ਵਾਧੇ ਦਾ ਕਾਰਨ ਟਰੰਪ ਤੇ ਹੋਰ ਨਸਲਵਾਦੀ ਲਾਣੇ ਵੱਲੋਂ ਭੰਡੀ ਜਾ ਰਹੀ "ਓਪਨ ਬਾਰਡਰ" ਨੀਤੀ ਨਹੀਂ ਸਗੋਂ ਸਾਮਰਾਜਵਾਦ/ਸਰਮਾਏਦਾਰੀ ਪ੍ਰਬੰਧ ਵੱਲੋਂ ਪੈਦਾ ਕੀਤੇ ਅਸੁਰੱਖਿਅਤ ਹਾਲਾਤ, ਨਹੱਕੀਆਂ ਜੰਗਾਂ, ਹਕੂਮਤਾਂ ਦਾ ਜਬਰ-ਜ਼ੁਲਮ ਅਤੇ ਨਸਲੀ-ਸੱਭਿਆਚਾਰਕ ਦਾਬਾ ਹੈ। ਜਿਸ ਕਾਰਨ ਲੋਕ ਮੁਕਾਬਲਤਨ ਸੁਰੱਖਿਅਤ ਅਤੇ ਵਿਕਸਤ ਮੁਲਕਾਂ ਵੱਲ ਰੁਖ਼ ਕਰਦੇ ਹਨ। ਸੱਚ ਇਹ ਹੈ ਕਿ ਹਰ ਮੁਲਕ ਕੋਲ ਆਵਾਸ ਨੂੰ ਨਿਯਮਤ ਕਰਨ ਦੀ ਬਕਾਇਦਾ ਨੀਤੀ ਹੈ ਜਿਸ ਨੂੰ ਸਗੋਂ ਮੋਕਲ਼ਾ ਬਣਾਉਣ ਦੀ ਹੈ।

ਕੈਨੇਡਾ ਵਿਚ ਘਰਾਂ ਦੇ ਸੰਕਟ, ਤਣਾਓਗ੍ਰਸਤ ਸਿਹਤ-ਸੰਭਾਲ ਵਿਵਸਥਾ ਅਤੇ ਤਨਖ਼ਾਹਾਂ/ਉਜ਼ਰਤਾਂ ਜਾਮ ਹੋਣ ਲਈ ਆਵਾਸੀਆਂ, ਖ਼ਾਸ ਕਰਕੇ ਕੌਮਾਂਤਰੀ ਵਿਦਿਆਰਥੀਆਂ ਅਤੇ ਬਦੇਸ਼ੀ ਕਾਮਿਆਂ ਨੂੰ ਦੋਸ਼ੀ ਠਹਿਰਾਉਣ ਦੇ ਮਾਹੌਲ ਦਾ ਲਾਹਾ ਲੈ ਕੇ ਸਰਕਾਰ ਵੱਲੋਂ ਨਵੀਂ ਪੀ.ਆਰ. ਦੇਣ, ਨਵੇਂ ਸਟੱਡੀ ਪਰਮਿਟਾਂ ਅਤੇ ਨਵੇਂ ਵਰਕ ਪਰਮਿਟਾਂ ਵਿਚ ਵੱਡੀ ਕਟੌਤੀ ਕੀਤੀ ਗਈ ਹੈ। ਜਿਉਂ-ਜਿਉਂ ਆਰਥਕ ਸੰਕਟ ਵਧੇਗਾ, ਨਸਲਵਾਦ ਅਤੇ ਹੋਰ ਲੋਕ ਵਿਰੋਧੀ ਪ੍ਰੋਜੈਕਟ ਹੋਰ ਜ਼ੋਰ ਫੜਨਗੇ। ਉਨ੍ਹਾਂ ਸਾਰੇ ਆਵਾਸੀ ਤੇ ਨਾਗਰਿਕ ਹੱਕਾਂ ਲਈ ਖ਼ਤਰਾ ਵਧ ਰਿਹਾ ਹੈ ਜੋ ਬਦੇਸ਼ਾਂ ਦੀ ਧਰਤੀ ਉੱਪਰ ਸਾਡੀਆਂ ਪਿਛਲੀਆਂ ਪੀੜ੍ਹੀਆਂ ਨੇ ਨਸਲਵਾਦ ਨਾਲ ਇਕੱਲੇ-ਇਕੱਲੇ ਟੱਕਰ ਲੈ ਕੇ ਅਤੇ ਕਾਮਾਗਾਟਾਮਾਰੂ ਵਰਗੇ ਅਣਗਿਣਤ ਸ਼ਾਨਾਮੱਤੇ ਸਮੂਹਿਕ ਸੰਘਰਸ਼ ਲੜਕੇ ਹਾਸਲ ਕੀਤੇ ਸਨ।

ਸਭਨਾਂ ਮਾਨਵਤਾ-ਹਿਤੈਸ਼ੀ, ਨਿਆਂਪਸੰਦ ਤਾਕਤਾਂ ਨੂੰ ਨਸਲੀ ਸ੍ਰੇਸ਼ਟਤਾਵਾਦੀ ਬਿਰਤਾਂਤ ਨੂੰ ਭਾਂਜ ਦੇਣ ਲਈ ਇਕਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਠੋਸ ਤੱਥਾਂ ਤੇ ਦਲੀਲਬਾਜ਼ੀ ਰਾਹੀਂ ਖ਼ਰੀ ਜਮਹੂਰੀ ਚੇਤਨਾ ਉਸਾਰਨੀ ਚਾਹੀਦੀ ਹੈ ਕਿ ਅਮੀਰ-ਗ਼ਰੀਬ ਦੇ ਪਾੜੇ, ਆਰਥਕ ਮੰਦਹਾਲੀ, ਬੇਰੁਜ਼ਗਾਰੀ ਅਤੇ ਸਮਾਜਿਕ-ਰਾਜਨੀਤਕ ਅਸੁਰੱਖਿਆ ਲਈ ਅਸਲ ਜ਼ਿੰਮੇਵਾਰ ਕੌਣ ਹੈ। ਸਹੀ ਸੋਚ ਨਾਲ ਲੈਸ ਜਾਗਰੂਕ ਲੋਕ ਹੀ ਅਸਲ ਮੁੱਦਿਆਂ ਲਈ ਲੜ ਸਕਣਗੇ।

-ਸੰਪਾਦਕੀ ਬੋਰਡ

CALL NOW
FOR HOUSE BUYING & SELLING NEEDS.
BALJINDER SANGHA REALTOR®
(Certified Condominium Specialist)
403.680.3212
teamoraclehomes@gmail.com
RE/MAX MOUNTAIN VIEW
EACH OFFICE INDEPENDENTLY OWNED AND OPERATED

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance
• Home Insurance
• Life Insurance
• Critical illness
• Disability Insurance
• Car Loans
• Business Insurance
SAVE UPTO 30%
• ਕਾਰ ਇੰਸ਼ੋਰੈਂਸ
• ਹੋਮ ਇੰਸ਼ੋਰੈਂਸ
• ਲਾਈਫ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਡਿਸਅਬਿਲਿਟੀ ਇੰਸ਼ੋਰੈਂਸ
• ਕਾਰ ਲੋਨ
• ਬਿਜਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE
Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty
BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2

SUPER VISA INSURANCE
PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana
416.910.9000
Sandeep Ahuja
416.660.1010

# ਕੈਲਗਰੀ ਵਿਚ ਪੰਜਾਬੀ ਰੰਗਮੰਚ ਦੀ ਧਮਾਲ !

(ਵਿਸ਼ੇਸ਼ ਰਿਪੋਰਟ ਦੇਖੋ ਸਫ਼ਾ 39 'ਤੇ)




NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਣਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ।ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology ! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ।ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ।19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

Hearing Aid Brands we Carry
• Oticon • Unitron • Signia

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca

1st Location : 124-4774 Westwinds Drive NE Calgary, Alberta
Email : westwinds@careine.ca

2nd Location : 2110-4250 109 Ave NE, Calgary, AB (The Port Plaza)

3rd Location : 45-250 Carrington Blvd NW Calgary, AB, T3P OC7

Phone : 403-605-6300 | Fax : 403-536-4057

Email : calgary@careinc.ca



15 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| | | | | | |
|---|---|---|---|---|---|
| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ ਸਿੰਘ | ਪਰਮਿੰਦਰ ਕੌਰ ਸਵੈਚ | ਜਸਵੀਰ ਕੌਰ ਮੰਗੂਵਾਲ | ਬਲਜਿੰਦਰ ਸਿੰਘ ਵੜੈਚ |
| (ਟੋਰਾਂਟੋ) | (ਟੋਰਾਂਟੋ) | (ਕੈਲਗਰੀ) | (ਵੈਨਕੂਵਰ) | (ਵਿਨੀਪੈੱਗ) | (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |



SHAAN CONSTRUCTION LTD.

25+ years of experience

• General Contracting
• Quality Custom Homes
• Quality Framing
• 2-5-10 Year Warranty

2-5-10 Year Warranty



Call for a Free Estimate

MALKIT SWAICH
778.889.9526

Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments

4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN

HMP

ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ



Specialist in :
• Built Garage
• Garage Door Opener & Install
• New Garage Door
• Repair Old Garage Door
• Roofing, Fence, Deck
• New Houses Framing
• Old House Extension & any other add on construction Work

www.hmphome.com

HMP Custom Cabinets Ltd.

Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary

Harpinder Sidhu INSURANCE EXPERT

Punjab Insurance Inc



SUPER VISA INSURANCE
* LIFE INSURANCE * RESPs

# 5106-4310 104 Ave,
NE Calgary AB T3N 1W5

CALL FOR BEST RATES

HARPINDER SIDHU
LOVEPREET SIDHU

403 404 3500

**SAROKARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur (Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


TOP CHOICE
INSURANCE AGENCY INC

RAVINDERJIT BASRA
INSURANCE BROKER

416-845-6232
info@topchoiceinsurance.ca
topchoiceinsurance.ca

Hiring new and experienced insurance agents


Unit 6 - 11675 Mcvean Dr, Brampton, ON, L6P 4N5



Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ

Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ

Fast, Friendly, Hassle Free Service!


Apinder Aujla
BSc.Pharm


Satvachan Lal
B.Sc.Pharm


#1150, 4818 Westwindus Drive NE. Calgary
403-293-9360

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca

MLS MULTIPLE LISTING SERVICE REALTOR
REAL ESTATE BOARD


Taranjit "T. J." Mand
Real Estate Associate

Max Value Reality Ltd.

SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਨੇਪਾਲ ਵਿਚ ਰਾਜਸੀ ਉਥਲ-ਪੁੱਥਲ ਅਤੇ ਇਸਦੇ ਸਬਕ



ਬੂਟਾ ਸਿੰਘ
ਮਹਿਮੂਦਪੁਰ
94634-74342

*[ਪਿਛਲੇ ਦਿਨੀਂ ਭਾਰਤ ਦੇ ਗੁਆਂਢੀ ਦੇਸ਼ ਨੇਪਾਲ ਵਿਚ ਹੋਈ ਬਗ਼ਾਵਤ ਦੀ ਚਰਚਾ ਦੁਨੀਆ ਭਰ 'ਚ ਹੋ ਰਹੀ ਹੈ। ਕੀ ਇਹ ਉੱਥਲ-ਪੁੱਥਲ ਨੇਪਾਲ ਦੀ ਰਾਜਨੀਤਕ ਕਾਇਆਕਲਪ ਕਰ ਦੇਵੇਗੀ ਜਾਂ ਫਿਰ ਇਕ ਹੋਰ ਚੋਣਾਂ ਅਤੇ ਫਿਰ ਪੁਰਾਣੀ ਸਰਕਾਰ ਦੀ ਥਾਂ ਇਕ ਹੋਰ ਨਵੀਂ ਸਰਕਾਰ ਦਾ ਗਠਨ ਕਰਨ ਦੀ ਪ੍ਰਕਿਰਿਆ 'ਚ ਸਮਾਪਤ ਹੋ ਜਾਵੇਗੀ? ਕੀ ਇਹ ਛੋਟਾ ਜਿਹਾ ਮੁਲਕ ਅਜਿਹਾ ਕੋਈ ਸੱਚਾ ਬਦਲ ਪੇਸ਼ ਕਰ ਸਕੇਗਾ ਜੋ ਦੁਨੀਆ ਦੇ ਅਜੋਕੇ ਹਾਲਾਤ 'ਚ ਹੋਰ ਦੇਸ਼ਾਂ ਦੀ ਬੇਚੈਨ ਜਨਤਾ ਲਈ ਤਬਦੀਲੀ ਦਾ ਨਮੂਨਾ ਬਣਨ ਦੇ ਸਮਰੱਥ ਹੋਵੇ। ਇਨ੍ਹਾਂ ਸਵਾਲਾਂ ਦੀ ਚਰਚਾ ਸਾਡੇ ਕਾਲਮ ਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਆਪਣੀ ਇਸ ਟਿੱਪਣੀ ਵਿਚ ਕੀਤੀ ਗਈ ਹੈ।-ਸੰਪਾਦਕ]*




ਨੇਪਾਲ ਵਿਚ ਸੜਕਾਂ 'ਤੇ ਨਿੱਕਲੀ ਆਕੀ ਜਵਾਨੀ ਦੇ ਰੋਹ ਵੱਲੋਂ ਤਾਨਾਸ਼ਾਹ ਸਰਕਾਰ ਰੇਤ ਦੀ ਕੰਧ ਵਾਂਗ ਢਾਹ ਦਿੱਤੀ ਗਈ। ਪਾਰਲੀਮੈਂਟ, ਪ੍ਰਧਾਨ ਮੰਤਰੀ ਦੇ ਘਰ ਅਤੇ ਹੋਰ ਸਰਕਾਰੀ ਇਮਾਰਤਾਂ ਨੂੰ ਅੱਗ ਲਾ ਦਿੱਤੀ ਗਈ। ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੂੰ ਅਸਤੀਫ਼ਾ ਦੇ ਕੇ ਲੁਕਣਾ ਪੈ ਗਿਆ। ਰਾਸ਼ਟਰਪਤੀ ਵੱਲੋਂ ਸਾਬਕਾ ਚੀਫ਼ ਜਸਟਿਸ ਸੁਸ਼ੀਲਾ ਕਾਰਕੀ ਅੰਤਿ ?ਰਮ ਪ੍ਰਧਾਨ ਮੰਤਰੀ ਥਾਪ ਦਿੱਤੀ ਗਈ ਹੈ, ਪਾਰਲੀਮੈਂਟ ਭੰਗ ਕਰ ਦਿੱਤੀ ਗਈ ਹੈ ਅਤੇ ਮਾਰਚ 2026 'ਚ ਨਵੀਆਂ ਚੋਣਾਂ ਕਰਾਏ ਜਾਣ ਦਾ ਐਲਾਨ ਕੀਤਾ ਗਿਆ ਹੈ। ਰਿਪੋਰਟ ਇਹ ਹੈ ਕਿ ਅੰਤਰਿਮ ਪ੍ਰਧਾਨ ਮੰਤਰੀ ਦੀ ਚੋਣ 'ਹਾਮੀ ਨੇਪਾਲ' ਵੱਲੋਂ ਜਥੇਬੰਦ ਕੀਤੇ ਆਨਲਾਈਨ ਹਜੂਮ ਵੱਲੋਂ ਅਮਰੀਕਾ ਆਧਾਰਤ ਮੈਸੇਜਿੰਗ ਪਲੈਟਫਾਰਮ ਡਿਸਕਾਰਡ ਉੱਪਰ ਵਰਚੂਅਲ ਵੋਟ ਪਾ ਕੇ ਕੀਤੀ ਗਈ ਹੈ। ਕਿਉਂਕਿ 'ਜੈਨ. ਜੀ' (ਜਨਰੇਸ਼ਨ ਜ਼ੀਰੋ ਉਹ ਪੀੜ੍ਹੀ ਹੈ ਜੋ 1997 ਦੇ ਲੋਕ-ਯੁੱਧ ਤੋਂ ਬਾਅਦ ਦੀ ਜੰਮ-ਪਲ ਹੈ) ਇਨਕਲਾਬੀ ਤਬਦੀਲੀ ਦੀ ਵਿਚਾਰਧਾਰਕ ਸੂਝ ਦੀ ਬਜਾਏ ਤਕਨੀਕੀ ਜਾਣਕਾਰੀ ਦੀ ਵਧੇਰੇ ਕਾਇਲ ਹੈ।

ਹੁਣ ਸੱਤਾ ਤੋਂ ਲਾਹੇ 'ਕਮਿਊਨਿਸਟ' ਧੜਿਆਂ ਅਤੇ ਹੋਰ ਪਾਰਟੀਆਂ ਵੱਲੋਂ ਹਾਲ-ਪਾਹਰਿਆ ਮਚਾਈ ਜਾ ਰਹੀ ਹੈ ਕਿ ਪਾਰਲੀਮੈਂਟ ਨੂੰ ਭੰਗ ਕਰਕੇ ਰਾਸ਼ਟਰਪਤੀ ਵੱਲੋਂ 'ਲੋਕਤੰਤਰ ਦਾ ਘਾਣ' ਕੀਤਾ ਗਿਆ ਹੈ। ਇਹ ਉਹ ਆਗੂ ਹਨ ਜਿਨ੍ਹਾਂ ਨੇ ਰਜਵਾੜਾਸ਼ਾਹੀ ਦੇ ਖ਼ਾਤਮੇ ਤੋਂ ਬਾਅਦ ਸਥਾਪਤ ਕੀਤੇ ਗਣਰਾਜ ਦੀ ਵਾਗਡੋਰ ਸਾਂਭਣ ਸਮੇਂ ਕੀਤੇ ਵਾਅਦਿਆਂ ਦੀਆਂ ਧੱਜੀਆਂ ਉਡਾਕੇ ਨੇਪਾਲ ਦੇ ਅਵਾਮ ਨਾਲ ਧੋਖਾ ਕੀਤਾ, ਮੁਲਕ ਦੀ ਆਰਥਿਕਤਾ ਨੂੰ ਗਿਰਝਾਂ ਵਾਂਗ ਨੋਚ ਕੇ ਅੱਯਾਸ਼ੀ ਕੀਤੀ ਅਤੇ ਅਵਾਮ ਦੀਆਂ ਲੋਕਪੱਖੀ ਤਬਦੀਲੀ ਲਿਆਉਣ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਤੇ ਜਮਹੂਰੀ ਰੀਝਾਂ ਨਾਲ ਧ੍ਰੋਹ ਕਮਾਉਣ 'ਚ ਕੋਈ ਕਸਰ ਨਹੀਂ ਛੱਡੀ। ਭ੍ਰਿਸ਼ਟਾਚਾਰ ਅਤੇ ਸੱਤਾ ਲਈ ਮੌਕਾਪ੍ਰਸਤੀ ਦੇ ਪਹਿਲੇ ਸਾਰੇ ਰਿਕਾਰਡ ਮਾਤ ਦਿੱਤੇ ਗਏ। 2008 ਤੋਂ ਲੈ ਕੇ ਤਿੰਨ ਪਾਰਟੀਆਂ ਦੀ ਨੁਮਾਇੰਦਗੀਆਂ ਕਰਦੀਆਂ ਬੇਅਸੂਲੇ ਮੌਕਾਪ੍ਰਸਤ ਗੱਠਜੋੜਾਂ ਦੀਆਂ 14 ਸਰਕਾਰਾਂ ਬਣੀਆਂ ਅਤੇ ਟੁੱਟਦੀਆਂ ਰਹੀਆਂ। ਨੇਪਾਲੀ ਕਮਿਊਨਿਸਟ ਪਾਰਟੀ (ਯੂ.ਐੱਮ.ਐੱਲ.) ਦਾ ਆਗੂ ਓਲੀ ਚੌਥੀ ਵਾਰ ਪ੍ਰਧਾਨ ਮੰਤਰੀ ਬਣਿਆ ਸੀ ਅਤੇ ਸਾਬਕਾ ਮਾਓਵਾਦੀ ਪਰਚੰਡਾ ਗੁੱਟ ਇਸ ਵਾਰ ਵਿਰੋਧੀ-ਧਿਰ ਵਿਚ ਸੀ।

ਇਹ ਜਨਤਕ ਵਿਸਫੋਟ ਓਦੋਂ ਹੋਇਆ ਜਦੋਂ ਸਰਕਾਰ ਨੇ ਹਕੂਮਤ ਦੇ ਵਿਰੋਧ ਦੀ ਜ਼ੁਬਾਨਬੰਦੀ ਕਰਨ ਲਈ ਮੁੱਖ ਸੋਸ਼ਲ ਮੀਡੀਆ ਪਲੇਟਫਾਰਮਾਂ (ਫੇਸਬੁੱਕ, ਵਟਸਐਪ, ਯੂਟਿਊਬ, ਐਕਸ ਵਗੈਰਾ) ਨੂੰ ਰਜਿਸਟਰ ਕਰਨ ਦੀ ਕੋਸ਼ਿਸ਼ ਕੀਤੀ ਜਿਸਦਾ ਮਨੋਰਥ ਸਰਕਾਰੀ ਆਮਦਨੀ ਵਧਾਉਣਾ ਸੀ। ਇਸ ਤਾਨਾਸ਼ਾਹ ਕਦਮ ਵਿਰੁੱਧ ਨੌਜਵਾਨੀ ਦੇ ਗੁੱਸੇ ਨੇ ਅਜਿਹਾ ਰੂਪ ਅਖ਼ਤਿਆਰ ਕਰ ਲਿਆ ਜੋ ਹਾਕਮਾਂ ਨੇ ਕਦੇ ਸੋਚਿਆ ਵੀ ਨਹੀਂ ਹੋਵੇਗਾ। ਵਿਆਪਕ ਪੱਧਰ 'ਤੇ ਰੋਸ ਮੁਜ਼ਾਹਰੇ ਸ਼ੁਰੂ ਹੋ ਗਏ। ਜਦੋਂ ਪੁਲਿਸ ਨੇ ਅੱਥਰੂ ਗੈਸ, ਰਬੜ ਦੀਆਂ ਗੋਲੀਆਂ ਅਤੇ ਕਈ ਥਾਵਾਂ 'ਤੇ ਸੱਚੀਮੁੱਚੀਂ ਦੀਆਂ ਗੋਲੀਆਂ ਨਾਲ 19 ਲੋਕ ਮਾਰ ਦਿੱਤੇ ਅਤੇ 300 ਤੋਂ ਵੱਧ ਜ਼ਖ਼ਮੀ ਕਰ ਦਿੱਤੇ ਤਾਂ ਰੋਹ ਹੋਰ ਭੜਕ ਗਿਆ। ਕੁਲ-ਮਿਲਾਕੇ 50 ਤੋਂ ਵੱਧ ਲੋਕਾਂ ਦੇ ਗੋਲੀਆਂ ਨਾਲ ਮਾਰੇ ਜਾਣ ਦੀਆਂ ਰਿਪੋਰਟਾਂ ਹਨ। ਜਾਬਰ ਹਕੂਮਤੀ ਹਮਲੇ ਨੂੰ ਝੱਲਦਿਆਂ ਨੌਜਵਾਨਾਂ ਦਾ ਸਬਰ ਜਵਾਬ ਦੇ ਗਿਆ। ਜਵਾਬੀ ਹਮਲਾ ਸ਼ੁਰੂ ਹੋ ਗਿਆ। ਲੋਕਾਂ ਨੇ ਮੰਤਰੀਆਂ ਨੂੰ ਕੁਟਾਪਾ ਚਾੜ੍ਹਿਆ ਅਤੇ ਮੰਤਰੀਆਂ ਦੇ ਮਹਿਲਾਂ ਉੱਪਰ ਗੁੱਸਾ ਕੱਢਿਆ। ਹਜੂਮ ਨੇ ਗੋਦੀ ਮੀਡੀਏ ਨੂੰ ਵੀ ਸਬਕ ਸਿਖਾਇਆ। ਸਰਕਾਰ ਦਾ ਧੂਤੂ ਬਣਕੇ ਕੰਮ ਕਰ ਰਹੇ ਕਾਂਤੀਪੁਰ ਮੀਡੀਆ ਸਮੂਹ ਦਾ ਦਫ਼ਤਰ ਫੂਕ ਦਿੱਤਾ ਗਿਆ। ਦੇਖਣ ਨੂੰ ਨੌਜਵਾਨਾਂ ਦੇ ਗੁੱਸੇ ਦਾ ਕਾਰਨ ਸੋਸ਼ਲ ਮੀਡੀਆ ਦੀ ਆਜ਼ਾਦੀ ਉੱਪਰ ਰੋਕਾਂ ਲਾਉਣਾ ਜਾਪਦਾ ਹੈ, ਪਰ ਹਕੀਕਤ ਵਿਚ ਇਹ ਰਾਜਾਸ਼ਾਹੀ ਦੇ ਖ਼ਾਤਮੇ ਤੋਂ ਬਾਅਦ ਹੋਂਦ 'ਚ ਆਏ 'ਲੋਕਤੰਤਰੀ ਗਣਰਾਜ' ਤੋਂ ਅਵਾਮ ਦੇ ਉੱਠ ਚੁੱਕੇ ਵਿਸ਼ਵਾਸ ਦੀ ਝਲਕ ਹੈ।



ਦੁਨੀਆ ਭਰ ਦੇ ਲੋਕ ਇਹ ਜਾਨਣ ਲਈ ਉਤਸੁਕ ਹਨ ਕਿ ਨੇਪਾਲ ਦੀ ਇਹ ਹਾਲੀਆ ਰਾਜਨੀਤਕ ਉੱਥਲ-ਪੁੱਥਲ ਕਿਸੇ ਵੱਡੀ ਰਾਜਸੀ ਤਬਦੀਲੀ ਨੂੰ ਜਨਮ ਦੇਵੇਗੀ ਜਾਂ ਕੁਝ ਦਿਨਾਂ ਦੇ ਰੋਹ ਦੇ ਉਬਾਲ ਤੋਂ ਬਾਅਦ ਮਹਿਜ਼ ਸਰਕਾਰ ਬਦਲੀ ਦੇ ਰੂਪ 'ਚ ਸ਼ਾਂਤ ਹੋ ਜਾਵੇਗੀ? ਕੀ ਇਸ ਅੰਦੋਲਨ ਵਿੱਚੋਂ ਅੰਨਾ ਹਜ਼ਾਰੇ-ਕੇਜਰੀਵਾਲ ਤਰਜ਼ ਦੀ ਨਵੀਂ 'ਸੇਫਟੀ ਵਾਲਵ' ਤਾਕਤਾਂ ਉੱਭਰਨ ਜਾ ਰਹੀ ਹੈ ਜੋ ਅਵਾਮ ਦੇ ਰੋਹ ਨੂੰ ਨਕਲੀ ਬਦਲਾਅ ਰਾਹੀਂ ਖਾਰਜ ਕਰਨ ਦੀ ਭੂਮਿਕਾ ਨਿਭਾਏਗੀ? ਇਸ ਤੋਂ ਪਹਿਲਾਂ ਸ਼ ?ਰੀਲੰਕਾ (2022), ਬੰਗਲਾਦੇਸ਼ (2024) ਅਤੇ ਇੰਡੋਨੇਸ਼ੀਆ 'ਚ ਵੀ ਇਸੇ ਤਰਜ਼ ਦੀਆਂ ਬਗ਼ਾਵਤਾਂ ਹੋਈਆਂ ਜਿਨ੍ਹਾਂ ਦੀ ਅਗਵਾਈ ਨੌਜਵਾਨੀ ਨੇ ਕੀਤੀ। ਨੌਜਵਾਨੀ ਦਾ ਰੋਹ ਰਾਜਨੀਤਕ ਆਗੂਆਂ, ਰਾਜਨੀਤਕ ਪਾਰਟੀਆਂ ਅਤੇ ਤੱਤਕਾਲੀ ਸਰਕਾਰਾਂ ਵਿਰੁੱਧ ਸੇਧਤ ਸੀ। ਉਹ ਸਰਕਾਰਾਂ ਦੀ ਜਵਾਬਦੇਹੀ, ਮਾਣ-ਸਨਮਾਨ ਵਾਲੀ ਜ਼ਿੰਦਗੀ ਅਤੇ ਤਬਦੀਲੀ ਚਾਹੁੰਦੇ ਹਨ। ਬਗ਼ਾਵਤ ਦੇ ਦਬਾਅ ਹੇਠ ਤਾਨਾਸ਼ਾਹ ਹਾਕਮ ਸੱਤਾ ਤੋਂ ਪਾਸੇ ਹੋਣ ਲਈ ਮਜਬੂਰ ਹੋ ਗਏ। ਰਵਾਇਤੀ ਸੱਤਾਧਾਰੀ ਦਬੱਲ ਦਿੱਤੇ ਗਏ ਪਰ ਕੁਲ ਸਮੱਸਿਆ ਦੀ ਜੜ੍ਹ ਲੋਕ ਵਿਰੋਧੀ ਰਾਜ ਪ੍ਰਬੰਧ ਦਾ ਵਾਲ਼ ਵੀ ਵਿੰਗਾ ਨਹੀਂ ਹੋਇਆ। ਲੋਟੂ ਰਾਜ-ਢਾਂਚਾ ਬਿਲਕੁਲ ਨਹੀਂ ਬਦਲਿਆ, ਬਸ ਸੱਤਾ ਦੀ ਵਾਗਡੋਰ ਨਵੇਂ ਹਾਕਮਾਂ ਨੇ ਸਾਂਭ ਲਈ। ਨੇਪਾਲ ਦੀ ਹਾਲੀਆ ਉੱਥਲ-ਪੁੱਥਲ ਵੀ ਇਸੇ ਰਾਹ ਪੈ ਤੁਰੀ ਹੈ। ਇਨਕਲਾਬੀ ਤਬਦੀਲੀ ਦੇ ਸਪਸ਼ਟ ਪ੍ਰੋਗਰਾਮ ਦੇ ਆਧਾਰ 'ਤੇ ਠੋਸ ਲੀਡਰਸ਼ਿੱਪ ਦੀ ਅਣਹੋਂਦ 'ਚ ਇਹ ਆਪ-ਮੁਹਾਰੇ ਉੱਠਿਆ ਰੋਹ ਸੀ ਅਤੇ ਸੋਸ਼ਲ ਮੀਡੀਆ ਆਧਾਰਤ ਨੌਜਵਾਨ ਗਰੁੱਪਾਂ ਦੀ ਲੀਡਰਸ਼ਿੱਪ ਦੀ ਸੋਚ ਦੀ ਸੀਮਤਾਈ ਉੱਘੜਵੇਂ ਰੂਪ 'ਚ ਸਾਹਮਣੇ ਆ ਗਈ ਹੈ। ਹਾਕਮ ਜਮਾਤੀ ਸਿਆਸਤ ਨੇ ਜਨਤਕ ਉਭਾਰ ਨੂੰ ਨਕੇਲ ਪਾ ਕੇ ਨਵੇਂ ਚਿਹਰਿਆਂ ਨੂੰ ਅੱਗੇ ਲੈ ਆਂਦਾ ਹੈ ਅਤੇ ਮੌਕਾ ਸਾਂਭ ਕੇ ਹਕੂਮਤ ਦੀ ਮੁੜ-ਬਹਾਲੀ ਕਰ ਲਈ ਹੈ। ਵਿਰਾਟ ਬੇਰੁਜ਼ਗਾਰੀ ਅਤੇ ਆਰਥਕ ਮੰਦਹਾਲੀ ਨੂੰ ਖ਼ਤਮ ਕਰਨ ਲਈ ਬਦਲਵਾਂ ਆਰਥਕ ਰਾਹ ਕੀ ਹੋਵੇ, ਇਸ ਉੱਪਰ ਜਨਤਕ ਚਰਚਾ ਕਰਾ ਕੇ ਕੋਈ ਤਰੱਕੀ-ਮੁਖੀ ਪ੍ਰੋਗਰਾਮ ਪੇਸ਼ ਕਰਨ ਦੀ ਬਜਾਏ ਰਾਸ਼ਟਰਪਤੀ ਵੱਲੋਂ ਅੰਤ੍ਰਿਮ ਪ੍ਰਧਾਨ ਮੰਤਰੀ ਥਾਪਣਾ, ਚੋਣਾਂ ਦਾ ਐਲਾਨ ਯਥਾਸਥਿਤੀਵਾਦੀ (Status quoist) ਸੱਤਾ-ਬਦਲੀ ਤੋਂ ਸਿਵਾਏ ਕੁਝ ਨਹੀਂ ਹੈ। ਇਸ ਸੀਮਤਾਈ ਦੇ ਬਾਵਜੂਦ ਇਹ ਥੋੜ੍ਹ-ਚਿਰੀ ਬਗ਼ਾਵਤ ਨੇ ਦਿਖਾ ਦਿੱਤਾ ਹੈ ਕਿ ਅਵਾਮ ਦੀ ਤਾਕਤ ਕੀ ਕੁਝ ਕਰ ਸਕਦੀ ਹੈ। ਪਰ ਸਵਾਲ ਇਹ ਵੀ ਹੈ ਕਿ ਜੇਕਰ ਇਹ ਬਗ਼ਾਵਤ ਆਰਜ਼ੀ ਪ੍ਰਧਾਨ ਮੰਤਰੀ ਚੁਣਨ ਦੀ ਬਜਾਏ ਬੁਨਿਆਦੀ ਰਾਜ-ਢਾਂਚੇ ਨੂੰ ਤਹਿਸ-ਨਹਿਸ ਕਰਨ ਦਾ ਰਾਹ ਅਖ਼ਤਿਆਰ ਕਰਦੀ, ਕੀ ਫਿਰ ਵੀ ਰਾਸ਼ਟਰਪਤੀ, ਫ਼ੌਜ ਅਤੇ ਹੋਰ ਰਾਜਕੀ ਅਦਾਰਿਆਂ ਦਾ ਹੁੰਗਾਰਾ ਇਹੀ ਹੁੰਦਾ? ਨਹੀਂ, ਸਮੁੱਚੀ ਹਥਿਆਰਬੰਦ ਰਾਜਕੀ ਮਸ਼ੀਨਰੀ ਨੇ ਲੋਕ ਉਭਾਰ ਨੂੰ ਬੇਹੱਦ ਕਰੂਰਤਾ ਨਾਲ ਕੁਚਲਣਾ ਸੀ।

ਇਹ ਗ਼ੌਰਤਲਬ ਹੈ ਕਿ ਨੇਪਾਲ ਵਿਚ ਗੁੱਸੇ ਨਾਲ ਭਰੇ ਮਾਯੂਸ ਅਵਾਮ ਦਾ ਹੱਲਾ ਭ੍ਰਿਸ਼ਟਚਾਰ 'ਚ ਰਜਵਾੜਾਸ਼ਾਹੀ ਨੂੰ ਮਾਤ ਪਾ ਰਹੀ ਅਖਾਉਤੀ ਕਮਿਊਨਿਸਟ ਸਰਕਾਰ ਵਿਰੁੱਧ ਸੀ। ਸ੍ਰੀਲੰਕਾ ਵਿਚ ਹਾਕਮ ਜਮਾਤ ਅਤੇ ਉਨ੍ਹਾਂ ਦੇ ਸਾਮਰਾਜੀ ਆਕਾਵਾਂ ਨੇ ਸੱਤਾਧਾਰੀਆਂ ਨੂੰ ਪਾਸੇ ਕਰਕੇ ਯਥਾਸਥਿਤੀਵਾਦੀ ਖੱਬੇਪੱਖੀਆਂ ਨੂੰ 'ਰਾਜਨੀਤਕ ਬਦਲ' ਵਜੋਂ ਸੱਤਾ ਵਿਚ ਲਿਆਂਦਾ ਸੀ। ਨੇਪਾਲ ਵਿਚ ਅਜਿਹੇ 'ਖੱਬੇਪੱਖੀ' ਹੀ ਸੱਤਾਧਾਰੀ ਹੋਣ ਕਾਰਨ ਇੱਥੇ ਇਸ 'ਬਦਲ' ਨੂੰ ਵਰਤਣਾ ਸੰਭਵ ਨਹੀਂ ਸੀ। ਆਪਮੁਹਾਰੇ ਅੰਦੋਲਨਕਾਰੀਆਂ ਨੇ 'ਸਾਫ਼-ਸੁਥਰੇ' ਅਕਸ ਵਾਲੀ ਸੁਪਰੀਮ ਕੋਰਟ ਦੀ ਸਾਬਕਾ ਜਸਟਿਸ ਬੀਬੀ ਨੂੰ ਪ੍ਰਧਾਨ ਮੰਤਰੀ ਬਣਾਉਣ ਉੱਪਰ ਸਮਝੌਤਾ ਕਰ ਲਿਆ। ਹਾਕਮ ਜਮਾਤ ਨੇ ਸੱਚੇ ਬਦਲ ਦੀ ਅਣਹੋਂਦ ਦਾ ਫ਼ਾਇਦਾ ਉਠਾ ਕੇ ਰਾਜਨੀਤਕ ਸੰਕਟ ਨੂੰ ਬਾਖ਼ੂਬੀ ਮੈਨੇਜ ਕਰ ਲਿਆ ਹੈ।

ਆਪਮੁਹਾਰੇ ਬਾਗ਼ੀ ਲੋਕਾਂ ਕੋਲ ਇਹ ਪਛਾਣ ਕਰਨ ਦੀ ਸਮਝ ਤਾਂ ਹੁੰਦੀ ਹੈ ਕਿ ਕਿਸ ਨੂੰ ਨਿਸ਼ਾਨਾ ਬਣਾਉਣਾ ਹੈ, ਕਿਸ ਨੂੰ ਤੋੜਣਾ ਹੈ ਅਤੇ ਇਸ ਮਾਮਲੇ ਵਿਚ ਉਨ੍ਹਾਂ ਦੀ ਏਕਤਾ ਵੀ ਹੁੰਦੀ ਹੈ। ਪਰ ਢਾਹੁਣ ਤੋਂ ਬਾਅਦ ਉਸਾਰਨਾ ਕੀ ਹੈ, ਇਸ ਦਾ ਕੋਈ ਸਪਸ਼ਟ ਪ੍ਰੋਗਰਾਮ ਅਤੇ ਰੋਡ ਮੈਪ ਉਨ੍ਹਾਂ ਕੋਲ ਨਹੀਂ ਹੁੰਦਾ। ਨਾ ਹੀ ਉਨ੍ਹਾਂ ਦਰਮਿਆਨ ਭਵਿੱਖੀ ਉਸਾਰੀ ਦੇ ਮਸਲੇ 'ਤੇ ਕੋਈ ਏਕਤਾ ਹੁੰਦੀ ਹੈ। ਅਜਿਹੇ ਬਾਗ਼ੀ ਅੰਦੋਲਨ ਕਿਸੇ ਰਵਾਇਤੀ ਰਾਜਨੀਤਕ ਪਾਰਟੀ ਨੂੰ ਸੱਤਾ ਸੌਂਪਣ ਲਈ ਤਿਆਰ ਨਹੀਂ ਹੁੰਦੇ, ਉਹ ਕਿਸੇ ਨਵੇਂ ਚਿਹਰੇ ਨੂੰ ਅਗਲੀਆਂ ਚੋਣਾਂ ਤੱਕ ਆਰਜ਼ੀ ਹਾਕਮ ਥਾਪਣ ਉੱਪਰ ਸਮਝੌਤਾ ਕਰਕੇ ਹੀ ਅੰਦੋਲਨ ਖ਼ਤਮ ਕਰ ਦਿੰਦੇ ਹਨ। ਉਨ੍ਹਾਂ ਕੋਲ ਫ਼ੈਸਲਾਕੁੰਨ ਲੜਾਈ ਲੜਕੇ ਸੱਚੀ ਯੁਗ-ਪਲਟਾਊ ਤਬਦੀਲੀ ਲਿਆਉਣ ਦੀ ਸੂਝ ਅਤੇ ਸਿਰੜ ਨਹੀਂ ਹੁੰਦਾ। ਇਕ ਦਹਾਕਾ ਪਹਿਲਾਂ 'ਅਰਬ ਬਸੰਤ' ਅੰਦੋਲਨ ਵਿਚ ਅਤੇ ਹਾਲੀਆ ਸਾਲਾਂ 'ਚ ਪਹਿਲਾਂ ਸ੍ਰੀਲੰਕਾ ਤੇ ਬੰਗਲਾਦੇਸ਼ ਅਤੇ ਹੁਣ ਨੇਪਾਲ ਦੀ ਬਗ਼ਾਵਤ ਦੇ ਵਜੂਦ-ਸਮੋਈਆਂ ਕਮਜ਼ੋਰੀਆਂ ਕਾਰਨ ਇਹ ਸਾਰੀਆਂ ਬਗ਼ਾਵਤਾਂ ਬਿਨਾਂ ਕੋਈ ਸਿਫ਼ਤੀ ਤਬਦੀਲੀ ਲਿਆਂਦੇ ਨਵੇਂ ਚਿਹਰਿਆਂ ਨੂੰ ਅੱਗੇ ਲਿਆ ਕੇ ਲੋਕ ਵਿਰੋਧੀ ਹਕੂਮਤਾਂ ਦੀ ਮੁੜ ਬਹਾਲੀ ਨਾਲ ਖ਼ਤਮ ਹੋ ਗਈਆਂ।

ਇਤਿਹਾਸਕ ਸਬਕ ਦੇ ਤੌਰ 'ਤੇ ਨੇਪਾਲ ਦੇ ਅਵਾਮ ਦੀ ਤ੍ਰਾਸਦੀ ਤਾਂ ਹੋਰ ਵੀ ਵਧੇਰੇ ਦੁਖਦਾਈ ਹੈ। ਪਾਰਲੀਮੈਂਟਰੀ ਕਮਿਊਨਿਸਟ ਧਾਰਾ ਵਿਰੁੱਧ ਤਿੱਖੇ ਵਿਚਾਰਧਾਰਕ-ਰਾਜਨੀਤਕ ਸੰਘਰਸ਼ ਦੀ ਬਦੌਲਤ 1990ਵਿਆਂ 'ਚ ਨੇਪਾਲੀ ਕਮਿਊਨਿਸਟ ਪਾਰਟੀ (ਮਾਓਵਾਦੀ) ਬਣੀ ਸੀ। 1996 'ਚ ਇਸ ਪਾਰਟੀ ਨੇ ਇਨਕਲਾਬੀ ਲੋਕ-ਯੁੱਧ ਦੁਆਰਾ 239 ਸਾਲ ਪੁਰਾਣੀ ਰਜਵਾੜਾਸ਼ਾਹੀ ਦਾ ਖ਼ਾਤਮਾ ਕਰਕੇ ਲੋਕ-ਜਮਹੂਰੀ ਰਾਜ ਸਥਾਪਤ ਕਰਨ ਲਈ ਹਥਿਆਰਬੰਦ ਸੰਘਰਸ਼ ਵਿੱਢਿਆ। ਇਸਦੇ ਪਿਛੋਕੜ ਵਿਚ ਵੀ 1970ਵਿਆਂ ਤੋਂ ਲੈ ਕੇ ਰਜਵਾੜਾਸ਼ਾਹੀ ਅਤੇ ਜਗੀਰੂ ਲੁੱਟ ਤੇ ਦਾਬੇ ਵਿਰੁੱਧ ਨੇਪਾਲ ਦੇ ਦੱਬੇ-ਕੁਚਲੇ ਲੋਕਾਂ ਦੇ ਸੰਘਰਸ਼ਾਂ ਦਾ ਸ਼ਾਨਾਮੱਤਾ ਇਤਿਹਾਸ ਰਿਹਾ ਸੀ। ਰਜਵਾੜਾਸ਼ਾਹੀ ਅਵਾਮ ਦੀਆਂ ਜਮਹੂਰੀ ਰੀਝਾਂ ਨੂੰ ਤਾਕਤ ਨਾਲ ਕੁਚਲਕੇ ਆਪਣੇ ਰਾਜ ਦੀ ਉਮਰ ਲੰਮੀ ਕਰਦੀ ਰਹੀ। 1990ਵਿਆਂ ਵਿਚ ਨੇਪਾਲੀ ਅਵਾਮ ਨੇ ਮਾਓਵਾਦੀ ਪਾਰਟੀ ਦੀ ਅਗਵਾਈ ਹੇਠ ਨਵੇਂ ਜੋਸ਼-ਖ਼ਰੋਸ਼ ਨਾਲ ਇਨਕਲਾਬੀ ਲੜਾਈ ਵਿੱਢ ਦਿੱਤੀ ਅਤੇ ਵੱਧ-ਚੜ੍ਹਕੇ ਕੁਰਬਾਨੀਆਂ ਕੀਤੀਆਂ। ਸਟੇਟ ਦੇ ਕਰੂਰ ਜਬਰ ਦਾ ਮੁਕਾਬਲਾ ਕਰਦਿਆਂ ਇਨਕਲਾਬ ਸੰਘਰਸ਼ ਅੱਗੇ ਵਧਦਾ ਗਿਆ। ਪ੍ਰਚੰਡਾ-ਬਾਬੂਰਾਮ ਭੱਟਾਰਾਈ ਦੀ ਅਗਵਾਈ ਹੇਠ ਮਾਓਵਾਦੀ ਲੀਡਰਸ਼ਿਪ ਨੇ ਮੁਕੰਮਲ ਇਨਕਲਾਬੀ ਤਬਦੀਲੀ ਲਈ ਲੜਨ ਦੀ ਬਜਾਏ 2008 'ਚ ਰਜਵਾੜਾਸ਼ਾਹੀ ਦੇ ਖ਼ਾਤਮੇ ਨੂੰ ਹੀ ਅੰਤਮ ਜਿੱਤ ਮੰਨ ਲਿਆ। ਆਗੂਆਂ ਦੇ ਅਸਹਿਮਤ ਹਿੱਸੇ ਦੀ ਆਵਾਜ਼ ਦਬਾ ਦਿੱਤੀ ਗਈ ਅਤੇ ਬੇਹੱਦ ਕੁਰਬਾਨੀਆਂ ਨਾਲ ਉਸਾਰੀ ਗਈ ਲੋਕ ਫ਼ੌਜ ਰਜਵਾੜਾਸ਼ਾਹੀ ਫ਼ੌਜ 'ਚ ਰਲ਼ਾ ਦਿੱਤੀ ਗਈ। ਇੰਞ 'ਚੁਣਾਵੀ ਲੋਕਤੰਤਰ' ਦੇ ਰੂਪ 'ਚ ਇਨਕਲਾਬੀ ਤਬਦੀਲੀ ਦਾ ਅੱਧਵਾਟੇ ਗਰਭਪਾਤ ਕਰ ਦਿੱਤਾ ਗਿਆ। ਰਜਵਾੜਾਸ਼ਾਹੀ ਦੀ ਜਗ੍ਹਾ 'ਲੋਕਤੰਤਰੀ ਗਣਰਾਜ' ਨੇ ਲੈ ਲਈ। ਨਿਰਸੰਦੇਹ, ਰਜਵਾੜਾਸ਼ਾਹੀ ਦਾ ਖ਼ਾਤਮਾ ਕਰਕੇ ਚੁਣਾਵੀ ਗਣਰਾਜ ਦੀ ਸਥਾਪਤੀ ਅਗਾਂਹਵਧੂ ਕਦਮ ਹੈ, ਪਰ ਲੋਕਾਂ ਦੀ ਲੋਟੂ-ਜਾਬਰ ਰਾਜ ਪ੍ਰਬੰਧ ਤੋਂ ਮੁਕੰਮਲ ਮੁਕਤੀ ਹਾਸਲ ਕਰਨ ਦੀ ਰੀਝ ਅਧੂਰੀ ਰਹਿ ਗਈ। ਪ੍ਰਚੰਡਾ ਗੁੱਟ ਨੇ ਆਪਣੀ ਇਸ ਇਤਿਹਾਸਕ ਗ਼ਦਾਰੀ ਨੂੰ ਮਾਓਵਾਦ ਦਾ 'ਰਚਨਾਤਮਕ ਅਭਿਆਸ' ਕਹਿਕੇ ਵਡਿਆਇਆ ਅਤੇ ਭਾਰਤ ਦੇ ਮਾਓਵਾਦੀਆਂ ਸਮੇਤ ਦੁਨੀਆ ਭਰ ਦੇ ਕਮਿਊਨਿਸਟ ਇਨਕਲਾਬੀਆਂ ਨੂੰ ਨਸੀਹਤਾਂ ਦਿੱਤੀਆਂ ਗਈਆਂ ਕਿ ਉਨ੍ਹਾਂ ਨੂੰ 'ਪ੍ਰਚੰਡਾ ਪਾਥ' ਤੋਂ ਸਿੱਖਣਾ ਚਾਹੀਦਾ ਹੈ।

'ਮੁੱਖਧਾਰਾ' ਦਾ ਹਿੱਸਾ ਬਣਕੇ ਇਨ੍ਹਾਂ ਆਗੂਆਂ ਵੱਲੋਂ ਯੁਗ-ਪਲਟਾਊ ਤਬਦੀਲੀ ਦੇ ਵੱਡੇ-ਵੱਡੇ ਐਲਾਨ ਕੀਤੇ ਗਏ। ਜਗੀਰਦਾਰੀ ਪ੍ਰਬੰਧ ਦਾ ਖ਼ਾਤਮਾ ਕਰਨ, ਜ਼ਮੀਨ ਦੀ ਮੁੜ-ਵੰਡ ਕਰਨ, ਹਾਸ਼ੀਏ 'ਤੇ ਧੱਕੇ ਹੋਏ ਕਮਜ਼ੋਰ ਵਰਗਾਂ ਨੂੰ ਤਾਕਤਵਰ ਬਣਾਉਣ ਅਤੇ ਸਮਾਜਵਾਦ ਲਿਆਉਣ ਦੇ ਵਾਅਦੇ ਕੀਤੇ ਗਏ। ਦਰ ਅਸਲ ਇਹ ਨਵੇਂ ਹੁਕਮਰਾਨ ਉਸੇ ਰਾਜ-ਪ੍ਰਬੰਧ ਦਾ ਹਿੱਸਾ ਬਣਕੇ ਉਸਦਾ ਸੰਚਾਲਨ ਕਰਨ ਲੱਗ ਪਏ, ਜਿਸਨੂੰ ਉਹ ਰੱਦ ਕਰਦੇ ਸਨ। ਉਹ ਸਮਾਜਿਕ ਨਿਆਂ ਅਤੇ ਤਿੱਖੇ ਸੁਧਾਰਾਂ ਦੇ ਵਾਅਦੇ ਨੂੰ ਤਿਲਾਂਜਲੀ ਦੇ ਕੇ ਸੱਤਾ 'ਚ ਬਣੇ ਰਹਿਣ ਦੀਆਂ ਰਾਜਨੀਤਕ ਗਿਣਤੀਆਂ-ਮਿਣਤੀਆਂ ਤੱਕ ਮਹਿਦੂਦ ਹੋ ਗਏ। ਸੰਵਿਧਾਨ ਨੂੰ ਲੈ ਕੇ ਸਾਲਾਂ ਤੱਕ ਅੰਤਹੀਣ ਚਰਚਾਵਾਂ ਹੁੰਦੀਆਂ ਰਹੀਆਂ ਅਤੇ ਓੜਕ ਜਦੋਂ 2015 ਵਿਚ ਸੰਵਿਧਾਨ ਲਾਗੂ ਹੋਇਆ, ਤਾਂ ਐਲਾਨੇ ਗਏ ਸਮਾਨਤਾਵਾਦੀ ਆਦਰਸ਼ਾਂ ਅਨੁਸਾਰ ਕੁਝ ਵੀ ਨਵਾਂ ਸਾਕਾਰ ਨਾ ਹੋਇਆ। ਇਨਕਲਾਬੀ ਤਬਦੀਲੀ ਦੇ ਜੋ ਸੁਪਨੇ ਦਿਖਾਏ ਗਏ ਸਨ ਉਹ ਝੂਠੇ ਸਿੱਧ ਹੋਏ। ਆਗੂਆਂ ਦੀ ਤਰਜ਼ੇ-ਜ਼ਿੰਦਗੀ ਵੀ ਪਹਿਲਾਂ ਵਾਲੀ ਨਾ ਰਹੀ। ਆਦਰਸ਼ ਸਾਦਗੀ ਨੂੰ ਤਿਆਗਕੇ ਅਸ਼ਲੀਲ ਪੱਧਰ ਦੇ ਐਸ਼ੋ-ਅਰਾਮ 'ਚ ਗ੍ਰਸਤ ਹੋ ਜਾਣ ਕਾਰਨ ਆਗੂਆਂ ਦੀ ਨੈਤਿਕ ਅਥਾਰਟੀ ਵੀ ਖ਼ਤਮ ਹੋ ਗਈ।

ਨੇਪਾਲ ਦੀ ਅਜੋਕੀ ਦੁਰਦਸ਼ਾ ਲਈ ਮੁੱਖ ਜ਼ਿੰਮੇਵਾਰ ਪਾਰਲੀਮੈਂਟਰੀ ਮਾਓਵਾਦੀਆਂ ਦਾ ਨੇਪਾਲ ਦੀ ਹਾਕਮ ਜਮਾਤ ਨਾਲ ਜਮਾਤੀ ਸਾਂਝ-ਭਿਆਲੀ ਦਾ ਇਹੋ 'ਰਚਨਾਤਮਕ ਤਜਰਬਾ' ਹੈ ਜਿਸਨੇ ਬੁਨਿਆਦੀ ਤਬਦੀਲੀ ਤਾਂ ਕੀ ਲਿਆਉਣੀ ਸੀ, ਇਸਦੀ ਟਿਕਾਊ, ਰੋਜ਼ਗਾਰਮੁਖੀ ਆਰਥਿਕਤਾ ਉਸਾਰਨ 'ਚ ਘੋਰ ਨਾਕਾਮੀ ਵੀ ਉੱਘੜਵੀਂ ਹੈ। ਨੇਪਾਲੀ ਲੋਕ ਗੁਜ਼ਾਰੇ ਲਈ ਪ੍ਰਦੇਸੀ ਕਿਰਤੀਆਂ ਦੀ ਕਮਾਈ (ਰਮਿਟੈਂਸ) 'ਤੇ ਨਿਰਭਰ ਹਨ। ਰਮਿਟੈਂਸ ਕੁਲ

ਘਰੇਲੂ ਪੈਦਾਵਾਰ ਦਾ ਲਗਭਗ 33% ਹੈ ਜੋ ਵਿਸ਼ਵ ਦੇ ਸਭ ਤੋਂ ਉੱਚੇ ਅਨੁਪਾਤਾਂ ਵਿੱਚੋਂ ਹੈ। ਇਕ ਤਰ੍ਹਾਂ ਨਾਲ ਆਰਥਿਕਤਾ ਘਰੇਲੂ ਨਿਵੇਸ਼ ਦੀ ਬਜਾਏ ਪ੍ਰਦੇਸੀ ਕਿਰਤੀਆਂ ਦੀ ਕਮਾਈ ਨਾਲ ਚੱਲ ਰਹੀ ਹੈ। ਬੁਨਿਆਦੀ ਲੋੜਾਂ ਦੀ ਪੂਰਤੀ ਆਯਾਤ ਰਾਹੀਂ ਕੀਤੀ ਜਾ ਰਹੀ ਹੈ। ਲੰਮੇ ਸਮੇਂ ਦੀ ਬੇਰੁਜ਼ਗਾਰੀ ਕਾਰਨ ਹਾਲਤ ਬੇਹੱਦ ਤਰਸਯੋਗ ਹੈ।2024 'ਚ ਨੌਜਵਾਨਾਂ 'ਚ ਨੀਮ-ਬੇਰੁਜ਼ਗਾਰੀ ਅਤੇ ਬੇਰੁਜ਼ਗਾਰੀ ਦਰ 20.82% ਅੰਗੀ ਗਈ ਸੀ। ਲਿਹਾਜ਼ਾ, ਆਰਥਿਕਤਾ ਡੂੰਘੀ ਖੜੋਤ 'ਚ ਹੈ, ਨਵਾਂ ਰੋਜ਼ਗਾਰ ਪੈਦਾ ਨਹੀਂ ਹੋ ਰਿਹਾ ਅਤੇ ਹਾਸਲ ਬਹੁਤ ਸੀਮਤ ਜਹੇ ਰੋਜ਼ਗਾਰ ਨੂੰ ਵੀ ਕਾਰਪੋਰੇਟ ਪੱਖੀ ਆਰਥਕ ਨੀਤੀਆਂ ਖ਼ੋਰਾ ਲਾ ਰਹੀਆਂ ਹਨ। ਸਟੇਟ ਨੌਜਵਾਨ ਪੀੜ੍ਹੀ ਨੂੰ ਰੋਜ਼ਗਾਰ ਅਤੇ ਸੁਰੱਖਿਅਤ ਭਵਿੱਖ ਦੇਣ, ਆਰਥਿਕਤਾ ਕਿਰਤ-ਸ਼ਕਤੀ ਨੂੰ ਸਮੋਣ ਅਤੇ ਪੜ੍ਹੇ-ਲਿਖੇ ਨੌਜਵਾਨਾਂ ਨੂੰ ਸਨਮਾਨਜਨਕ ਰੋਜ਼ਗਾਰ ਜਾਂ ਕੋਈ ਚੱਜ ਦਾ ਕਿੱਤਾਮੁਖੀ ਕੰਮ ਮੁਹੱਈਆ ਕਰਾਉਣ ਦੇ ਨਾਕਾਬਿਲ ਹੈ। ਰੋਜ਼ਗਾਰ ਦੀ ਖ਼ਾਤਰ ਨੌਜਵਾਨ ਮੁਲਕ ਛੱਡਣ ਲਈ ਮਜਬੂਰ ਹਨ। ਮਾਲੀ ਸਾਲ 2024/25 'ਚ 8,39266 ਨੇਪਾਲੀਆਂ ਨੂੰ "ਐਗਜ਼ਿਟ ਲੇਬਰ ਪਰਮਿਟ" ਜਾਰੀ ਕੀਤੇ ਗਏ। ਲਗਭਗ 3 ਕਰੋੜ ਆਬਾਦੀ ਵਾਲੇ ਮੁਲਕ ਚੋਂ ਐਨੇ ਵੱਡੇ ਪ੍ਰਵਾਸ ਨੂੰ ਰੋਕਣ ਲਈ ਕੋਈ ਠੋਸ ਨੀਤੀ ਬਣਾਉਣ ਦੀ ਬਜਾਏ ਕਮਿਊਨਿਸਟ ਕਹਾਉਣ ਵਾਲੀ ਸਰਕਾਰ ਹੱਥ 'ਤੇ ਹੱਥ ਧਰਕੇ ਬੈਠੀ ਰਹੀ ਅਤੇ ਸੱਤਾ ਉੱਪਰ ਕਬਜ਼ੇ ਲਈ ਘੋਰ ਮੌਕਾਪ੍ਰਸਤ ਜੋੜਾਂ-ਤੋੜਾਂ 'ਚ ਰੁੱਝੀ ਰਹੀ।

ਪਿਛਲੇ 16 ਸਾਲ ਦੇ 'ਲੋਕਤੰਤਰੀ ਗਣਰਾਜ' ਵਿਚ ਅੱਧਖੜ੍ਹ ਉਮਰ ਦੇ ਨੇਪਾਲੀ ਲੋਕਾਂ ਨੇ ਇਨਕਲਾਬੀ ਤਬਦੀਲੀ ਦੇ ਸੁਪਨਿਆਂ ਨੂੰ ਆਪਣੀਆਂ ਅੱਖਾਂ ਸਾਹਮਣੇ ਬੇਵਸੀ ਨਾਲ ਚੂਰ-ਚੂਰ ਹੁੰਦੇ ਦੇਖਿਆ ਹੈ। ਇਸ ਦੌਰਾਨ ਜਵਾਨ ਹੋਈ ਅਜੋਕੀ ਨੌਜਵਾਨ ਪੀੜ੍ਹੀ ਸੁਰੱਖਿਅਤ ਭਵਿੱਖ ਦੀ ਚਿੰਤਾ 'ਚ ਘਿਰੀ ਹੋਈ ਹੈ। ਉਨ੍ਹਾਂ ਨੂੰ ਰਜਵਾੜਾਸ਼ਾਹੀ ਦੇ ਜਾਬਰ ਲੋਟੂ ਰਾਜ ਦਾ ਸਿੱਧਾ ਤਜਰਬਾ ਨਹੀਂ ਹੈ। ਉਹ ਰੋਜ਼ਗਾਰ-ਵਿਹੂਣੀ ਆਰਥਕ ਬਦਇੰਤਜ਼ਾਮੀ, ਵਿਆਪਕ ਭ੍ਰਿਸ਼ਟਾਚਾਰ ਹੱਡੀਂ ਹੰਢਾ ਰਹੇ ਸਨ ਅਤੇ ਮਹਾਂ ਭ੍ਰਿਸ਼ਟਾਚਾਰੀਆਂ ਨੂੰ ਸਜ਼ਾ ਦੀ ਬਜਾਏ ਰਾਜਸੀ ਪੁਸ਼ਤ-ਪਨਾਹੀ ਤੇ ਨਾਲ ਹੀ ਸੱਤਾਧਾਰੀ ਟੱਬਰਾਂ ਦੀ ਘੋਰ ਅੱਯਾਸ਼ੀ ਅੱਖਾਂ ਸਾਹਮਣੇ ਦੇਖ ਰਹੇ ਸਨ। ਉਨ੍ਹਾਂ ਨੇ ਦੇਖਿਆ ਕਿ ਸਾਬਕਾ ਤਬਦੀਲੀਪਸੰਦ ਕਮਿਊਨਿਸਟਾਂ ਤੋਂ ਘਿਣਾਉਣੇ ਅੱਯਾਸ਼ ਬਣ ਚੁੱਕੇ ਸਿਆਸਤਦਾਨਾਂ ਦੇ ਵਿਗੜੇ ਕਾਕੇ ('ਨੈਪੋ ਕਿਡਜ਼') ਕਿਵੇਂ ਗੁਲਸ਼ਰੇ ਉਡਾ ਰਹੇ ਹਨ। ਉਨ੍ਹਾਂ ਦਾ ਸਰਕਾਰ ਤੋਂ ਭਰੋਸਾ ਉੱਠ ਗਿਆ ਅਤੇ ਰਾਜਨੀਤਕ ਠੱਗਾਂ ਦੀ ਜਮਾਤ ਵਿਰੁੱਧ ਆਵਾਜ਼ ਉੱਠਣੀ ਸ਼ੁਰੂ ਹੋ ਗਈ। ਇਸ ਸਥਿਤੀ 'ਚ ਉਨ੍ਹਾਂ ਨੂੰ ਰਜਵਾੜਾਸ਼ਾਹੀ ਹਮਾਇਤੀ ਘੋਰ ਸੱਜੇਪੱਖੀ ਜਾਂ ਕੋਈ ਵੀ ਹੋਰ ਸਰਕਾਰ ਵਿਰੋਧੀ ਅਜਿਹੀ ਤਾਕਤ ਸੌਖਿਆਂ ਹੀ ਪ੍ਰਭਾਵਿਤ ਕਰਕੇ ਆਪਣੇ ਹਿਤ ਲਈ ਵਰਤ ਸਕਦੀ ਸੀ। ਇਹ ਬੇਚੈਨੀ ਨੌਜਵਾਨ ਬਗ਼ਾਵਤ ਦੀ ਮੂਲ਼ ਵਜ੍ਹਾ ਹੈ। ਜ਼ੋਰ ਫੜ ਰਹੇ ਜਨਤਕ ਵਿਰੋਧ ਨੂੰ ਰੋਕਣ ਲਈ ਸਰਕਾਰ ਨੇ ਡਿਜੀਟਲ ਪਲੈਟਫਾਰਮਾਂ ਦੀ ਆਜ਼ਾਦੀ ਦੀ ਸੰਘੀ ਨੱਪਣ ਦਾ ਰਾਹ ਫੜ ਲਿਆ।

ਇਨ੍ਹਾਂ 'ਜ਼ੈੱਨ-ਜ਼ੀ' ਨੌਜਵਾਨਾਂ ਲਈ ਡਿਜੀਟਲ ਪਲੈਟਫਾਰਮ ਨਿਰੇ ਮਨ-ਪ੍ਰਚਾਵੇ ਦਾ ਸਾਧਨ ਨਹੀਂ ਹਨ; ਇਹ ਸਮਾਜਿਕ ਜੀਵਨ-ਰੇਖਾ ਬਣ ਚੁੱਕੇ ਹਨ ਜੋ ਉਨ੍ਹਾਂ ਲਈ ਜੌਬ-ਬੋਰਡਾਂ, ਜਾਣਕਾਰੀ ਦੇ ਸੰਚਾਰ ਅਤੇ ਸਮੂਹਿਕ ਹਿਤਾਂ ਲਈ ਵਿਚਾਰਾਂ ਦੇ ਆਦਾਨ-ਪ੍ਰਦਾਨ ਤੇ ਇਕੱਠੇ ਹੋਣ ਦਾ ਵਸੀਲਾ ਹਨ। ਆਈ.ਐੱਮ.ਐੱਫ. ਦੇ ਚਾਰ ਸਾਲਾ ਐਕਸਟੈਂਡਿਡ ਕ੍ਰੈਡਿਟ ਫਸਿਲਟੀ ਪ੍ਰੋਗਰਾਮ ਦੀ ਪਾਲਣਾ ਕਰਦਿਆਂ ਘਰੇਲੂ ਆਮਦਨ ਵਧਾਉਣ ਲਈ ਸਰਕਾਰ ਨੇ ਬਦੇਸ਼ੀ ਈ-ਸਰਵਿਸ ਪ੍ਰੋਵਾਈਡਰਾਂ ਲਈ ਨਵਾਂ ਡਿਜੀਟਲ ਸਰਵਿਸ ਟੈਕਸ ਅਤੇ ਵਧੇਰੇ ਸਖ਼ਤ ਵੈਟ ਨਿਯਮ ਬਣਾਏ। ਜਦੋਂ ਵੱਡੇ ਡਿਜੀਟਲ ਪਲੈਟਫਾਰਮਾਂ ਨੇ ਰਜਿਸਟਰੇਸ਼ਨ ਕਰਾਉਣ ਤੋਂ ਨਾਂਹ ਕਰ ਦਿੱਤੀ ਤਾਂ ਸਰਕਾਰ ਨੇ ਇਨ੍ਹਾਂ ਪਲੈਟਫਾਰਮਾਂ 'ਤੇ ਪਾਬੰਦੀ ਲਾਉਣੀ ਸ਼ੁਰੂ ਕਰ ਦਿੱਤੀ। ਇਸ ਨਾਲ ਅਵਾਮ ਦੀਆਂ ਆਰਥਕ ਮੁਸ਼ਕਲਾਂ ਹੋਰ ਵਧ ਗਈਆਂ ਅਤੇ ਡਿਜੀਟਲ ਪਾਬੰਦੀ ਭ੍ਰਿਸ਼ਟਾਚਾਰ, ਬੇਕਾਰੀ ਅਤੇ ਆਮ ਨਾਗਰਿਕ ਲਈ ਤਰੱਕੀ ਦੇ ਮੌਕਿਆਂ ਦੀ ਅਣਹੋਂਦ ਵਿਰੁੱਧ ਗੁੱਸੇ ਦੇ ਵਿਸਫੋਟ ਨੂੰ ਪਲੀਤਾ ਲਾਉਣ ਵਾਲੀ ਕਾਰਵਾਈ ਸਿੱਧ ਹੋਈ।

ਲੋਕਾਈ ਦੇ ਰੋਜ਼ੀ-ਰੋਟੀ ਦੇ ਬੁਨਿਆਦੀ ਮਸਲਿਆਂ ਨੂੰ ਹੱਲ ਕਰਨ ਦੀ ਬਜਾਏ ਸਰਕਾਰਾਂ ਬਣਾਉਣ ਲਈ ਬੇਅਸੂਲੇ ਗੱਠਜੋੜਾਂ ਤੇ ਲੋਕ ਹਿਤਾਂ ਨਾਲ ਗ਼ਦਾਰੀ ਕਾਰਨ ਅਵਾਮ ਦੀਆਂ ਨਜ਼ਰਾਂ 'ਚ ਖੱਬੇ ਬਦਲ ਦੀ ਪ੍ਰਤੀਤ ਨੂੰ ਖ਼ੋਰਾ ਤਾਂ ਲੱਗਿਆ ਹੀ ਹੈ, ਰਾਜ ਕਰਨ ਦਾ ਇਖ਼ਲਾਕੀ ਹੱਕ ਗੁਆ ਚੁੱਕੇ ਸੱਤਾ ਦੇ ਲੋਭੀ ਇਸ ਅਖਾਉਤੀ ਕਮਿਊਨਿਸਟ ਲਾਣੇ ਨੇ ਰਜਵਾੜਾਸ਼ਾਹੀ ਆਧਾਰਤ ਹਿੰਦੂ ਰਾਸ਼ਟਰ ਨੂੰ ਮੁੜ ਲਿਆਉਣ ਦੇ ਰੁਝਾਨ ਨੂੰ ਵੀ ਮਜ਼ਬੂਤ ਕੀਤਾ ਹੈ। ਇਨਕਲਾਬੀ ਬਦਲ ਦੀ ਕੋਈ ਉੱਘੜਵੀਂ ਭੂਮਿਕਾ ਨਾ ਹੋਣ ਕਾਰਨ ਸੱਜੇਪੱਖੀ ਤਾਕਤਾਂ ਦੇ ਉਭਰਨ ਲਈ ਹਾਲਾਤ ਵਧੇਰੇ ਸਾਜ਼ਗਾਰ ਹਨ। ਨੇਪਾਲ ਵਿਚ ਬੀਤੇ 'ਚ ਬਹੁਤ ਮਜ਼ਬੂਤ ਕਮਿਊਨਿਸਟ ਲਹਿਰ ਰਹੀ ਹੈ। ਮੌਜੂਦਾ ਅੰਦੋਲਨ ਦੌਰਾਨ ਮਾਓਵਾਦੀਆਂ ਦੀ ਇਨਕਲਾਬੀ ਧਾਰਾ ਦੀ ਕੋਈ ਭੂਮਿਕਾ ਨਜ਼ਰ ਨਹੀਂ ਆਈ। ਸਵਾਲ ਇਹ ਹੈ ਕਿ 2008 'ਚ ਸਰਮਾਏਦਾਰਾ ਗਣਰਾਜ ਨਾਲ ਭਿਆਲੀ ਪਾ ਕੇ ਹੋਏ ਪਤਨ ਸਮੇਂ ਕੀ ਸਮੁੱਚੀ ਇਨਕਲਾਬੀ ਧਾਰਾ ਹੀ ਖ਼ਤਮ ਹੋ ਗਈ?



ਜਾਂ ਕੀ ਮੌਜੂਦਾ ਬਗ਼ਾਵਤ ਵਿੱਚੋਂ ਕੋਈ ਜਾਨਦਾਰ ਲੜਾਕੂ ਹਿੱਸਾ ਉੱਭਰੇਗਾ ਜੋ ਇਸ ਬਗ਼ਾਵਤ ਦੇ ਪਤਨ ਤੋਂ ਸਬਕ ਸਿੱਖਕੇ ਭਵਿੱਖ 'ਚ ਸੱਚੀ ਤਬਦੀਲੀ ਦੇ ਠੋਸ ਪ੍ਰੋਗਰਾਮ ਦੇ ਆਧਾਰ 'ਤੇ ਲੋਕ ਲਹਿਰ ਨੂੰ ਮੁੜ ਜਥੇਬੰਦ ਕਰਨ ਦੇ ਕਾਬਲ ਹੋਵੇ?

ਪਰਚੰਡਾ ਨੇ ਆਪਣੇ ਗਰੁੱਪ, ਸੀ.ਪੀ.ਐੱਨ. (ਮਾਓਇਸਟ ਸੈਂਟਰ) ਦਾ ਸਮੁੱਚਾ ਕਮੇਟੀ ਢਾਂਚਾ ਭੰਗ ਕਰਕੇ ਪਾਰਟੀ ਨੂੰ ਮੁੜ-ਜਥੇਬੰਦ ਕਰਨ ਦਾ ਐਲਾਨ ਕੀਤਾ ਹੈ। ਉਸਨੇ ਬਦਲੇ ਹੋਏ ਰਾਜਨੀਤਕ ਹਾਲਾਤ ਵਿਚ ਨਵੇਂ ਪਾਰਟੀ ਢਾਂਚੇ ਬਣਾਉਣ ਦੀ ਜ਼ਰੂਰਤ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ ਹੈ। ਜਿਸ ਦੇ ਤਹਿਤ ਪਾਰਟੀ ਕਮੇਟੀਆਂ ਵਿਚ ਵੱਧ ਤੋਂ ਵੱਧ ਨੌਜਵਾਨੀ ਨੂੰ ਸ਼ਾਮਲ ਕੀਤਾ ਜਾਵੇਗਾ ਅਤੇ ਔਰਤਾਂ, ਦਲਿਤਾਂ ਤੇ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ ਦੀ ਨੁਮਾਇੰਦਗੀ ਵਧਾਏ ਜਾਣ ਦੀ ਤਜਵੀਜ਼ ਹੈ। ਜਥੇਬੰਦ ਰੱਦੋਬਦਲ ਉੱਪਰ ਜ਼ੋਰ ਤੋਂ ਸਪਸ਼ਟ ਹੈ ਕਿ ਇਹ ਸਾਰੀ ਕਵਾਇਦ ਅਗਲੀਆਂ ਚੋਣਾਂ ਦੀ ਤਿਆਰੀ ਲਈ ਹੈ ਅਤੇ ਜਿਸ ਸਿਧਾਂਤਕ ਲੀਹ ਕਾਰਨ ਨੇਪਾਲ ਦੀ ਕਮਿਊਨਿਸਟ ਇਨਕਲਾਬੀ ਪਾਰਟੀ ਅਤੇ ਲੋਕ-ਯੁੱਧ ਦੀਆਂ ਇਤਿਹਾਸਕ ਪ੍ਰਾਪਤੀਆਂ ਦਾ ਇਹ ਹਸ਼ਰ ਹੋਇਆ, ਉਸਦਾ ਪੁਨਰ-ਮੁਲੰਕਣ ਇਸ 'ਮਾਓਵਾਦੀ' ਲੀਡਰਸ਼ਿੱਪ ਦੇ ਏਜੰਡੇ 'ਤੇ ਨਹੀਂ ਹੈ।

ਮਾਰਚ ਮਹੀਨੇ 'ਚ ਸਾਬਕਾ ਰਾਜੇ ਦੇ ਸਵਾਗਤ 'ਚ ਹਜ਼ਾਰਾਂ ਰਜਵਾੜਾਸ਼ਾਹੀ ਪੱਖੀਆਂ ਵੱਲੋਂ ਜੋਸ਼-ਖ਼ਰੋਸ਼ ਨਾਲ ਮੁਜ਼ਾਹਰੇ ਘੋਰ ਸੱਜੇਪੱਖੀ ਤਾਕਤਾਂ ਦੇ ਮੁੜ ਉੱਭਰਨ ਦਾ ਸਬੂਤ ਹਨ। ਰਜਵਾੜਾਸ਼ਾਹੀ ਨੂੰ ਸਥਿਰਤਾ ਅਤੇ ਸੱਭਿਆਚਾਰਕ ਇਕਜੁੱਟਤਾ ਦੇ ਆਦਰਸ਼ਕ ਨਮੂਨੇ ਵਜੋਂ ਵਡਿਆਇਆ ਜਾ ਰਿਹਾ ਹੈ। ਸਾਮਰਾਜੀ ਤਾਕਤਾਂ ਅਤੇ ਭਾਰਤ ਦੀ ਹਿੰਦੂਤਵੀ ਸਰਕਾਰ ਵੀ ਆਪਣੇ ਲੋਕ ਵਿਰੋਧੀ ਭੂਗੋਲਿਕ-ਯੁੱਧਨੀਤਕ ਹਿਤਾਂ 'ਚੋਂ ਨੇਪਾਲ 'ਚ ਘੋਰ ਪਿਛਾਖੜੀ ਰੁਝਾਨ ਨੂੰ ਹੱਲਾਸ਼ੇਰੀ ਦੇ ਰਹੀਆਂ ਹਨ। ਸੋਸ਼ਲ ਮੀਡੀਆ ਉੱਪਰ ਅਮਰੀਕਨ ਟੈੱਕ. ਕੰਪਨੀਆਂ ਦਾ ਕੰਟਰੋਲ ਹੋਣ ਕਾਰਨ ਦੁਨੀਆ ਦੇ ਜਨ-ਜੀਵਨ ਦਾ ਹਰ ਤਰ੍ਹਾਂ ਦਾ ਸਮੁੱਚਾ ਡੇਟਾ ਅਮਰੀਕਨ ਖ਼ੁਫ਼ੀਆ ਏਜੰਸੀਆਂ ਦੇ ਕੋਲ ਹੈ। ਜਿਸਦੇ ਆਧਾਰ 'ਤੇ ਅਮਰੀਕਨ ਸਾਮਰਾਜੀਏ ਵੱਖ-ਵੱਖ ਮੁਲਕਾਂ ਲਈ ਪੇਸ਼ਗੀ ਯੁੱਧਨੀਤੀਆਂ ਘੜਦੇ ਹਨ। ਉਹ ਸਰਕਾਰ ਵਿਰੁੱਧ ਖੌਲ਼ ਰਹੇ ਗੁੱਸੇ ਨੂੰ ਕਥਿਤ ਬਗ਼ਾਵਤਾਂ ਦੇ ਰੂਪ 'ਚ ਖ਼ਾਸ ਦਿਸ਼ਾ 'ਚ ਮੋੜਾ ਦੇਣ ਦੀ ਸਮਰੱਥਾ ਰੱਖਦੇ ਹਨ। ਘੱਟੋਘੱਟ ਉਹ ਇਨ੍ਹਾਂ ਨੂੰ ਇਕ ਸੀਮਤ ਦਾਇਰੇ 'ਚ ਰੱਖਣ ਲਈ ਪ੍ਰਭਾਵਿਤ ਕਰਨ ਦੇ ਸਮਰੱਥਾ ਤਾਂ ਹਨ।

ਬਦਕਾਰ ਹਾਕਮਾਂ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਤੋਂ ਨਿਰਾਸ਼ ਅਵਾਮ ਵਿਚ ਸਰਕਾਰਾਂ ਵਿਰੁੱਧ ਗੁੱਸਾ ਸਿਰਫ਼ ਨੇਪਾਲ ਜਾਂ ਦੱਖਣੀ ਏਸ਼ੀਆ ਤੱਕ ਸੀਮਤ ਨਹੀਂ ਹੈ, ਸਾਰੇ ਹੀ ਮੁਲਕਾਂ 'ਚ ਅਜਾਰੇਦਾਰ ਕਾਰਪੋਰੇਟ ਹਿਤੈਸ਼ੀ ਆਰਥਕ ਮਾਡਲ ਦੇ ਝੰਬੇ, ਨਪੀੜੇ ਅਤੇ ਸਤਾਏ ਲੋਕ ਸਰਕਾਰਾਂ ਤੋਂ ਅਸੰਤੁਸ਼ਟ ਹਨ। ਫਰਾਂਸ ਵਿਚ ਮੌਜੂਦਾ ਸਰਕਾਰ ਵਿਰੁੱਧ ਰੋਹ ਭਰੇ ਮੁਜ਼ਾਹਰੇ ਹੋ ਰਹੇ ਹਨ। 'ਬਲੌਕ ਐਵਰੀਥਿੰਗ' ਦੇ ਸੱਦੇ ਤਹਿਤ ਇਨ੍ਹਾਂ ਮੁਜ਼ਾਹਰਿਆਂ ਵਿਚ ਲੱਖਾਂ ਲੋਕਾਂ ਨੇ ਹਿੱਸਾ ਲਿਆ ਹੈ। ਇਹ ਅਜਾਰੇਦਾਰ ਕਾਰਪੋਰੇਟ ਸਰਮਾਏ ਪੱਖੀ ਨੀਤੀਆਂ ਰਾਹੀਂ ਲੋਕਾਂ ਦੇ ਮਨੁੱਖੀ ਤੇ ਜਮਹੂਰੀ ਹੱਕਾਂ ਦੇ ਦਮਨ, ਵਿਆਪਕ ਭ੍ਰਿਸ਼ਟਾਚਾਰ, ਰਾਜਨੀਤਕ ਠੱਗੀ ਦੇ ਬੋਲਬਾਲੇ ਵਿਰੁੱਧ ਖੌਲ਼ ਰਿਹਾ ਲਾਵਾ ਹੈ। ਹੋਰ ਮੁਲਕਾਂ 'ਚ ਵੀ ਕਿਸੇ ਨਾ ਕਿਸੇ ਰੂਪ 'ਚ ਇਸ ਦੇ ਇਜ਼ਹਾਰ ਹੋ ਰਹੇ ਹਨ। ਫ਼ਰਕ ਇਹ ਹੈ ਕਿ ਉਨ੍ਹਾਂ ਦੀ ਬੇਚੈਨੀ ਅਜੇ ਅੰਦਰੋ-ਅੰਦਰੀ ਖੌਲ਼ ਰਹੀ ਹੈ ਅਤੇ ਅਜੇ ਰਾਜਨੀਤਕ ਵਿਸਫੋਟ ਦੇ ਅਸਹਿ ਪੱਧਰ 'ਤੇ ਨਹੀਂ ਪਹੁੰਚੀ ਹੈ।

ਨੇਪਾਲ ਦੀ ਹਾਲੀਆ ਬਗ਼ਾਵਤ ਦੇ ਫੌਰੀ ਕਾਰਨ ਭਾਵੇਂ ਕੁਝ ਵੀ ਰਹੇ ਹੋਣ, ਦਰਅਸਲ, ਨੇਪਾਲ ਵਰਗੀਆਂ ਬਗ਼ਾਵਤਾਂ ਅਤੇ ਵਿਰੋਧ ਦੇ ਹੋਰ ਰੂਪ ਉਨ੍ਹਾਂ ਤਾਨਸ਼ਾਹ ਅਤੇ ਕਾਰਪੋਰੇਟ-ਸਰਮਾਏਦਾਰਾ ਰਾਜ ਵਿਰੁੱਧ ਫੈਲ ਰਹੀ ਬੇਚੈਨੀ ਦੇ ਫੁਟਾਰੇ ਹਨ ਜੋ ਲੋਕਤੰਤਰ ਦਾ ਮੁਖੌਟਾ ਪਾ ਕੇ ਆਪਣੇ ਸਮਾਜਾਂ ਨੂੰ ਜੋਕਾਂ ਬਣਕੇ ਚਿੰਬੜੇ ਹੋਏ ਹਨ। ਇਸ ਵਰਤਾਰੇ ਨੂੰ ਯੁਗ-ਪਲਟਾਊ ਇਨਕਲਾਬੀ ਤਬਦੀਲੀਆਂ ਦੀ ਇਤਿਹਾਸਕ ਸੂਝ ਨਾਲ ਸਮਝਣ ਦੀ ਲੋੜ ਹੈ। ਹਾਲੀਆ ਰਾਜਨੀਤਕ ਉੱਥਲ-ਪੁੱਥਲ ਵਿਚ ਨਾ ਸਿਰਫ਼ ਹਾਕਮ ਜਮਾਤੀ ਰਾਜਨੀਤਕ ਕੋੜਮੇ ਲਈ ਸਗੋਂ ਦੁਨੀਆ ਭਰ 'ਚ ਤਬਦੀਲੀ ਲਿਆਉਣ ਲੋਚਦੇ ਅਵਾਮ ਲਈ ਵੱਡੇ ਸਬਕ ਮੌਜੂਦ ਹਨ। ਅਵਾਮ ਲਈ ਸਬਕ ਇਹ ਹੈ ਕਿ ਰਾਜ ਪ੍ਰਬੰਧ ਨੂੰ ਢਾਹ ਕੇ ਸਮਾਜ ਨੂੰ ਮੁੱਢੋਂ ਬਦਲੇ ਤੋਂ ਬਿਨਾਂ ਸਿਰਫ਼ ਸਰਕਾਰ ਬਦਲਣਾ ਮਸਲੇ ਦਾ ਹੱਲ ਨਹੀਂ ਹੈ, ਭਾਵੇਂ 'ਖੱਬੇਪੱਖੀ' ਸਰਕਾਰ ਹੀ ਕਿਉਂ ਨਾ ਬਣ ਜਾਵੇ।

ਖੁੱਲ੍ਹੀ ਮੰਡੀ ਦੀ ਸਰਦਾਰੀ ਵਾਲੇ ਆਰਥਕ ਮਾਡਲ ਦਾ ਮਾਨਵਤਾ ਵਿਰੋਧੀ, ਕੁਦਰਤ ਵਿਰੋਧੀ ਵਿਨਾਸ਼ਕਾਰੀ ਚਿਹਰਾ ਦੁਨੀਆ ਨੇ ਚੰਗੀ ਤਰ੍ਹਾਂ ਦੇਖ ਲਿਆ ਹੈ। ਇਸਨੇ ਰੋਜ਼ਗਾਰ ਦੇ ਮੌਕੇ ਖ਼ਤਮ ਕੀਤੇ ਹਨ, ਨਾਬਰਾਬਰੀ, ਸਮਾਜਿਕ ਅਨਿਆਂ ਅਤੇ ਅਸੁਰੱਖਿਆ ਬਹੁਤ ਤੇਜ਼ੀ ਨਾਲ ਵਧਾਈ ਹੈ। ਇਸ ਮਾਡਲ ਨੂੰ ਰੱਦ ਕਰਨ ਲਈ ਦੁਨੀਆ ਭਰ 'ਚ ਜਨਤਕ ਦਬਾਅ ਦੇ ਹਾਲਾਤ ਬਣ ਰਹੇ ਹਨ। ਇਸ ਦੌਰਾਨ ਅਜਾਰੇਦਾਰ ਕਾਰਪੋਰੇਟ ਸਰਮਾਏ ਦੀ ਰਾਖੀ ਲਈ ਘੋਰ ਪਿਛਾਖੜੀ ਤਾਕਤਾਂ ਨੂੰ ਅੱਗੇ ਲਿਆਉਣ ਅਤੇ ਰਾਜ ਪ੍ਰਬੰਧ ਵਿਚ ਉਨ੍ਹਾਂ ਦੀ ਵਧ ਰਹੀ ਦਖ਼ਲਅੰਦਾਜ਼ੀ ਤੇ ਪੁੱਗਤ ਦਾ ਖ਼ਤਰਨਾਕ ਰੁਝਾਨ ਵੀ ਵੱਖ-ਵੱਖ ਮੁਲਕਾਂ 'ਚ ਜ਼ੋਰ ਫੜਦਾ ਸਪਸ਼ਟ ਦੇਖਿਆ ਜਾ ਸਕਦਾ ਹੈ। ਭਵਿੱਖ 'ਚ ਹੋਰ ਮੁਲਕਾਂ 'ਚ ਵੀ ਨੇਪਾਲ ਕਿਸਮ ਦੇ ਜਨਤਕ ਉਭਾਰ ਉੱਠਣਗੇ। ਅਜਿਹੇ ਉਭਾਰਾਂ ਨੂੰ ਸਹੀ ਦਿਸ਼ਾ 'ਚ ਅੱਗੇ ਵਧਾਉਣਾ ਸੰਭਵ ਹੋ ਸਕੇਗਾ ਜੇਕਰ ਸੱਚੀ ਤਬਦੀਲੀ ਦੀ ਨੁਮਾਇੰਦਗੀ ਕਰਦੀਆਂ ਤਾਕਤਾਂ ਅਜਿਹੇ ਮੌਕਿਆਂ ਉੱਪਰ ਸੱਚੀ ਤਬਦੀਲੀ ਦੇ ਠੋਸ ਪ੍ਰੋਗਰਾਮ ਤਹਿਤ ਆਗੂ ਭੂਮਿਕਾ ਨਿਭਾਉਣ ਲਈ ਖ਼ੁਦ ਨੂੰ ਤਿਆਰ ਕਰ ਲੈਂਦੀਆਂ ਹਨ।

---

# ਜ਼ੈੱਨ-ਜੀ ਨੌਜਵਾਨਾਂ ਦੀ ਅੰਦਰੂਨੀ ਅੱਗ ਦਾ ਸੇਕ

-ਸੁਖਦੇਵ ਸਲੇਮਪੁਰੀ
9780620233

ਨਿਪਾਲ ਤੋਂ ਬਾਅਦ ਲੱਦਾਖ਼ ਵਿਚ ਜ਼ੈੱਨ - ਜੀ ਜਾਣੀ ਕਿ ਨੌਜਵਾਨਾਂ ਵਲੋਂ ਆਪਣੇ ਹੱਕਾਂ ਲਈ ਅੰਦੋਲਨ ਸ਼ੁਰੂ ਕਰ ਦਿੱਤਾ ਗਿਆ ਹੈ, ਨੌਜਵਾਨਾਂ ਦਾ ਗੁੱਸਾ ਅਸਮਾਨੀ ਜਾ ਚੜ੍ਹਿਆ ਹੈ। ਇਸ ਤੋਂ ਪਹਿਲਾਂ 2019 ਤੋਂ ਉਥੇ ਸ਼ਾਂਤਮਈ ਅੰਦੋਲਨ ਚੱਲ ਰਿਹਾ ਸੀ, ਜੋ ਪੰਜ, ਛੇ ਸਾਲਾਂ ਬਾਅਦ ਗੁੱਸੇ ਦਾ ਭਾਂਬੜ ਬਣ ਕੇ ਜਵਾਲਾਮੁਖੀ ਦੇ ਲਾਵੇ ਵਾਂਗੂੰ ਫਟ ਗਿਆ ਹੈ। ਹਿੰਸਕ ਕਾਰਵਾਈਆਂ ਤੋਂ ਬਾਅਦ ਉਥੇ ਸੁਰੱਖਿਆ ਬਲਾਂ ਅਤੇ ਨੌਜਵਾਨਾਂ ਵਿਚਕਾਰ ਹੋਈਆਂ ਹਿੰਸਕ ਘਟਨਾਵਾਂ ਦੌਰਾਨ 4 ਜਣਿਆਂ ਦੀ ਮੌਤ ਹੋ ਗਈ, ਜਦ ਕਿ 70 ਤੋਂ ਵੱਧ ਗੰਭੀਰ ਰੂਪ ਵਿੱਚ ਲੋਕ ਜ਼ਖ਼ਮੀ ਹੋ ਗਏ, ਜੋ ਇਕ ਵੱਡਾ ਅੰਕੜਾ ਹੈ। ਇਨ੍ਹਾਂ ਘਟਨਾਵਾਂ ਨੂੰ ਮਾਮੂਲੀ ਘਟਨਾ ਕਹਿ ਕੇ ਟਾਲਿਆ ਨਹੀਂ ਜਾ ਸਕਦਾ। ਨਿਪਾਲ ਅਤੇ ਲੱਦਾਖ਼ ਦੀਆਂ ਘਟਨਾਵਾਂ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ, ਹੁਣ ਦੇਸ਼ ਦੇ ਨੌਜਵਾਨਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ, ਉਨ੍ਹਾਂ ਦਾ ਭਵਿੱਖ ਸੁਰੱਖਿਅਤ ਅਤੇ ਉੱਜਲ ਨਹੀਂ ਹੈ। ਸਿੱਖਿਆ ਮਹਿੰਗੀ ਹੋ ਰਹੀ ਹੈ, ਸਿੱਖਿਆ ਗ੍ਰਹਿਣ ਕਰਨ ਤੋਂ ਬਾਅਦ ਰੋਜੀ ਨਹੀਂ ਹੈ, ਰੋਟੀ ਨਹੀਂ ਹੈ, ਸਰਕਾਰੀ ਖੇਤਰ ਵਿੱਚ ਨੌਕਰੀਆਂ ਦਾ ਘੇਰਾ ਘਟਾਇਆ ਜਾ ਰਿਹਾ ਹੈ। ਸਰਕਾਰੀ ਅਦਾਰੇ ਨਿੱਜੀ ਹੱਥਾਂ ਵਿੱਚ ਦਿੱਤੇ ਜਾ ਰਹੇ ਹਨ। ਨਿੱਜੀ ਖੇਤਰਾਂ ਵਿੱਚ 12-12 ਘੰਟੇ ਖ਼ੂਨ ਚੂਸ ਕੇ ਨਾ-ਮਾਤਰ ਮਿਹਨਤਾਨਾ ਦਿੱਤਾ ਜਾਂਦਾ ਹੈ। ਚਾਰੇ-ਤਰਫ਼ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਚੋਣਾਂ ਸਮੇਂ ਜੋ ਵਾਅਦੇ ਕੀਤੇ ਜਾਂਦੇ ਹਨ, ਨੂੰ ਪੂਰਾ ਨਹੀਂ ਕੀਤਾ ਜਾਂਦਾ, ਜਦ ਕਿ ਉਂਝ ਚੈਨਲਾਂ 'ਤੇ, ਅਖਬਾਰਾਂ ਵਿੱਚ ਅਤੇ ਪ੍ਰਿੰਟ ਮੀਡੀਆ 'ਤੇ ਹਰ ਰੋਜ਼ ਰਾਗ ਅਲਾਪਿਆ ਜਾ ਰਿਹਾ ਹੈ ਕਿ, ਦੇਸ਼ ਨੌਜਵਾਨਾਂ ਦੇ ਹੱਥਾਂ ਵਿਚ ਸੁਰੱਖਿਅਤ ਹੈ। ਹੁਣ ਜ਼ੈੱਨ - ਜੀ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ, ਇਹ ਸੱਭ ਧੋਖਾ ਹੈ। ਨੌਜਵਾਨ ਪੀੜ੍ਹੀ ਨੂੰ ਚੋਣਾਂ ਵਿੱਚ ਵਰਤਿਆ ਜਾਂਦਾ ਹੈ, ਬਾਦ ਵਿੱਚ ਸਾਰ ਨਹੀਂ ਲਈ ਜਾਂਦੀ, ਜਿਸ ਕਰਕੇ ਉਨ੍ਹਾਂ ਦੇ ਦਿਮਾਗ ਵਿਚ ਆਪਣੇ ਹੱਕਾਂ ਲਈ ਅੱਗ ਸੁਲਗਣੀ ਸ਼ੁਰੂ ਹੋ ਗਈ ਹੈ। ਜ਼ੈੱਨ - ਜੀ ਦੀਆਂ ਭਾਵਨਾਵਾਂ ਨੂੰ, ਹੱਕਾਂ ਨੂੰ ਲੰਬਾ ਸਮਾਂ ਤੱਕ ਦਬਾਇਆ ਨਹੀਂ ਜਾ ਸਕਦਾ, ਜਿੰਨਾ ਦਬਾਇਆ ਜਾਵੇਗਾ, ਉਨ੍ਹਾਂ ਭਾਂਬੜ ਬਣ ਕੇ ਮੱਚੇਗਾ। ÷ਰਸੋਈ ਵਿਚ ਪ੍ਰੈਸ਼ਰ ਕੂਕਰ ਥੱਲੇ ਗੈਸ ਬਲਦੀ ਰਹੇਗੀ, ਹਵਾ ਨਿਕਲਣ ਤੋਂ ਰੋਕਣ ਲਈ ਢੱਕਣ ਨੂੰ ਦਬਾ ਕੇ ਰੱਖਿਆ ਜਾਵੇਗਾ, ਤਾਂ ਕੂਕਰ ਵਿਚ ਹਵਾ ਦਾ ਪ੍ਰੈਸ਼ਰ ਇੰਨਾ ਭਰ ਜਾਵੇਗਾ ਕਿ, ਅਖੀਰ ਕੂਕਰ ਦਾ ਪਟਾਕਾ ਇਸ ਤਰ੍ਹਾਂ ਪਵੇਗਾ, ਜਿਵੇਂ ਕਿਧਰੇ ਬੰਬ ਧਮਾਕਾ ਹੋ ਗਿਆ ਹੋਵੇ!÷ ਕਹਿਣ ਤੋਂ ਭਾਵ ਜ਼ੈੱਨ-ਜੀ ਦੀਆਂ ਭਾਵਨਾਵਾਂ ਤੇ ਹੱਕਾਂ ਨੂੰ ਲੰਬਾ ਸਮਾਂ ਦਬਾ ਕੇ ਨਹੀਂ ਰੱਖਿਆ ਜਾ ਸਕਦਾ। ਭਾਰਤੀ ਸੰਵਿਧਾਨ ਮੁਤਾਬਿਕ ਭਾਰਤ ਇਕ ਲੋਕਤੰਤਰਿਕ ਦੇਸ਼ ਹੈ, ਇਥੇ ਹਰੇਕ ਨਾਗਰਿਕ ਨੂੰ ਆਪਣੀ ਹੱਕਾਂ ਲਈ ਬੋਲਣ, ਲਿਖਣ ਤੇ ਸੰਘਰਸ਼ ਕਰਨ ਦਾ ਅਧਿਕਾਰ ਹੈ, ਜਿਸ ਨੂੰ ਰੋਕਿਆ ਨਹੀਂ ਜਾ ਸਕਦਾ। ਜਲਵਾਯੂ /ਵਾਤਾਵਰਣ ਪ੍ਰੇਮੀ ਸੋਨਮ ਵਾਂਗਚੁਕ ਜਿਨ੍ਹਾਂ ਦੀ ਉਮਰ 72 ਸਾਲ ਦੇ ਕਰੀਬ ਹੈ, ਪਿਛਲੇ ਕਈ ਸਾਲਾਂ ਤੋਂ ਲੱਦਾਖ ਦੇ ਲੋਕਾਂ ਦੇ ਹੱਕਾਂ ਲਈ ਲੜ ਰਹੇ ਹਨ। ਇਸ ਵੇਲੇ ਉਹ ਲੱਦਾਖ ਨੂੰ ਸੂਬੇ ਦਾ ਦਰਜਾ ਅਤੇ ਛੇਵੀਂ ਅਨੁਸੂਚੀ ਵਿਚ ਸ਼ਾਮਿਲ ਕਰਵਾਉਣ ਦੀ ਮੰਗ ਨੂੰ ਲੈ ਕੇ ਅੰਦੋਲਨ ਕਰ ਰਹੇ ਹਨ। ਉਨ੍ਹਾਂ ਨਾਲ ਦੋ ਹੋਰ ਅੰਦੋਲਨਕਾਰੀਆਂ ਜਿਨ੍ਹਾਂ ਵਿਚ 72 ਸਾਲਾ ਤੇਸਰਿੰਗ ਅੰਗਚੁੱਕ ਅਤੇ 62 ਸਾਲਾ ਤਾਸ਼ੀ ਦੋਲਮਾ ਨੂੰ ਜੋ ਭੁੱਖ ਹੜਤਾਲ 'ਤੇ ਬੈਠੇ ਸਨ, ਉਨ੍ਹਾਂ ਨੂੰ ਪੁਲਿਸ ਨੇ ਚੁੱਕ ਕੇ ਇੱਕ ਹਸਪਤਾਲ ਵਿਚ ਭਰਤੀ ਕਰਵਾ ਦਿੱਤਾ, ਜਿਸ ਪਿੱਛੋਂ ਨੌਜਵਾਨਾਂ ਵਿਚ ਗੁੱਸੇ ਦੀ ਲਹਿਰ ਫੈਲ ਗਈ। ਲੇਹ ਵਿਚ ਜਿਥੇ ਲੱਦਾਖੀ ਅੰਦੋਲਨਕਾਰੀ ਅੰਦੋਲਨ ਕਰ ਰਹੇ ਹਨ, ਰੋਜ਼ਾਨਾ 500 ਲੋਕ ਸ਼ਾਮਲ ਹੁੰਦੇ ਹਨ। ਦੋ ਵੱਡੇ ਅੰਦੋਲਨਕਾਰੀ ਆਗੂਆਂ ਨੂੰ ਫੜਨ ਪਿਛੋਂ ਨੌਜਵਾਨਾਂ ਦਾ ਅੰਦੋਲਨ ਹਿੰਸਕ ਰੂਪ ਧਾਰਨ ਕਰ ਗਿਆ। ਅੰਦੋਲਨਕਾਰੀਆਂ ਅਤੇ ਸੁਰੱਖਿਆ ਬਲਾਂ ਵਿਚ ਹੋਈਆਂ ਝੜਪਾਂ ਦੌਰਾਨ 4 ਜਣਿਆਂ ਦੀ ਮੌਤ ਹੋ ਗਈ ਤੇ 70 ਜਣੇ ਗੰਭੀਰ ਰੂਪ ਵਿੱਚ ਜਖਮੀ ਹੋ ਗਏ, ਜੋ ਬਹੁਤ ਹੀ ਦੁਖਦਾਈ ਹੈ। ਲੋਕਾਂ ਨੂੰ ਆਪਣੇ ਹੱਕਾਂ ਲਈ ਲੜਨਾ ਚਾਹੀਦਾ ਹੈ, ਪਰ ਹਿੰਸਕ ਘਟਨਾਵਾਂ ਤੋਂ ਦੂਰ ਰਹਿ ਕੇ ਲੜਨਾ ਚਾਹੀਦਾ ਹੈ, ਕਿਉਂਕਿ ਹਿੰਸਕ ਮਾਹੌਲ ਔਰਤਾਂ, ਬੱਚਿਆਂ ਸਮੇਤ ਸਮੁੱਚੀ ਮਾਨਵਤਾ ਲਈ ਦਰਦਨਾਕ ਹੋ ਨਿਬੜਦਾ ਹੈ। ਬੱਚੇ ਮਾਪਿਆਂ ਤੋਂ ਵਿਹੂਣੇ ਹੋ ਜਾਂਦੇ ਹਨ, ਧੀਆਂ - ਪੁੱਤਰਾਂ ਨੇ ਬਜ਼ੁਰਗ ਮਾਪਿਆਂ ਦੀ ਡੰਗੋਰੀ ਬਣਨਾ ਹੁੰਦਾ ਹੈ, ਰੋਂਦਿਆਂ ਦੀਆਂ ਅੱਖਾਂ ਵਿੱਚੋਂ ਪਾਣੀ ਸੁੱਕ ਜਾਂਦਾ ਹੈ। ਹਿੰਸਕ ਕਾਰਵਾਈਆਂ ਤੋਂ ਬਿਨਾਂ ਆਪਣੇ ਹੱਕਾਂ ਲਈ ਲੜਨਾ ਇਕ ਚੰਗਾ ਕਦਮ ਹੁੰਦਾ ਹੈ। ਇਹ ਵੀ ਸੱਚ ਹੈ ਕਿ ਬਿਨਾਂ ਸੰਘਰਸ਼ ਤੋਂ ਹੱਕ ਨਹੀਂ ਮਿਲਦੇ, ਨਾ ਕੋਈ ਦਿੰਦਾ ਹੈ, ਖੋਹਣੇ ਪੈਂਦੇ ਹਨ। ਇਥੇ ਦੱਸਣਯੋਗ ਹੈ ਕਿ ਜਿਵੇਂ ਨਿਪਾਲ ਵਿਚ ਦੋ ਖਾਸ ਵਰਗ ਦੇ ਲੋਕਾਂ ਵਲੋਂ ਉਥੋਂ ਦੇ ਮੂਲ-ਨਿਵਾਸੀਆਂ ਜਿਨ੍ਹਾਂ ਦੀ ਅਬਾਦੀ 70 - 72 ਫੀਸਦੀ ਦੇ ਕਰੀਬ ਹੈ, ਨੂੰ ਦਬਾ ਕੇ ਉਨ੍ਹਾਂ ਉਪਰ ਰਾਜ ਕੀਤਾ ਜਾ ਰਿਹਾ ਹੈ, ਨੂੰ ਖਤਮ ਕਰਨ ਲਈ ਉਥੋਂ ਦੇ ਮੂਲ-ਨਿਵਾਸੀਆਂ ਵਲੋਂ ਹੱਲਾ ਬੋਲਿਆ ਗਿਆ ਹੈ, ਉਸੇ ਤਰ੍ਹਾਂ ਹੀ ਲਦਾਖ਼ ਵਿਚ ਉਥੋਂ ਦੇ ਮੂਲ-ਨਿਵਾਸੀਆਂ ਜਿਸ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲੇ ਸ਼ਾਮਲ ਹਨ, ਦੇ ਵਲੋਂ ਆਪਣੇ ਹੱਕਾਂ ਲਈ ਸੰਘਰਸ਼ ਵਿੱਢਿਆ ਗਿਆ ਹੈ। ਲਦਾਖ਼ ਵਿਚ ਜਿਆਦਾਤਰ ਲੋਕ ਬੁੱਧ ਧਰਮ ਨੂੰ ਮੰਨਣ ਵਾਲੇ ਹਨ ਅਤੇ ਥੋੜ੍ਹੀ ਜਿਹੀ ਗਿਣਤੀ ਵਿੱਚ ਮੁਸਲਮਾਨ ਧਰਮ ਨੂੰ ਮੰਨਣ ਵਾਲੇ ਵੀ ਹਨ। ਹੁਣ ਦੇਸ਼ ਦੇ ਅਮੀਰ ਲੋਕਾਂ ਵਲੋਂ ਜਾ ਕੇ ਉਥੇ ਕੇ ਜਮੀਨ ਹੜੱਪਣੀ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਕਰਕੇ ਉਥੋਂ ਦੇ ਲੋਕਾਂ ਦੀ ਹੋਂਦ ਨੂੰ ਖਤਰਾ ਪੈਦਾ ਹੋ ਗਿਆ ਹੈ। ਲੱਦਾਖ ਦੇ ਮੂਲ-ਨਿਵਾਸੀ ਭੇਡਾਂ-ਬੱਕਰੀਆਂ ਪਾਲ ਕੇ ਗੁਜਾਰਾ ਕਰ ਰਹੇ ਹਨ। 135 ਏਕੜ ਵਿਚ ਉਥੋਂ ਦੇ ਲੋਕਾਂ ਲਈ ਯੂਨੀਵਰਸਿਟੀ ਖੋਲ੍ਹਣ ਦੀ ਇਕ ਤਜਵੀਜ ਰੱਖੀ ਗਈ ਸੀ, ਨੂੰ ਠੰਢੇ ਬਸਤੇ ਵਿਚ ਪਾ ਕੇ ਰੱਖ ਦਿੱਤਾ ਹੈ। ਜੰਮੂ-ਕਸ਼ਮੀਰ ਤੋਂ ਵੱਖ ਕੀਤਾ ਜਾਣ 'ਤੇ ਲੱਦਾਖ ਦੇ ਲੋਕ ਅਸਾਮ ਤੇ ਕੁਝ ਹੋਰ ਸੂਬਿਆਂ ਨੂੰ ਦਿੱਤੇ ਜਾ ਰਹੇ ਵਿਸ਼ੇਸ਼ ਅਧਿਕਾਰਾਂ ਦੀ ਤਰਜ 'ਤੇ ਵੱਧ ਅਧਿਕਾਰਾਂ ਦੀ ਮੰਗ ਕਰ ਰਹੇ ਹਨ। ਨਿਪਾਲ ਅਤੇ ਲੱਦਾਖ ਵਿਚ ਚਲ ਰਹੇ ਰਾਜਨੀਤਕ ਘਟਨਾਕ੍ਰਮ ਤੋਂ ਸਰਕਾਰਾਂ ਨੂੰ ਸਬਕ ਸਿਖਣ ਦੀ ਜਰੂਰਤ ਹੈ, ਕਿਉਂਕਿ ਹੁਣ ਦੇਸ਼ ਦੇ ਲੋਕਾਂ ਨੂੰ ਨਾ ਤਾਂ ਲੰਬਾ ਸਮਾਂ ਦਬਾਅ ਕੇ ਰੱਖਿਆ ਜਾ ਸਕਦਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਚੋਣ ਵਾਅਦਿਆਂ ਵਿਚ ਭਰਮਾ ਕੇ ਰੱਖਿਆ ਜਾ ਸਕਦਾ ਹੈ। ਜ਼ੈੱਨ - ਜੀ ਆਪਣੇ ਪੈਰਾਂ 'ਤੇ ਖੜ੍ਹਾ ਹੋਣ ਲਈ ਕੋਈ ਵੀ ਫੈਸਲਾ ਲੈ ਸਕਦੀ ਹੈ। ਜ਼ੈੱਨ-ਜੀ ਦਾ ਗੁੱਸਾ ਅੰਗਿਆਰ ਦੀ ਤਰ੍ਹਾਂ ਹੈ। ਜ਼ੈੱਨ-ਜੀ ਨੂੰ ਚਾਹੀਦਾ ਹੈ ਕਿ ਆਪਣੇ ਜੋਸ਼ ਤੇ ਹੋਸ਼ ਵਿਚ ਸਮਤੋਲ ਬਣਾ ਕੇ ਅੱਗੇ ਵਧੇ। ਨੌਜਵਾਨਾਂ ਦੀ ਅੰਦਰੂਨੀ ਅੱਗ ਦਾ ਸੇਕ ਬਹੁਤ ਤਿੱਖਾ ਹੁੰਦਾ ਹੈ, ਜਿਸ ਦਾ ਸਕਾਰਾਤਮਿਕ ਲਾਭ ਲੈਣਾ ਚਾਹੀਦਾ ਹੈ, ਤਾਂ ਜੋ ਸਮਾਜ ਅਤੇ ਦੇਸ਼ ਨੂੰ ਅੱਗੇ ਵਧਾਇਆ ਜਾ ਸਕੇ, ਨਾ ਕਿ ਗੁਮਰਾਹ ਕਰਕੇ ਆਪਣੇ ਨਿੱਜੀ ਹਿੱਤਾਂ ਲਈ ਵਰਤਣਾ ਚਾਹੀਦਾ ਹੈ।

## 'ਓਰੇਂਜ਼ ਸ਼ਰਟ ਦਿਵਸ' 30 ਸਤੰਬਰ ਤੇ ਵਿਸ਼ੇਸ਼

# ਕੈਨੇਡੀਅਨ ਮੂਲਨਿਵਾਸੀ ਨੈਸ਼ਨਜ਼ ਲਈ ਇਨਸਾਫ਼ ਦਾ ਸਮਰਥਨ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਂਟਾਰੀਓ

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 30 ਸਤੰਬਰ ਦਾ ਦਿਨ, ਕੈਨੇਡਾ ਭਰ ਵਿੱਚ "ਓਰੇਂਜ਼ ਸ਼ਰਟ ਦਿਵਸ" "ਟਰੂਥ ਐਂਡ ਰੀਕਸੀਲੀਏਸ਼ਨ ਰਾਸ਼ਟਰੀ ਦਿਵਸ" ਵਜੋਂ ਮਨਾਇਆ ਗਿਆ। ਬਸਤੀਵਾਦੀ ਯੁੱਗ ਵੇਲੇ ਵਿਵਾਦਗ੍ਰਸਤ ਰਿਹਾਇਸ਼ੀ ਸਕੂਲਾਂ ਦੇ ਗੁਆਚੇ ਹੋਏ ਬੱਚਿਆਂ ਅਤੇ ਪੀੜ੍ਹਤ ਲੋਕਾਂ ਦੀ ਯਾਦ ਅਤੇ ਸਨਮਾਨ ਦੀ ਮੁਹਿੰਮ ਤਹਿਤ, ਇਸ ਦਿਨ ਅਲੱਗ ਅਲੱਗ ਪ੍ਰੋਗਰਾਮ ਕੀਤੇ ਗਏ ਅਤੇ ਕੈਨੇਡੀਅਨਾਂ ਲੋਕਾਂ ਨੇ ਸੰਤਰੀ ਰੰਗ ਦੀਆਂ ਕਮੀਜ਼ਾਂ ਪਹਿਨ ਕੇ ਇਸ ਮੁਹਿੰਮ ਵਿਚ ਹਿੱਸਾ ਲਿਆ। ਇਸ ਧਰਤੀ ਦੇ ਅਸਲ ਵਾਸੀ ਇੰਡੀਜ਼ੀਨਸ ਕਹੇ ਜਾਂਦੇ ਮੂਲਨਿਵਾਸੀ ਲੋਕਾਂ ਵਿਰੁੱਧ ਬਸਤੀਵਾਦੀ ਦਮਨਕਾਰੀ ਨੀਤੀਆਂ ਦੀ ਯਾਦ, ਬੀਤੇ ਦੀ ਨਸਲਕੁਸ਼ੀ ਦੇ ਵਿਰੋਧ ਅਤੇ ਇਨ੍ਹਾਂ ਦੀ ਸਭਿਆਚਾਰਕ ਵਿਰਾਸਤ 'ਤੇ ਵਿਚਾਰ ਕਰਨ ਦਾ ਮੌਕਾ ਦੇਣ ਲਈ ਇਸ ਦਿਨ ਨੂੰ ਫ਼ੈਡਰਲ ਕਾਨੂੰਨੀ ਛੁੱਟੀ ਵਜੋਂ ਮਾਨਤਾ ਦਿੱਤੀ ਗਈ ਹੈ। ਫ਼ੈਡਰਲ ਵਿਭਾਗਾਂ ਵਿੱਚ ਕੰਮ ਵਾਲੀਆਂ ਥਾਵਾਂ 'ਤੇ ਇਸ ਦਿਨ ਸਰਕਾਰੀ ਕਰਮਚਾਰੀਆਂ ਲਈ ਮਾਨਤਾ ਪ੍ਰਾਪਤ ਛੁੱਟੀ ਹੁੰਦੀ ਹੈ।

'ਟਰੂਥ ਐਂਡ ਰੀਕਸੀਲੀਏਸ਼ਨ ਰਾਸ਼ਟਰੀ ਦਿਵਸ' ਪਹਿਲੀ ਵਾਰ 2021 ਵਿੱਚ ਫ਼ੈਡਰਲ ਛੁੱਟੀ ਵਜੋਂ ਮਨਾਇਆ ਗਿਆ ਸੀ। ਇਸ ਦਿਨ ਕੈਮਲੂਪਸ, ਬੀ.ਸੀ. ਦੇ ਨੇੜੇ 'ਟਕੇਮਲਪਸ ਟੇ ਸੈਕਵੇਪੇਮਕ ਨੈਸ਼ਨ' ਲੋਕਾਂ ਨਾਲ ਦਿਨ ਬਿਤਾਉਣ ਲਈ ਸੱਦਾ ਦਿੱਤਾ ਸੀ, ਜਿੱਥੇ ਪਹਿਲੇ ਭਾਰਤੀ ਰਿਹਾਇਸ਼ੀ ਸਕੂਲ ਦੀ ਜਗ੍ਹਾ ਤੇ ਅਣਪਛਾਤੀਆਂ ਕਬਰਾਂ ਲੱਭੀਆਂ ਗਈਆਂ ਸਨ। ਅਲਬਰਟਾ ਵਿੱਚ, ਇਹ ਬਸਤੀਵਾਦੀ ਦੌਰ ਦੇ ਜ਼ੁਲਮਾਂ ਬਾਰੇ ਜਾਨਣ ਅਤੇ ਇਸ ਦਾ ਸ਼ਿਕਾਰ ਹੋਏ ਮੂਲਨਿਵਾਸੀ ਲੋਕਾਂ ਨੂੰ ਯਾਦ ਕਰਨ ਦਾ ਦਿਨ ਹੈ। ਇਸ ਸਾਲ ਵੀ ਉਨ੍ਹਾਂ ਮੂਲਨਿਵਾਸੀ ਬੱਚਿਆਂ ਦਾ ਸਨਮਾਨ ਕਰਨ ਲਈ ਵੱਖ-ਵੱਖ ਸਮਾਗਮ ਅਤੇ ਗਤੀਵਿਧੀਆਂ ਕੀਤੀਆਂ ਗਈਆਂ ਜੋ ਬੱਚੇ ਕਦੇ ਘਰ ਵਾਪਸ ਨਹੀਂ ਆਏ ਅਤੇ ਕੁਝ ਹੋਰ ਜੋ ਇਨ੍ਹਾਂ ਰਿਹਾਇਸ਼ੀ ਸਕੂਲਾਂ ਤੋਂ ਬਚ ਗਏ ਹਨ। ਹਾਲਾਂਕਿ ਇਹ ਫ਼ੈਡਰਲ ਕਾਨੂੰਨੀ ਛੁੱਟੀ ਹੈ, ਪਰ ਫਿਰ ਵੀ ਵੱਖ ਵੱਖ ਪ੍ਰਾਂਤ ਇਸ ਨੂੰ ਤਨਖਾਹ ਵਾਲੀ ਸਟੈਟ ਛੁੱਟੀ ਵਜੋਂ ਨਹੀਂ ਮਨਾਉਂਦੇ। ਫ਼ੈਡਰਲ ਸਰਕਾਰ ਤੋਂ ਇਲਾਵਾ ਅਲਬਰਟਾ ਪਰੋਵਿੰਸੀਅਲ ਸਰਕਾਰ ਨੇ ਇਸ ਦਿਨ ਨੂੰ ਮਾਨਤਾ ਦਿੱਤੀ ਹੈ। ਪਰ ਕੁਝ ਸਮਾਂ ਲੈਕੇ, ਸੂਬਾਈ/ਖੇਤਰੀ ਸਰਕਾਰ ਬ੍ਰਿਟਿਸ਼ ਕੋਲੰਬੀਆ, ਮੈਨੀਟੋਬਾ, ਨੋਵਾ ਸਕੋਸ਼ੀਆ, ਉੱਤਰ-ਪੱਛਮੀ ਖੇਤਰਾਂ, ਨੂਨਾਵੁਟ, ਪ੍ਰਿੰਸ ਐਡਵਰਡ ਆਈਲੈਂਡ ਅਤੇ ਯੂਕੋਨ ਦੀਆਂ ਸਰਕਾਰਾਂ ਨੇ 30 ਸਤੰਬਰ ਨੂੰ ਕੁਝ ਸੀਮਤ ਹੱਦ ਵਾਲੀ ਛੁੱਟੀ ਦੇ ਤੌਰ ਤੇ ਕਾਨੂੰਨਾਂ ਵਿੱਚ ਸ਼ਾਮਲ ਕੀਤਾ ।

ਯਾਦ ਰਹੇ ਕਿ ਸਾਰੇ ਕੈਨੇਡਾ ਵਿੱਚ ਬਸਤੀਵਾਦੀ ਦੌਰ ਵੇਲੇ, ਇਸ ਧਰਤੀ ਦੇ ਮੂਲਨਿਵਾਸੀ ਬੱਚਿਆਂ ਲਈ 139 ਸਕੂਲ 'ਇੰਡੀਜੀਨਸ ਰੈਜ਼ੀਡੈਂਸ਼ੀਅਲ ਸਕੂਲ ਸਿਸਟਮ' ਰਾਹੀਂ ਚਲਾਏ ਗਏ ਸਨ। ਇਹ ਸਕੂਲ ਸਨ੍ਹ 1860 ਤੋਂ 1996 ਤੱਕ ਚਲਦੇ ਰਹੇ ਅਤੇ ਇਨ੍ਹਾਂ 60% ਸਕੂਲਾਂ ਦਾ ਪ੍ਰਬੰਧ ਰੋਮਨ ਕੈਥੋਲਿਕ ਚਰਚ ਵੱਲੋਂ ਕੀਤਾ ਜਾਂਦਾ ਸੀ। ਇਨ੍ਹਾਂ ਸਕੂਲਾਂ ਦਾ ਮਕਸਦ ਇਨ੍ਹਾਂ ਇੰਡੀਜ਼ੀਨਸ ਬੱਚਿਆਂ ਨੂੰ ਸਥਾਨਕ ਮੂਲਨਿਵਾਸੀ ਭਾਸ਼ਾ ਅਤੇ ਸਭਿਆਚਾਰ ਨੂੰ ਭੁਲਾਕੇ, ਯੂਰੋਪੀਅਨ ਇਸਾਈ ਸੱਭਿਅਤਾ ਦਾ ਬੂਟਾ ਲਾਉਣਾ ਸੀ। ਇਨ੍ਹਾਂ ਸਕੂਲ ਵਿੱਚ ਤਕਰੀਬਨ 1,50,000 ਇੰਡੀਜੀਨਸ ਬੱਚਿਆਂ ਨੂੰ ਮਾਪਿਆਂ ਤੋਂ ਅੱਲਗ ਰੱਖਿਆ ਗਿਆ ਸੀ ਅਤੇ ਇਨ੍ਹਾਂ ਬੱਚਿਆਂ ਪ੍ਰਤੀ ਅਪਰਾਧਾਂ ਦੀ ਚਰਚਾ ਆਮ ਰਹੀ ਸੀ। ਤਕਰੀਬਨ 100 ਸਾਲਾਂ ਤੱਕ ਚਲੇ, ਇਸ ਸਿਸਟਮ ਦੌਰਾਨ 21 ਮੂਲਨਿਵਾਸੀ ਨੈਸ਼ਨਸ ਸਮੂਹਾਂ ਦੇ ਬੱਚੇ ਰਖੇ ਗਏ ਜਿਸ ਵਿੱਚ ਬਹੁਤੀ ਗਿਣਤੀ ਵਿੱਚ 'ਫਸਟ ਨੈਸ਼ਨ', 'ਇਨਉਟਸ', 'ਮੈਟਿਜ਼' ਅਤੇ ਥੇਮਸ ਦੇ 'ਚਿੱਕਵਾਸ' ਨਾਮ ਦੇ ਨੈਸ਼ਨਸ ਦੇ ਬੱਚੇ ਸਨ। ਪਿਛਲੇ ਸਾਲਾਂ ਦੌਰਾਨ ਹੀ ਦੋਸ਼ੀ ਕੈਥੋਲਿਕ ਸੰਸਥਾ ਦੇ ਮੌਜੂਦਾ ਮੁੱਖੀ ਪੋਪ ਫਰਾਂਸਿਸ ਵੱਲੋਂ ਬੀਤੇ ਅਪਰਾਧਾਂ ਲਈ ਮਾਫ਼ੀ ਵੀ ਮੰਗੀ ਗਈ ਹੈ। ਟਰੂਥ ਐਂਡ ਰੀਕਨਸੀਲੀਏਸ਼ਨ ਕਮਿਸ਼ਨ (ਟੀ.ਆਰ.ਸੀ.) ਰਿਪੋਰਟ ਕਰਦਾ ਹੈ ਕਿ 1828 ਅਤੇ 1996 ਦੇ ਵਿਚਕਾਰ ਕੈਨੇਡਾ ਵਿੱਚ 139 ਰਿਹਾਇਸ਼ੀ ਸਕੂਲ ਕੰਮ ਕਰਦੇ ਸਨ, ਜਿਨ੍ਹਾਂ ਵਿੱਚੋਂ 17 ਇਕੱਲੇ ਓਂਟਾਰੀਓ ਵਿੱਚ ਸਨ।




ਸੰਨ 2015 ਵਿੱਚ 'ਟਰੂਥ ਅਤੇ ਰੀਕੋਸੀਲੀਏਸ਼ਨ ਕਮੇਟੀ' ਵੱਲੋਂ ਜਾਰੀ ਇੱਕ ਰਿਪੋਰਟ ਵਿੱਚ ਦੱਸਿਆ ਗਿਆ ਕਿ ਇਨ੍ਹਾਂ ਸਕੂਲਾਂ ਵਿੱਚ ਮਾਂ-ਬਾਪ ਤੋਂ ਦੂਰ ਰੱਖੇ ਬੱਚਿਆਂ ਨਾਲ ਜ਼ਜ਼ਬਾਤੀ, ਜਿਨਸੀ ਅਤੇ ਯੌਨ ਅਪਰਾਧ ਵੱਡੀ ਗਿਣਤੀ ਵਿੱਚ ਹੋਏ ਅਤੇ ਹੁਣ ਤੱਕ ਤਕਰੀਬਨ 4118 ਬੱਚਿਆਂ ਦੀਆਂ ਮੌਤਾਂ ਦੇ ਦਸਤਾਵੇਜ਼ ਮਿਲ ਚੁੱਕੇ ਹਨ। ਇਨ੍ਹਾਂ ਸਕੂਲਾਂ ਦੇ ਪ੍ਰਬੰਧਕਾਂ ਵੱਲੋਂ ਕੁੱਟਮਾਰ, ਯੌਣ ਸੋਸ਼ਣ ਤੋਂ ਇਲਾਵਾ ਨਸਲੀ ਨਫਰਤ ਦੀਆਂ ਸ਼ਿਕਾਇਤਾਂ ਦੀ ਨਾ ਕਦੇ ਸੁਣਵਾਈ ਹੋਈ ਨਾਂ ਹੀ ਕੋਈ ਇਨਸਾਫ ਮਿਲਿਆ ਸੀ। ਇਨ੍ਹਾਂ ਜ਼ੁਲਮਾਂ ਕਾਰਨ ਕਈ ਬੱਚੇ ਮੌਤ ਦਾ ਸ਼ਿਕਾਰ ਹੋਣ ਦੇ ਵੀ ਚਰਚੇ ਸਨ, ਪਰ ਹੁਣ ਇਸ ਗੱਲ ਦੇ ਸਬੂਤ ਵੀ ਮਿਲਣੇ ਸ਼ੁਰੂ ਹੋ ਗਏ ਹਨ। ਸਾਲ 2021 ਵਿੱਚ ਹੀ ਬੀ.ਸੀ. ਪਰੋਵਿੰਸ ਦੇ ਕੈਮਲੂਸ ਦੇ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਵਿੱਚ 215 ਬੱਚਿਆਂ ਦੀਆਂ ਕਬਰਾਂ ਮਿਲੀਆਂ ਸਨ ਅਤੇ ਉਸ ਤੋਂ ਬਾਅਦ ਫਸਟ ਨੈਸ਼ਨ ਸਮੂਹ ਦੇ ਲੋਕਾਂ ਦੇ ਸਕੂਲਾਂ ਵਾਲੀ ਥਾਂ ਤੇ 1300 ਅਣਪਛਾਤੀਆਂ ਕਬਰਾਂ ਵੀ ਰਿਪੋਰਟ ਹੋਈਆਂ। ਬੀਤੇ ਦੇ ਅਪਰਾਧਾਂ ਦੇ ਸਬੂਤ ਜੱਗ ਜਾਹਿਰ ਹੋਣ ਤੇ ਲੋਕਾਂ ਵਿੱਚ ਰੋਸ ਭੜਕਿਆ ਅਤੇ ਕੈਥੋਲਿਕ ਚਰਚ ਮੁਖੀ ਤੋਂ ਮਾਫ਼ੀ ਦੀ ਮੰਗ ਉੱਠੀ। ਟੀ.ਆਰ.ਸੀ ਨੇ ਆਪਣੀ ਜਾਂਚ ਦੇ ਹਿੱਸੇ ਵਜੋਂ 3,200 ਮੌਤਾਂ ਦੀ ਪਛਾਣ ਕੀਤੀ, ਪਰ ਪੂਰੇ ਕੈਨੇਡਾ ਦੇ ਇੰਡੀਜ਼ੀਨਸ ਸਮੂਹਾਂ ਨੇ ਲੰਬੇ ਸਮੇਂ ਤੋਂ ਜ਼ੋਰ ਦੇ ਕੇ ਕਿਹਾ ਹੈ ਕਿ ਇਹ ਗਿਣਤੀ ਬਹੁਤ ਜ਼ਿਆਦਾ ਹੈ। ਟੀ.ਆਰ.ਸੀ. ਦੀ ਰਿਪੋਰਟ ਦੇ ਅਨੁਸਾਰ, ਰਿਹਾਇਸ਼ੀ ਸਕੂਲਾਂ ਦੇ ਬੱਚੇ ਸਟਾਫ ਦੁਆਰਾ ਸਰੀਰਕ ਅਤੇ ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਏ ਸਨ। ਇਨ੍ਹਾਂ ਵਿੱਚੋਂ ਕਾਫ਼ੀ ਸਾਰੇ ਕੁਪੋਸ਼ਣ ਜਾਂ ਖ਼ੁਰਾਕੀ ਕਮੀ ਦੀ ਬੀਮਾਰੀ ਵਾਲੇ ਸਨ ਅਤੇ ਮਾੜੀਆਂ ਰਿਹਾਇਸ਼ੀ ਹਾਲਤਾਂ ਵਿੱਚ ਰਹਿੰਦੇ ਸਨ ਜਿਸ ਨਾਲ ਉਨ੍ਹਾਂ ਦੇ ਜਿੰਦਗੀ ਨੂੰ ਖ਼ਤਰਾ ਬਣਿਆ ਸੀ।

'ਟਰੂਥ ਐਂਡ ਰੀਕਸੀਲੀਏਸ਼ਨ ਕਮਸ਼ਿਨ' ਨੇ ਇਸ ਮੁੱਦੇ ਲਈ ਕਾਰਵਾਈ ਕਰਨ ਲਈ 94 ਕਾਲ ਟੂ ਐਕਸ਼ਨਾਂ ਦੀ ਮੰਗ ਕੀਤੀ। ਹਲਾਂਕਿ ਟਰੂਡੋ ਲਿਬਰਲ ਸਰਕਾਰ ਨੇ 2015 ਦੇ ਸ਼ੁਰੂਆਤ ਤੋਂ ਹੀ ਵਾਅਦਾ ਕੀਤਾ ਸੀ ਕਿ ਉਹ ਕਾਰਵਾਈ ਕਰਨ ਲਈ ਸਾਰੀਆਂ 94 ਕਾਲਾਂ ਵਿੱਚੋਂ ਹਰ ਇੱਕ ਨੂੰ ਲਾਗੂ ਕਰੇਗੀ, ਜਦੋਂ ਕਿ ਇਸ ਨੇ ਗੁੰਮ ਹੋਏ ਬੱਚਿਆਂ ਅਤੇ ਦਫਨਾਉਣ ਨਾਲ ਸਬੰਧਤ ਛੇ ਮੰਗਾਂ ਵਿੱਚੋਂ ਸਿਰਫ ਇੱਕ ਨੂੰ ਪੂਰਾ ਕੀਤਾ ਹੈ। ਬ੍ਰਿਟਿਸ਼ ਕੋਲੰਬੀਆ ਸੰਧੀ ਕਮਿਸ਼ਨ ਦੇ ਅਨੁਸਾਰ, 30 ਜੂਨ, 2021 ਤੱਕ, ਕੁੱਲ 14 ਕਾਲ ਟੂ ਐਕਸ਼ਨ ਪੂਰੇ ਕੀਤੇ ਸਨ, 23 ਪ੍ਰੋਜੈਕਟਾਂ ਦੇ ਨਾਲ ਪ੍ਰਗਤੀ ਵਿੱਚ ਹਨ, 37 ਪ੍ਰਸਤਾਵਿਤ ਪ੍ਰੋਜੈਕਟਾਂ ਦੇ ਨਾਲ ਪ੍ਰਗਤੀ ਵਿੱਚ ਹਨ ਅਤੇ ਬਹੁਤੇ ਅਜੇ ਸ਼ੁਰੂ ਨਹੀਂ ਕੀਤੇ ਗਏ। ਸਾਬਕਾ ਮਾਉਂਟ ਐਲਗਿਨ ਰਿਹਾਇਸ਼ੀ ਸਕੂਲ ਵਿੱਚ ਅਣਪਛਾਤੀਆਂ ਕਬਰਾਂ ਦੀ ਭਾਲ ਲਈ ਵੀ ਮੰਗ ਰੱਖੀ ਗਈ ਸੀ। ਟਰੂਥ ਐਂਡ ਰੀਕਸੀਲੀਏਸ਼ਨ ਦੇ ਉਦਘਾਟਨੀ ਰਾਸ਼ਟਰੀ ਦਿਵਸ 'ਤੇ ਥੇਮਜ਼ ਫਸਟ ਨੇਸ਼ਨ ਦੇ ਚਿੱਪੇਵਾਸ ਨੇ ਦੱਖਣ-ਪੱਛਮੀ ਓਨਟਾਰੀਓ ਵਿੱਚ ਸਾਬਕਾ ਮਾਉਂਟ ਐਲਗਿਨ ਰਿਹਾਇਸ਼ੀ ਸਕੂਲ ਦੇ ਮੈਦਾਨਾਂ ਦੀ ਤਲਾਸ਼ੀ ਲੈਣ ਦੀ ਯੋਜਨਾ ਦਾ ਐਲਾਨ ਕੀਤਾ ਸੀ। 215 ਬੱਚਿਆਂ ਦੀਆਂ ਲਾਸ਼ਾਂ ਬ੍ਰਿਟਿਸ਼ ਕੋਲੰਬੀਆ ਦੇ ਸਾਬਕਾ ਕੈਮਲੂਪਸ ਇੰਡੀਅਨ ਰੈਜ਼ੀਡੈਂਸ਼ੀਅਲ ਸਕੂਲ ਦੀ ਜਗ੍ਹਾ 'ਤੇ ਅਣਪਛਾਤੀਆਂ ਕਬਰਾਂ ਵਿੱਚ ਦਫਨਾਈਆਂ ਲ਼ਾਸ਼ਾਂ ਵੀ ਮਿਲੀਆਂ ਸਨ। 'ਨੈਸ਼ਨਲ ਡੇਅ ਫਾਰ ਟਰੂਥ ਐਂਡ ਰੀਕਸੀਲੀਏਸ਼ਨ' ਵੱਲੋਂ 30 ਸਤੰਬਰ ਦਾ ਦਿਵਸ ਵੀ 94 ਕਾਲ ਟੂ ਐਕਸ਼ਨ ਮੰਗ ਵਿੱਚੋਂ ਇੱਕ ਹੈ ਅਤੇ ਕੈਨੇਡੀਅਨ ਸਰਕਾਰ ਦੁਆਰਾ ਪੇਸ਼ ਕੀਤੀ ਗਈ ਨਵੀਂ ਕਾਨੂੰਨੀ ਛੁੱਟੀ ਹੈ ।

ਇਸ ਤੋਂ ਬਾਅਦ ਦੇ ਹਫ਼ਤਿਆਂ ਅਤੇ ਮਹੀਨਿਆਂ ਵਿੱਚ, ਕੈਨੇਡਾ ਭਰ ਵਿੱਚ ਕਈ ਹੋਰ ਫਸਟ ਨੇਸ਼ਨਜ਼ ਨੇ ਸਾਬਕਾ ਰਿਹਾਇਸ਼ੀ ਸਕੂਲਾਂ ਵਾਲੀਆਂ ਥਾਵਾਂ 'ਤੇ 1,300 ਤੋਂ ਵੱਧ ਅਣਪਛਾਤੀਆਂ ਕਬਰਾਂ ਦਾ ਪਰਦਾਫਾਸ਼ ਕਰਨ ਦੀ ਰਿਪੋਰਟ ਕੀਤੀ। ਕੈਮਲੂਪਸ ਵਿਖੇ ਸ਼ੁਰੂਆਤੀ ਖੋਜ ਨੇ ਕਾਉਂਟੀ ਭਰ ਦੀਆਂ ਸਾਰੀਆਂ ਰਿਹਾਇਸ਼ੀ ਸਕੂਲ ਸਾਈਟਾਂ ਦੇ ਅਧਾਰ 'ਤੇ ਜਾਂਚ ਦੀ ਮੰਗ ਕੀਤੀ। ਆਨਲਾਈਨ ਪੋਸਟ ਕੀਤੀ ਗਈ ਇੱਕ ਵੀਡੀਓ ਵਿੱਚ, ਥੇਮਜ਼ ਫਸਟ ਨੇਸ਼ਨ ਦੇ ਚਿੱਪੇਵਾਸ ਵਿਖੇ ਸੰਧੀ ਖੋਜ ਕੋਆਰਡੀਨੇਟਰ ਕੈਲੀ ਰਿਲੇ ਨੇ ਦਰਸ਼ਕਾਂ ਨੂੰ ਦੱਸਿਆ ਕਿ ਪਹਿਲਾ ਕਦਮ ਇਹ ਪਤਾ ਲਗਾਉਣ ਲਈ ਖੋਜ ਕਰਨਾ ਹੈ ਕਿ ਇਹ ਵਿਦਿਆਰਥੀ ਕੌਣ ਸਨ ਅਤੇ ਕੀ ਅਣਪਛਾਤੀਆਂ ਕਬਰਾਂ ਦੀ ਸੰਭਾਵਨਾ ਹੈ।" ਇਸ ਸਕੂਲ ਨੂੰ ਚੱਲਦਿਆਂ 80 ਸਾਲ ਹੋ ਗਏ ਹਨ। ਕੈਮਲੂਪਸ, ਸਕੂਲ ਦੀ ਬਿਲਡਿੰਗ ਅਜੇ ਵੀ ਖੜ੍ਹੀ ਸੀ, ਅਤੇ ਲਗਭਗ ਹਰ ਕੋਈ ਜਾਣਦਾ ਸੀ ਕਿ ਦਫਨਾਉਣ ਵਾਲੀਆਂ ਥਾਵਾਂ ਕਿੱਥੇ ਹਨ", ਰਿਲੇ ਨੇ ਕਿਹਾ। "ਸਾਡੇ ਕੋਲ ਇੱਕ ਬਹੁਤ ਮੁਸ਼ਕਲ ਕੰਮ ਹੈ ਜਿਸ ਵਿੱਚ ਸਾਡੇ ਕੋਲ ਮਾਉਂਟ ਐਲਗਿਨ ਰਿਹਾਇਸ਼ੀ ਸਕੂਲ ਦੇ ਬਹੁਤ ਘੱਟ ਵਿਦਿਆਰਥੀ ਬਚੇ ਹੋਏ ਹਨ।"

ਇਸ ਦੇ ਲਗਭਗ 100 ਸਾਲਾਂ ਦੇ ਸੰਚਾਲਨ ਦੌਰਾਨ, ਰਿਲੇ ਨੇ ਕਿਹਾ ਕਿ ਥੇਮਜ਼ ਦੇ ਚਿੱਪੇਵਾਸ ਸਮੇਤ 21 ਫਸਟ ਨੇਸ਼ਨਜ਼ ਦੇ ਬੱਚੇ ਸਕੂਲ ਵਿੱਚ ਪੜ੍ਹਦੇ ਸਨ। ਉਸਨੇ ਕਿਹਾ ਕਿ ਉਹ ਉਨ੍ਹਾਂ ਸਾਰੇ ਭਾਈਚਾਰਿਆਂ ਤੱਕ ਪਹੁੰਚ ਗਏ ਹਨ ਜਿਨ੍ਹਾਂ ਦੇ ਬੱਚੇ ਇਨ੍ਹਾਂ ਸਕੂਲਾਂ ਵਿੱਚ ਰੱਖੇ ਗਏ ਸਨ। ਚਿੱਪੇਵਾਸ ਸਕੂਲ ਵਿੱਚ ਪੜ੍ਹਨ ਵਾਲੇ ਹਰ ਵਿਦਿਆਰਥੀ ਦੀ ਪਛਾਣ ਕਰਨ ਅਤੇ ਇਸਦੇ ਸੰਚਾਲਨ ਦੇ ਸਾਲਾਂ ਦੀ ਸਮਾਂ-ਸੀਮਾ ਬਣਾਉਣ ਲਈ ਕੰਮ ਕਰ ਰਿਹਾ ਹੈ। ਦੱਖਣੀ ਓਨਟਾਰੀਓ ਵਿੱਚ ਦੋ ਰਿਹਾਇਸ਼ੀ ਸਕੂਲ ਸਨ: ਬਰੈਂਟਫੋਰਡ ਵਿੱਚ ਮੋਹਾਕ ਇੰਸਟੀਚਿਊਟ ਰਿਹਾਇਸ਼ੀ ਸਕੂਲ ਅਤੇ ਲੰਡਨ ਓਨਟਾਰੀਓ ਤੋਂ ਲਗਭਗ 30 ਕਿਲੋਮੀਟਰ ਦੱਖਣ-ਪੱਛਮ ਵਿੱਚ ਮੁਨਸੀ ਵਿੱਚ ਮਾਊਂਟ ਐਲਗਿਨ ਇੰਡੀਅਨ ਰਿਹਾਇਸ਼ੀ ਸਕੂਲ (ਜਿਸ ਨੂੰ ਮੁਨਸੀ ਇੰਸਟੀਚਿਊਟ ਵੀ ਕਿਹਾ ਜਾਂਦਾ ਹੈ)। ਸਾਲ 1851 ਤੋਂ 1862 ਅਤੇ ਫਿਰ ਸਾਲ 1867 ਤੋਂ 1946 ਤੱਕ ਮਾਉਂਟ ਐਲਗਿਨ ਸਕੂਲ ਵਿੱਚ ਘੱਟੋ ਘੱਟ ਪੰਜ ਬੱਚਿਆਂ ਦੀ ਮੌਤ ਦੇ ਸਬੂਤ ਮਿਲੇ ਹਨ।

ਖੋਜ ਪੂਰੀ ਹੋਣ ਤੋਂ ਬਾਅਦ, ਰਿਲੇ ਨੇ ਕਿਹਾ ਕਿ ਜੇ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਇਸ ਗੱਲ ਦਾ ਸਬੂਤ ਹੈ ਕਿ ਅਣਪਛਾਤੀਆਂ ਕਬਰਾਂ ਹੋ ਸਕਦੀਆਂ ਹਨ, ਤਾਂ ਉਸ ਜ਼ਮੀਨ ਦੀ ਭਾਲ ਕਰਨ ਲਈ ਲੋੜੀਂਦੀ ਸਾਰੀ ਤਕਨਾਲੋਜੀ ਅਤੇ ਉਪਕਰਣ, ਜਿਵੇਂ ਕਿ ਜ਼ਮੀਨ ਦੀ ਛਾਣਬੀਣ ਕਰਨ ਵਾਲੇ ਰਾਡਾਰ ਦੀ ਵਰਤੋਂ ਕਰਨਗੇ। ਕਿਸੇ ਵੀ ਸੰਭਾਵਤ ਅਣਜਾਣ ਦਫਨਾਉਣ ਵਾਲੀਆਂ ਥਾਵਾਂ ਨੂੰ ਲੱਭਣ ਦੀ ਕੋਸ਼ਿਸ਼ ਕਰਨ ਲਈ ਖੇਤਰ ਦੀ ਫੁਟੇਜ ਪ੍ਰਾਪਤ ਕਰਨ ਲਈ ਇੱਕ ਡਰੋਨ ਦੀ ਵਰਤੋਂ ਕਰਨਗੇ। ਰਿਲੇ ਦਾ ਅਨੁਮਾਨ ਹੈ ਕਿ ਉਨ੍ਹਾਂ ਨੂੰ ਪੂਰਾ ਹੋਣ ਵਿੱਚ ਤਿੰਨ ਤੋਂ ਪੰਜ ਸਾਲ ਲੱਗਣਗੇ।

ਕੈਨੇਡੀਅਨ ਸਰਕਾਰ ਨੇ ਇੰਡੀਜ਼ੀਨਸ ਭਾਈਚਾਰਿਆਂ ਨੂੰ ਸਾਬਕਾ ਰਿਹਾਇਸ਼ੀ ਸਕੂਲਾਂ ਵਿੱਚ ਦਫਨਾਉਣ ਵਾਲੀਆਂ ਥਾਵਾਂ ਦੀ ਭਾਲ ਕਰਨ ਵਿੱਚ ਸਹਾਇਤਾ ਕਰਨ ਲਈ ਪ੍ਰੋਗਰਾਮਾਂ ਲਈ 321 ਮਿਲੀਅਨ ਡਾਲਰ ਦੀ ਨਵੀਂ ਫੰਡਿੰਗ ਦਾ ਵਾਅਦਾ ਕੀਤਾ ਸੀ। ਉਸ ਸਮੇਂ ਸਰਕਾਰ ਨੇ ਕਿਹਾ ਸੀ ਕਿ ਇਹ ਪੈਸਾ ਇਨ੍ਹਾਂ ਸਕੂਲਾਂ ਵਿੱਚੋਂ ਬਚਕੇ ਆਏ ਲੋਕਾਂ ਅਤੇ ਉਨ੍ਹਾਂ ਦੇ ਭਾਈਚਾਰਿਆਂ ਦੀ ਸਹਾਇਤਾ ਲਈ ਵੀ ਜਾਵੇਗਾ ਅਤੇ ਇਸ ਕੰਮ ਵਿੱਚ ਸਹਾਇਤਾ ਲਈ ਇੱਕ ਵਿਸ਼ੇਸ਼ ਵਾਰਤਾਕਾਰ ਨਿਯੁਕਤ ਕੀਤਾ ਜਾਵੇਗਾ।

"ਟਰੂਥ ਐਂਡ ਰੀਕਸੀਲੀਏਸ਼ਨ ਰਾਸ਼ਟਰੀ ਦਿਵਸ 'ਤੇ ਕੈਨੇਡੀਅਨਾਂ ਨੇ ਇਨ੍ਹਾਂ ਇੰਡੀਜ਼ੀਨਸ ਸਕੂਲਾਂ ਵਿੱਚ ਇਸ ਨਸਲਕੁਸ਼ੀ ਅਤੇ ਦੁਰਵਿਵਹਾਰ ਦੇ ਪੀੜਤਾਂ ਅਤੇ ਪੀੜਤਾਂ ਨੂੰ ਨਿਆਂ ਦਿਵਾਉਣ ਦੀ ਮੰਗ ਕੀਤੀ। ਹੁਣ ਦੇਖਣਾ ਇਹ ਹੈ ਫ਼ੈਡਰਲ ਅਤੇ ਸੂਬਾਈ ਸਰਕਾਰਾਂ, ਇਸ ਧਰਤੀ ਦੇ ਮੂਲ ਨਿਵਾਸੀਆਂ ਨਾਲ ਪਿਛਲੇ ਸਮੇਂ ਦੇ ਬਸਤੀਵਾਦੀ ਸ਼ਾਸਕਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਨੂੰ ਖਤਮ ਕਰਨ ਲਈ ਕਿੰਨੀ ਕੁ ਇਮਾਨਦਾਰੀ ਨਾਲ ਕਾਰਵਾਈ ਕਰਦੀਆਂ ਹਨ। ਅਜੇ ਵੀ ਇਸ ਧਰਤੀ ਦੇ ਇੰਡੀਜ਼ੀਨਸ ਭਾਈਚਾਰਾਂ ਦਾ ਬਾਕੀ ਕੈਨੇਡੀਅਨਾਂ ਦੇ ਮੁਕਾਬਲੇ ਗਰੀਬੀ ਅਤੇ ਮਾੜੀਆਂ ਜੀਉਣ ਹਾਲਤਾਂ ਵਿੱਚ ਰਹਿਣ ਕਰਕੇ ਕਾਫੀ ਪਾੜ੍ਹਾ ਹੈ।

ਸਿਰਫ਼ ਬਸਤੀਵਾਦੀ ਅਤੀਤ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਕੈਨੇਡਾ ਦੇ ਮੂਲਨਿਵਾਸੀ ਭਾਈਚਾਰਿਆਂ ਨਾਲ ਅੱਜ ਵੀ ਅੱਤਿਆਚਾਰ ਹੋਣ ਦੀਆਂ ਖਬਰਾਂ ਹਨ। ਅਜੇ ਵੀ ਇੰਡੀਜੀਨਸ ਕੁੜੀਆਂ ਦੇ ਲਾਪਤਾ ਅਤੇ ਕਤਲ ਹੋਣ ਦਾ ਮੁੱਦਾ ਵੱਡੀ ਸਮੱਸਿਆ ਹੈ। ਕੈਨੇਡਾ ਵਿੱਚ 'ਲਾਪਤਾ ਅਤੇ ਕਤਲ ਕੀਤੀਆਂ ਇੰਡੀਜੀਨਸ ਔਰਤਾਂ ਅਤੇ ਕੁੜੀਆਂ' (ਐਮ.ਐਮ.ਆਈ.ਡਬਲਿਉ.ਜੀ.) ਵੀ ਮਨੁੱਖੀ ਅਧਿਕਾਰਾਂ ਦੇ ਸੰਕਟ ਨੂੰ ਦਰਸਾਉਂਦੀ ਹੈ ਜੋ ਕੁਝ ਸਾਲਾਂ ਤੋਂ ਰਾਸ਼ਟਰੀ ਮੀਡੀਆ ਵਿੱਚ ਚਰਚਾ ਦਾ ਵਿਸ਼ਾ ਬਣ ਗਿਆ ਹੈ। ਲੰਬੇ ਸਮੇਂ ਤੋਂ ਅੰਤਰਰਾਸ਼ਟਰੀ ਸੰਸਥਾਵਾਂ ਨੇ ਇੰਡੀਜੀਨਸ ਔਰਤਾਂ ਅਤੇ ਭਾਈਚਾਰਿਆਂ ਦੇ ਸਮੂਹਾਂ ਉੱਤੇ ਹਿੰਸਾ ਦੀਆਂ ਵੱਡੀ ਗਿਣਤੀ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਇਸ ਦੇ ਨਾਲ ਨਾਲ, ਕੈਨੇਡਾ ਵਿੱਚ ਲਾਪਤਾ ਅਤੇ ਕਤਲ ਕੀਤੀਆਂ ਗਈਆਂ ਮੂਲਨਿਵਾਸੀ ਔਰਤਾਂ ਅਤੇ ਲੜਕੀਆਂ ਦੀ ਡਰਾਉਣੇ ਅੰਕੜਿਆਂ ਲਈ ਵੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। 8 ਦਸੰਬਰ 2015 ਨੂੰ ਰਾਸ਼ਟਰੀ ਜਨਤਕ ਪੁੱਛਗਿੱਛ ਸ਼ੁਰੂ ਹੋਣ ਤੋਂ ਪਹਿਲਾਂ, ਫੈਡਰਲ ਸਰਕਾਰ ਦੁਆਰਾ ਇਹਨਾਂ ਮੰਗਾਂ ਨੂੰ ਲਗਾਤਾਰ ਨਜ਼ਰਅੰਦਾਜ਼ ਕੀਤਾ ਗਿਆ ਸੀ। ਕੁਝ ਲੋਕਾਂ ਦੁਆਰਾ ਇੱਕ ਛੁਪੇ ਹੋਏ ਸੰਕਟ ਦੇ ਰੂਪ ਵਿੱਚ ਵਰਣਨ ਕੀਤਾ ਗਿਆ ਹੈ, ਡਾਨ ਲਵੇਲ-ਹਾਰਵਰਡ, ਨੇਟਿਵ ਵੂਮੈਨ ਐਸੋਸੀਏਸ਼ਨ ਆਫ ਕੈਨੇਡਾ ਦੇ ਸਾਬਕਾ ਪ੍ਰਧਾਨ, ਨੇ ਲਾਪਤਾ ਅਤੇ ਕਤਲ ਕੀਤੀਆਂ 'ਇੰਡੀਜੀਨਸ ਔਰਤਾਂ' ਨੂੰ ਇੱਕ ਰਾਸ਼ਟਰੀ ਤ੍ਰਾਸਦੀ ਅਤੇ ਇੱਕ ਰਾਸ਼ਟਰੀ ਸ਼ਰਮ ਦੇ ਰੂਪ ਵਿੱਚ ਦਰਸਾਇਆ ਹੈ। 2015 ਵਿੱਚ, ਕੈਨੇਡਾ ਦੇ "ਟਰੂਥ ਅਤੇ ਰੀਕੋਂਸੀਲੀਏਸ਼ਨ ਕਮਿਸ਼ਨ" ਨੇ ਇੰਡੀਜਨਿਸ ਔਰਤਾਂ ਅਤੇ ਲੜਕੀਆਂ ਦੇ ਸ਼ੋਸ਼ਣ ਦੀ ਰਾਸ਼ਟਰੀ ਜਨਤਕ ਜਾਂਚ ਦੀ ਮੰਗ ਦਾ ਸਮਰਥਨ ਕੀਤਾ। ਨੈਸ਼ਨਲ ਇਨਕੁਆਰੀ ਦੀ ਅੰਤਿਮ ਰਿਪੋਰਟ 3 ਜੂਨ 2019 ਨੂੰ ਪੂਰੀ ਕੀਤੀ ਗਈ ਅਤੇ ਜਨਤਾ ਨੂੰ ਪੇਸ਼ ਕੀਤੀ ਗਈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ ਸੀ ਐਮ ਪੀ) ਨੇ 2014 ਦੀ ਇੱਕ ਰਿਪੋਰਟ ਵਿੱਚ ਮੰਨਿਆ ਕਿ 1980 ਤੋਂ 2012 ਦਰਮਿਆਨ 1,200 ਤੋਂ ਵੱਧ ਲਾਪਤਾ ਅਤੇ ਕਤਲ ਹੋਈਆਂ ਆਦਿਵਾਸੀ ਔਰਤਾਂ ਹੋਈਆਂ ਹਨ। ਆਦਿਵਾਸੀ ਔਰਤਾਂ ਦੇ ਸਮੂਹ, ਹਾਲਾਂਕਿ, ਲਾਪਤਾ ਅਤੇ ਕਤਲ ਕੀਤੇ ਗਏ ਲੋਕਾਂ ਦੀ ਗਿਣਤੀ 4,000 ਤੋਂ ਵੱਧ ਹੋਣ ਦਾ ਦਸਤਾਵੇਜ਼ੀ ਰੂਪ ਵਿੱਚ ਦਰਜ ਕਰਦੇ ਹਨ।

ਸਾਨੂੰ ਸਾਰੇ ਪ੍ਰਵਾਸੀਆਂ ਨੂੰ ਵੀ ਇਸ ਧਰਤੀ ਦੇ ਇੰਡੀਜੀਨਸ ਭਲਾਈ ਦੇ ਸਾਰੇ ਪ੍ਰੋਗਰਾਮਾਂ ਦਾ ਸਮਰਥਨ ਕਰਨ ਲਈ ਹਿੱਸਾ ਲੈਣਾ ਚਾਹੀਦਾ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਮੌਜੂਦਾ ਲੋਕਤੰਤਰੀ ਪ੍ਰਣਾਲੀ ਵਿੱਚ, ਅਤੀਤ ਦੇ ਬਸਤੀਵਾਦੀ ਸ਼ਾਸਨ ਦੁਆਰਾ ਘੜੇ ਅਤੇ ਸਥਾਪਿਤ ਗਏ, ਸ਼ਾਸਨ ਦੇ ਤੌਰ-ਤਰੀਕੇ ਨੂੰ ਸੁਧਾਰਿਆ ਜਾਣਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਬਰਾਬਰ ਮਨੁੱਖੀ ਅਧਿਕਾਰਾਂ ਦੇ ਨਾਲ ਸਮਾਜ ਦੇ ਸਾਰੇ ਵਰਗਾਂ ਦੇ ਬਰਾਬਰ ਵਿਕਾਸ ਦਾ ਸਮਰਥਨ ਕਰਨਾ ਚਾਹੀਦਾ ਹੈ। ਕੈਨੇਡਾ ਦਾ ਮੌਜੂਦਾ ਸਮਾਜ, ਹਰ ਵਰਗ ਦੇ ਬਰਾਬਰ ਮੌਕੇ ਅਤੇ ਬੁਨਿਆਦੀ ਅਧਿਕਾਰਾਂ 'ਤੇ ਆਧਾਰਿਤ ਹੋਣਾ ਚਾਹੀਦਾ ਹੈ, ਜਿਸ ਨਾਲ ਇਨ੍ਹਾਂ ਮੂਲਵਾਸੀ ਭਾਈਚਾਰਿਆਂ 'ਤੇ ਅਤੀਤ ਵਿੱਚ ਕੀਤੇ ਗਏ ਅੱਤਿਆਚਾਰਾਂ ਨੂੰ ਸੁਧਾਰਨ ਵਾਲੇ ਪ੍ਰੋਗਰਾਮ ਸਹੀ ਢੰਗ ਨਾਲ ਸ਼ਾਮਲ ਕੀਤੇ ਜਾਣ।

ਇੰਡੀਜ਼ੀਨਸ ਲੋਕਾਂ ਅਤੇ ਹੋਰ ਕੈਨੇਡੀਅਨਾਂ ਵਿਚਕਾਰ ਆਪਸੀ ਮੇਲ-ਮਿਲਾਪ ਅਤੇ ਉਸਾਰੂ ਸੰਬੰਧ ਬਣਾਉਣ ਦੀ ਇੱਕ ਨਿਰੰਤਰ ਪ੍ਰਕਿਰਿਆ ਦੀ ਜ਼ਰੂਰਤ ਹੈ। ਇਸ ਵਿੱਚ ਅਤੀਤ ਦੀਆਂ ਬੇਇਨਸਾਫ਼ੀਆਂ ਨੂੰ ਹੱਲ ਕਰਨ ਦੇ ਨਾਲ ਨਾਲ, ਵਧੇਰੇ ਨਿਆਂਪੂਰਨ ਅਤੇ ਬਰਾਬਰੀ ਵਾਲੇ ਭਵਿੱਖ ਲਈ ਕੰਮ ਕਰਨਾ ਸ਼ਾਮਲ ਹੈ। ਸਾਰੇ ਕੈਨੇਡੀਅਨਾਂ ਨੂੰ ਸਿਰਫ਼ ਇਸ ਦਿਨ ਤੇ ਹੀ ਨਹੀਂ, ਸਗੋਂ ਹਮੇਸ਼ਾ ਇੰਡੀਜ਼ੀਨਸ ਲੋਕਾਂ ਨਾਲ ਹੋਏ ਜ਼ੁਲਮਾਂ ਲਈ ਇਨਸਾਫ਼ ਦੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇੰਡੀਜ਼ੀਨਸ ਸਭਿਆਚਾਰਾਂ ਬਾਰੇ ਸਿੱਖਣ, ਆਪਸੀ ਮੇਲ-ਮਿਲਾਪ ਅਤੇ ਅਗਾਂਹਵਧੂ ਤਬਦੀਲੀ ਦੇ ਕੰਮ ਕਰਨ ਲਈ ਵਚਨਬੱਧਤਾ ਦੀ ਲੋੜ ਹੈ।



# .ਗਦਰ ਲਹਿਰ ਦੀ ਵੀਰਾਂਗਣਾ .ਗਦਰੀ ਗੁਲਾਬ ਕੌਰ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਨਾਟਕ ਸਮਾਗਮ ਕਰਵਾਇਆ

## ਹਰਕੇਸ਼ ਚੌਧਰੀ ਦਾ ਲਿਖਿਆ ਅਤੇ ਨਿਰਦੇਸ਼ਿਤ ਨਾਟਕ 'ਜਦ ਧਰਤਿ ਵੰਗਾਰੇ ਤਖ਼ਤ ਨੂੰ' ਦੀ ਕੀਤੀ ਪੇਸ਼ਕਾਰੀ




**ਬਲਜਿੰਦਰ ਸਿੰਘ ਪਟਿਆਲਾ**

.ਗਦਰ ਲਹਿਰ ਦੀ ਵੀਰਾਂਗਣਾ .ਗਦਰੀ ਗੁਲਾਬ ਕੌਰ ਦੀ ਸ਼ਹਾਦਤ ਸ਼ਤਾਬਦੀ ਨੂੰ ਸਮਰਪਿਤ ਗੁਰਸ਼ਰਨ ਕਲਾ ਭਵਨ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਨੂੰ ਨਾਟਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦਾ ਰਸਮੀ ਉਦਘਾਟਨ ਸਰਵ ਸਾਂਝੇ ਰੂਪ ਵਿੱਚ ਸਾਬਕਾ ਪ੍ਰਿੰਸੀਪਲ ਡਾ. ਅਵਤਾਰ ਸਿੰਘ, ਮਾਸਟਰ ਉਜਾਗਰ ਸਿੰਘ ਜੀ, ਸਾਬਕਾ ਹੈੱਡ ਮਾਸਟਰ ਇੰਦਰਜੀਤ ਸਿੰਘ, ਹੈੱਡ ਮਾਸਟਰ ਲਖਿੰਦਰ ਸਿੰਘ, ਬੈਂਕ ਮੈਨੇਜਰ ਜਸਰਮਨ ਸਿੰਘ, ਬਾਬਾ ਤੇਜਾ ਸਿੰਘ, ਜਰਨੈਲ ਸਿੰਘ ਮੈਂਬਰ, ਹਰਕੇਸ਼ ਚੌਧਰੀ ਜੀ ਨੇ ਕੀਤਾ। ਇਸ ਮੌਕੇ ਡਾ. ਅਵਤਾਰ ਸਿੰਘ ਨੇ ਕਿਹਾ ਕਿ ਲੋਕ ਕਲਾ ਉਹ ਹੁੰਦੀ ਹੈ ਜੋਂ ਲੋਕਾਂ ਦੇ, ਸਮਾਜ ਦੇ ਦੁੱਖਾਂ ਦਰਦਾਂ ਦੀ ਬਾਤ ਪਾਵੇ, ਲੋਕ ਕਲਾ ਮੰਚ ਮੁੱਲਾਂਪੁਰ ਵਾਲੇ ਇਹ ਕੰਮ ਬਾਖੂਬੀ ਕਰਦੇ ਆ ਰਹੇ ਹਨ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਸ੍ਰੀ ਹਰਕੇਸ਼ ਚੌਧਰੀ ਜੀ ਨੇ ਕਿਹਾ ਕਿ ਇਹ ਨਾਟਕ ਸਮਾਗਮ ਇਨਕਲਾਬੀ ਨਾਟਕਕਾਰ ਗੁਰਸ਼ਰਨ ਭਾਅ ਜੀ ਨੂੰ ਵੀ ਸਮੱਰਪਿਤ ਹੈ। ਅੱਜ ਉਨ੍ਹਾਂ ਦੀ ਬਰਸੀ ਹੈ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਨ ਨੂੰ ਵੀ ਸਮੱਰਪਿਤ ਹੈ। ਇਸ ਮੌਕੇ 'ਤੇ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਹਰਕੇਸ਼ ਚੌਧਰੀ ਜੀ ਦਾ ਲਿਖਿਆ ਅਤੇ ਨਿਰਦੇਸ਼ਿਤ ਨਾਟਕ 'ਜਦ ਧਰਤਿ ਵੰਗਾਰੇ ਤਖ਼ਤ ਨੂੰ' .ਗਦਰੀ ਗੁਲਾਬ ਕੌਰ ਦੀ ਜ਼ਿੰਦਗੀ ਦੇ ਬ੍ਰਿਤਾਂਤ ਨੂੰ ਪੇਸ਼ ਕਰਦਾ ਅਤੇ .ਗਦਰ ਲਹਿਰ ਦੇ ਅਧੂਰੇ ਸੁਪਨਿਆਂ ਦੀ ਗੱਲ ਕਰਦਾ ਨਾਟਕ ਪੇਸ਼ ਕੀਤਾ। ਨਾਟਕ 'ਚ ਬਾਖੂਬੀ ਦੱਸਿਆ ਕਿ ਭਾਵੇਂ ਦੇਸ਼ ਨੂੰ ਆਜ਼ਾਦ ਹੋਏ ਨੂੰ ਅਠੱਤਰ ਸਾਲ ਹੋ ਗਏ ਹਨ ਪਰ ਅੰਗਰੇਜ਼ ਹਾਕਮਾਂ ਅਤੇ ਅੱਜ ਦੇ ਹਾਕਮਾਂ ਵਿੱਚ ਭੋਰਾ ਭਰ ਵੀ .ਫਰਕ ਨਹੀਂ ਹੈ। ਹਕੂਮਤ ਦੀ ਖ਼ਸਲਤ ਉਹੀ ਹੈ। ਨਾਟਕ ਨੇ ਦਰਸ਼ਕਾਂ ਨੂੰ .ਗਦਰ ਲਹਿਰ ਦੇ ਅਣਗੌਲੇ ਵਰਕਿਆਂ ਦੇ ਸ.ਫਰ ਦਾ ਸਾਥੀ ਬਣਾਇਆ। .ਗਦਰੀ ਗੁਲਾਬ ਕੌਰ ਦੀ ਭੂਮਿਕਾ ਵਿਚ ਨੈਨਾ ਸ਼ਰਮਾ ਨੇ ਸਭ ਦਾ ਮਨ ਮੋਹ ਲਿਆ। ਕਮਲਜੀਤ ਮੋਹੀ ਦੀਪਕ ਰਾਏ, ਪ੍ਰਦੀਪ ਕੌਰ, ਰਣਵੀਰ ਸਿੰਘ ਨੇ ਆਪਣੀ ਅਦਾਕਾਰੀ ਦਾ ਲੋਹਾ ਮੰਨਵਾਇਆ। ਭਾਗ ਸਿੰਘ, ਚੰਨਪ੍ਰੀਤ ਕੌਰ, ਕਿਰਨਪ੍ਰੀਤ ਕੌਰ, ਲਖਵੀਰ ਸਿੰਘ, ਪਰਮਪ੍ਰੀਤ ਕੌਰ, ਸੁਕਸ਼ਮਦੀਪ ਸਿੰਘ, ਰਹਿਬਰ ਸਿੰਘ ਨੇ ਵੀ ਪੂਰੀ ਤਰ੍ਹਾਂ ਖੁਭ ਕੇ ਅਦਾਕਾਰੀ ਕੀਤੀ। ਨਾਟਕ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਨਾਟਕ ਸਮਾਗਮ ਪੂਰੀ ਤਰ੍ਹਾਂ ਕਾਮਯਾਬ ਰਿਹਾ। ਇਸ ਮੌਕੇ ਤੇ ਪ੍ਰਿੰਸੀਪਲ ਰਾਜਿੰਦਰ ਸਿੰਘ, ਪਵਨ ਕੁਮਾਰ, ਸੀਮਾ ਰਾਣੀ, ਲੈਕਚਰਾਰ ਪ੍ਰਗਟ ਸਿੰਘ, ਪਰਮਜੀਤ ਸਿੰਘ ਪੰਮੀ, ਜਸਪਾਲ ਸਿੰਘ ਮੁੱਲਾਂਪੁਰ, ਅਜਮੇਰ ਸਿੰਘ ਮੁੱਲਾਂਪੁਰ, ਬਲਵੀਰ ਸਿੰਘ ਬਾਸੀਆਂ, ਮਾਸਟਰ ਗੁਰਜੀਤ ਸਿੰਘ ਆਦਿ ਹਾਜ਼ਰ ਸਨ।

# 17 ਸਤੰਬਰ ਨੂੰ ਮਨਾਇਆ ਜਾਂਦਾ ਹੈ ਪੇਰੀਆਰ ਈ ਵੀ ਰਾਮਾਸਵਾਮੀ ਦਾ ਜਨਮ ਦਿਨ

ਦੱਖਣ ਭਾਰਤ ਵਿੱਚ 17 ਸਤੰਬਰ ਨੂੰ ਪੇਰੀਆਰ ਈ ਵੀ ਰਾਮਾਸਵਾਮੀ ਦਾ ਜਨਮਦਿਨ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ, ਪੇਰੀਆਰ ਨੇ ਪੂਰੀ ਜ਼ਿੰਦਗੀ ਹਿੰਦੂ ਧਰਮ ਅਤੇ ਬ੍ਰਾਹਮਣਵਾਦ ਦਾ ਜਬਰਦਸਤ ਵਿਰੋਧ ਕੀਤਾ। ਉਹਨਾਂ ਨੇ ਤਰਕਵਾਦ, ਔਰਤਾਂ ਦੇ ਅਧਿਕਾਰ ਅਤੇ ਆਤਮ ਸਨਮਾਨ ਦੇ ਮੁੱਦਿਆਂ ਨੂੰ ਜ਼ੋਰ ਸ਼ੋਰ ਨਾਲ ਚੱਕਿਆ। ਉਹਨਾਂ ਨੇ ਜਾਤੀ ਪ੍ਰਥਾ ਦਾ ਡੱਟ ਕੇ ਵਿਰੋਧ ਕੀਤਾ, ਯੂਨੈਸਕੋ ਨੇ ਉਹਨਾਂ ਨੂੰ 'ਨਵੇਂ ਯੁਗ ਦਾ ਪੈਗੰਬਰ' ਦੱਖਣ ਪੂਰਬ ਏਸ਼ੀਆ ਦਾ ਸੁਕਰਾਤ, ਸਮਾਜ ਸੁਧਾਰ ਅੰਦੋਲਨ ਦਾ ਪਿਤਾਮਾ, ਅੰਧ ਵਿਸ਼ਵਾਸ 'ਤੇ ਬੇਕਾਰ ਦੇ ਰੀਤੀ ਰਿਵਾਜਾਂ ਦਾ ਦੁਸ਼ਮਣ ਕਿਹਾ! ਪੜੋ ਉਹਨਾਂ ਵਾਰੇ ਪੰਦਰਾਂ ਗੱਲਾਂ ਜਿਹਨਾਂ ਕਰਕੇ ਵਿਵਾਦ ਹੋਇਆ।

1. ਮੈਂ ਸਭ ਕੁੱਝ ਕੀਤਾ ਗਣੇਸ਼ ਆਦਿ ਬ੍ਰਾਹਮਣਾਂ ਦੇ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਤੋੜ ਸਿੱਟੀਆਂ, ਰਾਮ ਦੀਆਂ ਤਸਵੀਰਾਂ ਵੀ ਸਾੜ ਦਿੱਤੀਆਂ। ਮੇਰੇ ਇੰਨਾ ਕਰਨ ਦੇ ਬਾਵਜੂਦ ਵੀ ਜੇਕਰ ਹਜ਼ਾਰਾਂ ਲੋਕ ਮੇਰੀਆਂ ਸਭਾਵਾਂ ਵਿੱਚ ਮੇਰਾ ਭਾਸ਼ਣ ਸੁਣਨ ਲਈ ਇਕੱਠੇ ਹੋ ਰਹੇ ਹਨ ਤਾਂ ਸਮਝ ਲਵੋ ਇਹ ਜਾਗ੍ਰਿਤੀ ਦਾ ਸੰਕੇਤ ਹੈ।
2. ਦੁਨੀਆ ਦੇ ਸਭ ਸੰਗਠਿਤ ਧਰਮਾਂ ਨਾਲ ਮੈਨੂੰ ਸਖਤ ਨ.ਫਰਤ ਹੈ।
3. ਸ਼ਾਸ਼ਤਰ, ਪੁਰਾਣ ਅਤੇ ਉਹਨਾਂ ਵਿੱਚ ਦਰਜ ਦੇਵੀ-ਦੇਵਤਿਆਂ ਵਿੱਚ ਮੇਰੀ ਕੋਈ ਆਸਥਾ ਨਹੀਂ ਹੈ, ਕਿਉਂਕਿ ਉਹ ਸਾਰੇ ਦੋਸ਼ੀ ਹਨ। ਮੈਂ ਜਨਤਾ ਨੂੰ ਉਹਨਾਂ ਨੂੰ ਜਲਾ ਕੇ ਖਤਮ ਕਰਨ ਦੀ ਅਪੀਲ ਕਰਦਾ ਹਾਂ।
4. 'ਦ੍ਰਾਵਿੜ ਕਡਗਮ ਅੰਦੋਲਨ' ਦਾ ਕੀ ਮਤਲਵ ਹੈ? ਇਸਦਾ ਕੇਵਲ ਇੱਕ ਹੀ ਨਿਸ਼ਾਨਾ ਹੈ ਕਿ ਆਰੀਆ ਬ੍ਰਾਹਮਣ ਸੰਸਕ੍ਰਿਤੀ ਅਤੇ ਵਰਣ ਵਿਵਸਥਾ ਦਾ ਅੰਤ ਕਰ ਦੇਣਾਂ, ਜਿਸ ਕਾਰਣ ਸਮਾਜ ਉੱਚੀਆਂ 'ਤੇ ਨੀਵੀਆਂ ਜਾਤਾਂ ਵਿੱਚ ਵੰਡਿਆ ਗਿਆ। ਦ੍ਰਾਵਿੜ ਕਡਗਮ ਅੰਦੋਲਨ, ਉਹਨਾਂ ਸਾਰੇ ਸ਼ਾਸਤਰਾਂ, ਪੁਰਾਣਾਂ ਅਤੇ ਦੇਵੀ ਦੇਵਤਿਆਂ ਵਿੱਚ ਆਸਥਾ ਨਹੀਂ ਰੱਖਦਾ, ਜੋ ਵਰਣ ਵਿਵਸਥਾ 'ਤੇ ਜਾਤੀ ਵਿਵਸਥਾ ਨੂੰ ਜਿਉਂ ਦਾ ਤਿਉਂ ਬਣਾ ਕੇ ਰੱਖ ਰਹੇ ਹਨ।
5. ਬ੍ਰਾਹਮਣ ਸਾਨੂੰ ਅੰਧਵਿਸ਼ਵਾਸ ਵਿੱਚ ਸ਼ਰਧਾ ਰੱਖਣ ਲਈ ਤਿਆਰ ਕਰਦਾ ਹੈ, ਉਹ ਖੁਦ




ਅਰਾਮਦਾਇਕ ਜੀਵਨ ਜਿਊਂਦਾ ਹੈ, ਤੁਹਾਨੂੰ ਅਛੂਤ ਬਣਾ ਕੇ ਨਿੰਦਾ ਕਰਦਾ ਹੈ, ਮੈਂ ਤੁਹਾਨੂੰ ਸਾਵਧਾਨ ਕਰਦਾ ਹਾਂ ਕਿ ਉਹਨਾਂ 'ਤੇ ਵਿਸ਼ਵਾਸ਼ ਨਹੀਂ ਕਰਨਾ।
6. ਬ੍ਰਾਹਮਣਾਂ ਨੇ ਸਾਨੂੰ ਸ਼ਾਸ਼ਤਰਾਂ ਅਤੇ ਪੁਰਾਣਾਂ ਦੀ ਸਹਾਇਤਾ ਨਾਲ ਗੁਲਾਮ ਬਣਾਇਆ ਹੈ, ਆਪਣੀ ਸਥਿਤੀ ਮਜਬੂਤ ਕਰਨ ਲਈ ਮੰਦਰ ਈਸ਼ਵਰ ਅਤੇ ਦੇਵੀ ਦੇਵਤਿਆਂ ਦੀ ਰਚਨਾ ਕੀਤੀ।
7. ਸਾਰੇ ਮਨੁੱਖ ਇੱਕੋ ਵਿਧੀ ਨਾਲ ਪੈਦਾ ਹੁੰਦੇ ਹਨ, ਫਿਰ ਕੱਲਾ ਬ੍ਰਾਹਮਣ ਉੱਚ ਹੋ ਕੇ ਦੂਜਿਆਂ ਨੂੰ ਨੀਚ ਕਿਵੇਂ ਠਹਿਰਾ ਸਕਦਾ ਹੈ?
8. ਤੁਸੀਂ ਆਪਣੀ ਮਿਹਨਤ ਦੀ ਗਾੜ੍ਹੀ ਕਮਾਈ ਕਿਉਂ ਇਨਾਂ ਮੰਦਰਾਂ ਵਿੱਚ ਲੁਟਾਂਉਦੇ ਹੋ, ਕੀ ਕਦੀ ਇਨਾਂ ਬ੍ਰਾਹਮਣਾਂ ਨੇ ਇੱਕ ਰੁਪਇਆ ਵੀ ਪਰਉਪਕਾਰੀ ਕੰਮਾਂ ਲਈ ਦਾਨ ਦਿੱਤਾ ਹੈ?
9. ਸਾਡੇ ਦੇਸ਼ ਨੂੰ ਅਜਾਦੀ ਉਦੋਂ ਮਿਲਣੀ ਸਮਝਣੀ ਚਾਹੀਦੀ ਹੈ, ਜਦੋਂ ਪੇਂਡੂ ਲੋਕ ਦੇਵਤਾ, ਅਧਰਮ, ਜਾਤੀ ਅਤੇ ਅੰਧਵਿਸ਼ਵਾਸ ਤੋਂ ਛੁਟਕਾਰਾ ਪਾ ਜਾਣਗੇ।
10. ਅੱਜ ਵਿਦੇਸ਼ੀ ਲੋਕ ਦੂਸਰੇ ਗ੍ਰਹਿਾਂ 'ਤੇ ਸੰਦੇਸ਼ 'ਤੇ ਅੰਤਰਿਕਸ਼ ਭੇਜ ਰਹੇ ਹਨ, ਅਸੀਂ ਬ੍ਰਾਹਮਣਾਂ ਦੇ ਦੁਆਰਾ ਸ਼ਰਾਧਾ ਦੁਆਰਾ ਪਰਲੋਕ ਵਿੱਚ ਵਸੇ ਆਪਣੇ ਪੂਰਵਜਾਂ ਨੂੰ ਖੀਰ ਕੜਾਹ ਭੇਜ ਰਹੇ ਹਾਂ, ਕੀ ਇਹ ਬੁੱਧੀਮਾਨੀ ਹੈ?
11. ਈਸ਼ਵਰ ਦੀ ਸੱਤਾ ਸਵੀਕਾਰ ਕਰਨ ਵਿੱਚ ਕਿਸੇ ਬੁੱਧੀ ਦੀ ਜਰੂਰਤ ਨਹੀਂ ਪੈਂਦੀ, ਲੇਕਿਨ ਨਾਸਤਿਕਤਾ ਲਈ ਵੱਡੇ ਜਿਗਰੇ ਅਤੇ ਪੱਕੇ ਵਿਸ਼ਵਾਸ ਦੀ ਜ਼ਰੂਰਤ ਪੈਂਦੀ ਹੈ, ਇਹ ਸਥਿਤੀ ਉਹਨਾਂ ਲਈ ਹੀ ਸੰਭਵ ਹੈ ਜਿਨਾਂ ਦੇ ਕੋਲ ਤਰਕ ਜਾਂ ਬੁੱਧੀ ਹੈ।
12. ਬ੍ਰਾਹਮਣਾਂ ਦੇ ਪੈਰਾਂ ਵਿੱਚ ਕਿਉਂ ਡਿੱਗਣਾ? ਕੀ ਇਹ ਮੰਦਰ ਹਨ? ਕੀ ਇਹ ਤਿਉਹਾਰ ਹਨ? ਨਹੀਂ ਇਹ ਸਭ ਕੁੱਝ ਵੀ ਨਹੀਂ ਹਨ। ਸਾਨੂੰ ਬੁੱਧੀਮਾਨ ਵਿਅਕਤੀ ਵਾਗੂੰ ਵਿਵਹਾਰ ਕਰਨਾ ਚਾਹੀਦਾ ਹੈ ਹੈ ਇਹ ਪ੍ਰਾਥਨਾ ਦਾ ਸਾਰ ਹੈ।
13. ਬ੍ਰਾਹਮਣਾਂ ਦੇਵੀ ਦੇਵਤਿਆਂ ਨੂੰ ਦੇਖੋ, ਇੱਕ ਦੇਵਤੇ ਦੇ ਹੱਥ ਵਿੱਚ ਭਾਲਾ/ ਤ੍ਰਿਸ਼ੂਲ ਚੱਕ ਕੇ ਖੜ੍ਹਾ ਹੈ। ਦੂਜਾ ਤੀਰ ਕਮਾਨ ਲੈ ਕੇ ਖੜਾ ਹੈ, ਬਾਕੀ ਦੂਜੇ ਦੇਵੀ ਦੇਵਤੇ ਕੋਈ ਖੰਜਰ ਕੋਈ ਚੱਕਰ ਕੋਈ ਤਲਵਾਰ ਲੈ ਕੇ ਖੜ੍ਹੇ ਹਨ। ਇਹ ਸਭ ਕਿਉਂ ਹੈ? ਇੱਕ ਦੇਵਤਾ ਤਾਂ ਆਪਣੀ ਉਂਗਲੀ 'ਤੇ ਚੱਕਰ ਘੁਮਾਉਦਾਂ ਰਹਿੰਦਾ ਹੈ, ਉਹ ਕਿਸ ਨੂੰ ਮਾਰਨ ਲਈ ਹੈ?
14. ਅਸੀਂ ਅੱਜਕੱਲ੍ਹ ਦੇ ਸਮੇਂ 'ਚ ਰਹਿ ਰਹੇ ਹਾਂ, ਕੀ ਇਹ ਵਰਤਮਾਨ ਸਮਾਂ ਇਨਾਂ ਦੇਵੀ ਦੇਵਤਿਆਂ ਲਈ ਸਹੀ ਨਹੀਂ ਹੈ? ਕੀ ਉਹ ਆਪਣੇ-ਆਪ ਨੂੰ ਆਧੁਨਿਕ ਹਥਿਆਰਾਂ ਨਾਲ ਲੈੱਸ ਕਰਨ ਅਤੇ ਤੀਰ ਕਮਾਨ ਦੀ ਜਗ੍ਹਾ, ਮਸ਼ੀਨਾਂ ਜਾਂ ਬੰਦੂਕਾਂ ਕਿਉਂ ਨਈਂ ਧਾਰਨ ਕਰਦੇ? ਰੱਥ ਨੂੰ ਛੱਡ ਕੇ ਸ੍ਰੀ ਕ੍ਰਿਸ਼ਨ ਟੈਂਕ 'ਤੇ ਕਿਉਂ ਨੀ ਸਵਾਰ ਹੁੰਦੇ? ਮੈਂ ਪੁੱਛਦਾ ਹਾਂ ਕਿ ਜੰਨਤਾ ਇਸ ਪ੍ਰਮਾਣੂ ਯੁੱਗ ਵਿੱਚ ਇਹਨਾਂ ਦੇਵੀ ਦੇਵਤਿਆਂ ਉਪਰ ਵਿਸ਼ਵਾਸ ਕਰਨ ਤੋਂ ਕਿਉਂ ਸ਼ਰਮ ਮਹਿਸੂਸ ਨਹੀਂ ਕਰਦੀ!
15. ਉਹਨਾਂ ਦੇਵੀ ਦੇਵਤਿਆਂ ਨੂੰ ਨਸ਼ਟ ਕਰ ਦਿਓ ਜੋ ਤੁਹਾਨੂੰ ਸ਼ੂਦਰ ਕਹਿਣ, ਉਹਨਾਂ ਪੁਰਾਣਾਂ ਅਤੇ ਇਤਿਹਾਸ ਨੂੰ ਫੂਕ ਦਿਓ, ਜੋ ਦੇਵਤਿਆਂ ਨੂੰ ਤਾਕਤ ਪ੍ਰਦਾਨ ਕਰਦੇ ਹਨ, ਉਸ ਦੇਵਤੇ ਦੀ ਪੂਜਾ ਕਰੋ ਜੋ ਵਾਸਤਵ ਵਿੱਚ ਦਿਆਲੂ ਭਲਾ 'ਤੇ ਬੁੱਧਮਈ ਹੋਵੇ।

**ਅਨੁਵਾਦਤ : ਬਲਜੀਤ ਸਿੰਘ**









# ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨੇ ਪੀਟਰਬੋਰੋ 'ਚ 'ਮੋਨਾਰਕ ਅਲਟਰਾ' 'ਰੰਨ ਤੇ ਫ਼ੰਨ' 'ਚ ਲਿਆ ਹਿੱਸਾ





ਬਰੈਂਪਟਨ, (ਡਾ. ਝੰਡ) : ਲੰਘੇ ਸ਼ਨੀਵਾਰ 20 ਸਤੰਬਰ ਨੂੰ ਟੀਪੀਏਆਰ ਕਲੱਬ ਦੇ 40 ਮੈਂਬਰਾਂ ਨੇ ਪੀਟਰਬੋਰੋ ਸ਼ਹਿਰ ਵਿੱਚ ਅਲਟਰਾ ਮੋਨਾਰਕ ਵੱਲੋਂ ਬੜੇ ਜੋਸ਼ ਤੇ ਉਤਸਾਹ ਨਾਲ ਮਨਾਏ ਗਏ ਤੀਸਰੇ 'ਮੋਨਾਰਕ ਫ਼ੈਸਟੀਵਲ' ਦੌਰਾਨ ਹੋਈ 'ਮੋਨਾਰਕ ਅਲਟਰਾ 10 ਕਿਲੋਮੀਟਰ' 'ਰੱਨ-ਕਮ-ਫੰਨ' ਵਿੱਚ ਭਾਗ ਲਿਆ। ਉਹ ਸਵੇਰੇ 6.30 ਵਜੇ ਇੱਕ ਸਕੂਲ ਬੱਸ ਵਿੱਚ ਸਵਾਰ ਹੋ ਕੇ 9.00 ਵਜੇ ਉੱਥੇ ਪਹੁੰਚ ਗਏ ਅਤੇ 10.00 ਸ਼ੁਰੂ ਹੋਣ ਵਾਲੀ 10.00 ਕਿਲੋਮੀਟਰ 'ਰੱਨ ਤੇ ਵਾੱਕ' ਵਿੱਚ ਸ਼ਾਮਲ ਹੋਣ ਲਈ ਤਿਆਰੀ ਕੱਸਣ ਲੱਗੇ। ਕਲੱਬ ਦੇ ਸਰਗ਼ਰਮ ਮੈਂਬਰ ਸੁਰਿੰਦਰ ਨਾਗਰਾ ਨੇ ਉਨ੍ਹਾਂ ਨੂੰ ਦੌੜ ਲਈ 'ਵਾਰਮ-ਅੱਪ' ਕਰਨ ਲਈ ਕੁਝ ਜ਼ਰੂਰੀ ਵਰਜਿਸ਼ਾਂ ਕਰਵਾਈਆਂ।

ਇਸ ਤੋਂ ਪਹਿਲਾਂ 9.30 ਵਜੇ 10 ਸਾਲ ਤੋਂ ਛੋਟੇ ਬੱਚਿਆਂ ਦੀ ਇੱਕ ਕਿਲੋਮੀਟਰ ਮਨੋਰੰਜਕ ਦੌੜ ਆਰੰਭ ਕੀਤੀ ਗਈ ਜਿਸ ਵਿੱਚ ਕਈ ਛੋਟੇ ਬੱਚੇ ਵੀ ਸ਼ਾਮਲ ਹੋਏ। ਇਨ੍ਹਾਂ ਵਿੱਚ ਕਈ ਛੋਟੀਆਂ-ਛੋਟੀਆਂ ਬੱਚੀਆਂ ਨੇ ਤਿੱਤਲੀਆਂ ਵਰਗੀਆਂ ਪੁਸ਼ਾਕਾਂ ਪਾਈਆਂ ਹੋਈਆਂ ਸਨ ਤੇ ਦੌੜਦੀਆਂ ਹੋਈਆਂ ਉਹ ਤਿੱਤਲੀਆਂ ਵਾਂਗ ਉੱਡਦੀਆਂ ਲੱਗ ਰਹੀਆਂ ਹਨ। ਦਰਸ਼ਕਾਂ ਲਈ ਇਹ ਬੜਾ ਮਨਮੋਹਕ ਨਜ਼ਾਰਾ ਸੀ।

ਠੀਕ 10.00 ਵਜੇ ਦੌੜ ਦਾ ਮੇਨ-ਈਵੈਂਟ ਸ਼ੁਰੂ ਹੋ ਗਿਆ। ਮੁੱਖ-ਪ੍ਰਬੰਧਕ ਦੀ ਵਿਸਲ ਨਾਲ ਸਾਰੇ ਸਟਾਰਟ-ਪੁਆਇੰਟ ਤੋਂ ਚੱਲ ਪਏ ਅਤੇ ਕੁਝ ਦੂਰ ਜਾ ਕੇ ਇੱਕ ਦਰਿਆ ਦੇ ਲੰਮੇਂ ਪੁਲ? ਨੂੰ ਪਾਰ ਕਰਨ ਤੋਂ ਬਾਅਦ ਹਰਿਆਵਲ ਭਰੇ ਰਸਤੇ ਵਿੱਚੋਂ ਗੁਜ਼ਰਦੇ ਹੋਏ ਅੱਗੇ ਵੱਧਣ ਲੱਗੇ। ਦੌੜਾਕਾਂ ਦਾ ਮਾਰਗ-ਦਰਸ਼ਨ ਕਰਨ ਲਈ ਰਸਤੇ ਦੇ ਦੋਹੀਂ ਪਾਸੀਂ ਛੋਟੀਆਂ-ਛੋਟੀਆਂ ਲਾਲ ਤੇ ਪੀਲ਼ੇ ਰੰਗ ਦੀਆਂ ਝੰਡੀਆਂ ਜ਼ਮੀਨ ਵਿੱਚ ਗੱਡੀਆਂ ਹੋਈਆਂ ਸਨ ਅਤੇ ਰਾਹ ਵਿੱਚ ਆਉਂਦੇ ਮੋੜਾਂ ਉੱਪਰ ਖੜੇ ਇਸ ਦੌੜ ਦੇ ਵਾਲੰਟੀਅਰ ਉਨ੍ਹਾਂ ਨੂੰ ਮੁੜਨ ਲਈ ਹੱਥਾਂ ਦੇ ਇਸ਼ਾਰਿਆਂ ਨਾਲ ਵੀ ਲੋੜੀਂਦੀ ਜਾਣਕਾਰੀ ਦੇ ਰਹੇ ਸਨ। ਦੌੜ ਦਾ ਇਹ ਸਾਰਾ ਰਸਤਾ ਕੁਦਰਤੀ ਨਜ਼ਾਰਿਆਂ ਨਾਲ ਭਰਪੂਰ ਸੀ।

10 ਕਿਲੋਮੀਟਰ ਦੀ ਇਸ ਦੌੜ ਵਿੱਚ ਕਈ ਤੇਜ਼-ਤਰਾਰ ਦੌੜਾਕ ਵੀ ਸ਼ਾਮਲ ਸਨ। ਦਰਸ਼ਕਾਂ ਨੂੰ ਉਸ ਸਮੇਂ ਬੜੀ ਹੈਰਾਨੀ ਹੋਈ ਜਦੋਂ ਇਸ ਦੌੜ ਵਿੱਚ ਸ਼ਾਮਲ ਹੋਣ ਵਾਲਾ ਪਹਿਲਾ ਦੌੜਾਕ ਮਾਰਕ ਜੋਨਜ਼ ਕੇਵਲ 37 ਮਿੰਟ, 10.51 ਸਕਿੰਟ ਵਿੱਚ ਹੀ ਇਹ ਦੌੜ ਪੂਰੀ ਕਰਕੇ 'ਫਿਨਿਸ਼ ਪੁਆਇੰਟ' 'ਤੇ ਪਹੁੰਚ ਗਿਆ ਅਤੇ ਦੂਸਰਾ ਦੌੜਾਕ ਡੇਵਿਡ ਲੀ 35 ਮਿੰਟ, 45.32 ਸਕਿੰਟ 'ਚ ਅਤੇ ਤੀਸਰਾ ਐਰਿਕ ਸਮਿੱਥ 37 ਮਿੰਟ, 2.15 ਸਕਿੰਟ ਵਿੱਚ ਆ ਗਿਆ। ਟੀਪੀਏਆਰ ਕਲੱਬ ਦੇ ਦੌੜਾਕ ਸੋਢੀ ਕੰਗ ਤੇ ਨਿਰਮਲ ਗਿੱਲ ਪਹਿਲੇ ਅਤੇ ਦੂਸਰੇ ਨੰਬਰ 'ਤੇ ਆਏ, ਜਦਕਿ ਕਲੱਬ ਵਿੱਚ ਪਹਿਲੀ ਵਾਰ ਸ਼ਾਮਲ ਹੋਇਆ ਨਵਾਂ ਮੈਂਬਰ ਅਹੁਨ ਗੁਪਤਾ ਇਸ ਦੌੜ ਵਿੱਚ ਤੀਸਰੇ ਸਥਾਨ 'ਤੇ ਆਇਆ। ਚੈਰਿਟੀ ਸੰਸਥਾਵਾਂ ਵੱਲੋਂ ਕਰਵਾਏ ਗਏ ਅਜਿਹੇ ਈਵੈਂਟਾਂ ਵਿੱਚ ਇਹ ਪਹਿਲੇ, ਦੂਸਰੇ ਜਾਂ ਤੀਸਰੇ ਸਥਾਨ ਬਹੁਤੀ ਅਹਿਮੀਅਤ ਨਹੀਂ ਰੱਖਦੇ, ਬਲਕਿ ਇਨ੍ਹਾਂ ਚੈਰਿਟੀ ਤੇ ਮੁਕਾਬਲੇ ਵਾਲੀਆਂ ਦੌੜਾਂ ਵਿੱਚ ਸ਼ਮੂਲੀਅਤ ਕਰਨੀ ਹੀ ਬੜੀ ਵੱਡੀ ਗੱਲ ਹੁੰਦੀ ਹੈ। ਦੌੜ



ਦੇ ਇਸ ਈਵੈਂਟ ਦੀ ਮਹੱਤਤਾ ਇਸ ਗੱਲ ਵਿੱਚ ਵੀ ਸੀ ਕੇ ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਪਹਿਨੇ ਟੀਪੀਏਆਰ ਕਲੱਬ ਦੇ 40 ਮੈਂਬਰਾਂ ਦਾ ਵੱਡਾ ਗਰੁੱਪ ਆਪਣੀ ਵੱਖਰੀ ਦਿੱਖ ਨਾਲ ਦੂਰੋਂ ਹੀ ਪਹਿਚਾਣਿਆ ਜਾ ਰਿਹਾ ਸੀ।

ਦੌੜ ਦੀ ਸਮਾਪਤੀ 'ਤੇ ਹੋਏ ਸੰਖੇਪ ਸਮਾਗ਼ਮ ਵਿੱਚ ਪੀਟਰਬੋਰੋ ਦੀ ਨਗਰ ਕੌਂਸਲ ਦੀ ਕੌਂਸਲਰ ਜੌਏ ਲੈਥਿਕਾ ਨੇ ਸਮੂਹ ਦੌੜਾਕਾਂ ਤੇ ਦਰਸ਼ਕਾਂ ਨੂੰ 'ਜੀ-ਆਇਆਂ' ਕਹਿੰਦਿਆਂ ਹੋਇਆਂ ਬੜੇ ਭਾਵ-ਪੂਰਤ ਸ਼ਬਦਾਂ ਵਿੱਚ ਸੰਬੋਧਨ ਕੀਤਾ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਟੀਪੀਆਰ ਕਲੱਬ ਦੇ ਇਸ 'ਮੋਨਾਰਕ ਫ਼ੈਸਟੀਵਲ' ਵਿੱਚ ਸ਼ਾਮਲ ਹੋਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ। ਦੌੜ ਵਿੱਚ ਪਹਿਲੇ, ਦੂਸਰੇ ਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਦੌੜਾਕਾਂ ਨੂੰ ਮੈਡਲ ਤੇ ਹੋਰ ਇਨਾਮ ਦਿੱਤੇ ਗਏ।

ਇਸ ਮੌਕੇ ਆਪਣੇ ਵਿਚਾਰ ਪੇਸ਼ ਕਰਦਿਆਂ ਟੀਪੀਏਆਰ ਕਲੱਬ ਦੇ ਸਰਗ਼ਰਮ ਮੈਂਬਰ ਨਰਿੰਦਰ ਪਾਲ ਬੈਂਸ ਨੇ ਕਿ ਕਿਹਾ ਕਿ ਟੀਪੀਏਆਰ ਕਲੱਬ ਦੇ ਮੈਂਬਰ ਮੈਡਲਾਂ ਲਈ ਦੌੜਦੇ, ਬਲਕਿ ਉਨ੍ਹਾਂ ਦਾ ਮਕਸਦ ਕਮਿਊਨਿਟੀਆਂ ਵਿੱਚ ਸਿਹਤ ਪ੍ਰਤੀ ਜਾਗਰੂਕਤਾ ਫ਼ੈਲਾਉਣਾ ਹੈ ਅਤੇ ਇਸ ਮੰਤਵ ਲਈ ਉਹ ਪਿਛਲੇ 12-13 ਸਾਲ ਤੋਂ ਆਪਣੀਆਂ ਸਰਗਰਮੀਆਂ ਲਗਾਤਾਰ ਜਾਰੀ ਰੱਖ ਰਹੇ ਹਨ। ਉਹ ਦੌੜਾਂ ਦੇ ਵੱਖ-ਵੱਖ ਈਵੈਂਟਾਂ ਵਿੱਚ ਸ਼ਾਮਲ ਹੁੰਦੇ ਹਨ ਅਤੇ ਉਨ੍ਹਾਂ ਵਿੱਚੋਂ ਕਈ ਅੰਤਰਰਾਸ਼ਟਰੀ ਈਵੈਂਟਸ, ਜਿਵੇਂ ਬੋਸਟਨ ਮੈਰਾਥਨ, 'ਆਇਰਨਮੈਨ' ਤੇ 'ਹਾਫ਼-ਆਇਰਨਮੈਨ' ਮੁਕਾਬਲਿਆਂ ਵਿੱਚ ਸਫ਼ਲਤਾ ਭਰਪੂਰ ਭਾਗ ਲੈ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਉਹ ਹਰ ਸਾਲ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਈਵੈਂਟ ਵਿੱਚ ਵੀ ਭਰਵੀਂ ਸ਼ਮੂਲੀਅਤ ਕਰਦੇ ਹਨ। ਸਮਾਗ਼ਮ ਦੌਰਾਨ ਇੱਕ ਔਰਤ ਨੇ ਅੰਗਰੇਜ਼ੀ ਵਿੱਚ ਗਾਣਾ ਗਾਇਆ ਅਤੇ ਇਸ ਦੇ ਅਖ਼ੀਰ ਵਿੱਚ ਕਾਲ਼ੇ ਰੰਗ ਦੀਆਂ ਚੁਸਤ ਪੁਸ਼ਾਕਾਂ ਪਹਿਨੀ ਸਕੂਲੀ ਲੜਕੀਆਂ ਦੇ 4-5 ਗਰੁੱਪਾਂ ਨੇ ਵੱਖ-ਵੱਖ ਤਰ੍ਹਾਂ ਦੇ ਡਾਂਸ ਕਰਕੇ ਦਰਸ਼ਕਾਂ ਦਾ ਮਨ ਮੋਹ ਲਿਆ।

ਇੱਕ ਵਜੇ ਦੇ ਕਰੀਬ ਮੋਨਾਰਕ ਫ਼ੈਸਟੀਵਲ ਦੇ ਇਸ ਈਵੈਂਟ ਤੋਂ ਵਿਹਲੇ ਹੋਣ ਤੋਂ ਬਾਅਦ ਕਲੱਬ ਦੇ ਸਾਰੇ ਮੈਂਬਰ ਬੱਸ ਵਿਚ ਬੈਠ ਕੇ ਇਕ ਪਾਰਕ ਵਿੱਚ ਚਲੇ ਗਏ ਅਤੇ ਉੱਥੇ ਜਾ ਕੇ ਹਰੇ-ਭਰੇ ਮੈਦਾਨ ਵਿੱਚ ਆਪਣੇ ਨਾਲ ਲਿਆਂਦਾ ਹੋਇਆ ਭੋਜਨ-ਪਾਣੀ, ਜਿਸ ਵਿੱਚ ਸ਼ਾਕਾਹਾਰੀ ਤੇ ਮਾਸਾਹਾਰੀ ਦੋਹਾਂ ਤਰ੍ਹਾਂ ਦੀਆਂ ਵਰਾਇਟੀਆਂ ਸ਼ਾਮਲ ਸਨ, ਨੂੰ ਨਾਲ ਲਿਆਂਦੇ ਚੁੱਲ੍ਹਿਆਂ 'ਤੇ ਗਰਮ ਕਰਕੇ ਉਨ੍ਹਾਂ ਦਾ ਖ਼ੂਬ ਅਨੰਦ ਮਾਣਿਆਂ।

ਇਸ ਦੌਰਾਨ ਗੈਰੀ ਗਰੇਵਾਲ, ਪਰਮਿੰਦਰ ਗਿੱਲ, ਕਰਮਜੀਤ ਗਿੱਲ ਤੇ ਡਾ. ਸੁਖਦੇਵ ਸਿੰਘ ਝੰਡ ਵੱਲੋਂ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ, ਪ੍ਰਬੰਧੀ ਟੀਮ, ਸਪਾਂਸਰਾਂ, ਵਾਲੰਟੀਅਰਾਂ ਅਤੇ ਸਮੂਹ ਮੈਂਬਰਾਂ ਦਾ ਇਸ ਪ੍ਰੋਗਰਾਮ ਨੂੰ ਸਫ਼ਲ ਬਨਾਉਣ ਲਈ ਹਾਰਦਿਕ ਧੰਨਵਾਦ ਕੀਤਾ ਗਿਆ। ਮਨਜੀਤ ਸਿੰਘ ਨੌਟਾ ਵੱਲੋਂ ਇਸ ਮੌਕੇ ਆਉਣ ਵਾਲੇ ਦੌੜਾਂ ਦੇ ਈਵੈਂਟਾਂ ਤੇ ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦੀ ਜਾਣਕਾਰੀ ਮੈਂਬਰਾਂ ਨਾਲ ਸਾਂਝੀ ਕੀਤੀ ਗਈ। ਏਨੇ ਨੂੰ ਸ਼ਾਮ ਦੇ ਚਾਰ ਵੱਜ ਗਏ ਅਤੇ ਬੱਸ ਵਿੱਚ ਬੈਠ ਕੇ ਮੈਂਬਰਾਂ ਨੇ ਵਾਪਸੀ ਲਈ ਚਾਲੇ ਪਾਏ ਤੇ ਸੱਤ ਕੁ ਵਜੇ ਬਰੈਂਪਟਨ ਵਾਪਸ ਪਹੁੰਚੇ।


SWIFTWRENCH AUTO & DIESEL REPAIR
Your Car, Our Care
Mobile Mechanic Services - We Come to You!
SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding
Red Seal Certified Reliable On-Time
• Oil Changes - Gas & Diesel
• Brake Service & Replacement
• Battery Testing & Installation
• Check Engine Light Diagnosis
• Fluid Top-UPS & Inspections
• Fleet & Commercial Maintenance
• Pre-Purchase Inspections
• Suspension Repairs
SWIFTWRENCH AUTO & DIESEL REPAIR



Advice from someone you trust.
Sun Life
Life's brighter under the sun
Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds
Harvinder Singh*
587-574-0029
harvinder.h.singh@sunlife.com
*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਮਾਨਸ ਕੀ ਜਾਤਿ...

-ਇੰਦਰਜੀਤ ਚੁਗਾਵਾਂ




'ਭਈਏ-ਭਈਏ' ਵਾਲੇ ਮਾਹੌਲ 'ਚ ਬਹੁਤ ਕੁੱਝ ਸਾਹਮਣੇ ਆ ਰਿਹੈ! ਇੱਕ ਪਾਸੇ ਉਹ ਹਨ ਜੋ 'ਨਾਗਪੁਰੀ ਏਜੰਡੇ' ਤਹਿਤ ਵੰਡੀਆਂ ਪਾਉਣ 'ਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਤੇ ਦੂਜੇ ਪਾਸੇ ਭਾਈਚਾਰਕ ਤੰਦਾਂ ਨੂੰ ਹਰ ਹੀਲੇ ਮਜ਼ਬੂਤ ਕਰਨ ਵਾਲੇ ਵੀ ਆਪਣੇ ਮੋਰਚੇ 'ਤੇ ਡਟੇ ਹੋਏ ਹਨ। ਗਿਣਤੀ ਪੱਖੋਂ ਉਹ ਬੇਸ਼ੱਕ ਕਮਜ਼ੋਰ ਨਜ਼ਰ ਆਉਂਦੇ ਹੋਣ, ਹਵਾ ਦੇ ਰੁਖ ਵਿਰੁੱਧ ਡਟਣਾ ਆਪਣੇ ਆਪ 'ਚ ਮਾਅਨੇ ਰਖਾਉਂਦਾ ਹੈ। ਡਾਰ ਮਗਰ ਤਾਂ ਇੱਜੜ ਤੁਰ ਹੀ ਪੈਂਦਾ ਹੈ, ਇੱਜੜ ਦਾ ਰੁਖ਼ ਮੋੜਨ ਲਈ ਇੱਕੋ ਸ਼ੇਰ ਕਾਫ਼ੀ ਹੁੰਦਾ ਹੈ।

ਇਹ ਪਹਿਲੀ ਵਾਰ ਨਹੀਂ ਹੈ ਕਿ ਪਰਵਾਸੀ ਮਜ਼ਦੂਰਾਂ ਖਿਲਾਫ਼ ਅਜਿਹੀ ਹਵਾ ਵਗੀ ਹੋਵੇ, ਬਹੁਤ ਵਾਰ ਅਜਿਹਾ ਵਾਪਰ ਚੁੱਕਾ ਹੈ ਤੇ ਜਦ ਵੀ ਅਜਿਹਾ ਵਾਪਰਦੈ ਤਾਂ ਉਸ ਵਕਤ ਕੋਈ ਨਾ ਕੋਈ ਚੋਣ ਨੇੜੇ ਜ਼ਰੂਰ ਹੁੰਦੀ ਹੈ ਜੋ ਅੱਜ ਵੀ ਹੈ।

ਅੱਜ ਜਿਹੜੇ 'ਪਗੜੀਧਾਰੀ ਖੜਪੈਂਚ' ਜ਼ਹਿਰ ਉਗਲ ਰਹੇ ਹਨ, ਉਹ ਦਰਅਸਲ ਸਿੱਖ ਨਹੀਂ, ਸਿੱਖੀ ਦੇ ਪਹਿਰਾਵੇ 'ਚ 'ਨਿੱਕਰਧਾਰੀ ਨਾਗ' ਹਨ। ਅਸਲ ਪੰਜਾਬੀ, ਸੱਚੇ ਸਿੱਖ ਤਾਂ ਅਜੇ ਚੁਰਾਸੀ ਨੂੰ ਨਹੀਂ ਭੁੱਲਿਆ। ਗਲ ?ਾਂ 'ਚ ਪਏ ਬਲ ?ਦੇ ਟਾਇਰ ਅੱਜ ਵੀ ਉਨ੍ਹਾਂ ਨੂੰ ਲੂਹ ਰਹੇ ਹਨ, ਇਹ ਟਾਇਰ ਉਹ ਮੁੜ ਆਪਣੇ ਗਲ ? ਨਹੀਂ ਪਵਾਉਣਾ ਚਾਹੁੰਦੇ। ਇਹ ਜ਼ਿਕਰ ਕਰਦਿਆਂ ਮਾਣ ਮਹਿਸੂਸ ਹੁੰਦੈ ਕਿ ਅਸੀਂ 'ਨਵਾਂ ਜ਼ਮਾਨਾ' ਵਾਲਿਆਂ ਨੇ ਪਰਵਾਸੀ ਮਜ਼ਦੂਰਾਂ ਖ਼ਿਲਾਫ਼ ਚੱਲ ਰਹੇ ਜ਼ਹਿਰੀਲੇ ਪ੍ਰਚਾਰ ਦੌਰਾਨ ਇਹ ਫ਼ੈਸਲਾ ਲਿਆ ਸੀ ਕਿ ਸਾਡੇ ਸਫ਼ਿਆਂ 'ਤੇ 'ਭਈਆ' ਸ਼ਬਦ ਕਦੇ ਵੀ ਨਜ਼ਰ ਨਹੀਂ ਆਵੇਗਾ। ਅਸੀਂ 'ਪਰਵਾਸੀ ਕਾਮੇ' ਲਿਖਾਂਗੇ। ਇਸ ਫੈਸਲੇ ਦਾ ਮਜ਼ਦੂਰ ਜਥੇਬੰਦੀਆਂ ਨੇ ਭਰਪੂਰ ਸਵਾਗਤ ਕੀਤਾ ਜਦਕਿ ਦੂਸਰੀਆਂ ਅਖ਼ਬਾਰਾਂ ਵਹਿਣ ਦੇ ਨਾਲ ਹੀ ਚੱਲਦੀਆਂ ਰਹੀਆਂ। ਉਨ੍ਹਾਂ ਨੂੰ ਆਪਣੇ ਇਸ਼ਤਿਹਾਰਾਂ ਦਾ ਜਾਂ ਛਪਣ ਗਿਣਤੀ ਦਾ ਫ਼ਿਕਰ ਸੀ, ਸਾਨੂੰ ਉਸ ਵਹਿਣ ਦਾ ਫ਼ਿਕਰ ਸੀ ਜਿਸ ਦੇ ਪਸੀਨੇ ਨਾਲ 'ਨਵਾਂ ਜ਼ਮਾਨਾ' ਸਾਹ ਲੈਂਦਾ ਹੈ। ਗਵਾਂਢੀਆਂ ਦਾ ਇੱਕ ਸਬ ਐਡੀਟਰ ਇੱਕ ਵਾਰ ਮਜ਼ਾਕ ਨਾਲ ਕਹਿਣ ਲੱਗਾ; ਤੁਹਾਡੇ ਇਸ ਫ਼ੈਸਲੇ ਦੀ ਭਲਾ ਕੀ ਅਸਰ ਪੈਣਾ, ਪੜ੍ਹਦਾ ਤਾਂ ਕੋਈ ਹੈ ਨਹੀਂ!" ਮੇਰਾ ਜੁਆਬ ਸੀ; ਇਹ ਤਾਂ ਪਤਾ ਨਹੀਂ ਕਿ ਕੋਈ ਪੜ੍ਹਦਾ ਹੈ ਜਾਂ ਨਹੀਂ, ਇਹ ਗੱਲ ਪੱਕੀ ਹੈ ਕਿ ਸਾਡੇ ਇਸ ਫ਼ੈਸਲੇ ਨੇ ਤੁਹਾਡੀ ਨੀਂਦ ਹਰਾਮ ਕਰ ਰੱਖੀ ਹੈ। ਤੁਹਾਨੂੰ ਦੂਣੀ ਮਿਹਨਤ ਕਰਨੀ ਪੈ ਰਹੀ ਹੈ ਕਿ ਕਿਤੇ 'ਪਰਵਾਸੀ' ਸ਼ਬਦ ਨਾ ਛਪ ਜਾਵੇ। ਅਸੀਂ ਚੈਨ ਨਾਲ ਸੌਂਦੇ ਹਾਂ, ਮਨ 'ਤੇ ਕੋਈ ਬੋਝ ਨਹੀਂ ਜਦਕਿ ਤੁਹਾਡੇ ਵਡੇਰੇ ਵੀ ਬੇਚੈਨ ਤੇ ਤੁਸੀਂ ਖ਼ੁਦ ਵੀ।' ਮੈਨੂੰ ਪਤਾ ਸੀ ਕਿ ਉਹ ਤਾਂ ਸਿਰਫ਼ ਇੱਕ ਕਰਿੰਦਾ ਹੈ, ਉਸ ਦੇ ਸਫ਼ੇ 'ਤੇ ਕੀ ਛਪਣਾ ਹੈ ਇਹ ਉਸ ਨੂੰ ਵੀ ਨਹੀਂ ਪਤਾ ਹੁੰਦਾ ਐਪਰ ਉਸ ਦੀ ਗੱਲ ਚੁੱਭਵੀਂ ਸੀ ਭਾਵੇਂ ਕਹੀ ਉਸ ਨੇ ਮਜ਼ਾਕ 'ਚ ਹੀ ਸੀ ਤੇ ਮੇਰਾ ਜਵਾਬ ਵੀ ਸ਼ਾਇਦ ਲੋੜੋਂ ਵੱਧ ਤਿੱਖਾ ਸੀ ਪਰ ਹੈ ਸੱਚ ਸੀ। ਮੀਡੀਆ ਦੇ ਵੱਡੇ ਹਿੱਸੇ ਦਾ ਰੋਲ ਪੈਸਾ ਕਮਾਉਣਾ ਹੀ ਸੀ ਤੇ ਹੁਣ ਵੀ ਹੈ।

ਪੰਜਾਬ ਹੜ੍ਹਾਂ ਦੀ ਮਾਰ ਤੋਂ ਅਜੇ ਵੀ ਨਹੀਂ ਉੱਭਰਿਆ! ਪ੍ਰਵਾਸੀਆਂ ਖ਼ਿਲਾਫ਼ ਜ਼ਹਿਰ ਉਗਲਣ ਵਾਲੇ ਇਹ ਭੁੱਲ ਗਏ ਕਿ ਪੰਜਾਬੀਆਂ ਦੀ ਮਦਦ ਲਈ ਯੂ ਪੀ ਤੇ ਹੋਰਨਾਂ ਸੂਬਿਆਂ ਤੋਂ ਵੀ ਲੋਕ ਬਹੁੜੇ ਸਨ ਤੇ ਬੰਨ੍ਹ ਮਜ਼ਬੂਤ ਕਰਨ 'ਚ ਵੀ ਪ੍ਰਵਾਸੀ ਮਜ਼ਦੂਰਾਂ ਨੇ ਆਪਣਾ ਬਣਦਾ ਯੋਗਦਾਨ ਪਾਇਆ ਹੈ।

ਭੇਡਾਂ ਬਣਨਾ ਔਖਾ ਨਹੀਂ, ਕਿਉਂਕਿ ਦਿਮਾਗ਼ ਦੀ ਲੋੜ ਨਹੀਂ ਹੁੰਦੀ, ਭੇਡਾਂ ਨੇ ਤਾਂ ਬਿਨ ਸੋਚਿਆਂ ਤੁਰਨਾ ਹੁੰਦਾ ਹੈ ਭਾਵੇਂ ਅੱਗੇ ਖੂਹ ਹੀ ਹੋਵੇ! ਮਜ਼ਾ ਤਾਂ ਹੈ ਜੇ ਹੱਥ ਉੱਚਾ ਚੁੱਕ ਕੇ ਆਪਣੀ ਗੱਲ ਕਹਿ ਸਕੋਂ ਤੇ ਨਿੱਕਲਣ ਵਾਲੇ ਨਤੀਜਿਆਂ ਦੀ ਜ਼ਿੰਮੇਵਾਰੀ ਵੀ ਲੈ ਸਕੋ!

ਮੰਨ ਲਓ ਕਿ ਪ੍ਰਵਾਸੀ ਮਜ਼ਦੂਰਾਂ ਨੂੰ ਤੁਸੀਂ ਬਾਹਰ ਕੱਢ ਦਿੱਤਾ, ਤੁਹਾਡੀ ਇੰਡਸਟਰੀ, ਤੁਹਾਡੀ ਖੇਤੀ, ਤੁਹਾਡੀ ਮਕਾਨ ਉਸਾਰੀ ਦਾ ਕੀ ਬਣੇਗਾ? ਇਨ੍ਹਾਂ ਤੋਂ ਬਿਨਾਂ ਕਿਵੇਂ ਚਲਾਉਣਾ ਹੈ ਆਪਣਾ ਕੰਮ, ਸੋਚਿਆ ਵੀ ਹੈ ਕਦੇ? ਇਹ ਵੀ ਸੋਚਿਆ ਹੈ ਕਦੇ ਕਿ ਜੇ ਦੂਸਰੇ ਸੂਬਿਆਂ ਨੇ ਵੀ ਇਹੋ ਰਾਹ ਫੜ ਲਿਆ ਤਾਂ ਓਥੋਂ ਕੱਢੇ ਪੰਜਾਬੀ ਵਸਾਉਣੇ ਕਿੱਥੇ ਹਨ? ਤੁਹਾਡੇ ਕੋਲ ਤਾਂ ਉਨ੍ਹਾਂ ਦੇ ਟਰੱਕ ਖੜੇ ਕਰਨ ਜੋਗੀ ਥਾਂ ਨਹੀਂ ਬਚਣੀ!

ਗੁਰੂ ਦੇ ਸਿੱਖ ਅਖਵਾਉਂਦੇ ਹਾਂ ਪਰ ਸਾਨੂੰ ਏਨਾ ਵੀ ਯਾਦ ਨਹੀਂ ਕਿ "ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ" ਵੀ ਸਾਡੇ ਓਸੇ ਗੁਰੂ ਨੇ ਕਿਹਾ ਸੀ ਉਹੀ ਗੁਰੂ ਜਿਨ੍ਹਾ ਦਾ ਜਨਮ ਪਟਨੇ 'ਚ ਹੋਇਆ ਸੀ! 'ਭਈਏ ਭਜਾਓ ਮੁਹਿੰਮ' ਦੌਰਾਨ ਹੀ ਇੰਗਲੈਂਡ ਤੋਂ ਖ਼ਬਰ ਆਈ ਕਿ ਬੱਚੀਆਂ ਨਾਲ ਮੂੰਹ ਕਾਲਾ ਕਰਨ ਦੇ ਦੋਸ਼ ਹੇਠ ਇੱਕ ਪੰਜਾਬੀ ਨੂੰ ਸਜ਼ਾ ਸੁਣਾਈ ਗਈ ਹੈ, ਉਸ ਪੰਜਾਬੀ ਨੂੰ ਕਿੱਥੇ ਰੱਖੋਗੇ ਸਿੰਘੋ!

ਬੱਚੇ ਨਾਲ ਘਿਨਾਉਣੀ ਹਰਕਤ ਕਰਨ ਵਾਲੇ ਨੂੰ ਕਿਸੇ ਵੀ ਹਾਲਤ 'ਚ ਬਖਸ਼ਿਆ ਨਹੀਂ ਜਾਣਾ ਚਾਹੀਦਾ ਪਰ ਉਸ ਦੇ ਕੀਤੇ ਦੀ ਸਜ਼ਾ ਬਾਕੀ ਲੱਖਾਂ ਲੋਕਾਂ ਨੂੰ ਦਿੱਤੀ ਜਾਵੇ, ਇਹ ਕਿੱਥੋਂ ਦਾ ਇਨਸਾਫ਼ ਹੋਇਆ।

ਕੋਈ ਵੀ ਬੰਦਾ ਜਨਮ ਤੋਂ ਅਪਰਾਧੀ ਨਹੀਂ ਹੁੰਦਾ, ਉਸ ਨੂੰ ਉਸ ਦਾ ਆਲਾ ਦੁਆਲਾ ਬਣਾਉਂਦਾ ਹੈ, ਸਮਾਜਕ-ਆਰਥਿਕ ਹਾਲਾਤ ਬਣਾਉਂਦੇ ਹਨ ਤੇ ਇਹ ਹਾਲਾਤ ਉਸ ਨੇ ਖ਼ੁਦ ਨਹੀਂ ਬਣਾਏ ਹੁੰਦੇ, ਸਿਸਟਮ ਬਣਾਉਂਦਾ ਹੈ। 'ਪਹਿਲਗਾਮ ਕਾਂਡ' ਤਾਂ ਯਾਦ ਹੀ ਹੋਵੇਗਾ! ਵੱਡੀ ਪੱਧਰ 'ਤੇ ਪਾਕਿਸਤਾਨ ਖ਼ਿਲਾਫ਼ ਮੁਹਿੰਮ ਚਲਾਈ ਗਈ, ਹਰ ਗਲੀ ਹਰ ਨੁੱਕਰ 'ਚੋਂ 'ਰਾਸ਼ਟਰਵਾਦ' ਨੇ ਸਿਰ ਚੁੱਕ ਲਿਆ। ਜੋ ਸੰਜਮ ਰੱਖਣ ਦੀ ਗੱਲ ਕਰਦਾ ਰਾਸ਼ਟਰ-ਵਿਰੋਧੀ ਗਰਦਾਨਿਆਂ ਜਾਣ ਲੱਗਾ ਆਪਰੇਸ਼ਨ ਸਿੰਧੂਰ ਚਲਾਇਆ ਗਿਆ ਜਾਪਣ ਲੱਗਾ ਕਿ ਜੰਗ ਤਾਂ ਹੋਈ ਲਓ..! ਹੁਣ ਨਹੀਂ ਬਚਣ ਲੱਗਾ ਪਾਕਿਸਤਾਨ..! ਉਹ ਮਸਲਾ ਕਿਸੇ ਤਣ-ਪੱਤਣ ਨਹੀਂ ਲੱਗਾ ਕਿਉਂਕਿ ਉਸ ਦਾ ਪੱਤਣ ਹੀ ਨਹੀਂ ਸੀ ਪਰ ਉਸੇ ਪਾਕਿਸਤਾਨ ਨਾਲ ਕ੍ਰਿਕਟ ਮੈਚ ਵੀ ਖੇਡ ਲਿਆ ਜਿਸ ਤੋਂ 'ਸਿੰਧੂਰ ਦਾ ਬਦਲਾ' ਲੈਣਾ ਸੀ..! 'ਰਾਸ਼ਟਰਵਾਦੀ ਲਾਣੇ' ਨੂੰ ਪਤਾ ਹੀ ਨਹੀਂ ਲੱਗਾ ਕਿ ਉਸ ਹੱਥ 'ਖੇਡ-ਭਾਵਨਾ ਦੀ ਤਖ਼ਤੀ' ਕਦੋਂ ਦੇ ਦਿੱਤੀ ਗਈ! ਸਮਝ ਆਈ ਕੁੱਝ ਜਾਂ ਆਪਾਂ ਜਮੂਰੇ ਹੀ ਰਹਿਣਾ ਹੈ!


ਪੰਜਾਬੀਆਂ ਨੇ ਹਰ ਵੰਗਾਰ ਦਾ ਟਾਕਰਾ ਕੀਤਾ ਹੈ ਤੇ ਜਿੱਤੇ ਵੀ ਆਂ ਇਨ੍ਹਾਂ ਲੁਕਵੀਆਂ ਵੰਗਾਰਾਂ ਨੂੰ ਪਛਾਣਨਾ ਤੇ ਇਨ੍ਹਾਂ ਨਾਲ ਸਿੱਝਣਾ ਵੀ ਸਿੱਖੋ ਯਾਰੋ!

ਬੇਗਾਨੀ ਤਾਲ 'ਤੇ ਨੱਚਣਾ ਬੰਦ ਕਰੋ, ਆਪਣੇ 'ਵਿਚਾਰਾਂ ਦੇ ਖੰਡੇ ਦੀ ਧਾਰ' 'ਤੇ ਨੱਚਣਾ ਸ਼ੁਰੂ ਕਰੋ..!

ਗੁਰੂ ਦੇ ਸਿੱਖ ਉਸ ਵੇਲੇ ਹੀ ਅਖਵਾ ਸਕਾਂਗੇ ਜਦ ਸਮੁੱਚੀ "ਮਾਨਸ ਕੀ ਜਾਤਿ" ਨੂੰ ਇੱਕੋ ਅੱਖ ਨਾਲ ਦੇਖਾਂਗੇ।

Sandhu G Construction Ltd.
Preparation- Shower Base - Water Proof
We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom
ਵਰਕਰ ਦੀ ਤੁਰੰਤ ਲੋੜ
ਕੈਲਗਰੀ 'ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖ਼ਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ

Harmanjot Dhudike
403-975-0006
Sharmanjot22@gmail.com


Universal Health
It's all about "U"
PHARMACY
Compounding & Home Health Care


Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

Harpreet Parmar B.Com M. CPA
Chartered Professional Accountant
• Accounting • Tax • Business Advisory
We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.
• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services
ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।
In Business Since 1997
New Location

Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



ਡਾ. ਬਲਜਿੰਦਰ
94170-79720
singh.drbaljinder@gmail.com

# ਹੜ੍ਹ-ਕੁਦਰਤ ਦਾ ਕਹਿਰ ਨਹੀਂ ਹਨ



ਸੱਪ ਤੋਂ ਨੀਂ ਡਰਦੀ,
ਸ਼ੀਂਹ ਤੋਂ ਨੀਂ ਡਰਦੀ,
ਮਾਰੀ ਤੁਬਕੇ ਦੀ।

ਪੰਜਾਬੀ ਜ਼ੁਬਾਨ ਦੀ ਇਹ ਮਸ਼ਹੂਰ ਕਹੌਤ ਆਪਣੇ ਆਪ 'ਚ ਡੂੰਘੇ ਅਰਥ ਸਮੋਈ ਬੈਠੀ ਹੈ। ਜਦ ਕਦੇ ਵੀ ਉੱਪਰ ਆਸਮਾਨੀ ਕਾਲੇ ਬੱਦਲ ਮੰਡਰਾਉਂਦੇ ਨਜ਼ਰੀਂ ਪੈਂਦੇ ਹਨ ਤਾਂ ਗ਼ਰੀਬ ਘਰਾਂ ਨੂੰ ਆਪਣੇ ਭਾਂਡੇ-ਟੀਂਡੇ ਸਾਂਭਣ ਦਾ ਫ਼ਿਕਰ ਸਤਾਉਣ ਲੱਗਦਾ ਹੈ। ਬਿੱਲਕੁਲ ਇਸੇ ਨੂੰ ਰੂਪਮਾਨ ਕਰਦੀ ਸਥਿਤੀ ਅੱਜ ਪੰਜਾਬ ਦੀ ਹੈ, ਪਰ ਪੰਜਾਬ ਅੰਦਰ ਤਾਂ ਗੱਲ ਹੁਣ ਤੁਬਕੇ ਤੋਂ ਬਚਣ ਦੀ ਨਾ ਰਹਿਕੇ ਆਪਣੀ ਜਾਨ ਨੂੰ ਬਚਾਉਣ ਦੀ ਆਣ ਬਣੀ ਹੈ। ਅਤੇ ਬੇਪਰਵਾਹ ਵਹਿੰਦੇ ਪਾਣੀ ਸਰਹੱਦਾਂ ਦੀ ਕੋਈ ਪਰਵਾਹ ਨਹੀਂ ਕਰਦੇ, ਉਹ ਹੱਦਾਂ-ਬੰਨਿਆਂ ਨੂੰ ਤੋੜ ਆਪਣੇ ਮਾਰਗ ਵਹਿੰਦੇ ਰਹਿੰਦੇ ਹਨ, ਖ਼ਬਰਾਂ ਮੁਤਾਬਕ ਇਨ੍ਹਾਂ ਮੀਹਾਂ ਨਾਲ ਨਾ ਸਿਰਫ਼ ਚੜ੍ਹਦੇ ਪੰਜਾਬ ਅੰਦਰ ਬਲਕਿ ਲਹਿੰਦੇ ਪੰਜਾਬ ਯਾਨੀ ਕਿ ਪਾਕਿਸਤਾਨ ਵਿਚਲੇ ਪੰਜਾਬ ਅੰਦਰ ਵੀ ਲੋਕ ਇਸ ਤ੍ਰਾਸਦੀ ਨੂੰ ਹੰਢਾ ਰਹੇ ਹਨ। ਪਾਵਨ ਸਥਾਨ ਕਰਤਾਰਪੁਰ ਸਾਹਿਬ ਦਾ ਹਾਲ ਸਭ ਨੇ ਮੀਡੀਆ 'ਤੇ ਦੇਖਿਆ ਹੀ ਹੈ। ਪੰਜਾਬ ਅੰਦਰ ਵੀ ਜਦੋਂ ਕਿਤੇ ਮੀਹਾਂ ਦਾ ਰੈੱਡ ਅਲਰਟ ਯਾਨੀ ਕਿ ਖ਼ਤਰੇ ਦੀ ਘੰਟੀ ਦਾ ਐਲਾਨ ਜਾਰੀ ਕੀਤਾ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸੂਬੇ ਦੇ ਨੀਵੇਂ ਖੇਤਰਾਂ ਤੇ ਖਾਸ ਕਰ ਦਰਿਆਵਾਂ ਦੇ ਕਿਨਾਰਿਆਂ ਦੇ ਲੋਕਾਂ ਨੂੰ ਆਪਣੀ ਹੋਣੀ ਸਾਹਮਣੇ ਨਜ਼ਰ ਆਉਣ ਲੱਗ ਜਾਂਦੀ ਹੈ। ਅਗਸਤ ਦੇ ਆਖ਼ਰੀ ਅੱਧ 'ਚ ਪਈਆਂ ਤੇਜ਼ ਬਰਸਾਤਾਂ ਨੇ ਪੰਜਾਬ ਸਮੇਤ ਉੱਤਰੀ ਭਾਰਤ ਦੇ ਹੋਰਨਾਂ ਸੂਬਿਆਂ ਨੂੰ ਗੰਭੀਰ ਹੜ੍ਹਾਂ ਦੀ ਮਾਰ ਹੇਠ ਲੈ ਆਂਦਾ ਹੈ। ਅੱਜ ਪੰਜਾਬ ਦੇ ਕਰੀਬ 13 ਜ਼ਿਲ੍ਹਿਆਂ ਦੇ 2100 ਪਿੰਡਾਂ ਦੇ ਲੱਖਾਂ ਲੋਕ ਤੇ ਡੰਗਰ ਤੇ ਫਸਲਾਂ ਬੁਰੀ ਤਰ੍ਹਾਂ ਹੜ੍ਹਾਂ ਦੀ ਮਾਰ ਝੱਲ ਰਹੇ ਹਨ। ਬਹੁਤੇ ਪਿੰਡਾਂ ਵਿੱਚ 3 ਤੋਂ 10 ਫੁੱਟ ਤੱਕ ਪਾਣੀ ਭਰਿਆ ਹੋਇਆ ਹੈ।

ਪੰਜਾਬ ਅੰਦਰ ਮੀਹਾਂ ਦੇ ਸਬੰਧ 'ਚ ਰੈੱਡ ਅਲਰਟ ਤਾਂ ਭਾਵੇਂ ਜਾਰੀ ਕਰ ਦਿੱਤਾ ਗਿਆ ਪਰ ਹੇਠਾਂ ਜ਼ਮੀਨੀ ਪੱਧਰ 'ਤੇ ਪੰਜਾਬ ਪੁਲਿਸ, ਪੰਜਾਬ ਸਰਕਾਰ ਦੇ ਆਪਦਾ ਰੋਕੂ ਮਹਿਕਮੇ ਜਾਂ ਐੱਨਡੀਆਰਐੱਫ ਵਰਗੀ ਕਿਸੇ ਹੋਰ ਏਜੰਸੀ ਨੂੰ ਸਰਗਰਮ ਕਰਕੇ ਹੜ੍ਹ ਪੀੜਤਾਂ ਨੂੰ ਅਗਾਊਂ ਆਗਾਹ ਕਰਨ, ਕੋਈ ਰਾਹਤ ਪਹੁੰਚਾਉਣ ਦੀ ਕੋਈ ਵੀ ਸਰਗਰਮੀ ਧਿਆਨ 'ਚ ਨਹੀਂ ਆਈ। ਇਹ ਵੀ ਕੋਈ ਕੁਥਾਂ ਨਹੀਂ ਹੈ ਕਿ ਲੋਕ ਜਦੋਂ ਕਿਤੇ ਆਪਣੀਆਂ ਮੰਗਾਂ/ਮਸਲਿਆਂ ਨੂੰ ਲੈ ਕੇ ਕੋਈ ਜਥੇਬੰਦਕ ਕਾਰਵਾਈ ਲਈ ਲਾਮਬੰਦ ਹੁੰਦੇ ਹਨ ਤਾਂ ਪੁਲਸ ਦੀਆਂ ਇਹੀ ਧਾੜਾਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਸਵੇਰੇ ਸਾਝਰੇ ਹੀ ਆ ਲੋਕਾਂ ਦੇ ਦਰ ਖੜਕਾਉਂਦੀਆਂ ਹਨ।

ਇੱਕ ਹੋਰ ਨੁਕਤਾ ਧਿਆਨ ਦੀ ਮੰਗ ਕਰਦਾ ਹੈ ਕਿ ਇਹਨਾਂ ਹੜ੍ਹਾਂ ਬਾਰੇ ਸੋਸ਼ਲ ਮੀਡੀਏ ਰਾਹੀਂ ਇਨ੍ਹਾਂ ਹੜ੍ਹਾਂ ਬਾਰੇ ਸੋਸ਼ਲ ਮੀਡੀਏ ਰਾਹੀਂ ਤਾਂ ਬਹੁਤ ਵਿਸਥਾਰ 'ਚ ਜਾਣਕਾਰੀ ਮਿਲੀ ਹੈ ਪਰ ਇਸ ਮਸਲੇ ਨੂੰ ਮੁਲਕ ਪੱਧਰ 'ਤੇ ਨਾ ਤਾਂ ਗੋਦੀ ਮੀਡੀਆ ਨਾ ਹੀ ਕੇਂਦਰ ਦੀ ਮੋਦੀ ਹਕੂਮਤ ਮੁਖ਼ਾਤਿਬ ਹੋਈ।

ਹੈ। ਹੜ੍ਹਾਂ ਦੀ ਮਾਰ ਹੇਠ ਆਏ ਪੰਜਾਬ ਦੀ ਬਾਂਹ ਨਾ ਫੜਣ ਵਾਲੀ ਮੋਦੀ ਦੀ ਹਕੂਮਤ ਪੰਜਾਬ ਦੇ ਡੈਮਾਂ ਅਤੇ ਹੋਰ ਅਧਿਕਾਰਾਂ ਨੂੰ ਆਪਣੇ ਹੱਥ ਲੈਣ ਦੀ ਕਾਰਵਾਈ ਇੱਕ ਧੱਕੜ ਕਾਰਵਾਈ।

ਅਜਿਹੀ ਕਿਸਮ ਦੀਆਂ ਤ੍ਰਾਸਦੀਆਂ ਮੌਕੇ ਜਿਵੇਂ ਕਿ ਅਕਸਰ ਸਰਕਾਰਾਂ ਕਰਦੀਆਂ ਹਨ, ਪੰਜਾਬ ਦੀ ਭਗਵੰਤ ਮਾਨ ਸਰਕਾਰ ਦੇ ਮੁੱਖ ਮੰਤਰੀ ਤੋਂ ਲੈਕੇ ਮੰਤਰੀ-ਸੰਤਰੀ, ਵਿਧਾਇਕ, ਪ੍ਰਸ਼ਾਸਨਿਕ ਅਧਿਕਾਰੀ ਹੜ੍ਹਾਂ ਦੀ ਮਾਰ ਹੇਠ ਆਏ ਲੋਕਾਂ ਨਾਲ ਹਮਦਰਦੀ ਪ੍ਰਗਟਾਉਂਦਿਆਂ ਆਪਣੀਆਂ ਫੋਟੋਆਂ ਖਿਚਵਾਉਣ ਤੱਕ ਸੀਮਤ ਹਨ। ਹਰੀਕੀ ਪੱਧਰ 'ਤੇ ਕੋਈ ਰਾਹਤ ਲੋਕਾਂ ਤੱਕ ਨਹੀਂ ਪਹੁੰਚ ਰਹੀ।

ਹੜ੍ਹਾਂ ਵਰਗੀ ਤ੍ਰਾਸਦੀ ਨੂੰ ਦੋ ਪੱਖਾਂ ਤੋਂ ਘੋਖਿਆ ਜਾਣਾ ਚਾਹੀਦਾ ਹੈ। ਪਹਿਲੀ, ਹੜ੍ਹ ਆਉਂਦੇ ਹੀ ਕਿਓਂ ਹਨ ਅਤੇ ਦੂਜਾ ਹੜ੍ਹਾਂ ਦੀ ਰੋਕਥਾਮ ਲਈ ਢੁੱਕਵੇਂ ਪ੍ਰਬੰਧ ਕਿਓਂ ਨਹੀਂ ਕੀਤੇ ਜਾਂਦੇ? ਇਹ ਲਿਖਤ ਭਰਵੇਂ ਰੂਪ 'ਚ ਹੜ੍ਹਾਂ ਬਾਰੇ ਵਿਸ਼ਲੇਸ਼ਣ ਕਰਨ ਵਾਲੀ ਲਿਖਤ ਨਾ ਹੋਕੇ ਇੱਕ ਸੰਖੇਪ ਲਿਖਤ ਹੀ ਹੈ, ਸੋ ਇਸ 'ਚ ਮੋਟੇ ਰੂਪ 'ਚ ਹੀ ਕੁੱਝ ਵਿਚਾਰ ਕੀਤਾ ਗਿਆ ਹੈ। ਹੋਰਨਾਂ ਕਾਰਨਾਂ ਦੇ ਨਾਲ-ਨਾਲ ਅੱਜ ਦੀ ਹਾਲਤ 'ਚ ਹੜ੍ਹਾਂ ਦੇ ਆਉਣ ਦਾ ਸਭ ਤੋਂ ਵੱਡਾ ਕਾਰਨ ਹੈ- ਵਾਤਾਵਰਣ ਵਿਗਾੜ। ਵਾਤਾਵਰਣ ਵਿਗਾੜ ਦਾ ਕਾਰਨ ਹੈ ਸਾਮਰਾਜੀ ਕਾਰਪੋਰੇਟ ਵਿਕਾਸ। ਜਿਸ ਵਿੱਚ ਮੁਨਾਫ਼ਾ ਕਮਾਉਣ ਦੀ ਅੰਨ੍ਹੀ ਹੋੜ ਲੱਗੀ ਰਹਿੰਦੀ ਹੈ। ਵਾਤਾਵਰਣ ਪੱਖੀ ਕੁਦਰਤੀ ਵਿਕਾਸ ਸਰਕਾਰਾਂ ਦੇ ਏਜੰਡੇ ਤੋਂ ਤਾਂ ਹਮੇਸ਼ਾ ਗਾਇਬ ਹੀ ਰਹਿੰਦਾ ਹੈ। ਅਕਸਰ ਹੀ ਜਦੋਂ ਗੰਭੀਰ ਹੜ੍ਹਾਂ ਦੀ ਹਾਲਤ ਬਣਦੀ ਹੈ ਤਾਂ ਸਰਕਾਰਾਂ ਅੱਭੜਵਾਹੇ ਹੀ ਕੁੰਭਕਰਨੀ ਨੀਂਦ 'ਚੋਂ ਜਾਗਦੀਆਂ ਹਨ ਅਤੇ ਸੱਭ ਤੋਂ ਪਹਿਲਾ ਕੰਮ ਇਹ ਕਰਦੀਆਂ ਹਨ ਕਿ ਹੜ੍ਹਾਂ ਨੂੰ ਬਾਰ-ਬਾਰ ਹੋਣ ਤੋਂ ਰੋਕਣ ਲਈ ਇੱਕ ਕਮਿਸ਼ਨ ਦਾ ਗਠਨ ਕਰ ਦਿੱਤਾ ਜਾਂਦਾ ਹੈ। ਜਿਹਾ ਕਿ 2011 ਵਿੱਚ ਹੜ੍ਹਾਂ ਦੀ ਰੋਕਥਾਮ ਲਈ ਪ੍ਰੋ ਮਾਧਵ ਗਾਡਗਿਲ ਦੀ ਅਗਵਾਈ 'ਚ ਬਣਾਇਆ ਸੀ। ਪਰ ਹਾਲਾਤ ਇਹ ਹਨ ਕਿ ਇਸ ਕਮਿਸ਼ਨ ਦੀ ਰਿਪੋਰਟ ਹਾਲੇ ਤੱਕ ਵੀ ਫਾਈਲਾਂ ਦੀ ਧੂੜ ਹੀ ਫੱਕ ਰਹੀ ਹੈ। ਉਸ ਤੋਂ ਬਾਅਦ ਰੰਗਾਨਾਥਨ ਕਮਿਸ਼ਨ ਬਣਾਇਆ ਗਿਆ ਉਸ ਨੇ ਪ੍ਰੋ. ਗਾਡਗਿਲ ਵੱਲੋਂ ਕੀਤੀਆਂ ਗਈਆਂ ਵਾਤਾਵਰਣ ਪੱਖੀ ਸਿਫਾਰਸ਼ਾਂ ਨੂੰ ਰੱਦ ਹੀ ਕਰ ਦਿੱਤਾ ਗਿਆ। ਇਸ ਤਰ੍ਹਾਂ ਹੀ ਹਿਮਾਚਲ, ਉੱਤਰਾਖੰਡ ਤੇ ਕਸ਼ਮੀਰ ਵਰਗੇ ਪਹਾੜੀ ਇਲਾਕਿਆਂ ਅੰਦਰ ਬੱਦਲ ਫਟਣ ਦੀਆਂ ਘਟਨਾਵਾਂ 'ਚ ਹੋਇਆ ਵਾਧਾ ਵੀ ਸੰਵੇਦਨਸ਼ੀਲ ਖੇਤਰ ਅੰਦਰ ਅੰਧਾਧੁੰਦ ਕੀਤੀਆਂ ਉਸਾਰੀਆਂ, ਉਸਾਰੇ ਜਾ ਰਹੇ ਚਾਰ ਮਾਰਗੀ ਸੜਕੀ ਜਾਲ ਰਾਹੀਂ ਕੀਤੇ ਜਾ ਰਹੇ ਅੰਧਾਧੁੰਦ ਪਹਾੜਾਂ ਅਤੇ ਦਰਖਤਾਂ ਦੀ ਕਟਾਈ, ਪਹਾੜਾਂ ਨੂੰ ਕੱਟ ਕੇ ਬਣਾਈਆਂ ਜਾ ਰਹੀਆਂ ਸੁਰੰਗਾਂ ਅਤੇ ਡੈਮ ਵਾਤਾਵਰਣ ਸੰਤੁਲਨ ਵਿਗਾੜ ਪੱਖ ਤੋਂ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਜਿਸ ਨਾਲ ਲੋਕਾਂ ਦੇ ਪੈਸੇ ਨਾਲ ਉਸਾਰੀਆਂ ਜਰਨੈਲੀ ਸੜਕਾਂ ਤੇ ਪੁਲ ਦੇਂਹਦਿਆਂ-ਦੇਂਹਦਿਆਂ ਹੀ ਅੱਖ ਦੇ ਫੋਰ 'ਚ ਹੀ ਪਾਣੀ ਦੇ ਨਾਲ ਕੰਕੜ-ਪੱਥਰ ਬਣ ਵਹਿ ਤੁਰਦੇ ਹਨ।

ਹੜ੍ਹਾਂ ਦੀ ਰੋਕਥਾਮ ਲਈ ਸਭ ਤੋਂ ਪਹਿਲੀ ਬੁਨਿਆਦੀ ਸ਼ਰਤ ਇਹ ਬਣਦੀ ਹੈ ਕਿ ਹਕੂਮਤੀ ਗੱਦੀਆਂ ਤੇ ਬਿਰਾਜਮਾਨ ਸਿਆਸੀ ਪਾਰਟੀਆਂ ਦੇ ਏਜੰਡੇ ਵਿੱਚ ਲੋਕ ਹੋਣ। ਤ੍ਰਾਸਦੀ ਇਹ ਹੈ ਕਿ ਸੱਤ ?ਹਾ ਉੱਪਰ ਜਿਹੜੇ ਵੀ ਮਰਜ਼ੀ ਰੰਗ ਦੀ ਹਕੂਮਤ ਆ ਜਾਵੇ, ਸਭ ਨੇ ਲਾਗੂ ਤਾਂ ਦੇਸੀ-ਬਦੇਸ਼ੀ ਕਾਰਪੋਰੇਟ ਘਰਾਣਿਆਂ ਪੱਖੀ ਨੀਤੀਆਂ ਨੂੰ ਕਰਨਾ ਹੁੰਦਾ ਹੈ। ਹੁਣ ਗੱਲ ਆਉਂਦੀ ਹੈ ਹੜ੍ਹ ਪੀੜਤ ਲੋਕਾਂ ਨੂੰ ਰਾਹਤ ਪ੍ਰਦਾਨ ਕਰਨੀ। ਦੂਸਰਾ ਪੱਖ ਹੜ੍ਹਾਂ ਦੀ ਰੋਕਥਾਮ ਲਈ ਕੀਤੇ ਗਏ ਢੁੱਕਵੇਂ ਪ੍ਰਬੰਧਾਂ ਦਾ।

ਮੌਜੂਦਾ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਚਾਰ ਸਾਲ ਤੋਂ ਸਤ ?ਹਾ 'ਤੇ ਬਿਰਾਜਮਾਨ ਹੈ। ਹਰ ਸਾਲ ਹੀ ਪੰਜਾਬ ਦੇ ਲੋਕਾਂ ਨੂੰ ਹੜ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੰਜਾਬ ਵਿੱਚੋਂ ਲੰਘਦੇ ਸਤਲੁਜ, ਬਿਆਸ ਅਤੇ ਰਾਵੀ ਦਰਿਆ ਭਾਰੀ ਮੀਂਹਾਂ ਦੇ ਮੌਸਮ ਵਿੱਚ ਤਬਾਹੀ ਦਾ ਕਾਰਨ ਬਣਦੇ ਹਨ। ਹਿਮਾਚਲ ਵਿੱਚ ਜ਼ਿਆਦਾ ਮੀਂਹ ਪੈਣ ਨਾਲ ਡੈਮ ਨੱਕੋ ਨੱਕ ਭਰ ਜਾਂਦੇ ਹਨ ਤਾਂ ਲੱਖਾਂ ਕਿਊਸਿਕ ਪਾਣੀ ਇਨ੍ਹਾਂ ਦਰਿਆਵਾਂ ਵਿੱਚ ਛੱਡਿਆ ਜਾਂਦਾ ਹੈ ਜਿਹੜਾ ਅੱਗੇ ਜਾਕੇ ਦਰਿਆਵਾਂ ਦੇ ਕੰਢੇ ਵਸਦੇ ਲੋਕਾਂ ਲਈ ਤ੍ਰਾਸਦੀ ਬਣ ਜਾਂਦਾ ਹੈ। ਇਸ ਸਬੰਧ 'ਚ ਨੋਟ ਕਰਨ ਵਾਲੀ ਗੱਲ ਹੈ ਕਿ ਮੀਂਹ ਅਤੇ ਮੌਸਮ ਨਾਲ ਸਬੰਧਤ ਅਗਾਊਂ ਹੀ ਬਹੁਤ ਹੀ ਸਟੀਕ ਜਾਣਕਾਰੀ ਮੁਹੱਈਆ ਕਰਵਾਉਣ ਵਾਲੇ ਬਹੁਤ ਸਾਰੇ ਉੱਚ ਤਕਨੀਕ ਵਾਲੇ ਯੰਤਰ ਅੱਜ ਕੱਲ੍ਹ ਹਾਸਲ ਹਨ। ਇਨ੍ਹਾਂ ਦੀ ਮੱਦਦ ਨਾਲ ਅਜਿਹੀ ਜਾਣਕਾਰੀ ਨੂੰ ਲੋਕਾਂ ਤੱਕ ਪਹੁੰਚਾਇਆ ਜਾਣਾ ਚਾਹੀਦਾ ਹੈ ਅਤੇ ਤ੍ਰਾਸਦੀ ਦੀ ਰੋਕਥਾਮ ਲਈ ਅਗਾਊਂ ਲੋੜੀਂਦੇ ਪ੍ਰਬੰਧ ਕਰ ਲਏ ਜਾਣੇ ਚਾਹੀਦੇ ਹਨ, ਡੈਮਾਂ ਦੀ ਸਮਰੱਥਾ ਮੁਤਾਬਕ ਉਨ੍ਹਾਂ ਦੇ ਪਾਣੀ ਦੇ ਵਹਾਅ ਨੂੰ ਨਿਗਰਾਨੀ ਹੇਠ ਕਰਨ ਦੇ ਪ੍ਰਬੰਧ ਕੀਤੇ ਜਾ ਸਕਦੇ ਹਨ। ਪਰ ਸਰਕਾਰਾਂ ਐਧਰ ਧਿਆਨ ਨਾ ਦੇਕੇ ਫੌਕੀ ਵਾਹਵਾ ਖੱਟਣ ਲਈ ਉਹ ਕੁੱਝ ਕਰਦੀਆਂ ਹਨ, ਜਿਨ੍ਹਾਂ 'ਚੋਂ ਉਹਨਾਂ ਨੂੰ ਫੋਕੀ ਵਾਹਵਾ ਮਿਲਦੀ ਹੋਵੇ ਅਤੇ ਉਹ ਇਸ ਵਾਹਵਾ ਨੂੰ ਵੋਟਾਂ 'ਚ ਕੈਸ਼ ਕਰਾ ਸਕਣ।

ਲੋਕਾਂ ਨੂੰ ਹੜ੍ਹਾਂ ਤੋਂ ਬਚਾਉਣ ਲਈ ਭਾਰੀ ਮੀਂਹ ਦੇ ਪਾਣੀ ਦੇ ਨਿਕਾਸ ਲਈ 1955-56 ਤੋਂ ਪੰਜਾਬ ਅੰਦਰ ਡਰੇਨਾਂ ਦੀ ਉਸਾਰੀ ਕੀਤੀ ਹੋਈ ਹੈ। ਪਰ ਇਨ੍ਹਾਂ ਡਰੇਨਾਂ ਦੀ ਸਾਫ਼ ਸਫ਼ਾਈ ਅਤੇ ਕਿਨਾਰਿਆਂ ਨੂੰ ਮਜ਼ਬੂਤ ਕਰਨ ਲਈ ਆਉਂਦੀ ਰਕਮ ਸਿਆਸੀ ਆਗੂਆਂ ਅਤੇ ਉੱਚ ਅਫ਼ਸਰਸ਼ਾਹੀ ਦੀ ਮਿਲੀਭੁਗਤ ਨਾਲ ਇਨ੍ਹਾਂ ਦੇ ਢਿੱਡਾਂ ਵਿੱਚ ਪੈ ਜਾਂਦੀ ਹੈ। ਦਰਿਆਵਾਂ, ਨਹਿਰਾਂ, ਸੂਇਆਂ, ਕੱਸੀਆਂ, ਡਰੇਨਾਂ ਆਦਿ ਦੀ ਸਾਫ਼ ਸਫ਼ਾਈ ਲਈ ਰੱਖੇ ਮੇਟ, ਬੇਲਦਾਰ ਨਵੀਂ ਨੀਤੀ ਦੀ ਭੇਂਟ ਚੜ੍ਹਾਕੇ ਲੱਭਦਿਆਂ ਵੀ ਨਹੀਂ ਲੱਭਦੇ। ਪਿਛਲੇ ਸਾਲ ਘੱਗਰ ਦਰਿਆ ਨੇ ਮਾਨਸਾ ਜ਼ਿਲ੍ਹੇ ਵਿੱਚ ਥਾਂ ਥਾਂ ਬੰਨ੍ਹ ਟੁੱਟਣ ਨਾਲ ਵੱਡੀ ਤਬਾਹੀ ਮਚਾਉਂਦਿਆਂ ਦਹਿ ਹਜ਼ਾਰਾਂ ਏਕੜ ਫ਼ਸਲ ਬਰਬਾਦ ਕਰ ਦਿੱਤੀ ਸੀ। ਇਸ ਵਾਰ ਸਰਕਾਰੀ ਰਿਪੋਰਟਾਂ ਮੁਤਾਬਕ 7 ਲੱਖ ਏਕੜ ਫ਼ਸਲਾਂ ਦੀ ਬਰਬਾਦੀ ਹੋ ਗਈ ਹੈ। ਹੜ੍ਹਾਂ ਦੀ ਰੋਕਥਾਮ ਅਤੇ ਇਨ੍ਹਾਂ ਤੋਂ ਹੋਣ ਵਾਲੀ ਤਬਾਹੀ ਨੂੰ ਰੋਕਣ ਲਈ ਇੱਕ ਹੋਰ ਕਾਰਗਰ ਸਾਧਨ ਢੁੱਕਵੀਂਆਂ ਥਾਵਾਂ ਦੀ ਸ਼ਨਾਖਤ ਕਰਦਿਆਂ ਉਨ੍ਹਾਂ ਥਾਵਾਂ 'ਤੇ ਪਾਣੀ ਦੀਆਂ ਝੀਲਾਂ ਦੀ ਉਸਾਰੀ ਕਰਵਾਈ ਜਾ ਸਕਦੀ ਹੈ ਅਤੇ ਇਸ ਜਮ੍ਹਾਂ ਪਾਣੀ ਨੂੰ ਬਾਅਦ 'ਚ ਸਿੰਜਾਈ ਤੇ ਹੋਰ ਕੰਮਾਂ ਲਈ ਵਰਤਿਆ ਜਾ ਸਕਦਾ ਹੈ।

ਭਗਵੰਤ ਮਾਨ ਸਰਕਾਰ ਨੇ ਸੱਤ ?ਹਾ ਸੰਭਾਲਣ ਵੇਲੇ ਕਾਮੇਡੀ ਭਾਸ਼ਣ ਦਿੰਦਿਆਂ ਵਾਅਦਾ ਕੀਤਾ ਸੀ ਕਿ ਗਰਦੌਰੀ ਬਾਅਦ ਵਿੱਚ, ਮੁਆਵਜ਼ਾ ਪਹਿਲਾਂ। ਹਕੀਕਤ ਇਸ ਦੇ 180 ਦਰਜੇ ਉਲਟ ਹੈ ਕਿ ਗਰਦੌਰੀ ਤੋਂ ਪਹਿਲਾਂ ਮੁਆਵਜ਼ਾ ਦੇਣ ਦੀ ਤਾਂ ਗੱਲ ਹੀ ਕੀ ਕਰਨੀ, ਭੇਡ, ਬੱਕਰੀ ਤੱਕ ਦਾ ਮੁਆਵਜ਼ਾ ਦੇਣ ਦਾ ਵਾਅਦਾ ਕਰਨ ਵਾਲੀ ਭੰਡ ਸਰਕਾਰ ਕੋਲੋਂ ਪਿਛਲੇ ਸਾਲ ਦਾ ਮੁਆਵਜ਼ਾ ਵੀ ਨੀਂ ਸਰਿਆ।

ਕਾਰਪੋਰੇਟੀ ਵਿਕਾਸ ਮਾਡਲ ਤਹਿਤ ਭਾਰਤ

Gill
Truck & Trailer Repair
& Mobile Service
Lube and Truck Wash
Gill Brothers
Owner
Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4

BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।
Jaswinder S Bains, Ph.D., OD.

ਮਾਲਾ ਪ੍ਰਾਜੈਕਟਾਂ ਰਾਹੀਂ ਵਿਛਾਇਆ ਸੜਕਾਂ ਦਾ ਜਾਲ ਵੀ ਪੰਜਾਬ ਅੰਦਰ ਆਏ ਹੜ੍ਹਾਂ ਲਈ ਜ਼ਿੰਮੇਵਾਰ ਹੈ, ਜਿਸ ਨਾਲ ਪਾਣੀ ਦੇ ਕੁਦਰਤੀ ਵਹਾਅ ਨੂੰ ਬੰਨ੍ਹ ਮਾਰਕੇ 20-20 ਫੁੱਟ ਉੱਚੀਆਂ ਸੜਕਾਂ ਦੀ ਉਸਾਰੀ ਕੀਤੀ ਜਾ ਰਹੀ ਹੈ ਅਤੇ ਦੂਜੇ ਪਾਸੇ ਪੰਜਾਬ ਦੇ ਕਿਸਾਨ ਤਾਂ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਲਾਗੂ ਕੀਤੀ ਫ਼ਸਲੀ ਬੀਮਾ ਦੇ ਸ਼੍ਰੀ ਗਣੇਸ਼ ਕੀਤੇ ਜਾਣ ਦੀ ਉਡੀਕ ਕਰ ਰਹੇ ਹਨ। ਇਸ ਵੱਡੀ ਤ੍ਰਾਸਦੀ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲੀਆ ਦੌਰੇ ਮੌਕੇ 1600 ਕਰੋੜ ਰੁਪਏ ਦੀ ਮਾਮੂਲੀ ਸਹਾਇਤਾ ਐਲਾਨ ਕੇ ਪੰਜਾਬ ਨਾਲ ਕੋਝਾ ਮਜ਼ਾਕ ਕੀਤਾ ਹੈ। ਪੰਜਾਬ ਅਤੇ ਕੇਂਦਰ ਸਰਕਾਰਾਂ ਦੇ ਆਪਣੇ ਸਿਆਸੀ ਕਾਟੋ ਕਲੇਸ਼ ਦਾ ਖਮਿਆਜ਼ਾ ਪੰਜਾਬ ਦੇ ਲੋਕ ਭੁਗਤ ਰਹੇ ਹਨ। ਇਸ ਦੇ ਮੁਕਾਬਲੇ ਹੜ੍ਹਾਂ ਦੀ ਤ੍ਰਾਸਦੀ ਵਾਲੇ ਹਾਲਾਤ ਅੰਦਰ ਇੱਕ ਬਹੁਤ ਹੀ ਹਾਂ ਪੱਖੀ ਵਰਤਾਰਾ ਦੇਖਣ ਨੂੰ ਮਿਲਿਆ ਕਿ ਸਰਕਾਰੀ ਇਮਦਾਦ ਦੀ ਉਡੀਕ ਕੀਤਿਆਂ ਭਰਾਤਰੀਭਾਵ ਨਾਲ ਲੈਸ ਪੰਜਾਬ ਦੀ ਲੋਕਾਈ ਨੇ ਇੱਕ ਦੂਜੇ ਨੂੰ ਮੱਦਦ ਦੇਣ ਦੀ ਮਿਸਾਲੀ ਸਾਂਝ ਨਿਭਾਈ ਹੈ। ਹਿੰਦ-ਪਾਕਿ ਦੀਆਂ ਦੀਵਾਰਾਂ ਭਲੇ ਹੀ ਹਾਕਮਾਂ ਖੜ੍ਹੀਆਂ ਕਰ ਦਿੱਤੀਆਂ, ਪਰ ਜਦੋਂ ਬਾਰਡਰ ਦੇ ਪਿੰਡ ਮਹਿਦੀਪੁਰ ਦੇ ਬੰਨ੍ਹ ਨੂੰ ਤੇਜ਼ ਰਫ਼ਤਾਰ ਪਾਣੀ ਰੋੜਕੇ ਲੈ ਗਿਆ ਤਾਂ ਦੋਨੋਂ ਪਾਸਿਆਂ ਤੋਂ ਲੋਕਾਂ ਨੇ ਰਲਕੇ ਬੰਨ੍ਹ ਮਾਰਨ ਨੇ ਮਿਸਾਲ ਪੈਦਾ ਕਰ ਦਿਖਾਈ। ਅਖ਼ਬਾਰਾਂ ਅਜਿਹੀਆਂ ਮਿਸਾਲੀ ਘਟਨਾਵਾਂ ਨੂੰ ਨਹੀਂ ਉਭਾਰਕੇ ਪੇਸ਼ ਨਹੀਂ ਕਰ ਰਹੀਆਂ। ਉਹ ਸਿਰਫ਼ ਸਰਕਾਰੀ ਨੁਮਾਇੰਦਿਆਂ ਦੇ ਗੇੜੇ ਦਰ ਗੇੜਿਆਂ ਨੂੰ ਉਭਾਰ ਰਹੀਆਂ ਹਨ। ਜਦੋਂ ਕਿ ਲੋਕਾਂ ਦਾ ਮੁੱਖ ਬਚਾਅ ਆਪਸੀ ਭਾਈਚਾਰਕ ਸਾਂਝ ਕਰਕੇ ਹੋ ਰਿਹਾ ਹੈ। ਹਰਿਆਣਾ, ਯੂਪੀ, ਰਾਜਸਥਾਨ, ਦਿੱਲੀ ਤੱਕ ਦੇ ਕਿਸਾਨ ਪੰਜਾਬ ਦੇ ਲੋਕਾਂ ਦੀ ਮੱਦਦ ਲਈ ਅੱਗੇ ਆਏ ਹਨ। ਨੁਕਸਾਨ ਸਰਕਾਰਾਂ ਦੀ ਲੁਟੇਰੀ ਖ਼ਸਲਤ ਕਰਕੇ ਹੋ ਰਿਹਾ ਹੈ। ਦੂਜਾ ਇਸ ਨੁਕਸਾਨ ਨੇ ਦੱਸ ਦਿੱਤਾ ਕਿ ਪਾਣੀਆਂ ਉੱਤੇ ਅਧਿਕਾਰ ਦਾ ਸਵਾਲ ਮੁੱਖ ਤੌਰ ਉਤੇ ਰਿਪੇਰੀਅਨ ਕਾਨੂੰਨ ਮੁਤਾਬਿਕ ਕਿਓਂ ਹੱਲ ਹੋਣਾ ਚਾਹੀਦਾ ਹੈ। ਡੈਮਾਂ ਦੇ ਪ੍ਰਬੰਧ ਉੱਪਰ ਕੇਂਦਰੀ ਹਕੂਮਤ ਦੇ ਕਬਜ਼ੇ ਦੀ ਨੀਤ ਸਪੱਸ਼ਟ ਰੂਪ 'ਚ ਸਾਹਮਣੇ ਹੈ।

ਇਸ ਨੀਤੀ ਦਾ ਡਟਵਾਂ ਵਿਰੋਧ ਕਰਦਿਆਂ ਇਹ ਮੰਗ ਕਰਨੀ ਚਾਹੀਦੀ ਹੈ ਕਿ ਅਗਰ ਸਰਕਾਰਾਂ ਲੋਕਾਂ ਨੂੰ ਦਰਪੇਸ਼ ਹੜ੍ਹਾਂ ਵਰਗੀਆਂ ਤ੍ਰਾਸਦੀਆਂ ਅੰਦਰ ਕੋਈ ਸਹਾਇਤਾ ਹੀ ਮੁਹੱਈਆ ਨਹੀਂ ਕਰਦੀਆਂ ਤਾਂ ਉਨ੍ਹਾਂ ਨੂੰ ਲੋਕਾਂ ਪਾਸੋਂ ਟੈਕਸ ਉਗਰਾਹੁਣ ਦਾ ਵੀ ਕੋਈ ਹੱਕ ਨਹੀਂ। ਚਿਤਾਰਿਆ ਜਾਣਾ ਚਾਹੀਦਾ ਹੈ ਕਿ ਹੜ੍ਹਾਂ ਵਰਗੀਆਂ ਆਫ਼ਤਾਂ ਨਾਲ ਨਜਿੱਠਣਾ ਅੱਜ ਕੋਈ ਬਹੁਤਾ ਔਖਾ ਨਹੀਂ ਹੈ। ਸੰਸਾਰ ਭਰ ਦੇ ਇਨਕਲਾਬੀ ਲੋਕਾਂ ਨੇ ਆਪਣੇ ਬਾਹੂਬਲ ਦੇ ਆਸਰੇ ਇਨ੍ਹਾਂ ਦਰਿਆਵਾਂ ਦੇ ਮੂੰਹ ਆਪਣੀ ਸਹੂਲਤ ਅਨੁਸਾਰ ਮੋੜੇ ਹਨ ਅਤੇ ਇਹਨਾਂ ਨੂੰ ਸਮੂਹ ਲੋਕਾਈ ਦੀਆਂ ਜ਼ਰੂਰਤਾਂ ਲਈ ਵਰਤਿਆ ਹੈ। ਇਸ ਲਈ ਇਨਕਲਾਬੀ ਵਿਚਾਰਾਂ ਨਾਲ ਹੋਰ ਵੱਧ ਲੈਸ ਤੇ ਜਥੇਬੰਦ ਹੋਏ ਲੋਕ ਇਕੱਠੇ ਹੋਕੇ ਅਜਿਹੀਆਂ ਕੁਦਰਤੀ ਆਫ਼ਤਾਂ ਦਾ ਮੁਕਾਬਲਾ ਕਿਤੇ ਵੱਧ ਸੰਘਰਸ਼ਮਈ ਢੰਗ ਨਾਲ ਕਰ ਸਕਦੇ ਹਨ ਅਤੇ ਸਰਕਾਰ ਕੋਲੋਂ ਆਪਣੇ ਲਈ ਬਣਦੀ ਹੱਕੀ ਸਹਾਇਤਾ ਵੀ ਹਾਸਲ ਕਰ ਸਕਦੇ ਹਨ। ਹੋਰਨਾਂ ਮੰਗਾਂ-ਮਸਲਿਆਂ ਨੂੰ ਲੈ ਕੇ ਸਰਕਾਰ ਖ਼ ?ਲਾਫ਼ ਜੱਦੋਜਹਿਦ ਕਰਨ ਦੇ ਨਾਲ-ਨਾਲ ਆਪਣੇ ਸੰਘਰਸ਼ ਦੀ ਧਾਰ ਨੂੰ ਹੜ੍ਹਾਂ, ਸੋਕਿਆਂ, ਡੋਬਿਆਂ ਦੇ ਹਕੀਕੀ ਜ਼ਿੰਮੇਵਾਰ ਇਸ ਲੋਕ ਦੋਖੀ ਪ੍ਰਬੰਧ ਖਿਲਾਫ਼ ਅਤੇ ਢੁਕਵੇ ਲੋਕ ਪੱਖੀ ਹੱਲਾਂ ਹੱਲ ਸੇਧਤ ਕਰਦਿਆਂ ਕਰ ਸਕਦੇ ਹਨ।

ਅਜਿਹੇ ਭੀੜਭਰੇ ਹਾਲਾਤ ਅੰਦਰ ਲੋਕ ਕਵੀ ਸੰਤ ਰਾਮ ਉਦਾਸੀ ਦੀ ਕਲਮ 'ਚੋਂ ਨਿਕਲੀਆਂ ਇਹ ਸਤਰਾਂ ਲੋਕਾਂ ਦੇ ਖਾਜ਼ਾ ਬਣਦੇ ਹੋਣ ਦਾ ਤੱਤ ਪੇਸ਼ ਕਰਦੀਆਂ ਹਨ-

**ਜੇ ਸੋਕਾ ਇਹ ਹੀ ਸੜਦੇ ਨੇ**
**ਜੇ ਡੋਬਾ ਇਹ ਹੀ ਮਰਦੇ ਨੇ**
**ਸਭ ਕਹਿਰ ਇਹਨਾਂ ਸਿਰ ਵਰ੍ਹਦੇ ਨੇ**
**ਜਿੱਥੇ ਫ਼ਸਲਾਂ ਨੇ ਛੱਡ ਜਾਂਦੀਆਂ ਅਰਮਾਨ ਤਰੇੜੇ**
**ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ**

*ਅੰਮ੍ਰਿਤਸਰ ਜ਼ਿਲ੍ਹੇ ਲਈ ਚੁਣੌਤੀਆਂ*

# ਜ਼ਮੀਨੀ ਹਕੀਕਤ ਦੇ ਆਰ-ਪਾਰ : ਹੜ੍ਹ ਦਾ ਕਹਿਰ





*ਪਿਊਪਲਜ਼ ਆਰਕਾਈਵ ਫਾਰ ਰੂਰਲ ਇੰਡੀਆ (PARI) ਪੇਂਡੂ ਖੇਤਰ ਦੇ ਅਰਥਚਾਰੇ ਤੋਂ ਲੈ ਕੇ ਲੋਕਾਂ ਦੀ ਜੀਵਨ ਪ੍ਰਕਿਰਿਆ, ਜੀਵਕਾ ਅਤੇ ਉਨ੍ਹਾਂ ਦੇ ਸੰਕਟਾਂ ਨੂੰ ਸੰਬੋਧਤ ਹੋ ਕੇ ਕਾਰਜ ਕਰਨ ਵਾਲੀ ਸੰਸਥਾ ਹੈ। ਖੇਤੀ ਖੇਤਰ ਤੇ ਪੇਂਡੂ ਅਰਥਚਾਰੇ ਤੋਂ ਲੈ ਕੇ ਆਤਮਹੱਤਿਆਵਾਂ ਦੇ ਨਾਲ ਨਾਲ ਕਿਸਾਨ ਅੰਦੋਲਨਾਂ ਨੂੰ ਸਹੀ ਸਮਝਦਾਰੀ ਪ੍ਰਦਾਨ ਕਰਨ ਵਾਲੇ ਪੀ.ਸਾਈਨਾਥ ਪਾਰੀ ਦੇ ਮੁੱਖ ਸੰਚਾਲਕ ਅਤੇ ਸੰਪਾਦਕ ਹਨ। ਦੇਸ਼ ਭਰ ਵਿਚ ਜਿਸ ਵੀ ਖਿੱਤੇ ਵਿਚ ਕਿਸਾਨੀ ਅਤੇ ਖੇਤ ਮਜ਼ਦੂਰਾਂ ਉਪਰ ਵੱਖ-ਵੱਖ ਕਾਰਨਾਂ ਕਰਕੇ ਸੰਕਟ ਆਉਂਦੇ ਹਨ ਉਨ੍ਹਾਂ ਲਈ ਉਨ੍ਹਾਂ ਦੀਆਂ ਟੀਮਾਂ ਵੱਖ ਵੱਖ ਸਟੋਰੀਆਂ ਨੂੰ ਜਨਸਮੂਹ ਅੱਗੇ ਲੈ ਕੇ ਆਉਂਦੀਆਂ ਹਨ ਤਾਂ ਕਿ ਇਨ੍ਹਾਂ ਲੋਕਾਂ ਦੇ ਦੁੱਖਾਂ, ਦਰਦਾਂ ਦੀ ਕਹਾਣੀ ਜਨ ਸਮੂਹ ਸਾਹਮਣੇ ਆ ਸਕੇ। ਪਾਰੀ ਦੇ ਅਸੀਂ ਧੰਨਵਾਦੀ ਹਾਂ ਕਿ ਉਨ੍ਹਾਂ ਦੀ ਮੌਜੂਦਾ ਹੜ੍ਹਾਂ 'ਤੇ ਲਿਖੀ ਗਈ ਇਕ ਸਟੋਰੀ ਰੂਬਰੂ ਪਾਠਕਾਂ ਦੇ ਸਨਮੁਖ ਕਰ ਰਹੇ ਹਾਂ। - ਸੰਪਾਦਕ*

**ਅਰਸ਼ਦੀਪ ਅਰਸ਼ੀ**

ਅੰਮ੍ਰਿਤਸਰ ਜ਼ਿਲ੍ਹੇ ਦੇ ਘਰ ਤੇ ਖੇਤ ਹੜ੍ਹਾਂ ਦੀ ਮਾਰ ਹੇਠ ਹਨ। ਖੇਤ ਮਜ਼ਦੂਰ ਆਪਣੇ ਰੁਜ਼ਗਾਰ ਨੂੰ ਲੈ ਕੇ ਚਿੰਤਤ ਹਨ ਜੋ ਹੜ੍ਹਾਂ ਦੇ ਪਾਣੀ ਤੇ ਕਈ-ਕਈ ਫੁੱਟ ਰੇਤ ਹੇਠਾਂ ਦੱਬ ਕੇ ਰਹਿ ਗਿਆ ਹੈ।

ਮਾਛੀਵਾਲ ਪਿੰਡ ਦੇ ਲੋਕਾਂ ਨੇ ਇਸ ਪੱਤਰਕਾਰ ਨੂੰ ਚਾਹ ਪੁੱਛੀ, ਉਸੇ ਸਮਾਨ ਨਾਲ ਜੋ ਹੜ੍ਹ ਰਾਹਤ ਸਮੱਗਰੀ ਵਜੋਂ ਉਨ੍ਹਾਂ ਨੂੰ ਮਿਲ਼ਿਆ ਸੀ। ਰਾਵੀ ਦੇ ਕੰਢੇ ਟੁੱਟਣ ਕਾਰਨ ਆਏ ਵਿਆਪਕ ਹੜ੍ਹਾਂ ਨੇ ਉਨ੍ਹਾਂ ਦੇ ਘਰ ਤਬਾਹ ਕਰ ਦਿੱਤੇ, ਖੇਤ ਰੇਤ ਤੇ ਪਾਣੀ ਨਾਲ਼ ਭਰ ਦਿੱਤੇ ਅਤੇ ਉਨ੍ਹਾਂ ਨੂੰ ਬੇਸਹਾਰਾ ਕਰਕੇ ਅਸਥਾਈ ਝੁੱਗੀਆਂ ਵਿੱਚ ਰਹਿਣ ਲਈ ਮਜਬੂਰ ਕਰ ਦਿੱਤਾ।

ਅਗਸਤ ਮਹੀਨੇ ਵਿੱਚ ਆਏ ਹੜ੍ਹਾਂ ਵਿੱਚ ਉਹਨਾਂ ਨੇ ਲਗਭਗ ਆਪਣਾ ਸਭ ਕੁਝ ਗੁਆ ਲਿਆ।

ਸਰਬਜੀਤ ਕੌਰ ਰਮਦਾਸ ਬਲਾਕ ਦੇ ਮਾਛੀਵਾਲ ਪਿੰਡ ਦੇ ਬਾਹਰਲੇ ਪਾਸੇ ਉਸ ਜਗ੍ਹਾ ਕੋਲ਼ ਝੁੱਗੀ ਵਿੱਚ ਬੈਠੀ ਹੈ, ਜਿੱਥੇ ਰਾਵੀ ਦਰਿਆ ਦੀ ਮਚਾਈ ਤਬਾਹੀ ਤੋਂ ਪਹਿਲਾਂ ਉਹਨਾਂ ਦਾ ਘਰ ਦਾ ਹੁੰਦਾ ਸੀ। ਆਪਣੀ ਜ਼ਿੰਦਗੀ ਵਿੱਚ ਆਏ ਇਸ ਦਰਦਨਾਕ ਮੋੜ ਬਾਰੇ ਗੱਲ ਕਰਦਿਆਂ ਉਹ ਕੱਚਾ ਜਿਹਾ ਮੁਸਕੁਰਾ ਰਹੀ ਹੈ।

"ਅਸੀਂ ਸਾਰੀ ਰਾਤ ਬੰਨ੍ਹ ਨੂੰ ਮਜ਼ਬੂਤ ਕਰਨ ਵਿੱਚ ਲੱਗੇ ਰਹੇ," 18 ਸਾਲਾ ਸਰਬਜੀਤ ਨੇ PARI ਨੂੰ ਦੱਸਿਆ। "27 ਅਗਸਤ (2025) ਨੂੰ ਸਵੇਰੇ 6 ਵਜੇ ਗੁਰਦੁਆਰੇ ਦੇ ਸਪੀਕਰ ਵਿੱਚੋਂ ਆਵਾਜ਼ ਦਿੱਤੀ ਗਈ ਕਿ ਧੁੱਸੀ ਟੁੱਟ ਗਈ ਹੈ। ਅਸੀਂ ਸਾਰੇ ਬਚਾਅ ਕਰਨ ਲਈ ਉੱਚੇ ਪਾਸੇ ਵੱਲ ਨੂੰ ਭੱਜੇ।

ਮਾਛੀਵਾਲ ਅੰਮ੍ਰਿਤਸਰ ਜ਼ਿਲ੍ਹੇ ਦਾ ਇੱਕ ਛੋਟਾ ਜਿਹੀ ਪਿੰਡ ਹੈ ਜਿਸਦੀ ਆਬਾਦੀ 1,186 (2011 ਦੀ ਮਰਦਮਸ਼ੁਮਾਰੀ ਅਨੁਸਾਰ) ਹੈ ਤੇ ਪਿੰਡ ਵਿੱਚ ਬਹੁਤੀ ਆਬਾਦੀ ਜੱਟ ਸਿੱਖ ਤੇ ਰਾਏ ਸਿੱਖਾਂ, ਜੋ ਪੰਜਾਬ ਵਿੱਚ ਪਛੜੀਆਂ ਜਾਤੀਆਂ ਵਿੱਚ ਆਉਂਦੇ ਹਨ, ਦੀ ਹੈ। ਦਲਿਤ ਪਰਿਵਾਰ ਆਮ ਕਰਕੇ ਥੋੜ੍ਹੀ ਜ਼ਮੀਨ 'ਤੇ ਖੇਤੀ ਕਰਕੇ ਅਤੇ ਦੂਜਿਆਂ ਦੇ ਖੇਤਾਂ ਵਿੱਚ ਮਜ਼ਦੂਰੀ ਕਰਕੇ ਗੁਜ਼ਾਰਾ ਕਰਦੇ ਹਨ।

ਸਰਬਜੀਤ ਦਾ ਪਰਿਵਾਰ ਰਾਏ ਸਿੱਖਾਂ ਵਿੱਚੋਂ ਆਉਂਦਾ ਹੈ ਤੇ ਉਹ ਖੇਤ ਮਜ਼ਦੂਰੀ ਕਰਕੇ ਗੁਜ਼ਾਰਾ ਚਲਾਉਂਦੇ ਹਨ। ਉਹਦੀ ਮਾਂ, ਜੋ ਖੇਤ ਮਜ਼ਦੂਰੀ ਹੀ ਕਰਦੀ ਸੀ, ਦੀ ਛੇ ਮਹੀਨੇ ਪਹਿਲਾਂ ਮੌਤ ਹੋ ਚੁੱਕੀ ਹੈ; ਉਸਦੇ ਪਿਤਾ ਨੂੰ ਮਿਰਗੀ ਦੇ ਦੌਰੇ ਪੈਂਦੇ ਹਨ ਤੇ ਉਹ ਕੰਮ ਨਹੀਂ ਕਰ ਸਕਦੇ। ਦੋ ਭਰਾਵਾਂ ਤੇ ਇੱਕ ਭੈਣ ਮਜ਼ਦੂਰੀ ਕਰਕੇ ਘਰ ਦਾ ਖਰਚਾ ਚਲਾਉਂਦੇ ਹਨ।

ਤਿੰਨ ਤੋਂ ਚਾਰ ਦਿਨ ਪਿੰਡ ਹੜ੍ਹ ਦੇ ਪਾਣੀ ਵਿੱਚ ਡੁੱਬਿਆ ਰਿਹਾ, ਤੇ ਕਈ ਥਾਵਾਂ 'ਤੇ ਪਾਣੀ ਅੱਠ-ਅੱਠ ਫੁੱਟ ਤੱਕ ਚਲਾ ਗਿਆ ਸੀ। ਪਾਣੀ ਨੇ ਖੇਤ ਮਜ਼ਦੂਰਾਂ ਦੇ ਸਾਦੇ ਜਿਹੇ ਘਰ ਤਬਾਹ ਕਰ ਦਿੱਤੇ, ਝੋਨੇ ਦੀ ਫ਼ਸਲ ਦੀ ਬਰਬਾਦ ਕਰ ਦਿੱਤੀ ਜੋ ਪੱਕਣ ਕਿਨਾਰੇ ਸੀ ਅਤੇ ਖੇਤਾਂ ਨੂੰ ਰੇਤ ਨਾਲ਼ ਭਰ ਦਿੱਤਾ। ਵੱਡੇ-ਵੱਡੇ ਸਫ਼ੈਦਿਆਂ ਦੇ ਰੁੱਖ ਤੱਕ ਪੁੱਟ ਸੁੱਟੇ।

ਜਦ ਰਣਜੀਤ ਸਾਗਰ ਡੈਮ ਤੋਂ ਰਾਵੀ ਵਿੱਚ ਅਚਾਨਕ ਪਾਣੀ ਛੱਡਿਆ ਗਿਆ ਤਾਂ ਅੰਮ੍ਰਿਤਸਰ ਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਜ਼ਮੀਨ ਦਾ ਵੱਡਾ ਹਿੱਸਾ ਹੜ੍ਹ ਦੀ ਮਾਰ ਹੇਠ ਆ ਗਿਆ। ਥੀਨ ਡੈਮ ਦੇ ਨਾਂ ਨਾਲ਼ ਵੀ ਜਾਣਿਆ ਜਾਂਦਾ ਇਹ ਡੈਮ ਸੂਬੇ ਦੇ ਉੱਤਰੀ ਸਿਰੇ 'ਤੇ ਪੈਂਦਾ ਹੈ, ਜੋ ਸਰਬਜੀਤ ਦੇ ਪਿੰਡ ਤੋਂ ਕੋਈ 100 ਕਿਲੋਮੀਟਰ ਦੂਰ ਹੈ। ਹਿਮਾਚਲ ਤੇ ਜੰਮੂ ਕਸ਼ਮੀਰ, ਜਿੱਥੇ ਜਾਂਦੀ ਵਾਰ ਦੀ ਮਾਨਸੂਨ ਦੌਰਾਨ ਭਾਰੀ ਬਾਰਿਸ਼ਾਂ ਹੋਈਆਂ, ਦੇ ਕੈਚਮੈਂਟ ਖੇਤਰਾਂ ਵਿੱਚੋਂ ਜ਼ਿਆਦਾ ਪਾਣੀ ਦੀ ਆਮਦ ਕਰਕੇ 26 ਅਗਸਤ ਤੱਕ ਡੈਮ ਖ਼ਤਰੇ ਦੇ ਨਿਸ਼ਾਨ, 528 ਮੀਟਰ ਤੱਕ ਭਰ ਗਿਆ ਸੀ।

ਤੇ ਸਥਾਨਕ ਖ਼ਬਰਾਂ ਮੁਤਾਬਕ 26 ਅਗਸਤ 2025 ਨੂੰ ਉਧਮਪੁਰ ਵਿੱਚ 24 ਘੰਟਿਆਂ ਦੌਰਾਨ 629 ਮਿਲੀਮੀਟਰ ਬਾਰਿਸ਼ ਹੋਈ। ਹੇਠਲੇ ਪਾਸੇ ਪੈਂਦੇ ਡੈਮ ਵਿੱਚ 528.008 ਮੀਟਰ ਤੱਕ ਪਾਣੀ ਭਰ ਚੁੱਕਿਆ ਸੀ, ਜੋ ਲਗਭਗ ਇਹਦੀ ਪੂਰੀ ਉਚਾਈ ਦੇ ਬਰਾਬਰ ਸੀ। ਜਦ ਡੈਮ ਵਿੱਚ ਮੀਂਹ ਦਾ ਪਾਣੀ ਭਰਨ ਲੱਗਿਆ ਤਾਂ ਗੇਟ ਖੋਲ੍ਹਣ ਤੋਂ ਬਿਨ੍ਹਾਂ ਕੋਈ ਚਾਰਾ ਨਾ ਰਿਹਾ ਅਤੇ ਜਿੰਨਾ ਪਾਣੀ ਆਇਆ, ਲਗਭਗ ਓਨਾ ਹੀ ਛੱਡ ਦਿੱਤਾ ਗਿਆ: 2.25 ਲੱਖ ਕਿਊਸਿਕ (ਕਿਊਬਿਕ ਫੁੱਟ ਪ੍ਰਤੀ ਸੈਕਿੰਡ) ਆਇਆ ਤੇ 2.15 ਲੱਖ ਕਿਊਸਿਕ ਛੱਡਿਆ ਗਿਆ।

ਛੱਡੇ ਗਏ ਪਾਣੀ ਨਾਲ਼ 1959 'ਚ ਬਣੇ ਮਾਧੋਪੁਰ ਬੈਰਾਜ ਦੇ ਦੋ ਗੇਟ ਵੀ ਟੁੱਟ ਗਏ। ਤੇਜ਼ ਵਹਿੰਦਾ ਉੱਜ ਦਰਿਆ (ਸਹਾਇਕ ਨਦੀ) ਵੀ ਉੱਫਣੇ ਰਾਵੀ ਦਰਿਆ ਵਿੱਚ ਜਾ ਸ਼ਾਮਲ ਹੋਇਆ ਜਿਸ ਨਾਲ਼ ਅੰਮ੍ਰਿਤਸਰ, ਗੁਰਦਾਸਪੁਰ ਅਤੇ ਅੰਤਰਰਾਸ਼ਟਰੀ ਸਰਹੱਦ ਦੇ ਪਰਲੇ ਪਾਰ ਤੱਕ ਹੜ੍ਹ ਆ ਗਿਆ - ਸਰਬਜੀਤ ਦਾ ਪਿੰਡ ਪਾਕਿਸਤਾਨ ਦੀ ਸਰਹੱਦ ਤੋਂ ਮਹਿਜ਼ ਪੰਜ ਕੁ ਕਿਲੋਮੀਟਰ ਦੂਰ ਹੈ। ਰਾਵੀ ਵਿੱਚ ਅਜਿਹਾ ਹੜ੍ਹ ਆਖਰੀ ਵਾਰ 1988 ਵਿੱਚ ਆਇਆ ਸੀ।

ਸਰਬਜੀਤ ਆਪਣੇ ਤੇ ਹੋਰਨਾਂ ਨੂੰ ਮਹਿਸੂਸ ਹੋਏ ਡਰ ਦਾ ਜ਼ਿਕਰ ਕਰਦੀ ਹੈ। ਉਹਨਾਂ ਨੇ ਪਹਿਲਾਂ ਕਦੇ ਅਜਿਹਾ ਕੁਝ ਨਹੀਂ ਦੇਖਿਆ ਸੀ। ਤੇਜ਼ੀ ਨਾਲ਼ ਪਾਣੀ ਵਧਣ ਕਰਕੇ, ਲੋਕ ਜ਼ਿਆਦਾ ਕੁਝ ਨਾ ਬਚਾ ਸਕੇ ਅਤੇ ਪਨਾਹ ਲੈਣ ਲਈ ਜ਼ਿਮੀਂਦਾਰ ਦੇ ਘਰ ਚਲੇ ਗਏ ਜੋ ਕਾਫ਼ੀ ਉੱਚਾ ਸੀ। ਜ਼ਿਮੀਂਦਾਰਾਂ ਦੇ ਬਹੁਤੇ ਘਰ ਬਚ ਗਏ ਸਨ, ਹਾਲਾਂਕਿ ਨੁਕਸਾਨ ਜ਼ਰੂਰ ਪਹੁੰਚਿਆ ਸੀ।

ਘਿਰੇ ਹੋਏ ਪਿੰਡ ਵਾਲ਼ਿਆਂ ਨੂੰ ਇੱਥੋਂ ਖੇਤਾਂ ਵਿੱਚ ਭਰ ਰਿਹਾ ਪਾਣੀ, ਉਹਨਾਂ ਦਾ ਵਹਿੰਦਾ ਸਮਾਨ, ਤੇ ਢਹਿੰਦੇ ਘਰ ਨਜ਼ਰ ਆ ਰਹੇ ਸਨ। ਲਗਭਗ ਤਿੰਨ ਦਿਨ ਪਿੰਡ ਵਾਲ਼ੇ ਪਾਣੀ ਵਿੱਚ ਘਿਰੇ ਰਹੇ, ਕਈ ਡੰਗਰਾਂ ਸਮੇਤ ਭੁੱਖੇ ਰਹਿਣ ਲਈ ਮਜ਼ਬੂਰ ਰਹੇ। ਨੈਸ਼ਨਲ ਡਿਜ਼ਾਸਟਰ ਰਿਸਪਾਂਸ ਟੀਮ (NDRF) ਨੂੰ ਪਹੁੰਚਣ ਵਿੱਚ ਸਮਾਂ ਲੱਗਿਆ, ਤੇ ਇਸ ਲਈ ਸਥਾਨਕ ਲੋਕਾਂ ਨੇ ਇੱਕ-ਦੂਜੇ ਦੀ ਮਦਦ ਕੀਤੀ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਤਕਰੀਬਨ 1.3 ਲੱਖ ਲੋਕ ਹੜ੍ਹਾਂ ਦੀ ਮਾਰ ਹੇਠ ਆਏ ਹਨ, ਤੇ "ਪਸ਼ੂਆਂ ਦਾ ਨੁਕਸਾਨ" ਅਜੇ ਦਰਜ ਕੀਤਾ ਜਾਵੇਗਾ (ਫਲੱਡ ਬੁਲੇਟਿਨ, 18 ਸਤੰਬਰ 2025)।

ਕੁਝ ਕੁ ਪਸ਼ੂ ਰੱਖਣ ਵਾਲ਼ੇ 62 ਸਾਲਾ ਖੇਤ ਮਜ਼ਦੂਰ ਜਸਪਾਲ ਸਿੰਘ ਨੇ ਕਿਹਾ, "ਘੱਟੋ-ਘੱਟ ਦੋ ਦਿਨ ਸਾਡੇ ਕੋਲ਼ ਕੋਈ ਕਿਸ਼ਤੀ, ਕੋਈ ਮਦਦ ਨਹੀਂ ਪਹੁੰਚੀ। ਅਸੀਂ ਪਾਣੀ ਵਿਚਾਲੇ ਡਰੇ, ਭੁੱਖੇ-ਭਾਣੇ ਬੈਠੇ ਰਹੇ।" ਉਹ ਆਪਣੇ ਪਸ਼ੂ ਤੇ ਕੁਝ ਕੁ ਸਮਾਨ ਹੀ ਬਚਾ ਸਕੇ।

ਸੂਬਾ ਸਰਕਾਰ ਦੇ ਅੰਕੜਿਆਂ ਮੁਤਾਬਕ 2,490 ਪਿੰਡ ਹੜ੍ਹਾਂ ਦੀ ਮਾਰ ਹੇਠ ਆਏ ਹਨ ਅਤੇ 57 ਲੋਕਾਂ ਦੀ ਜਾਨ ਚਲੀ ਗਈ ਹੈ। ਲਗਭਗ ਦੋ ਲੱਖ ਹੈਕਟੇਅਰ ਫ਼ਸਲੀ ਖੇਤਰ ਦਾ ਨੁਕਸਾਨ ਹੋਇਆ ਹੈ, ਜਿਸ ਵਿੱਚੋਂ ਸਭ ਤੋਂ ਜ਼ਿਆਦਾ ਨੁਕਸਾਨ, 27,154 ਹੈਕਟੇਅਰ, ਸਿਰਫ਼ ਅੰਮ੍ਰਿਤਸਰ ਜ਼ਿਲ੍ਹੇ ਵਿੱਚ ਹੋਇਆ ਹੈ। "ਜ਼ਿਮੀਂਦਾਰ ਵੀ ਮਾਰਿਆ ਗਿਆ ਤੇ ਅਸੀਂ ਵੀ," ਬਲਦੇਵ ਸਿੰਘ ਨੇ PARI ਨੂੰ ਕਿਹਾ।

70 ਸਾਲਾ ਬਲਦੇਵ ਸਿੰਘ ਸਿਰਫ਼ ਆਪਣੇ ਪਸ਼ੂਆਂ ਨੂੰ ਹੀ ਬਚਾ ਸਕੇ। "ਜਦ ਪਾਣੀ ਆਇਆ, ਅਸੀਂ ਪਸ਼ੂਆਂ ਨੂੰ ਚਾਰਾ ਪਾ ਰਹੇ ਸੀ। ਅਸੀਂ ਕੁਝ ਵੀ ਨਾ ਕੱਢ ਸਕੇ। ਬਸ ਪਸ਼ੂਆਂ ਨੂੰ ਹੀ ਬਚਾ ਸਕੇ," ਆਪਣੀ ਅਸਥਾਈ ਝੁੱਗੀ ਦੇ ਬਾਹਰ ਬੈਠਿਆਂ ਉਹਨਾਂ ਦੱਸਿਆ।

ਬਜ਼ੁਰਗ ਖੇਤ ਮਜ਼ਦੂਰ ਨੇ PARI ਨੂੰ ਦੱਸਿਆ: "1988 ਤੋਂ ਵੀ ਮਾੜਾ ਹੜ੍ਹ ਆਇਆ ਹੈ।" ਉਹਨਾਂ ਕਿਹਾ, "ਸਾਰੀ ਜ਼ਿੰਦਗੀ ਇੱਥੇ ਹੀ ਲੰਘ ਗਈ, ਕਿੱਥੇ ਜਾਵਾਂਗੇ ਅਸੀਂ?"

ਬਲਦੇਵ ਸਿੰਘ ਦੇ ਪਰਿਵਾਰ ਦੇ ਸਾਰੇ (ਛੇ) ਜੀਅ ਖੇਤ ਮਜ਼ਦੂਰੀ ਦਾ ਕੰਮ ਕਰਦੇ ਹਨ, ਤੇ ਬਿਜਾਈ ਸਮੇਂ 8,000 ਕੁ ਰੁਪਏ ਮਹੀਨਾ ਕਮਾ ਲੈਂਦੇ ਹਨ। "ਭੁੱਖੇ ਮਰਨ ਵਾਲ਼ੀ ਗੱਲ ਹੈ" ਰਾਹਤ ਸਮੱਗਰੀ ਦੇਣ ਵਾਲ਼ੀਆਂ ਸੰਸਥਾਵਾਂ ਦੇ ਸਹਾਰੇ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ। ਉਹ ਉਹਨਾਂ ਦੁਆਲ਼ੇ ਖੜ੍ਹੇ ਪਾਣੀ ਕਰਕੇ ਫੈਲਣ ਵਾਲ਼ੀਆਂ ਸੰਭਾਵੀ ਬਿਮਾਰੀਆਂ ਬਾਰੇ ਸੋਚ ਕੇ ਵੀ ਪ੍ਰੇਸ਼ਾਨ ਹਨ।

ਭਾਵੇਂ ਸਤੰਬਰ ਦੇ ਪਹਿਲੇ ਹਫ਼ਤੇ ਤੱਕ ਪਾਣੀ ਦਾ ਪੱਧਰ ਘਟ ਗਿਆ ਸੀ, ਪਰ ਕਾਫੀ ਸਾਰੀਆਂ ਧੁੱਸੀਆਂ ਅਜੇ ਵੀ ਟੁੱਟੀਆਂ ਹੋਈਆਂ ਸਨ। ਸਥਾਨਕ ਲੋਕ ਗ਼ੈਰ-ਸਰਕਾਰੀ ਸੰਸਥਾਵਾਂ (NGO) ਨਾਲ਼ ਮਿਲ ਕੇ ਇਹਨਾਂ ਨੂੰ ਦੁਬਾਰਾ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਰਾਹਤ ਪਹੁੰਚਾਉਣ ਵਾਲ਼ੀਆਂ ਸੰਸਥਾਵਾਂ, ਸਥਾਨਕ NGOs, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤੇ ਪੰਜਾਬ ਤੋਂ ਬਾਹਰੋਂ (ਹਰਿਆਣਾ, ਰਾਜਸਥਾਨ, ਉੱਤਰਾਖੰਡ, ਉੱਤਰ ਪ੍ਰਦੇਸ਼) ਵੀ ਲੋਕ ਹੜ੍ਹ ਪੀੜਤ ਲੋਕਾਂ ਲਈ ਰਾਸ਼ਨ, ਰਾਹਤ ਸਮੱਗਰੀ, ਪਸ਼ੂਆਂ ਲਈ ਚਾਰਾ, ਸੈਨੇਟਰੀ ਸਮਾਨ ਅਤੇ ਦਵਾਈਆਂ ਲਿਆ ਰਹੇ ਹਨ।

ਇਸ ਖੇਤਰ ਵਿੱਚ ਜਲਵਾਯੂ ਪਰਿਵਰਤਨ ਕਾਰਨ ਅਨਿਯਮਿਤ ਬਾਰਿਸ਼ ਅਤੇ ਅਤਿਅੰਤ ਮੌਸਮੀ ਸਥਿਤੀਆਂ ਦੋਵੇਂ ਇੱਕ ਹਕੀਕਤ ਬਣ ਗਈਆਂ ਹਨ। ਲੁਧਿਆਣਾ ਦੇ ਵਾਤਾਵਰਨ ਸਬੰਧੀ ਕਾਰਕੁੰਨ ਜਸਕੀਰਤ ਸਿੰਘ ਨੇ ਕਿਹਾ ਕਿ ਰਣਜੀਤ ਸਾਗਰ ਡੈਮ ਵਰਗਾ ਇੱਕ ਵੱਡਾ ਪਣਬਿਜਲੀ ਡੈਮ "ਮੌਸਮ ਦੀ ਭਵਿੱਖਬਾਣੀ ਨੂੰ ਧਿਆਨ ਵਿੱਚ ਨਹੀਂ ਰੱਖਦਾ।" ਉਹਨਾਂ ਕਿਹਾ: "ਅਗਸਤ ਦੇ ਮੱਧ ਤੱਕ ਡੈਮ ਆਪਣੀ ਪੂਰੀ ਭੰਡਾਰ ਕਰਨ ਦੀ ਸਮੱਰਥਾ ਤੱਕ ਭਰ ਗਏ ਸਨ। ਜਦ ਮਾਨਸੂਨ ਆਈ ਤਾਂ ਹੋਰ ਸਮੱਰਥਾ ਹੀ ਨਹੀਂ ਸੀ ਬਚੀ।

ਸਰਬਜੀਤ ਇੱਕ ਏਕੜ ਵਿੱਚ ਝੋਨਾ ਬੀਜ ਕੇ 4,000 ਰੁਪਏ ਕਮਾਉਂਦੀ ਹੈ। ਇਸ ਤੋਂ ਇਲਾਵਾ ਉਹਨੂੰ ਖੇਤਾਂ ਵਿੱਚੋਂ ਨਦੀਨ ਪੁੱਟਣ ਦੇ 40 ਰੁਪਏ ਪ੍ਰਤੀ ਘੰਟਾ ਮਿਲਦੇ ਹਨ। ਪਰ ਇਹ ਸਾਰਾ ਕੰਮ ਫਿਲਹਾਲ ਰੁਲ ? ਗਿਆ ਹੈ ਤੇ ਉਹ ਆਪਣੀਆਂ ਜ਼ਿੰਦਗੀਆਂ ਮੁੜ ਪੈਰਾਂ-ਸਿਰ ਕਰਨ ਲਈ ਮਦਦ ਦੀ ਉਮੀਦ ਕਰ ਰਹੇ ਹਨ।

ਇਹ 18 ਸਾਲਾ ਨੌਜਵਾਨ ਕੁੜੀ ਆਪਣੇ ਭਵਿੱਖ ਨੂੰ ਲੈ ਕੇ ਚਿੰਤਤ ਹੈ। "ਅੱਠਵੀਂ ਤੱਕ ਮੈਂ ਪਿੰਡ ਦੇ ਸਕੂਲ ਵਿੱਚ ਪੜ੍ਹੀ ਤੇ ਬਾਕੀ ਦੀ ਪੜ੍ਹਾਈ ਬਾਰਵੀਂ ਤੱਕ ਮੈਂ ਓਪਨ ਸਕੂਲ ਰਾਹੀਂ ਪੂਰੀ ਕੀਤੀ। ਹੁਣ ਮੈਂ ਖੇਤਾਂ ਵਿੱਚ ਮਜ਼ਦੂਰੀ ਕਰਦੀ ਹਾਂ," ਮੰਜੇ 'ਤੇ ਬੈਠੀ ਸਰਬਜੀਤ ਨੇ ਕਿਹਾ। ਸਰਬਜੀਤ ਅੱਗੇ ਪੜ੍ਹਨਾ ਚਾਹੁੰਦੀ ਸੀ ਪਰ ਘਰ ਦੇ ਗੁਜ਼ਾਰੇ ਲਈ ਉਹਨੂੰ ਪੜ੍ਹਾਈ ਛੱਡਣੀ ਪਈ। ਹੜ੍ਹਾਂ ਨਾਲ਼ ਹੋਏ ਨੁਕਸਾਨ ਤੋਂ ਬਾਅਦ ਉਹਨੂੰ ਚਿੰਤਾ ਹੈ ਕਿ ਉਹਦੀ ਕਮਾਈ ਦਾ ਕੀ ਹੋਵੇਗਾ।

ਉਹਦੇ ਭਰਾ, 15 ਸਾਲਾ ਰਣਜੀਤ ਸਿੰਘ ਨੇ ਇਸ ਪੱਤਰਕਾਰ ਨੂੰ ਉਹ ਜਗ੍ਹਾ ਦਿਖਾਈ ਜੋ ਇਸ ਸਾਲ ਦੇ ਅਗਸਤ ਮਹੀਨੇ ਤੱਕ ਉਹਨਾਂ ਦਾ ਘਰ ਸੀ। ਘਰ ਦਾ ਮੂਹਰਲਾ ਹਿੱਸਾ ਬਿਲਕੁਲ ਢਹਿ ਚੁੱਕਿਆ ਹੈ। ਸਿਰਫ਼ ਦੋ ਕਮਰੇ ਤੇ ਵਿਚਾਲੇ ਖੜ੍ਹੀ ਇੱਕ ਅਲਮਾਰੀ ਨਜ਼ਰ ਆਉਂਦੀ ਹੈ। ਅਜੇ ਵੀ ਘਰ ਤੱਕ ਨਹੀਂ ਪਹੁੰਚਿਆ ਜਾ ਸਕਦਾ ਸੀ ਕਿਉਂਕਿ ਇਸਦੇ ਆਲ਼ੇ-ਦੁਆਲ਼ੇ ਪਾਣੀ ਤੇ ਰੇਤ ਖੜ੍ਹੇ ਸਨ। "7-8 ਫੁੱਟ ਪਾਣੀ ਸੀ। 2-3 ਦਿਨ ਸਾਨੂੰ ਜ਼ਿਮੀਂਦਾਰ ਦੇ ਘਰ ਰਹਿਣਾ ਪਿਆ" ਉਹਨੇ ਦੱਸਿਆ। ਰਣਜੀਤ ਨੇ 9ਵੀਂ ਤੋਂ ਬਾਅਦ ਸਕੂਲ ਛੱਡ ਦਿੱਤਾ ਤੇ ਘਰ ਦੇ ਖਰਚਿਆਂ ਵਿੱਚ ਮਦਦ ਕਰਨ ਲਈ ਮਕੈਨਿਕ ਦਾ ਕੰਮ ਸਿੱਖ ਰਿਹਾ ਹੈ।

ਜਿਸ ਜ਼ਮੀਨ 'ਤੇ ਉਹ ਕੰਮ ਕਰਦੇ ਸਨ, ਉਹ ਪੂਰੀ ਤਰ੍ਹਾਂ ਹੜ੍ਹ ਦੀ ਮਾਰ ਹੇਠ ਆ ਗਈ, ਤੇ ਸਾਉਣੀ ਦੀ ਫ਼ਸਲ ਪੂਰੀ ਤਰ੍ਹਾਂ ਬਰਬਾਦ ਹੋ ਗਈ। ਹੁਣ ਇਹਦੇ ਉੱਤੇ ਕਈ-ਕਈ ਫੁੱਟ ਰੇਤ ਜੰਮ ਚੁੱਕੀ ਹੈ, ਜਿਸਨੂੰ ਕੱਢਣਾ ਵੀ ਚੁਣੌਤੀ ਹੋਵੇਗਾ। ਭਾਵੇਂ ਪੰਜਾਬ ਸਰਕਾਰ ਨੇ 31 ਦਸੰਬਰ ਤੱਕ ਕਿਸਾਨਾਂ ਨੂੰ ਬਿਨਾ ਪਰਮਿਟ ਦੇ ਆਪਣੇ ਖੇਤ ਸਾਫ਼ ਕਰਨ ਤੇ ਰੇਤ ਵੇਚਣ ਦੀ ਇਜਾਜ਼ਤ ਦੇ ਦਿੱਤੀ ਹੈ ਪਰ ਕਿਸਾਨਾਂ ਦੁਆਰਾ ਹਾੜ੍ਹੀ ਦੀ ਫ਼ਸਲ ਬੀਜ ਪਾਉਣਾ ਔਖਾ ਹੀ ਜਾਪ ਰਿਹਾ ਹੈ। ਜਸਪਾਲ ਸਿੰਘ ਧੁੱਸੀ 'ਤੇ ਝੁੱਗੀ ਵਿੱਚ ਆਪਣੇ ਪਰਿਵਾਰ ਨਾਲ਼ ਬੈਠੇ ਹਨ; ਉਹਨਾਂ ਦਾ ਘਰ ਰੁੜ੍ਹ ਚੁੱਕਿਆ ਹੈ। ਉਹਨਾਂ ਕਿਹਾ ਕਿ ਉਹਨਾਂ ਨੂੰ ਕੱਪੜਿਆਂ ਦੀ ਬੇਹੱਦ ਲੋੜ ਹੈ। "ਮੈਂ ਇਹ ਕੱਪੜੇ ਘੋਨੇਵਾਲ ਤੋਂ ਮੰਗ ਕੇ ਲਿਆਇਆ ਹਾਂ" ਆਪਣੇ ਪਹਿਨੇ ਹੋਏ ਕੱਪੜਿਆਂ ਬਾਰੇ ਗੱਲ ਕਰਦਿਆਂ ਉਹਨਾਂ ਕਿਹਾ। ਉਹਨਾਂ ਦੇ ਆਲ਼ੇ-ਦੁਆਲ਼ੇ ਕੱਪੜਿਆਂ ਤੇ ਬਿਸਤਰਿਆਂ ਨਾਲ਼ ਭਰੀਆਂ ਤਣੀਆਂ ਲਟਕ ਰਹੀਆਂ ਹਨ, ਜੋ ਉਹ ਪਾਣੀ ਘਟਣ ਤੋਂ ਬਾਅਦ ਕੱਢ ਸਕੇ।

ਭਾਵੇਂ ਕੁਝ ਦਿਨਾਂ ਦੀ ਧੁੱਪ ਨਾਲ਼ ਕੱਪੜੇ ਤਾਂ ਸੁੱਕ ਜਾਣਗੇ, ਪਰ ਫੁੱਲ ਚੁੱਕੀ ਕਣਕ ਜੋ ਉਹਨਾਂ ਨੇ ਸੁੱਕਣੀ ਪਾ ਰੱਖੀ ਹੈ, ਗਲ ? ਰਹੀ ਹੈ। ਇਹ ਕਈ ਮਹੀਨਿਆਂ ਦੀ ਰੋਟੀ ਦਾ ਨੁਕਸਾਨ ਹੈ। ਜਿਨ੍ਹਾਂ ਵੀ ਲੋਕਾਂ ਨਾਲ਼ PARI ਨੇ ਗੱਲ ਕੀਤੀ, ਉਹ ਸਾਰੇ ਆਪਣੀ ਜ਼ਿੰਦਗੀ ਨੂੰ ਮੁੜ ਪਟੜੀ 'ਤੇ ਲਿਆਉਣ ਲਈ ਆਤੁਰ ਹਨ, ਉਹਨਾਂ ਨੂੰ ਸਮਝ ਨਹੀਂ ਆ ਰਹੀ ਕਿ ਖੇਤੀ ਦੇ ਨੁਕਸਾਨ ਦੇ ਚਲਦੇ ਉਹਨਾਂ ਨੂੰ ਕਿਹੜਾ ਕੰਮ ਮਿਲ ਸਕੇਗਾ। ਇਸ ਵੇਲ਼ੇ ਉਹ ਰਾਹਤ ਪਹੁੰਚਾਉਣ ਵਾਲ਼ੀਆਂ ਸੰਸਥਾਵਾਂ ਦਾ ਆਸਰਾ ਲੈਣ ਲਈ ਮਜ਼ਬੂਰ ਹਨ।

# 'ਭਈਏ ਭਜਾਓ' ਮੁਹਿੰਮ ਅਤੇ ਪਰਵਾਸ ਦਾ ਸਵਾਲ

*[ਪੰਜਾਬ ਹੜ੍ਹਾਂ ਨਾਲ ਹੋਈ ਭਿਆਨਕ ਤਬਾਹੀ ਉੱਪਰ ਕਾਬੂ ਪਾਉਣ ਲਈ ਜੂਝ ਰਿਹਾ ਹੈ। ਪੂਰੀ ਤਰ੍ਹਾਂ ਨਾਕਾਮ ਗਵਰਨੈਂਸ ਲਈ ਸਰਕਾਰਾਂ ਦੀ ਜਵਾਬਦੇਹੀ ਤੇ ਹੜ੍ਹ-ਪੀੜਤਾਂ ਲਈ ਨਿਆਂ ਲਈ ਸੰਘਰਸ਼ ਇਸ ਸਮੇਂ ਸਭ ਤੋਂ ਮਹੱਤਵਪੂਰਨ ਹੈ। ਇਸ ਦਰਮਿਆਨ ਇਕ ਬੱਚੇ ਨਾਲ ਦਰਿੰਦਗੀ ਵਿਰੁੱਧ ਲੋਕਾਈ ਦੇ ਗੁੱਸੇ ਅਤੇ ਤਾਕਤ ਨੂੰ 'ਭਈਏ ਭਜਾਓ' ਵੱਲ ਲਾਇਆ ਜਾ ਰਿਹਾ ਹੈ। ਪਰਵਾਸ ਦੇ ਸਵਾਲ ਨੂੰ ਕਿਵੇਂ ਲਿਆ ਜਾਵੇ, ਇਸ ਦੇ ਹਵਾਲੇ ਨਾਲ ਕੁਝ ਮਹੱਤਵਪੂਰਨ ਨੁਕਤਿਆਂ ਦੀ ਚਰਚਾ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ]*

**-ਬੂਟਾ ਸਿੰਘ ਮਹਿਮੂਦਪੁਰ**


ਹੁਸ਼ਿਆਰਪੁਰ ਵਿਚ ਮੁਜਰਮ ਬਿਰਤੀ ਵਾਲੇ ਇਕ ਪਰਵਾਸੀ ਵੱਲੋਂ ਪੰਜ ਸਾਲ ਦੇ ਬੱਚੇ ਨਾਲ ਬਦਫੈਲੀ ਕਰਨ ਉਪਰੰਤ ਬੱਚੇ ਦੇ ਘਿਣਾਉਣੇ ਕਤਲ ਵਿਰੁੱਧ ਰੋਹ ਪੈਦਾ ਹੋਣਾ ਸੁਭਾਵਿਕ ਹੈ। ਹਰ ਇਨਸਾਨ ਨੇ ਉਸ ਬੱਚੇ ਅਤੇ ਉਸਦੇ ਪਰਿਵਾਰ ਦਾ ਦੁੱਖ ਮਹਿਸੂਸ ਕੀਤਾ ਹੈ। ਇਨਸਾਨੀਅਤ ਦਾ ਹਰੇਕ ਦਰਦਮੰਦ (ਜਿਨ੍ਹਾਂ ਵਿਚ ਪਰਵਾਸੀ ਵੀ ਸ਼ਾਮਲ ਹਨ) ਚਾਹੁੰਦਾ ਹੈ ਕਿ ਮਿ੍ਰਤਕ ਬੱਚੇ ਦੇ ਮਾਮਲੇ 'ਚ ਨਿਆਂ ਲਾਜ਼ਮੀ ਹੋਵੇ ਅਤੇ ਮੁਜਰਮਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ ਤਾਂ ਜੋ ਅਜਿਹੇ ਘਿਣਾਉਣੇ ਜੁਰਮਾਂ ਨੂੰ ਠੱਲ ਪਵੇ। ਪਰ ਚਿੰਤਾਜਨਕ ਗੱਲ ਇਹ ਹੈ ਕਿ ਭਾਈਚਾਰਕ ਸਾਂਝ ਦੀਆਂ ਦੋਖੀ ਤਾਕਤਾਂ ਇਸ ਨੂੰ ਪਰਵਾਸੀ ਬਨਾਮ ਪੰਜਾਬੀ ਮੁੱਦਾ ਬਣਾਉਣ 'ਤੇ ਤੁਲੀਆਂ ਹੋਈਆਂ ਹਨ। ਇਹ ਅਨਸਰ ਹਮੇਸ਼ਾ ਐਸੀ ਕਿਸੇ ਮਾੜੀ ਘਟਨਾ ਦੀ ਤਾਕ 'ਚ ਬੈਠੇ ਰਹਿੰਦੇ ਹਨ ਕਿ ਪਰਵਾਸੀ ਬੰਦਾ ਕੋਈ ਅਜਿਹੀ ਘਟੀਆ, ਸਮਾਜ ਵਿਰੋਧੀ ਹਰਕਤ ਕਰੇ ਜਿਸ ਨਾਲ ਉਨ੍ਹਾਂ ਨੂੰ ਸਮੁੱਚੇ ਪਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਦਾ ਮੌਕਾ ਮਿਲੇ। ਜਦੋਂ ਬਾਹਰਲੇ ਰਾਜਾਂ ਤੋਂ ਗ਼ੈਰਪੰਜਾਬੀ ਲੋਕ ਭਾਈਚਾਰਕ ਭਾਵਨਾ ਦੇ ਤਹਿਤ ਹੜ੍ਹਾਂ ਮਾਰੇ ਪੰਜਾਬੀਆਂ ਦੀ ਮੱਦਦ ਕਰਨ ਲਈ ਆ ਰਹੇ ਸਨ ਤਾਂ ਅਜਿਹੀਆਂ ਤਾਕਤਾਂ ਵੱਲੋਂ ਇਸ ਘਿਣਾਉਣੇ ਕਾਂਡ ਦੇ ਬਹਾਨੇ ਸਮੁੱਚੇ ਪਰਵਾਸੀ ਭਾਈਚਾਰੇ ਵਿਰੁੱਧ ਨਫ਼ਰਤ ਭੜਕਾਉਣੀ ਸ਼ੁਰੂ ਕਰ ਦਿੱਤੀ ਗਈ। ਇੱਥੇ ਮਸਲਾ ਤਾਂ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਾਉਣ ਦਾ ਬਣਦਾ ਹੈ ਪਰ ਇਨ੍ਹਾਂ ਪੰਜਾਬ 'ਹਿਤੈਸ਼ੀਆਂ' ਨੇ ਮੁੱਖ ਮੁੱਦਾ ਸਮੁੱਚੇ ਪਰਵਾਸੀਆਂ ਦੇ ਨਾਗਰਿਕ ਹੱਕ ਛਾਂਗਣ ਨੂੰ ਬਣਾਇਆ ਹੋਇਆ ਹੈ।

ਇੱਧਰ ਪੰਜਾਬ ਵਿਚ ਦੂਜੇ ਰਾਜਾਂ ਦੇ ਪਰਵਾਸੀਆਂ ਵਿਰੁੱਧ ਨਫ਼ਰਤ ਫੈਲਾਈ ਜਾ ਰਹੀ ਹੈ ਅਤੇ ਉੱਧਰ ਯੂ.ਕੇ.-ਆਸਟ੍ਰੇਲੀਆ-ਨਿਊਜ਼ੀਲੈਂਡ-ਕੈਨੇਡਾ ਵਗੈਰਾ 'ਚ ਨਸਲਵਾਦੀ ਤਾਕਤਾਂ ਪਰਵਾਸੀਆਂ ਵਿਰੁੱਧ ਦਹਿ-ਹਜ਼ਾਰਾਂ ਦੀ ਗਿਣਤੀ 'ਚ ਇਕੱਠੇ ਹੋ ਕੇ ਮੁਜ਼ਾਹਰੇ ਕਰ ਰਹੀਆਂ ਹਨ। ਲੰਦਨ ਵਿਚ ਅਜੋਕੇ ਸਮਿਆਂ ਦੇ ਅਜਿਹੇ ਸਭ ਤੋਂ ਵੱਡੇ 'ਯੂਨਾਈਟ ਦ ਕਿੰਗਡਮ' ਮੁਜ਼ਾਹਰੇ ਵਿਚ ਇਕ ਲੱਖ ਤੋਂ ਵੱਧ ਲੋਕ ਸ਼ਾਮਲ ਹੋਏ। ਉਸ ਮੁਜ਼ਾਹਰੇ ਵਿਚ ਟੈੱਕ ਖ਼ਰਬਪਤੀ ਐਲਨ ਮਸਕ ਦੀ ਦਿਲਚਸਪੀ ਅਤੇ ਉਚੇਚੀ ਸ਼ਮੂਲੀਅਤ ਦਰਸਾਉਂਦੀ ਹੈ ਕਿ ਸਰਮਾਏਦਾਰੀ ਅਤੇ ਨਸਲਵਾਦ ਦਾ ਕਿੰਨਾ ਗੂੜ੍ਹਾ ਰਿਸ਼ਤਾ ਹੈ। ਇਸੇ ਤਰ੍ਹਾਂ, 13 ਸਤੰਬਰ ਨੂੰ ਟੋਰਾਂਟੋ 'ਚ ਨਸਲਵਾਦੀਆਂ ਨੇ 'ਕੈਨੇਡਾ ਫਸਟ ਪੈਟਰੀਆਟ ਰੈਲੀ' ਕਰਕੇ ਇਮੀਗਰੇਸ਼ਨ ਬੰਦ ਕਰਨ ਅਤੇ ਕੈਨੇਡਾ ਉੱਪਰ 'ਬੋਝ' ਬਣੇ ਬਾਹਰਲੇ ਲੋਕਾਂ ਨੂੰ ਕੱਢਣ ਦੀ ਮੰਗ ਕੀਤੀ ਅਤੇ ਕੈਨੇਡੀਅਨ ਪਛਾਣ ਨੂੰ ਬਚਾਉਣ ਦੀ ਹਾਲ-ਦੁਹਾਈ ਮਚਾਈ। ਬੇਸ਼ੱਕ ਨਸਲਵਾਦ ਵਿਰੋਧੀ ਲੋਕਾਂ ਦਾ ਨਸਲਵਾਦੀਆਂ ਨਾਲੋਂ ਵੱਡਾ ਇਕੱਠ ਫ਼ਿਲਹਾਲ ਨਸਲਵਾਦ ਉੱਪਰ ਭਾਰੂ ਰਿਹਾ ਪਰ ਸਰਮਾਏਦਾਰੀ ਪ੍ਰਬੰਧ ਦੇ ਵਧ ਰਹੇ ਸੰਕਟ 'ਚੋਂ ਮਾਨਵਤਾ ਲਈ ਨਸਲਵਾਦ ਦੇ ਗੰਭੀਰ ਖ਼ਤਰੇ ਦੇ ਮੁੜ ਉੱਭਰਨ ਦੇ ਸੰਕੇਤ ਸਪਸ਼ਟ ਹਨ।

ਚਾਹੇ ਯੂ.ਕੇ.-ਆਸਟ੍ਰੇਲੀਆ ਵਗੈਰਾ ਦੇ ਮੁਜ਼ਾਹਰੇ ਹਨ ਜਾਂ ਪੰਜਾਬ ਦੀ 'ਭਈਏ ਭਜਾਓ' ਮੁਹਿੰਮ, ਇਨ੍ਹਾਂ 'ਚ ਸਾਂਝੀ ਤੰਦ ਇਹ ਹੈ ਕਿ ਇਹ ਜੁਰਮਾਂ, ਅਤੇ ਬੇਰੁਜ਼ਗਾਰੀ ਸਮੇਤ ਸਮਾਜ ਦੇ ਬੁਨਿਆਦੀ ਮਸਲਿਆਂ ਲਈ ਪਰਵਾਸੀਆਂ ਨੂੰ ਜ਼ਿੰਮੇਵਾਰ ਠਹਿਰਾਕੇ ਉੱਥੋਂ ਦੀਆਂ ਸਰਕਾਰਾਂ ਦੀਆਂ ਨੀਤੀਆਂ ਤੇ ਰਾਜ ਪ੍ਰਬੰਧ ਦੀ ਲੋਕ ਵਿਰੋਧੀ ਖ਼ਸਲਤ ਤੋਂ ਧਿਆਨ ਹਟਾਉਂਦੇ ਹਨ। ਬਾਹਰਲੇ ਮੁਲਕਾਂ ਵਿਚ ਵੀ ਉੱਥੋਂ ਦੇ ਨਸਲਵਾਦੀ ਗੈਂਗ ਪ੍ਰਵਾਸੀ ਭਾਰਤੀਆਂ ਤੇ ਹੋਰ ਪ੍ਰਵਾਸੀਆਂ ਵਿਰੁੱਧ ਇਸੇ ਤਰਜ਼ ਦੀ ਜ਼ਹਿਰ ਫੈਲਾਉਂਦੇ ਦੇਖੇ ਜਾ ਸਕਦੇ ਹਨ। ਪਰਵਾਸੀ ਭਾਰਤੀਆਂ, ਖ਼ਾਸ ਕਰਕੇ ਪੰਜਾਬੀਆਂ ਨੇ ਇਨ੍ਹਾਂ ਮੁਲਕਾਂ 'ਚ ਨਸਲਵਾਦ ਵਿਰੁੱਧ ਲੜਾਈ ਲੜਕੇ ਮਾਣ-ਸਨਮਾਨ ਅਤੇ ਨਾਗਰਿਕਤਾ ਹੱਕ ਹਾਸਲ ਕੀਤੇ ਸਨ। ਹੁਣ ਜਦੋਂ ਆਲਮੀ ਪੱਧਰ 'ਤੇ ਘੋਰ ਪਿਛਾਖੜੀ ਤਾਕਤਾਂ ਦੇ ਮੁੜ-ਉਭਾਰ ਨਾਲ ਨਸਲਵਾਦੀ ਤਾਕਤਾਂ ਵਧੇਰੇ ਹਮਲਾਵਰ ਹੋ ਰਹੀਆਂ ਹਨ ਤਾਂ ਉੱਥੇ ਵਸਦੇ ਪਰਵਾਸੀ ਭਾਰਤੀਆਂ ਅਤੇ ਹੋਰ ਪਰਵਾਸੀਆਂ ਨੂੰ ਆਪਣੇ ਹਿਤਾਂ ਤੇ ਹੱਕਾਂ ਦੀ ਰਾਖੀ ਲਈ ਨਸਲਵਾਦ ਵਿਰੁੱਧ ਮੁੜ ਡੱਟਣਾ ਪੈਣਾ ਹੈ। ਲੰਦਨ ਦੇ ਉਪਰੋਕਤ ਮੁਜ਼ਾਹਰੇ ਦੇ ਵਿਰੋਧ 'ਚ ਉਸੇ ਪ੍ਰਸ਼ਾਸਨਿਕ ਕੇਂਦਰ ਵਿਚ ਬਿਲਕੁਲ ਦੂਜੇ ਪਾਸੇ 'ਸਟੈਂਡ ਅੱਪ ਟੂ ਰੇਸਿਜ਼ਮ' ਮੁਜ਼ਾਹਰਾ ਕੀਤਾ ਗਿਆ ਜਿਸ ਵਿਚ ਪੰਜ ਹਜ਼ਾਰ ਲੋਕਾਂ ਦਾ ਸ਼ਾਮਲ ਹੋ ਕੇ ਨਸਲਵਾਦ ਵਿਰੁੱਧ ਆਵਾਜ਼ ਉਠਾਉਣਾ ਇਸ ਦਿਸ਼ਾ 'ਚ ਬਹੁਤ ਸਾਰਥਕ ਹੰਭਲਾ ਹੈ।

ਕੁਝ ਦਿਨ ਪਹਿਲਾਂ ਰੋਪੜ-ਨਵਾਂਸ਼ਹਿਰ ਪੱਟੀ ਦੇ ਪਿੰਡ ਰੈਲਮਾਜਰੇ ਵਿਚ ਇਸੇ ਤਰ੍ਹਾਂ ਪਰਵਾਸੀ ਵਿਰੋਧੀ ਮੁੱਦਾ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਹੁਣ ਹੁਸ਼ਿਆਰਪੁਰ ਦਾ ਉਪਰੋਕਤ ਦਿਲ-ਕੰਬਾਊ ਕਾਂਡ 'ਭਈਏ ਭਜਾਓ, ਪੰਜਾਬ ਬਚਾਓ' ਏਜੰਡੇ ਵਾਲਿਆਂ ਲਈ ਵਰਦਾਨ ਬਣ ਕੇ ਬਹੁੜਿਆ ਹੈ, ਅਤੇ ਉਨ੍ਹਾਂ ਨੂੰ ਪਰਵਾਸੀਆਂ ਵਿਰੁੱਧ ਮਾਹੌਲ ਭੜਕਾਉਣ ਦਾ ਮੌਕਾ ਮਿਲ ਗਿਆ ਹੈ। ਪੰਜਾਬ ਵਿਚ ਦਹਾਕਿਆਂ ਤੋਂ ਪਰਵਾਸੀਆਂ ਵਿਰੁੱਧ ਜ਼ਹਿਰੀਲਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਹੁਣ ਸੋਸ਼ਲ ਮੀਡੀਆ ਉੱਪਰ ਧੜਾਧੜ ਅਜਿਹੀਆਂ ਪੋਸਟਾਂ ਵਾਇਰਲ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਨਾਲ ਪਰਵਾਸੀ ਕਿਰਤੀਆਂ ਪ੍ਰਤੀ ਪੰਜਾਬ ਦੇ ਲੋਕਾਂ 'ਚ ਬੇਵਿਸ਼ਵਾਸੀ ਵਧੇ ਅਤੇ ਫਿਰਕੂ ਜ਼ਹਿਰੀਲਾ ਪ੍ਰਭਾਵ ਕਬੂਲ ਕੇ ਉਹ ਇਹ ਸੋਚਣ ਲੱਗ ਜਾਣ ਕਿ ਸਾਰੇ ਪਰਵਾਸੀ ਜਰਾਇਮਪੇਸ਼ਾ ਹਨ ਤੇ ਉਨ੍ਹਾਂ ਦਾ ਇੱਥੇ ਰਹਿਣਾ ਪੰਜਾਬ ਦੀ ਹੋਂਦ ਤੇ ਅਮਨ-ਅਮਾਨ ਲਈ ਖ਼ਤਰਾ ਹੈ। ਉਪਰੋਕਤ ਘਿਣਾਉਣੇ ਜੁਰਮ ਦੇ ਬਹਾਨੇ ਝੂਠੇ ਬਿਰਤਾਂਤ ਦਾ ਸਹਾਰਾ ਲੈ ਕੇ ਆਮ ਲੋਕਾਂ ਨੂੰ ਭੜਕਾ ਕੇ ਪਰਵਾਸੀਆਂ ਦੇ ਗਲ਼ ਪਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਜਦੋਂ ਪੰਜਾਬ ਵਿਚ ਸਮਾਜਿਕ-ਆਰਥਕ ਤੇ ਰਾਜਸੀ ਹਾਲਾਤ ਪੂਰੀ ਤਰ੍ਹਾਂ ਅਸੁਰੱਖਿਅਤ ਹਨ ਤਾਂ ਚੌਤਰਫ਼ੇ ਸੰਕਟ ਦੇ ਮੂਲ਼ ਕਾਰਨਾਂ ਦੀ ਸਮਝ ਨਾ ਹੋਣ ਕਾਰਨ ਆਮ ਲੋਕਾਈ ਦਾ ਫਿਰਕੂ ਬਿਰਤਾਂਤ ਦਾ ਅਸਰ ਕਬੂਲ ਲੈਣਾ ਅਤੇ 'ਪੰਜਾਬ ਬਚਾਓ' ਦੀਆਂ ਭਾਵਨਾਵਾਂ ਦੇ ਵਹਿਣ 'ਚ ਵਹਿ ਤੁਰਨਾ ਸੁਭਾਵਿਕ ਹੈ। ਬਠਿੰਡਾ, ਨਵਾਂਸ਼ਹਿਰ, ਹੁਸ਼ਿਆਰਪੁਰ, ਮੋਹਾਲੀ ਆਦਿ ਜ਼ਿਲ੍ਹਿਆਂ ਵਿਚ ਕੁਝ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਪਰਵਾਸੀਆਂ ਨੂੰ ਪਿੰਡਾਂ ਵਿੱਚੋਂ ਕੱਢਣ ਅਤੇ ਪਿਛੋਕੜ ਦੀ ਪੜਤਾਲ ਨੂੰ ਲਾਜ਼ਮੀ ਸ਼ਰਤ ਬਣਾਉਣ ਦੇ ਮਤੇ ਪਾਏ ਗਏ ਹਨ। ਕੁਝ ਥਾਵਾਂ 'ਤੇ ਰੇੜ੍ਹੀ-ਫੜ੍ਹੀ ਲਗਾਉਣ ਵਾਲੇ ਪਰਵਾਸੀਆਂ ਨੂੰ ਧਮਕਾਇਆ ਗਿਆ ਹੈ। ਕੁਝ ਥਾਈਂ ਪਰਵਾਸੀਆਂ ਨੂੰ ਡਰਾ ਕੇ ਭਜਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਹੈ। ਰੋਪੜ ਵਿਚ ਸਿੱਖ ਧਾਰਮਿਕ ਸਥਾਨ ਦੇ ਦਰਸ਼ਨਾਂ ਲਈ ਆਏ ਪਰਵਾਸੀ ਸ਼ਰਧਾਲੂਆਂ ਨੂੰ ਧਮਕਾ ਕੇ ਟਰੇਨ ਚੜ੍ਹਾਉਣ ਦੀ ਕੋਸ਼ਿਸ਼ ਵੀ ਕੀਤੀ ਗਈ। ਇਸ ਮਾਹੌਲ ਤੋਂ ਸਹਿਮੇ ਕੁਝ ਪਰਵਾਸੀ ਵਾਪਸ ਵੀ ਜਾ ਰਹੇ ਹਨ।


ਸਰਪੰਚ ਗਰਾਮ ਪੰਚਾਇਤ ਝੁਨੀਰ
(ਬਲਾਕ ਝੁਨੀਰ ਜ਼ਿਲ੍ਹਾ ਮਾਨਸਾ (ਪੰਜਾਬ)
ਸਰਪੰਚ ਜਗਪਾਲ ਸਿੰਘ 94780-00030
ਮਿਤੀ 16/9/2025
[illegible]

ਬਾਹਰੋਂ ਦੇਖਿਆਂ ਲੱਗ ਸਕਦਾ ਹੈ ਕਿ ਪਰਵਾਸੀਆਂ ਨੂੰ ਮਕਾਨ ਕਿਰਾਏ 'ਤੇ ਦੇਣ ਜਾਂ ਕੰਮ 'ਤੇ ਰੱਖਣ ਸਮੇਂ ਉਨ੍ਹਾਂ ਦੇ ਪਿਛੋਕੜ ਦੀ ਪੜਤਾਲ ਕਰਨ 'ਚ ਗ਼ਲਤ ਕੀ ਹੈ। ਅਸਲ ਮਨਸ਼ਾ ਵਿਅਕਤੀਗਤ ਪੜਤਾਲ ਦਾ ਨਹੀਂ ਸਮੁੱਚੇ ਪਰਵਾਸੀ ਭਾਈਚਾਰੇ ਨੂੰ ਜਰਾਇਮਪੇਸ਼ਾ ਬਣਾਕੇ ਪੇਸ਼ ਕਰਨ ਦਾ ਹੈ। ਵਿਅਕਤੀਗਤ ਪੜਤਾਲ ਤਾਂ ਮਕਾਨ ਜਾਂ ਕੰਮ ਦੇਣ ਵਾਲੇ ਕਰ ਹੀ ਸਕਦੇ ਹਨ। ਪਰਵਾਸੀਆਂ ਨੂੰ ਪੰਜਾਬ 'ਚੋਂ ਕੱਢਣ ਅਤੇ ਉਨ੍ਹਾਂ ਵਿਰੁੱਧ ਮਤੇ ਪਾਉਣ ਲਈ ਉਕਸਾਉਣ ਵਾਲਿਆਂ ਦੀ ਮਨਸ਼ਾ ਹੋਰ ਹੈ। ਪਰਵਾਸੀਆਂ ਕਿਰਤੀਆਂ ਨੂੰ ਡਰਾ-ਧਮਕਾ ਕੇ ਪੰਜਾਬ ਵਿੱਚੋਂ ਭਜਾਉਣ ਪਿੱਛੇ ਭਾਈਚਾਰਕ ਟਕਰਾਅ ਖੜ੍ਹਾ ਕਰਨ ਦੀ ਬਦਨੀਅਤ ਸਾਫ਼ ਨਜ਼ਰ ਆ ਰਹੀ ਹੈ। ਅਜਿਹੇ ਅਨਸਰ ਚਾਹੁੰਦੇ ਹਨ ਕਿ ਇਨ੍ਹਾਂ ਭੜਕਾਊ ਘਟਨਾਵਾਂ ਦੇ ਪ੍ਰਤੀਕਰਮ 'ਚ ਹੋਰ ਰਾਜਾਂ ਵਿਚ ਪੰਜਾਬੀਆਂ ਵਿਰੁੱਧ ਮਾਹੌਲ ਭੜਕੇ, ਫਿਰਕੂ ਝਗੜਾ ਪੈਦਾ ਹੋਵੇ ਅਤੇ ਉਨ੍ਹਾਂ ਨੂੰ ਆਪਣੇ ਫਿਰਕੂ, ਪਾਟਕ-ਪਾਊ ਏਜੰਡੇ ਨੂੰ ਜਾਇਜ਼ ਠਹਿਰਾਉਣ ਲਈ ਹੋਰ ਮਸਾਲਾ ਮਿਲੇ।

ਆਮ ਲੋਕ ਇਹ ਪਛਾਣ ਕਰਨ ਤੇ ਸਮਝਣ ਤੋਂ ਅਸਮਰੱਥ ਹਨ ਕਿ ਪੰਜਾਬ ਨੂੰ ਬਰਬਾਦ ਕਰਨ ਲਈ ਅਸਲ ਵਿਚ ਕਿਹੜੀਆਂ ਤਾਕਤਾਂ ਜ਼ਿੰਮੇਵਾਰ ਹਨ। ਇਸ ਵਕਤ ਕੁਝ ਆਮ ਲੋਕ ਵੀ ਪਰਵਾਸੀਆਂ ਦੀ ਘੇਰਾਬੰਦੀ ਕਰਨ 'ਚ ਲੱਗੇ ਦੇਖੇ ਜਾ ਸਕਦੇ ਹਨ। ਬੇਸ਼ੱਕ ਉਹ ਬਹੁਤ ਨਿੱਕੀ ਜਹੀ ਗਿਣਤੀ ਹਨ ਪਰ ਸੋਸ਼ਲ ਮੀਡੀਆ ਜ਼ਰੀਏ ਫੈਲ ਰਿਹਾ ਝੂਠਾ ਬਿਰਤਾਂਤ ਅਤੇ ਪਰਵਾਸੀਆਂ ਵਿਰੋਧੀ ਕਾਰਵਾਈਆਂ ਪੂਰੇ ਪੰਜਾਬ ਵਿਚ ਲੋਕਾਂ ਦੇ ਮਨਾਂ ਉੱਪਰ ਖ਼ਤਰਨਾਕ ਅਸਰ ਪਾ ਰਹੀਆਂ ਹਨ। ਇਸਨੂੰ ਜੇਕਰ ਬੇਅਸਰ ਨਹੀਂ ਬਣਾਇਆ ਜਾਂਦਾ ਤਾਂ ਸਮਾਂ ਪਾ ਕੇ ਇਹ ਰੁਝਾਨ ਡੂੰਘੀ ਫਿਰਕੂ ਨਫ਼ਰਤ ਦਾ ਰੂਪ ਧਾਰ ਸਕਦਾ ਹੈ।

ਉਪਰੋਕਤ ਬਿਰਤਾਂਤ ਇਸ ਹਕੀਕਤ ਨੂੰ ਲੁਕੋਂਦਾ ਹੈ ਕਿ ਬਿਹਾਰ-ਯੂ.ਪੀ. ਤੋਂ ਕਿਰਤੀਆਂ ਦਾ ਆਉਣਾ ਸਾਜ਼ਿਸ਼ ਤਹਿਤ ਨਹੀਂ ਹੈ। ਪਰਵਾਸ ਸਦੀਆਂ ਪੁਰਾਣਾ ਵਰਤਾਰਾ ਹੈ ਅਤੇ ਹਰ ਮੁਲਕ, ਹਰ ਖਿੱਤੇ, ਹਰ ਭਾਈਚਾਰੇ ਦੇ ਲੋਕ ਬਿਹਤਰ ਰੋਜ਼ਗਾਰ ਅਤੇ ਸੁਰੱਖਿਅਤ ਭਵਿੱਖ ਦੀ ਤਲਾਸ਼ 'ਚ ਮੁਕਾਬਲਤਨ ਖ਼ੁਸ਼ਹਾਲ ਖਿੱਤਿਆਂ, ਬਿਹਤਰ ਰੁਜ਼ਗਾਰ ਮੌਕਿਆਂ ਵਾਲੇ ਰਾਜਾਂ ਤੇ ਮੁਲਕਾਂ ਵੱਲ ਪਰਵਾਸ ਕਰਦੇ ਹਨ। ਇਸੇ ਲੋੜ 'ਚੋਂ ਬਿਹਾਰ, ਯੂ.ਪੀ. ਤੇ ਹੋਰ ਪਿਛੜੀ ਆਰਥਿਕਤਾ ਵਾਲੇ ਰਾਜਾਂ ਦੇ ਲੋਕ ਰੋਜ਼ੀ-ਰੋਟੀ ਲਈ ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿਚ ਆਉਂਦੇ ਹਨ। ਪੰਜਾਬ ਦੇ ਲੋਕ ਭਾਰਤ ਦੇ ਹੋਰ ਰਾਜਾਂ ਵਿਚ ਜਾ ਕੇ ਖੇਤੀਬਾੜੀ ਤੇ ਹੋਰ ਕਾਰੋਬਾਰ ਕਰ ਰਹੇ ਹਨ, ਉਨ੍ਹਾਂ ਕੁਝ ਕੁ ਖ਼ਾਸ ਜੰਗਲੀ-ਪਹਾੜੀ ਖਿੱਤਿਆਂ ਨੂੰ ਛੱਡਕੇ ਜਿੱਥੇ ਜ਼ਮੀਨਾਂ ਖ਼ਰੀਦਣ ਉੱਪਰ ਰੋਕ ਹੈ। ਇਸੇ ਤਰ੍ਹਾਂ ਭਾਰਤ ਦੇ ਲੋਕਾਂ ਵਿਚ ਹੋਰ ਮੁਲਕਾਂ ਵਿਚ ਜਾ ਕੇ ਪੱਕੇ ਤੌਰ 'ਤੇ ਵਸਣ ਦੀ ਦੌੜ ਵੱਡੇ ਪੈਮਾਨੇ 'ਤੇ ਦੇਖੀ ਜਾ ਸਕਦੀ ਹੈ। ਇਸ ਸਚਾਈ ਨੂੰ ਨਕਾਰਨ ਲਈ 'ਭਈਏ ਭਜਾਓ' ਮੁਹਿੰਮ ਦੇ ਹਮਾਇਤੀ 'ਬੁੱਧੀਜੀਵੀ' ਇਹ ਦਲੀਲ ਦਿੰਦੇ ਹਨ ਕਿ ਓਦੋਂ ਨੇਸ਼ਨ-ਸਟੇਟ ਹੋਂਦ 'ਚ ਨਹੀਂ ਸੀ ਆਏ। ਹੁਣ ਕੌਮੀ ਹੱਦਾਂ ਨਾਲ ਪਛਾਣਾਂ ਪੱਕੀਆਂ ਹੋ ਗਈਆਂ ਹਨ, ਅਤੇ ਇੰਝ ਪਛਾਣਾਂ ਦੀ ਰਾਖੀ ਰੋਜ਼ੀ-ਰੋਟੀ ਦੇ ਸਵਾਲ ਨਾਲੋਂ ਵੱਧ ਮਹੱਤਵਪੂਰਨ ਹੈ। ਪਰ ਪੰਜਾਬ ਦੇ ਲੋਕਾਂ ਦਾ ਆਪਣਾ ਵਤਨ ਛੱਡ ਕੇ, ਸਭ ਕੁਝ ਵੇਚ-ਵੱਟ ਕੇ ਪਰਵਾਸ ਦੀ ਦੌੜ ਵਿਚ ਸ਼ਾਮਲ ਹੋਣਾ ਦੱਸਦਾ ਹੈ ਕਿ ਰੋਜ਼ੀ-ਰੋਟੀ ਅਤੇ ਸੁਰੱਖਿਅਤ ਭਵਿੱਖ ਦੇ ਸਵਾਲ ਮਨੁੱਖ ਲਈ ਅੱਜ ਵੀ ਬੁਨਿਆਦੀ ਹਨ। ਹਰ ਹੀਲੇ ਬਾਹਰਲੇ ਮੁਲਕਾਂ 'ਚ ਜਾ ਕੇ ਵਸਣ ਲਈ ਅਪਣਾਏ ਜਾਂਦੇ ਜਾਇਜ਼-ਨਜਾਇਜ਼ ਤਰੀਕੇ ਇਸਦਾ ਸਬੂਤ ਹਨ। ਇਸ ਕੌੜੀ ਹਕੀਕਤ ਤੋਂ ਅੱਖਾਂ ਮੀਟ ਕੇ 'ਭਈਏ ਭਜਾਓ' ਦੇ ਹਮਾਇਤੀ ਇਹ ਗ਼ਲਤ ਦਲੀਲ ਦਿੰਦੇ ਦੇਖੇ ਜਾ ਸਕਦੇ ਹਨ ਕਿ ਬਦੇਸ਼ਾਂ 'ਚ ਜਾਣ ਲਈ ਕਈ ਤਰ੍ਹਾਂ ਦੇ ਯੋਗਤਾ ਟੈਸਟ ਪਾਸ ਕਰਨੇ ਪੈਂਦੇ ਹਨ ਜਦਕਿ ਪਰਵਾਸੀ ਟਰੇਨ ਚੜ੍ਹਕੇ ਪੰਜਾਬ 'ਚ ਆ ਵਸਦੇ ਹਨ। ਪੰਜਾਬੀ ਵੀ ਤਾਂ ਦੂਜੇ ਰਾਜਾਂ ਵਿਚ ਇਸੇ ਤਰ੍ਹਾਂ ਜਾਂਦੇ ਹਨ, ਉਹ ਕਿਹੜਾ ਯੋਗਤਾ ਟੈਸਟ ਪਾਸ ਕਰਕੇ ਜਾਂ ਪੁਲਿਸ ਵੈਰੀਫੀਕੇਸ਼ਨ ਕਰਾਕੇ ਜਾਂਦੇ ਹਨ! ਇਹ ਦਲੀਲ ਗ਼ੈਰਪ੍ਰਸੰਗਿਕ ਹੈ ਕਿਉਂਕਿ ਕੁਝ ਵਿਸ਼ੇਸ਼ ਖਿੱਤਿਆਂ ਨੂੰ ਛੱਡਕੇ ਆਪਣੇ ਹੀ ਮੁਲਕ 'ਚ ਨਾਗਰਿਕਾਂ ਉੱਪਰ ਹੋਰ ਰਾਜਾਂ ਵਿਚ ਜਾ ਕੇ ਜ਼ਮੀਨਾਂ ਖ਼ਰੀਦਣ ਅਤੇ ਇਕ ਰਾਜ ਤੋਂ ਦੂਜੇ ਰਾਜ ਵਿਚ ਜਾ ਕੇ ਵਸਣ ਉੱਪਰ ਰੋਕ ਨਹੀਂ ਹੈ ਅਤੇ ਨਾ ਹੀ ਕੋਈ ਰੋਕ ਲਗਾਈ ਜਾਣੀ ਚਾਹੀਦੀ ਹੈ। ਅਮਰੀਕਾ-ਕੈਨੇਡਾ ਜਾਂ ਯੂਰਪੀ ਮੁਲਕਾਂ 'ਚ ਕਿਤੇ ਵੀ ਅਜਿਹੀ ਕੋਈ ਪਾਬੰਦੀ ਨਹੀਂ ਹੈ ਕਿ ਨਾਗਰਿਕ, ਚਾਹੇ ਉਹ ਪਰਵਾਸੀ ਪਿਛੋਕੜ ਵਾਲਾ ਹੀ ਕਿਉਂ ਨਾ ਹੋਵੇ, ਇਕ ਰਾਜ ਤੋਂ ਦੂਜੇ ਰਾਜ ਵਿਚ ਜਾ ਨਹੀਂ ਸਕਦਾ। ਸ਼ੈਨੇਗਨ ਸਮਝੌਤੇ ਦੇ ਮੈਂਬਰ 29 ਯੂਰਪੀ ਮੁਲਕਾਂ ਦੇ ਨਾਗਰਿਕ ਤਾਂ ਇਕ ਦੂਜੇ ਮੁਲਕ ਵਿਚ ਜਾਣ ਲਈ ਵੀ ਆਜ਼ਾਦ ਹਨ।




ਸਾਨੂੰ ਇਹ ਇਤਿਹਾਸ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਇਨ੍ਹਾਂ ਮੁਲਕਾਂ ਵਿਚ ਜਾ ਕੇ ਮਨੁੱਖੀ ਮਾਣ-ਸਨਮਾਨ ਨਾਲ ਕਿਰਤ ਕਰਨ ਅਤੇ ਨਾਗਰਿਕਤਾ ਦੇ ਹੱਕ ਸਾਡੇ ਬਜ਼ੁਰਗ ਪਰਵਾਸੀ ਭਾਰਤੀਆਂ/ਪੰਜਾਬੀਆਂ ਨੇ "ਕਾਮਾਗਾਟਾ ਮਾਰੂ" ਵਰਗੇ ਜਾਨ-ਹੂਲਵੇਂ ਸੰਘਰਸ਼ ਕਰਕੇ ਅਤੇ ਲਗਾਤਾਰ ਸੰਘਰਸ਼ ਲੜਦਿਆਂ ਨਸਲਵਾਦ ਨੂੰ ਪਛਾੜਕੇ ਹਾਸਲ ਕੀਤੇ ਸਨ। ਨਸਲਵਾਦੀ ਤਾਕਤਾਂ ਇਸ ਇਤਿਹਾਸਕ ਸ਼ਾਨਾਮੱਤੇ ਹਾਸਲ ਨੂੰ ਪੁੱਠਾ ਗੇੜਾ ਦੇਣਾ ਚਾਹੁੰਦੀਆਂ ਹਨ।

ਮੰਦਹਾਲੀ, ਬੇਰੁਜ਼ਗਾਰੀ ਅਤੇ ਆਮ ਲੋਕਾਈ ਦੀਆਂ ਹੋਰ ਸਮੱਸਿਆਵਾਂ ਲਈ ਲੁੱਟ ਅਤੇ ਨਾਬਰਾਬਰੀ 'ਤੇ ਆਧਾਰਤ ਸਰਮਾਏਦਾਰੀ ਪ੍ਰਬੰਧ ਜ਼ਿੰਮੇਵਾਰ ਹੈ। ਸਰਮਾਏਦਾਰ ਕਾਰੋਬਾਰੀ ਵਧੇਰੇ ਸਸਤੀ ਕਿਰਤ ਦੇ ਤੌਰ 'ਤੇ ਪਰਵਾਸੀਆਂ ਕੋਲੋਂ ਕੰਮ ਕਰਵਾਉਣ ਨੂੰ ਤਰਜ਼ੀਹ ਦਿੰਦਾ ਹੈ ਕਿਉਂਕਿ ਉਨ੍ਹਾਂ ਦੀ ਬੇਕਿਰਕ ਲੁੱਟਖਸੁੱਟ ਚੋਂ ਵਧੇਰੇ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਹਰ ਮੁਲਕ ਦੀ ਆਰਥਿਕਤਾ ਵਿਚ ਪਰਵਾਸੀਆਂ ਦਾ ਮਹੱਤਵਪੂਰਨ ਯੋਗਦਾਨ ਹੈ। ਇਸ ਪ੍ਰਬੰਧ ਦਾ ਮੂਲ ਸੁਭਾਅ ਹੀ ਆਪਣੇ ਵਧ ਰਹੇ ਸੰਕਟ ਨੂੰ ਦੂਰ ਕਰਨ ਅਤੇ ਸਰਮਾਏਦਾਰਾ ਮੁਨਾਫ਼ਿਆਂ 'ਚ ਵਾਧਾ ਕਰਨ ਲਈ ਲੋਕਾਈ ਉੱਪਰ ਆਰਥਕ ਬੋਝ ਲੱਦਦੇ ਜਾਣਾ ਅਤੇ ਉਨ੍ਹਾਂ ਦੇ ਜੀਵਨ-ਗੁਜ਼ਾਰੇ ਨੂੰ ਹੋਰ ਮੁਸ਼ਕਲ ਬਣਾਉਂਦੇ ਜਾਣਾ ਹੈ। ਮਸਲਿਆਂ ਦੇ ਅਸਲ ਕਾਰਨ ਤਾਂ ਪ੍ਰਬੰਧ ਦੇ ਵਜੂਦ-ਸਮੋਈ ਕਾਣੀ-ਵੰਡ ਅਤੇ ਸਟੇਟ ਦੀਆਂ ਨੀਤੀਆਂ 'ਚ ਮੌਜੂਦ ਹੁੰਦੇ ਹਨ ਪਰ ਆਮ ਲੋਕਾਂ ਨੂੰ ਲੱਗਦਾ ਹੈ ਕਿ ਬਾਹਰੋਂ ਆ ਰਹੇ ਪਰਵਾਸੀ ਹੀ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਦੇ ਮੌਕੇ ਘਟਣ ਦਾ ਮੁੱਖ ਕਾਰਨ ਹਨ। ਮਾਰਕੀਟ ਵਿਚ ਸਥਾਨਕ ਦੁਕਾਨਦਾਰਾਂ ਨੂੰ ਲੱਗਦਾ ਹੈ ਕਿ ਰੇਹੜੀ-ਫੜ੍ਹੀ ਵਾਲੇ ਪਰਵਾਸੀ ਉਨ੍ਹਾਂ ਦੀ ਰੋਜ਼ੀ-ਰੋਟੀ ਖੋਹ ਰਹੇ ਹਨ। ਫੈਕਟਰੀਆਂ, ਖੇਤਾਂ ਵਿਚ ਕੰਮ ਕਰਨ ਵਾਲੇ ਸਥਾਨਕ ਮਜ਼ਦੂਰਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦਾ ਰੋਜ਼ਗਾਰ ਪਰਵਾਸੀ ਮਜ਼ਦੂਰਾਂ ਨੇ ਖੋਹ ਲਿਆ ਹੈ। ਕਥਿਤ ਉੱਚ ਜਾਤੀ ਲੋਕ ਇਸ ਭਰਮ 'ਚ ਹਨ ਕਿ ਉਨ੍ਹਾਂ ਦੀਆਂ ਨੌਕਰੀਆਂ ਜਾਤ-ਆਧਾਰਤ ਰਾਖਵੇਂਕਰਨ ਲੈਣ ਵਾਲੇ ਹੜੱਪ ਰਹੇ ਹਨ। ਜਦਕਿ ਅਸਲ ਕਾਰਨ ਉੱਥੋਂ ਦੇ ਸਟੇਟ ਤੇ ਸਰਕਾਰਾਂ ਦੀਆਂ ਪੱਕੀਆਂ ਨੌਕਰੀਆਂ ਨੂੰ ਖ਼ਤਮ ਕਰਨ, ਛੋਟੇ ਕਾਰੋਬਾਰੀਆਂ ਨੂੰ ਉਜਾੜਕੇ ਹੋਰ ਰੁਜ਼ਗਾਰ ਨੂੰ ਵੀ ਖ਼ਤਮ ਕਰ ਦੇਣ ਅਤੇ ਵੱਡੇ ਕਾਰਪੋਰੇਟ ਕਾਰੋਬਾਰਾਂ ਦਾ ਅਜਾਰੇਦਾਰ ਕੰਟਰੋਲ ਸਥਾਪਤ ਕਰਨ ਦੀਆਂ ਨੀਤੀਆਂ ਹਨ। ਬੇਰੁਜ਼ਗਾਰੀ ਦੇ ਸੰਕਟ ਦਾ ਭਾਂਡਾ ਪਰਵਾਸੀਆਂ ਦੇ ਸਿਰ ਭੱਜਣਾ ਹਾਕਮ ਜਮਾਤ ਦੇ ਹਿਤ 'ਚ ਹੈ। ਸਮਾਜ ਦਾ ਇਕ ਹਿੱਸਾ ਆਪਣੇ ਸੌੜੇ ਨਜ਼ਰੀਏ ਕਾਰਨ ਮਸਲਿਆਂ ਦਾ ਹੱਲ ਵੀ ਪਰਵਾਸ ਉੱਪਰ ਰੋਕਾਂ ਤੇ ਬੰਦਸ਼ਾਂ ਲਾਉਣ ਦੇ ਰੂਪ 'ਚ ਦੇਖਦਾ ਹੈ। ਇਸ ਗ਼ਲਤ ਸੋਚ ਨੂੰ ਹਾਕਮ ਜਮਾਤ ਦਾ ਆਪਸੀ ਖਹਿ-ਭੇੜ ਹੋਰ ਉਕਸਾਉਂਦਾ ਹੈ। ਅੰਤਰ-ਰਾਜੀ ਅਤੇ ਅੰਤਰ-ਰਾਸ਼ਟਰੀ ਪਰਵਾਸ ਦੇ ਹਵਾਲੇ ਨਾਲ ਖਿੱਤਿਆਂ ਅਤੇ ਮੁਲਕਾਂ ਅੰਦਰ ਪਰਵਾਸ ਵਿਰੁੱਧ ਅੰਦੋਲਨ ਇਸ ਦੀਆਂ ਉੱਘੜਵੀਂਆਂ ਮਿਸਾਲਾਂ ਹਨ।

ਪਰਵਾਸੀਆਂ ਨੂੰ ਕੱਢਣ ਦੇ ਹੱਕ 'ਚ 'ਬੌਧਿਕ' ਕਹਾਉਣ ਵਾਲੇ ਲੋਕ ਇਹ ਦਲੀਲ ਦਿੰਦੇ ਹਨ ਕਿ ਪਰਵਾਸੀਆਂ ਨੂੰ ਬਿਨਾਂ ਰੋਕ-ਟੋਕ ਇੱਥੋਂ ਦੇ ਪੱਕੇ ਬਾਸ਼ਿੰਦੇ ਬਣਨ ਦੀ ਇਜਾਜ਼ਤ ਦੇਣ ਨਾਲ ਵਸੋਂ-ਬਣਤਰ ਬਦਲ ਰਹੀ ਹੈ ਅਤੇ ਪੰਜਾਬੀ ਦੀ ਨਿਆਰੀ ਪਛਾਣ ਖ਼ਤਮ ਹੋ ਰਹੀ ਹੈ। ਉਪਰੋਕਤ ਦਲੀਲ ਦੇਣ ਵਾਲੇ ਨਿਆਰੀ ਪਛਾਣ ਨੂੰ ਢਾਹ ਲਾਉਣ ਵਾਲੇ ਅਸਲ ਕਾਰਕਾਂ ਦੀ ਅਤੇ ਸਮੁੱਚਤਾ 'ਚ ਮਸਲੇ ਦੀ ਗੱਲ ਨਹੀਂ ਕਰਦੇ। ਉਹ ਸਿਰਫ਼ ਪਰਵਾਸੀਆਂ ਦੀ ਆਮਦ ਨੂੰ ਮੁੱਖ ਕਾਰਨ ਬਣਾ ਕੇ ਪੇਸ਼ ਕਰਦੇ ਹਨ। ਕੀ ਪਰਵਾਸੀ ਸੱਚਮੁੱਚ ਐਡਾ ਵੱਡਾ ਖ਼ਤਰਾ ਹਨ ਜਿਨ੍ਹਾਂ ਕਾਰਨ ਨਿਆਰੀ ਪਛਾਣ ਖ਼ਤਮ ਹੋ ਰਹੀ ਹੈ? ਜਾਂ ਪਛਾਣ ਨੂੰ ਖ਼ੋਰਾ ਲੱਗਣ ਦੇ ਕਾਰਨ ਹੋਰ




ਹਨ ? ਪੰਜਾਬ ਦੀ ਲਗਭਗ 3 ਕਰੋੜ 20 ਲੱਖ ਆਬਾਦੀ ਵਿਚ ਪਰਵਾਸੀਆਂ ਦੀ ਗਿਣਤੀ 35 ਤੋਂ 40 ਲੱਖ ਦੱਸੀ ਜਾਂਦੀ ਹੈ। ਜਿਨ੍ਹਾਂ ਵਿਚ ਸੀਜ਼ਨਲ ਲੇਬਰ ਦੀ ਸ਼ਾਮਲ ਹੈ। ਦੁਨੀਆ ਦੇ ਕਿਸੇ ਵੀ ਖਿੱਤੇ 'ਚ ਜਾ ਕੇ ਵਸਣ ਵਾਲੇ ਪਰਵਾਸੀਆਂ ਦੀ ਤਰ੍ਹਾਂ ਉਪਰੋਕਤ ਪਰਵਾਸੀ ਵੀ ਆਪਣੀ ਬੋਲੀ-ਸੱਭਿਆਚਾਰ ਆਪਣੇ ਨਾਲ ਲੈ ਕੇ ਆਉਂਦੇ ਹਨ ਪਰ ਕੰਮ ਦੀ ਵਿਹਾਰਕ ਜ਼ਰੂਰਤ ਅਨੁਸਾਰ ਇੱਥੋਂ ਦੀ ਬੋਲੀ ਤੇ ਸੱਭਿਆਚਾਰ ਵਿਚ ਰਚਣ-ਮਿਚਣ ਲੱਗ ਜਾਂਦੇ ਹਨ। ਪੰਜਾਬ ਦੀ ਮੂਲ਼ ਵਸੋਂ ਦੇ ਬੱਚੇ ਮਹਿੰਗੇ ਅੰਗਰੇਜ਼ੀ ਸਕੂਲਾਂ 'ਚ ਪੜ੍ਹਕੇ ਪੰਜਾਬੀ ਤੋਂ ਦੂਰ ਹੋ ਰਹੇ ਹਨ ਕਿਉਂਕਿ ਉਨ੍ਹਾਂ ਦਾ ਮੁੱਢਲੀ ਪੜ੍ਹਾਈ ਦਾ ਮਨੋਰਥ ਆਈਲੈੱਟਸ ਵਰਗੇ ਟੈਸਟ ਪਾਸ ਕਰਨਾ ਹੈ ਅਤੇ ਉਨ੍ਹਾਂ ਦੇ ਪਰਵਾਸ ਦੀ ਮੰਜ਼ਲ ਅੰਗਰੇਜ਼ੀ ਜਾਂ ਹੋਰ ਯੂਰਪੀ ਭਾਸ਼ਾਵਾਂ ਵਾਲੇ ਮੁਲਕ ਹਨ ਜਦਕਿ ਪਰਵਾਸੀ ਬੱਚੇ ਪੰਜਾਬੀ ਮਾਧਿਅਮ ਸਰਕਾਰੀ ਸਕੂਲਾਂ 'ਚ ਪੜ੍ਹਕੇ ਪੰਜਾਬੀ ਸਿੱਖ ਤੇ ਬੋਲ ਰਹੇ ਹਨ ਕਿਉਂਕਿ ਉਨ੍ਹਾਂ ਨੂੰ ਰੋਜ਼ੀ-ਰੋਟੀ ਲਈ ਇੱਥੋਂ ਦੀ ਸਥਾਨਕ ਬੋਲੀ 'ਚ ਸੰਚਾਰ ਜ਼ਰੂਰੀ ਹੈ। ਪਰਵਾਸੀ ਪੰਜਾਬੀਆਂ ਦੇ ਪਰਦੇਸਾਂ ਦੇ ਜੰਮਪਲ ਜ਼ਿਆਦਾਤਰ ਬੱਚੇ ਪੰਜਾਬੀ ਬੋਲੀ-ਸੱਭਿਆਚਾਰ ਤੋਂ ਦੂਰ ਹੋ ਕੇ ਉੱਥੋਂ ਦੀ ਬੋਲੀ-ਸੱਭਿਆਚਾਰ ਨੂੰ ਅਪਣਾ ਰਹੇ ਹਨ।

ਪੰਜਾਬ ਨੂੰ ਮੌਜੂਦਾ ਭਿਆਨਕ ਸੰਕਟ ਦੇ ਮੂੰਹ ਧੱਕਣ ਵਾਲੇ, ਖ਼ਰੀਆਂ ਮਾਨਵਤਾਵਾਦੀ ਕਦਰਾਂ-ਕੀਮਤਾਂ ਦੇ ਜੜ੍ਹੀਂ ਤੇਲ ਦੇ ਕੇ ਨਿੱਘਰੇ ਹੋਏ ਕੁਲੀਨਵਰਗੀ ਕਦਰਾਂ-ਕੀਮਤਾਂ ਦਾ ਵਧਾਰਾ-ਪਸਾਰਾ ਕਰਨ ਵਾਲੇ, ਪੰਜਾਬੀ ਜਵਾਨੀ ਨੂੰ ਸੰਕੀਰਣ ਟਕਰਾਵਾਂ ਅਤੇ ਪੁਲਿਸ ਮੁਕਾਬਲਿਆਂ ਵਿਚ ਮਾਰਨ-ਮਰਵਾਉਣ ਵਾਲੇ ਹੁਕਮਰਾਨ – ਕਾਂਗਰਸੀ, ਅਕਾਲੀ ਅਤੇ ਹੋਰ – ਮੁੱਖ ਤੌਰ 'ਤੇ ਪੰਜਾਬੀ ਹਨ। ਆਏ ਦਿਨ ਚੋਰੀਆਂ, ਲੁੱਟਾਂ-ਖੋਹਾਂ, ਛੋਟੇ ਬੱਚੇ-ਬੱਚੀਆਂ ਦੇ ਅਗਵਾ, ਔਰਤਾਂ ਨਾਲ ਬਲਾਤਕਾਰ ਅਤੇ ਜਿਨਸੀ ਛੇੜਛਾੜ, ਜਾਤ-ਪਾਤੀ ਜਬਰ, ਚਿੱਟੇ ਤੇ ਹੋਰ ਨਸ਼ਿਆਂ ਰਾਹੀਂ ਜਵਾਨੀ ਨੂੰ ਤਬਾਹ ਕਰਨ ਦਾ ਵਰਤਾਰਾ ਆਦਿ ਕਿੰਨੇ ਤਰ੍ਹਾਂ ਦੇ ਭਿਆਨਕ ਜੁਰਮ ਕਰਨ ਵਾਲੇ ਮੁੱਖ ਤੌਰ 'ਤੇ 'ਪੰਜਾਬੀ' ਹਨ ਅਤੇ ਕੁਝ ਪਰਵਾਸੀ ਵੀ ਇਨ੍ਹਾਂ ਜੁਰਮਾਂ ਵਿਚ ਸ਼ਾਮਲ ਹੁੰਦੇ ਹਨ। ਜੇਲ੍ਹਾਂ ਦੇ ਅੰਕੜੇ ਇਸਦੀ ਗਵਾਹੀ ਦਿੰਦੇ ਹਨ। ਪੰਜਾਬ ਦੀ ਬਰਬਾਦੀ ਦੇ ਅਸਲ ਮੁਜਰਮ ਹੁਕਮਰਾਨ ਹਨ ਜਿਨ੍ਹਾਂ ਵਿਰੁੱਧ 'ਭਈਏ ਭਜਾਓ' ਦੇ ਹਮਾਇਤੀ ਮੁਹਿੰਮਾਂ ਨਹੀਂ ਚਲਾਉਂਦੇ। ਪਰਵਾਸੀਆਂ ਨੂੰ ਭਜਾਉਣ ਦੇ ਸੱਦੇ ਦੇਣ ਵਾਲੇ ਕਦੇ ਪੰਜਾਬ ਵਿੱਚੋਂ ਹੋ ਰਹੇ ਪਰਵਾਸ ਦੇ ਕਾਰਨਾਂ ਨੂੰ ਦੂਰ ਕਰਨ ਲਈ ਅਤੇ ਪੰਜਾਬ ਨੂੰ ਬਰਬਾਦ ਕਰਨ ਵਾਲੀਆਂ ਹਾਕਮ ਜਮਾਤੀ ਤਾਕਤਾਂ ਵਿਰੁੱਧ ਅੰਦੋਲਨ ਨਹੀਂ ਕਰਦੇ, ਨਾ ਹੀ ਕਰਨਗੇ ਜਿਨ੍ਹਾਂ ਦੀਆਂ ਨੀਤੀਆਂ ਕਾਰਨ ਪੰਜਾਬ ਵਿਚ ਘਰਾਂ ਨੂੰ ਜਿੰਦਰੇ ਲੱਗ ਰਹੇ ਹਨ ਅਤੇ ਬਦੇਸ਼ਾਂ ਨੂੰ ਪਰਵਾਸ ਹੋ ਰਿਹਾ ਹੈ। ਜਿਨ੍ਹਾਂ ਨੂੰ ਆਪਣੇ ਹੀ ਮੁਲਕ ਵਿਚ ਬਿਹਾਰ ਯੂਪੀ ਵਗੈਰਾ ਤੋਂ ਪਰਵਾਸੀਆਂ ਦੇ ਪੰਜਾਬ ਆਉਣ 'ਤੇ ਇਤਰਾਜ਼ ਹੈ, ਉਹ ਡੰਕੀਆਂ ਅਤੇ ਹੋਰ ਨਜਾਇਜ਼ ਤਰੀਕਿਆਂ ਨਾਲ ਵਿਦੇਸ਼ਾਂ ਵਿਚ ਜਾ ਕੇ ਵਸਣ ਅਤੇ ਪੀ ਆਰ ਲੈਣ ਨੂੰ ਸਹੀ ਸਮਝਦੇ ਹਨ। ਜਦੋਂ ਟਰੰਪ ਨੇ ਹੱਥਕੜੀਆਂ-ਬੇੜੀਆਂ ਵਿਚ ਗ਼ੁਲਾਮਾਂ ਵਾਂਗ ਜਕੜਕੇ, ਸਾਰੇ ਮਨੁੱਖੀ ਮੁੱਲਾਂ ਨੂੰ ਦਰਕਿਨਾਰ ਕਰਕੇ ਅਤੇ ਬੁਰੀ ਤਰ੍ਹਾਂ ਜ਼ਲੀਲ ਕਰਕੇ ਕਥਿਤ ਗ਼ੈਰਕਾਨੂੰਨੀ ਪਰਵਾਸੀ ਪੰਜਾਬ ਭੇਜੇ, ਉਦੋਂ ਇਹ ਚੁੱਪ ਰਹੇ। ਕਿਉਂਕਿ ਮਾਪਦੰਡ ਦੋਗਲੇ ਹਨ।

'ਭਈਏ ਭਜਾਓ' ਮੁਹਿੰਮ ਚਲਾਉਣ ਵਾਲੇ ਕੌਣ ਹਨ ? ਇਸ ਕੈਂਪ ਵਿਚ ਮੁੱਖ ਤੌਰ 'ਤੇ ਫਿਰਕੂ ਸੋਚ ਵਾਲੇ ਕੱਟੜਪੰਥੀ ਹਨ ਜਿਨ੍ਹਾਂ ਦਾ 'ਸਰਬਤ ਦੇ ਭਲੇ' ਦੀ ਗੁਰਮਤਿ ਵਿਚਾਰਧਾਰਾ ਦੇ ਸਾਰ-ਤੱਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਇਨ੍ਹਾਂ ਨੂੰ ਸਿਰਫ਼ ਪਛਾਣਾਂ ਦੀ 'ਚਿੰਤਾ' ਹੈ। ਇਨ੍ਹਾਂ ਦਾ ਮਨੋਰਥ ਸਿਰਫ਼ ਹਿੰਦੂ ਬਨਾਮ ਸਿੱਖ, ਸਿੱਖ ਬਨਾਮ ਕਾਮਰੇਡ, ਭਈਆ ਬਨਾਮ ਪੰਜਾਬੀ ਦੇ ਮੁੱਦੇ ਖੜ੍ਹੇ ਕਰਨਾ ਹੈ। ਇਨ੍ਹਾਂ ਵਿਚ ਲੱਖੇ ਸਿਧਾਣੇ ਵਰਗੇ ਸਾਬਕਾ ਗੈਂਗਸਟਰ ਹਨ, ਜਿਨ੍ਹਾਂ ਨੂੰ ਚਰਚਾ ਵਿਚ ਰਹਿਣ ਲਈ ਮੁੱਦੇ ਚਾਹੀਦੇ ਹਨ; ਇਨ੍ਹਾਂ ਵਿਚ ਯੂਟਿਊਬਰ ਤੇ ਸੋਸ਼ਲ ਮੀਡੀਆ 'ਵਿਦਵਾਨ' ਹਨ ਜੋ ਇਸ ਤਲਾਸ਼ 'ਚ ਬੈਠੇ ਰਹਿੰਦੇ ਹਨ ਕਿ ਕੁਝ ਅਜਿਹਾ ਵਾਪਰੇ ਜਿਸ ਨਾਲ ਉਨ੍ਹਾਂ ਨੂੰ ਖੱਬੇਪੱਖੀ ਮਜ਼ਦੂਰ-ਕਿਸਾਨ ਜਥੇਬੰਦੀਆਂ ਨੂੰ ਪੰਜਾਬ ਦੇ ਗ਼ੱਦਾਰ ਕਹਿ ਕੇ ਭੰਡਣ ਅਤੇ ਆਪਣੇ ਫਿਰਕੂ ਬਿਰਤਾਂਤ ਨੂੰ ਮੁੜ-ਸੁਰਜੀਤ ਕਰਨ ਦਾ ਮੌਕਾ ਮਿਲੇ ਅਤੇ ਉਹ ਆਪਣੀ 'ਵਿਦਵਤਾ' ਦਿਖਾ ਕੇ ਖੱਬੇਪੱਖੀਆਂ ਨੂੰ ਬੌਧਿਕ ਕੰਗਾਲੀ ਦੇ ਸਰਟੀਫੀਕੇਟ ਵੰਡ ਸਕਣ। ਕੀ ਕਦੇ ਇਨ੍ਹਾਂ ਨੂੰ ਪੰਜਾਬ ਦੇ ਲੋਕਾਂ ਦੇ ਹਕੀਕੀ ਮੁੱਦਿਆਂ ਉੱਪਰ ਕੋਈ ਸੰਜੀਦਾ ਸੰਘਰਸ਼ ਕਰਦੇ ਦੇਖਿਆ ਹੈ ? ਨਿਆਰੀ ਪਛਾਣ ਸਿਰਫ਼ ਬੋਲੀ, ਪਹਿਰਾਵਾ ਅਤੇ ਧਾਰਮਿਕ ਚਿੰਨ੍ਹਾਂ ਤੱਕ ਮਹਿਦੂਦ ਨਹੀਂ ਹੈ ਸਗੋਂ ਹਰ ਅਨਿਆਂ ਤੇ ਧੱਕੇ ਵਿਰੁੱਧ ਅੜਨ-ਲੜਨ ਦੀਆਂ ਮਾਨਵਤਾਵਾਦੀ ਕਦਰਾਂ-ਕੀਮਤਾਂ ਵਾਲਾ ਪੰਜਾਬ ਦਾ ਵਿਰਸਾ ਹੈ। ਇਸ ਦੀ ਰਾਖੀ ਲਈ ਸੰਘਰਸ਼ ਉੱਪਰ ਫੋਕਸ ਕਿਉਂ ਨਹੀਂ ? ਸਾਡੇ ਲੋਕਾਂ ਨੂੰ ਕੁਝ ਮੁਜਰਿਮ ਬਿਰਤੀ ਵਾਲੇ ਵਿਅਕਤੀਆਂ ਦੇ ਨਾਂ 'ਤੇ ਸਮੁੱਚੇ ਪਰਵਾਸੀ ਭਾਈਚਾਰੇ ਵਿਰੁੱਧ ਨਫ਼ਰਤ ਫੈਲਾਉਣ ਵਾਲਿਆਂ ਦੀ ਮਨਸ਼ਾ ਨੂੰ ਪਛਾਨਣਾ ਚਾਹੀਦਾ ਹੈ ਅਤੇ ਧੌਂਸਬਾਜ਼ ਕਾਰਵਾਈਆਂ ਦਾ ਡੱਟ ਕੇ ਵਿਰੋਧ ਕਰਨਾ ਚਾਹੀਦਾ ਹੈ।

ਜੇ 'ਭਈਏ ਭਜਾਓ' ਦੇ ਸੱਦੇ ਦੇਣ ਵਾਲੇ ਸ਼ਖ਼ਸ, ਅਜਿਹੇ ਮਤੇ ਪਾਉਣ ਵਾਲੀਆਂ ਪੰਚਾਇਤਾਂ ਅਤੇ ਹੋਰ ਘੜੰਮ ਚੌਧਰੀ ਸੱਚਮੁੱਚ ਪੰਜਾਬ ਨੂੰ ਬਚਾਉਣ ਲਈ ਗੰਭੀਰ ਹਨ ਤਾਂ ਉਨ੍ਹਾਂ ਨੂੰ ਪੰਜਾਬ ਦੀ ਬਰਬਾਦੀ ਦੇ ਕਾਰਨਾਂ ਬਾਰੇ ਸਮੁੱਚਤਾ 'ਚ ਸੰਵਾਦ ਰਚਾਉਣਾ ਚਾਹੀਦਾ ਹੈ ਅਤੇ ਪਰਵਾਸ ਦਾ ਕੋਈ ਠੋਸ ਹੱਲ ਪੇਸ਼ ਕਰਨਾ ਚਾਹੀਦਾ ਹੈ। ਪਰਵਾਸੀਆਂ ਨੂੰ ਕੱਢਣ ਦੀ ਮੁਹਿੰਮ ਚਲਾਉਣ ਅਤੇ ਉਨ੍ਹਾਂ ਵਿਰੁੱਧ ਮਤੇ ਪਵਾਉਣ ਦੀ ਬਜਾਏ ਉਨ੍ਹਾਂ ਨੂੰ ਹਕੂਮਤ ਦੀਆਂ ਨੀਤੀਆਂ ਵਿਰੁੱਧ ਅੰਦੋਲਨ ਵਿੱਢਣਾ ਚਾਹੀਦਾ ਹੈ। ਉਨ੍ਹਾਂ ਕਾਰਨਾਂ ਨੂੰ ਦੂਰ ਕਰਨ ਲਈ ਲੜਨਾ ਚਾਹੀਦਾ ਹੈ ਜਿਨ੍ਹਾਂ ਕਾਰਨ ਪੰਜਾਬ ਵਿੱਚੋਂ ਬਦੇਸ਼ਾਂ ਨੂੰ ਪਰਵਾਸ ਹੋ ਰਿਹਾ ਹੈ।

# ਨਾਟਕਾਂ ਅਤੇ ਗੀਤਾਂ ਭਰਿਆ ਹੋਏਗਾ ਮੇਲਾ ਗ਼ਦਰੀ ਬਾਬਿਆਂ ਦਾ

ਜਲੰਧਰ, (ਬਲਜਿੰਦਰ ਸਿੰਘ ਪਟਿਆਲਾ) : ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਨੂੰ ਸਮਰਪਿਤ 30,31 ਅਕਤੂਬਰ ਅਤੇ ਪਹਿਲੀ ਨਵੰਬਰ ਦੇਸ਼ ਭਗਤ ਯਾਦਗਾਰ ਹਾਲ ਚ ਲੱਗ ਰਿਹਾ 34ਵਾਂ ਮੇਲਾ ਗਦਰੀ ਬਾਬਿਆਂ ਦਾ ਪਹਿਲੀ ਨਵੰਬਰ ਨੂੰ ਦਿਨ ਰਾਤ ਨਾਟਕਾਂ ਅਤੇ ਗੀਤਾਂ ਦੇ ਦਿਲਕਸ਼ ਰੰਗਾਂ ਦੀ ਸਤਰੰਗੀ ਪੀਂਘ ਅੰਬਰਾਂ ਤੇ ਪਾਏਗਾ ।

ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਹੋਣ ਕਾਰਨ ਇਸ ਵਾਰ ਮੇਲੇ 'ਚ ਗ਼ਦਰੀ ਗੁਲਾਬ ਕੌਰ ਬਾਰੇ ਦਿਨੇ ਅਤੇ ਰਾਤ ਵੇਲੇ ਦੋ ਨਾਟਕ ਹੋਣਗੇ। ਦਿਨ ਵੇਲੇ ਸ਼ਾਮ ਨੂੰ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ ਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਵੱਲੋਂ 'ਧਰਤ ਵੰਗਾਰੇ ਤਖਤ ਨੂੰ' ਨਾਟਕ ਹੋਏਗਾ। ਪਹਿਲੀ ਨਵੰਬਰ ਨਾਟਕਾਂ ਦੀ ਰਾਤ ਦਾ ਆਗਾਜ਼ ਲੋਕ ਕਲਾ ਮੰਚ ਮਾਨਸਾ ਵੱਲੋਂ ਪ੍ਰੋ. ਅਜਮੇਰ ਸਿੰਘ ਔਲਖ ਦੇ ਲਿਖੇ ਅਤੇ ਡਾ. ਅਜਮੀਤ ਦੁਆਰਾ ਨਿਰਦੇਸ਼ਤ 'ਤੂੰ ਚਰਖਾ ਘੁਕਦਾ ਰੱਖ ਜ਼ਿੰਦੇ' ਨਾਲ ਹੋਏਗਾ।

ਇਸ ਤੋਂ ਇਲਾਵਾ ਨਾਟਕਾਂ ਭਰੀ ਰਾਤ ਵੇਲੇ ਦੂਰ ਦਰਸ਼ਨ ਦੇ ਸਾਬਕਾ ਨਿਰਦੇਸ਼ਕ ਹਰਜੀਤ ਦੁਆਰਾ ਲਿਖਿਆ ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਚ ਮੰਚ ਰੰਗ ਮੰਚ ਅੰਮ੍ਰਿਤਸਰ ਵੱਲੋਂ ਨਾਟਕ ਹੋਏਗਾ 'ਸਾਂਦਲ ਬਾਰ', ਮਾਲਾ ਹਾਸ਼ਮੀ



ਨਵੀਂ ਦਿੱਲੀ ਤੋਂ ਆਪਣੀ ਜਨ ਨਾਟਿਆ ਮੰਚ ਮੰਡਲੀ ਵੱਲੋਂ ਫਿਰਕਾ ਪ੍ਰਸਤੀ ਗੁੰਡਾਗਰਦੀ ਅਤੇ ਹਕੂਮਤੀ ਗੱਠ ਜੋੜ ਦਾ ਪਰਦਾ ਫਾਸ਼ ਕਰਦਾ ਨਾਟਕ ਪੇਸ਼ ਕਰਨਗੇ। ਸੰਗੀਤਾ ਗੁਪਤਾ ਚੰਡੀਗੜ੍ਹ ਦੀ ਨਿਰਦੇਸ਼ਨਾ ਚ ਨਾਟਕ ਹੋਏਗਾ 'ਮੁਝੇ ਪੰਖ ਦੇ ਦੋ' ਡਾ. ਸਾਹਿਬ ਸਿੰਘ ਦੁਆਰਾ ਰਚਿਤ ਅਤੇ ਨਿਰਦੇਸ਼ਤ ਅਦਾਕਾਰ ਮੰਚ ਮੁਹਾਲੀ ਵੱਲੋਂ ਨਾਟਕ ਹੋਏਗਾ, 'ਤੂੰ ਅਗਲਾ ਵਰਕਾ ਫੋਲ'। ਹੜ੍ਹ ਪੀੜਤਾਂ ਨਾਲ ਹਾਕਮਾਂ ਵੱਲੋਂ ਕੀਤੇ ਜਾ ਰਹੇ ਕੋਝੇ ਮਜ਼ਾਕ ਉੱਪਰ ਵਿਅੰਗ ਕਸਦਾ ਗੁਰਸ਼ਰਨ ਸਿੰਘ ਦਾ ਨਾਟਕ 'ਰਾਹਤ' ਖੇਡੇਗਾ ਇਕੱਤਰ ਅਤੇ ਇਪਟਾ ਮੋਗਾ ਅਵਤਾਰ ਚੜਿੱਕ ਅਤੇ ਸਾਥੀ ਨਿਵੇਕਲਾ ਰੰਗ ਭਰਨਗੇ, 'ਭੰਡ ਆਏ ਮੇਲੇ 'ਤੇ। ਮੇਲੇ ਚ ਸੰਗੀਤ ਦੀਆਂ ਸੁਰਾਂ ਛੇੜਨਗੇ ਛੱਤੀਸਗੜ੍ਹ ਤੋਂ 'ਰੇਲਾ ਸੰਗੀਤਕ ਗਰੁੱਪ, ਦਸਤਕ ਸਭਿਆਚਾਰਕ ਮੰਚ (ਸਾਰ੍ਹਾ), ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ), ਇਨਕਲਾਬੀ ਕਵੀਸਰੀ ਜੱਥਾ ਰਸੂਲਪੁਰ (ਸਵਰਨ ਧਾਲੀਵਾਲ ਅਤੇ ਸਾਥੀ) ਲੋਕ ਸੰਗੀਤ ਮੰਡਲੀ ਮਸਾਣੀ (ਧਰਮਿੰਦਰ ਮਸਾਣੀ), ਲੋਕ ਸੰਗੀਤ ਮੰਡਲੀ ਗੜ੍ਹਦੀਵਾਲਾ (ਗੁਰਪਿੰਦਰ ਸਿੰਘ), ਗੁਲਾਮ ਅਲੀ, ਇਕਬਾਲ ਉਦਾਸੀ, ਨਰਗਿਸ, ਅਜਮੇਰ ਅਕਲੀਆ ਅਤੇ ਅੰਮ੍ਰਿਤਪਾਲ ਬੰਗੇ।

ਪ੍ਰੈੱਸ ਨਾਲ ਇਹ ਜਾਣਕਾਰੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸਾਂਝੀ ਕੀਤੀ।

ਪੰਜਾਬ ਦੀਆਂ ਸਮੂਹ ਜਨਤਕ ਜਮਹੂਰੀ ਸੰਸਥਾਵਾਂ ਅਤੇ ਪਰਿਵਾਰਾਂ ਨੂੰ ਮੇਲੇ 'ਚ ਪੁੱਜਣ ਅਤੇ ਸਹਿਯੋਗ ਦੇਣ ਦੀ ਜ਼ੋਰਦਾਰ ਅਪੀਲ ਵੀ ਕੀਤੀ ਗਈ।

# ਪੰਜਾਬ ਅੰਦਰ ਹੜ੍ਹਾਂ ਦੀ ਤ੍ਰਾਸਦੀ ਲਈ ਜ਼ੁੰਮੇਵਾਰ ਕੌਣ

**ਗੁਰਮੀਤ ਸੁਖਪੁਰ**
**+91 9465915763**

ਪਿਛਲੇ 18 ਦਿਨਾਂ ਤੋਂ ਲਗਾਤਾਰ ਮੀਂਹ ਪੈਣ ਕਾਰਨ ਪੰਜਾਬ ਹੜ੍ਹਾਂ ਦੀ ਮਾਰ ਹੇਠ ਹੈ। ਇੱਕ ਅਨੁਮਾਨ ਅਨੁਸਾਰ ਹੁਣ ਤੱਕ 3000 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਨੁਕਸਾਨ ਹੋ ਚੁੱਕਿਆ ਹੈ। ਮੀਂਹ ਕੁਦਰਤੀ ਆਫ਼ਤ ਹੈ ਜਾਂ ਇਸ ਵਿੱਚ ਮਨੁੱਖੀ ਗਤੀਵਿਧੀਆਂ ਦਾ ਰੋਲ ਹੈ ਇਸ ਸਵਾਲ ਨੂੰ ਵੱਖਰੇ ਪਰਿਖੇਪ ਵਿੱਚ ਸਮਝਣਾ ਪਵੇਗਾ। ਪਹਾੜਾਂ ਤੇ ਹੋ ਰਹੀ ਲਗਾਤਾਰ ਬਾਰਿਸ਼ ਕਾਰਨ ਡੈਮਾਂ ਵਿੱਚ ਪਾਣੀ ਖ਼ਤਰੇ ਦੇ ਨਿਸ਼ਾਨ ਤੇ ਪਹੁੰਚ ਗਿਆ ਤੇ ਫਲੱਡ ਗੇਟ ਖੋਲ੍ਹਣੇ ਪਏ ਤੇ ਕੁੱਝ ਕੀਮਤੀ ਮਨੁੱਖੀ ਜ਼ਿੰਦਗੀਆਂ ਹੜ੍ਹ ਦੀ ਭੇਟ ਚੜ੍ਹ ਗਈਆਂ। ਸੈਂਕੜੇ ਬੇਜ਼ੁਬਾਨ ਪਸ਼ੂਆਂ ਨੂੰ ਪਾਣੀ ਦਾ ਤੇਜ਼ ਵਹਾਅ ਆਪਣੇ ਨਾਲ ਵਹਾਅ ਕਿ ਲੈ ਗਿਆ। ਪੁੱਤਾਂ ਵਾਂਗੂ ਪਾਲੀਆਂ ਲਹਿ ਲਹਿਰਾਉਂਦੀਆਂ ਫ਼ਸਲਾਂ ਪਾਣੀ ਦੇ ਕਹਿਰ ਦਾ ਸ਼ਿਕਾਰ ਹੋ ਗਈਆਂ। ਕਰੋੜਾਂ ਰੁਪਏ ਦੀ ਮਸ਼ੀਨਰੀ ਹੜ੍ਹਾਂ ਦੇ ਪਾਣੀ ਨਾਲ ਨੁਕਸਾਨੀ ਗਈ। ਪੰਜਾਬ ਵਿੱਚ ਹੜ੍ਹਾਂ ਕਾਰਨ ਇਹ ਨੁਕਸਾਨ ਪਹਿਲੀ ਵਾਰ ਨਹੀਂ ਹੋਇਆ ਸੰਨ 1988 ਵਿੱਚ ਬਹੁਤ ਜ਼ਿਆਦਾ ਨੁਕਸਾਨ ਪੰਜਾਬ ਦੇ ਜੰਮਿਆਂ ਨੇ ਝੱਲਿਆ। ਸੰਨ 2023 ਵਿੱਚ ਵੀ ਹੜ੍ਹਾਂ ਨੇ ਕੁੱਝ ਜ਼ਿਲ੍ਹਿਆਂ ਵਿੱਚ ਤਬਾਹੀ ਮਚਾਈ ਸੀ। ਪਿਛਲੇ ਹੜ੍ਹਾਂ ਦੌਰਾਨ ਵੀ ਲੋਕਾਂ ਨੇ ਲੋਕਾਂ ਦੀ ਬਾਂਹ ਫੜਦਿਆਂ ਹਰ ਤਰ੍ਹਾਂ ਦੀ ਮਦਦ ਪਹੁੰਚਾਈ ਜਿਸਦਾ ਕਿ ਮੈਂ ਚਸ਼ਮਦੀਦ ਗਵਾਹ ਹਾਂ ਕਿਉਂਕਿ ਅਸੀਂ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਕਲੱਬ ਬਣਾ ਕੇ ਅਸਲੀ ਪੀੜਤਾਂ ਤੱਕ ਰਾਸ਼ਨ, ਹਰਾ ਚਾਰਾ ਤੇ ਮੱਕੀ ਦੇ ਅਚਾਰ ਦੀਆਂ ਗੰਢਾਂ ਭੇਜੀਆਂ। ਇਸੇ ਤਰ੍ਹਾਂ ਲੋਕਾਂ ਨੇ ਦੂਰੋਂ ਦੂਰੋਂ ਜਾਕੇ ਪੀੜਤਾਂ ਨੂੰ ਰਾਹਤ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਹੁਣ ਫਿਰ ਆਮ ਲੋਕ ਹੜ੍ਹ ਮਾਰੇ ਇਲਾਕਿਆਂ ਦੇ ਧੁਰ ਅੰਦਰ ਜਾ ਕੇ ਜਾਨ ਜੋਖ਼ਮ ਵਿੱਚ ਪਾ ਕੇ ਲੋਕਾਂ ਲਈ ਢੋਈ ਬਣ ਰਹੇ ਹਨ। ਪਿੰਡਾਂ ਵਿੱਚੋਂ ਤਿਆਰ ਕੀਤੇ ਲੰਗਰ, ਸੁੱਕੇ ਰਾਸ਼ਨ, ਹਰਾ ਚਾਰਾ ਤੇ ਹੋਰ ਲੋੜੀਂਦੀਆਂ ਚੀਜ਼ਾਂ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਲੋਕਾਂ ਨਾਲ ਜੁੜੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ, ਸਿੱਖ ਜਥੇਬੰਦੀਆਂ, ਧਾਰਮਿਕ ਸੰਸਥਾਵਾਂ, ਮਲੇਰਕੋਟਲੇ ਜਾਂ ਮੁਸਲਿਮ ਭਾਈਚਾਰਾ, ਖ਼ਾਲਸਾ ਏਡ ਨਾਲ ਸਬੰਧਤ ਲੋਕ ਤੇ ਪਿੰਡਾਂ ਦੀਆਂ ਕਲੱਬਾਂ ਆਦਿ ਗਰਾਊਂਡ ਤੇ ਕੰਮ ਕਰਦੇ ਨਜ਼ਰ ਆ ਰਹੇ ਹਨ। ਇਨ੍ਹਾਂ ਤੋਂ ਇਲਾਵਾ ਕਲਾਕਾਰਾਂ ਵਿੱਚੋਂ ਜੱਸੀ ਹੋਣੀ ਗਰਾਊਂਡ ਜ਼ੀਰੋ ਤੇ ਕੰਮ ਕਰ ਰਹੇ ਤੇ ਹੋਰ ਕਲਾਕਾਰਾਂ ਐਕਟਰਾਂ ਨੂੰ ਪੰਜਾਬ ਦੇ ਡੁੱਬਦੇ ਲੋਕਾਂ ਦਾ ਸਹਾਰਾ ਬਣਨ ਲਈ ਪ੍ਰੇਰਿਤ ਪ੍ਰੇਰਿਤ ਕਰ ਰਹੇ ਹਨ। ਦਲਜੀਤ ਵੱਲੋਂ 10 ਪਿੰਡਾਂ ਨੂੰ ਗੋਦ ਲੈਣ ਦੇ ਐਲਾਨ ਹੋਏ ਹਨ। ਬਦੇਸੀਂ ਵਸਦੇ ਭਾਈਚਾਰੇ ਵੱਲੋਂ ਆਪਣੇ ਆਪਣੇ ਪਿੰਡਾਂ ਨਾਲ ਜੁੜਕੇ ਹਿੱਸਾ ਪਾਇਆ ਜਾ ਰਿਹਾ



ਹੈ। ਹਰਿਆਣਾ, ਰਾਜਸਥਾਨ ਅਤੇ ਯੂਪੀ ਦੇ ਕਿਸਾਨ ਬਿਪਤਾ ਦੀ ਇਸ ਘੜੀ ਵਿੱਚ ਪੰਜਾਬ ਦੇ ਲੋਕਾਂ ਦੀ ਬਾਂਹ ਫੜ੍ਹਨ ਲਈ ਅੱਗੇ ਆਏ ਹਨ। ਲਹਿੰਦੇ ਪੰਜਾਬ (ਪਾਕਿਸਤਾਨ) ਦੇ ਲੋਕਾਂ ਵੱਲੋਂ ਵੀ ਹੜ੍ਹ ਰੋਕਣ ਲਈ ਯੋਗਦਾਨ ਪਾਉਣਾ ਬੇਹੱਦ ਸਕੂਨ ਦੇਣ ਵਾਲੀ ਗੱਲ ਹੈ। ਹੁਣ ਗੱਲ ਆਉਂਦੀ ਹੈ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਤੇ ਸਾਜ਼ਿਸ਼ੀ ਚੁੱਪਚਾਪ ਬੈਠੀ ਮੋਦੀ ਦੀ ਕੇਂਦਰੀ ਹਕੂਮਤ ਦੀ। ਆਓ ਪਹਿਲਾਂ ਪੰਜਾਬ ਸਰਕਾਰ ਨੂੰ ਹੀ ਲੈ ਲਈਏ ਕਿ ਕਿਵੇਂ ਪਿਛਲੇ ਹੜ੍ਹਾਂ ਵੇਲੇ ਭੇਡ, ਬੱਕਰੀ ਤੋਂ ਲੈਕੇ ਮੁਰਗੀਆਂ ਤੱਕ ਦੇ ਮੁਆਵਜ਼ੇ ਦੇਣ ਦੇ ਐਲਾਨ ਕਰਨ ਵਾਲੇ ਮੁੱਖ ਮੰਤਰੀ ਹੁਣ ਲੋਕਾਂ ਵਿੱਚ ਜਾ ਪਾਉਣਗੇ। ਕੀ ਪਿਛਲੇ ਮੁਆਵਜ਼ਿਆਂ ਦੀ ਝਾਕ ਵਿੱਚ ਬੈਠੇ ਲੋਕ ਜੋ ਕਿ ਊਠ ਦੇ ਬੁੱਲ੍ਹ ਨੂੰ ਡਿੱਗਣ ਨੂੰ ਤਰਸਦੇ ਰਹੇ ਹਨ ਭਗਵੰਤ ਮਾਨ ਦੇ ਗਲ ਨਹੀਂ ਪੈਣਗੇ। ਜਾਂ ਇੰਝ ਕਹਿ ਲਵੋ ਕਿ ਹੁਣ ਭਗਵੰਤ ਮਾਨ ਵੱਲੋਂ ਕੀਤੇ ਐਲਾਨਾਂ ਤੇ ਵਾਅਦਿਆਂ ਤੇ ਵਿਸ਼ਵਾਸ ਕਰ ਪਾਉਣਗੇ। ਕੀ ਪੰਜਾਬ ਸਰਕਾਰ ਦੀ ਅਫ਼ਸਰਸ਼ਾਹੀ ਲਾਬੀ ਨੇ ਤੇ ਹੋਰ ਜ਼ੁੰਮੇਵਾਰ ਮਹਿਕਮਿਆਂ ਨੂੰ ਹੜ੍ਹ ਆਉਣ ਤੋਂ ਪਹਿਲਾਂ ਤਿਆਰ ਬਰ ਤਿਆਰ ਕੀਤਾ ਗਿਆ ਸੀ। ਕੀ ਸਮੇਂ ਸਿਰ ਡਰੇਨਾਂ, ਸੂਇਆਂ ਤੇ ਨਹਿਰਾਂ ਦੀ ਸਫ਼ਾਈ ਕਰਨ ਦੀ ਜ਼ਰੂਰਤ ਨਹੀਂ ਸੀ। ਕੀ ਇਸ ਵਾਰ ਮੀਂਹ ਕਿੰਨੇ ਪੈਣੇ ਹਨ ਵਾਤਾਵਰਣ ਵਿਗਿਆਨੀਆਂ ਦੀਆਂ ਸਿਫ਼ਾਰਸ਼ਾਂ ਅਨੁਸਾਰ ਕਦਮ ਚੁੱਕਣ ਦਾ ਤਰੱਦਦ ਕੀਤਾ ਗਿਆ। ਕੀ ਡੈਮਾਂ ਦਾ ਪਾਣੀ ਥੋੜ੍ਹਾ ਥੋੜ੍ਹਾ ਕਰਕੇ ਛੱਡਣ ਦੀਆਂ ਹਦਾਇਤਾਂ ਨਹੀਂ ਦਿੱਤੀਆਂ ਜਾ ਸਕਦੀਆਂ ਸਨ ਤਾਂ ਕਿ ਇਕੱਠੇ ਛੱਡੇ ਪਾਣੀ ਦੇ ਨੁਕਸਾਨ ਤੋਂ ਬਚਿਆ ਜਾ ਸਕੇ। ਰਾਜਸਥਾਨ, ਹਰਿਆਣਾ ਤੇ ਦਿੱਲੀ ਨੂੰ ਪਾਣੀ ਦੇਣ ਲਈ ਖ਼ਤਰੇ ਦੇ ਨਿਸ਼ਾਨ ਤੱਕ ਪਹੁੰਚਣ ਤੋਂ ਪਹਿਲਾਂ ਪਾਣੀ ਨਾ ਛੱਡ ਕੇ ਪੰਜਾਬ ਦੇ ਲੋਕਾਂ ਨਾਲ ਧੋਖਾ ਨਹੀਂ ਕੀਤਾ ਜਾ ਰਿਹਾ। ਚੱਲੋ ਹੁਣ ਕੇਂਦਰ ਸਰਕਾਰ ਵੱਲ ਰੁਖ਼ ਕਰਦੇ ਹਾਂ ਕੀ ਸਾਡੇ ਪੰਜਾਬ ਦੇ ਲੋਕਾਂ ਨੂੰ ਮੋਦੀ ਸਰਕਾਰ ਦੇਸ਼ ਦੇ ਬਾਸ਼ਿੰਦੇ ਨਹੀਂ ਮੰਨਦੀ। ਕੀ ਚੀਨ ਦਾ ਦੌਰਾ ਪੰਜਾਬ ਦੇ ਹੜ੍ਹ ਵਿੱਚ ਡੁੱਬ ਰਹੇ ਬਹਾਦਰ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਬਚਾਉਣ ਤੋਂ ਜ਼ਿਆਦਾ ਜ਼ਰੂਰੀ ਸੀ। ਕੀ ਪ੍ਰਧਾਨ ਮੰਤਰੀ ਤੋਂ ਬਾਅਦ ਅਮਿੱਤ ਸ਼ਾਹ ਵਰਗੇ ਕੇਂਦਰੀ ਵਜ਼ੀਰਾਂ ਦੀ ਕੋਈ ਡਿਊਟੀ ਨਹੀਂ ਬਣਦੀ। ਡੀਜਾਸਟਰ ਮਨੇਜਮੈਂਟ ਫੰਡ ਵਿੱਚ ਸਭ ਤੋਂ ਵੱਧ ਹਿੱਸਾ ਪਾਉਣ ਵਾਲੇ ਪੰਜਾਬੀਆਂ ਲਈ ਫੰਡ ਮਹੱਈਆ ਕਰਵਾਉਣ ਦਾ ਫ਼ੈਸਲਾ ਕਿਉਂ ਨਹੀਂ ਕੀਤਾ ਜਾ ਰਿਹਾ। ਕਿਉਂ ਪੰਜਾਬ ਦੇ ਅੰਨਦਾਤੇ ਅਤੇ ਪਿੰਡਾਂ ਵਿੱਚ ਰਹਿੰਦੇ ਹੋਰ ਕਿੱਤਿਆਂ ਨਾਲ ਜੁੜੇ ਲੋਕਾਂ ਨਾਲ ਮਤਰੇਈ ਮਾਂ ਵਾਲਾ ਵਤੀਰਾ ਅਪਣਾਇਆ ਜਾ ਰਿਹਾ ਹੈ। ਬਾਕੀ ਵਿਰੋਧੀ ਪਾਰਟੀਆਂ ਦੇ ਵੱਡੇ ਅਮੀਰਾਂ ਵੱਲੋਂ ਆਪਣੇ ਵੋਟਰਾਂ ਦੀ ਬਾਂਹ ਫੜਨ ਲਈ ਅੱਗੇ ਆਉਣ ਤੋਂ ਕਿਉਂ ਟਾਲਾ ਵੱਟਿਆ ਜਾ ਰਿਹਾ ਹੈ। ਦੇਸ਼ ਦੇ ਉਹ ਸਾਰੇ ਅਮੀਰ ਜਿਹੜੇ ਕਿਸੇ ਨਾ ਕਿਸੇ ਰੂਪ ਵਿੱਚ ਲੋਕਾਂ ਦੀ ਕਿਰਤ ਅਤੇ ਖ਼ੂਨ ਪਸੀਨੇ ਨਾਲ ਕੀਤੀ ਕਮਾਈ ਨੂੰ ਲੁੱਟ ਕੇ ਹੀ ਕਰੋੜਪਤੀ, ਅਰਬਪਤੀ ਬਣੇ ਹਨ ਕਿਉਂ ਨਹੀਂ ਆਪਣੀ ਤਿਜੌਰੀਆਂ ਵਿੱਚੋਂ ਦਸਵੇਂ ਦਸੌਂਦ ਕੱਢ ਰਹੇ। ਜਿੱਥੇ ਮੈਂ ਪੰਜਾਬ ਦੇ ਉਹ ਸਾਰੇ ਲੋਕ ਜਿਹੜੇ ਸੰਕਟ ਦੇ ਸਮੇਂ ਲੋਕਾਂ ਦੇ ਨਾਲ ਖੜ੍ਹੇ ਹਨ, ਉਨ੍ਹਾਂ ਨੂੰ ਸਲਾਮ ਕਹਿੰਦਾ ਹਾਂ। ਡੈਮੋਕਰੈਟਿਕ ਟੀਚਰ ਫਰੰਟ ਦੇ ਜੁਝਾਰੂ ਆਗੂਆਂ ਵੱਲੋਂ ਇਕੱਤਰ ਕੀਤੇ ਲੱਖਾਂ ਰੁਪਏ ਨਾਲ ਲੋੜਵੰਦ ਪਰਿਵਾਰਾਂ ਦੇ ਜ਼ਖ਼ਮਾਂ ਤੇ ਮੱਲਮ ਲਾਉਣ ਦੇ ਕੀਤੇ ਜਾ ਰਹੇ ਉਪਰਾਲਿਆਂ ਨੂੰ ਸ਼ਾਬਾਸ਼ ਕਹਿੰਦੇ ਹੋਏ ਲੋਕਾਂ ਦੇ ਅਸਲੀ ਪੁੱਤਾਂ ਦਾ ਸਨਮਾਨ ਦਿੰਦਾ ਹਾਂ। ਅਖੀਰ ਵਿੱਚ ਪੰਜਾਬ ਸਰਕਾਰ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਜੇ ਡੁੱਲੇ ਬੇਰ ਚੁਗਣੇ ਚਾਹੁੰਦੇ ਹੋ ਤਾਂ ਸਾਰੀ ਸਟੇਟ ਮਸ਼ੀਨਰੀ ਨੂੰ ਗਰਾਂਊਂਡ ਜੀਰੋ ਤੇ ਭੇਜ ਕੇ ਨੁਕਸਾਨ ਦਾ ਸਹੀ ਸਰਵੇ ਕਰਵਾ ਕੇ ਲੋੜਵੰਦਾਂ ਦੀ ਬਾਂਹ ਫੜੋ। ਹੜ੍ਹਾਂ ਦੇ ਸੰਕਟ ਦਾ ਫ਼ਾਇਦਾ ਲੈਣ ਵਾਲਿਆਂ ਤੇ ਬਾਜ਼ ਅੱਖ ਰੱਖਕੇ ਅਸਲੀ ਹੱਕਦਾਰਾਂ ਤੱਕ ਪਹੁੰਚਣ ਦੇ ਯਤਨ ਕਰਨੇ ਪੈਣਗੇ। ਹੜ੍ਹਾਂ ਤੋਂ ਬਾਅਦ ਕਿਸਾਨਾਂ ਨੂੰ ਬੀਜ, ਖਾਦਾਂ ਤੇ ਬਿਜਾਈ ਲਈ ਡੀਜ਼ਲ ਤੇ ਹੋਰ ਹੋਰ ਮਸ਼ੀਨਰੀ ਸਰਕਾਰ ਵੱਲੋਂ ਮੁਹੱਈਆ ਕਰਵਾਈ ਜਾਵੇ ਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਫੈਲਣ ਵਾਲੀਆਂ ਬਿਮਾਰੀਆਂ ਨੂੰ ਵਿਸ਼ੇਸ਼ ਸਿਹਤ ਪ੍ਰਬੰਧਾਂ ਰਾਹੀਂ ਕੰਟਰੋਲ ਕਰਨਾ ਯਕੀਨੀ ਬਣਾਇਆ ਜਾਵੇ। ਜਦੋਂ ਸਰਕਾਰਾਂ ਅੱਗੇ ਨਾ ਆਉਂਦੀਆਂ ਤਾਂ ਲੋਕ ਹੀ ਲੋਕਾਂ ਦੀ ਬਾਂਹ ਫੜਨਗੇ ਅਤੇ ਸੇਵਾ ਅਤੇ ਸੰਘਰਸ਼ ਦਾ ਇਹ ਨਾਹਰਾ ਬੁਲੰਦ ਕਰਨਗੇ ਕਿ

ਸਰਕਾਰਾਂ ਤੋਂ ਨਾਂ ਝਾਕ ਕਰੋ,
ਆਪਣੀ ਰਾਖ਼ੀ ਆਪ ਕਰੋ
ਆਪਣੀ ਰਾਖ਼ੀ ਦੀ ਕਰੋ ਤਿਆਰੀ,
ਇਕੱਠੀ ਕਰਕੇ ਖ਼ਲਕਤ ਸਾਰੀ।

## ਇਟਲੀ ਵਿਚ ਇਜ਼ਰਾਇਲ ਵਿਰੁੱਧ ਰੋਹ ਭਰਿਆ ਜਨਤਕ ਐਕਸ਼ਨ

# ਗਾਜ਼ਾ ਵਿਚ ਕਤਲੇਆਮ ਵਿਰੁੱਧ ਸੜਕਾਂ ’ਤੇ ਨਿੱਤਰੇ ਦਹਿ ਹਜ਼ਾਰਾਂ ਲੋਕ

**-ਬੂਟਾ ਸਿੰਘ ਮਹਿਮੂਦਪੁਰ**





ਜੇਕਰ ਦੁਨੀਆ ਭਰ ਦੀ ਨਿਆਂਪਸੰਦ ਲੋਕ-ਰਾਇ ਨੂੰ ਮੰਨਣ ਤੋਂ ਇਨਕਾਰੀ ਇਜ਼ਰਾਇਲ-ਅਮਰੀਕੀ ਗੱਠਜੋੜ ਵੱਲੋਂ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਹੋਰ ਵੀ ਕਰੂਰ ਰੂਪ ਦੇ ਕੇ ਤੇਜ਼ ਕੀਤੀ ਜਾ ਰਹੀ ਹੈ ਤਾਂ ਇਸਦਾ ਆਲਮੀ ਵਿਰੋਧ ਵੀ ਜ਼ੋਰ ਫੜ ਰਿਹਾ ਹੈ। ਇਜ਼ਰਾਈਲ ਦੇ ਇਕ ਸਾਬਕਾ ਫ਼ੌਜੀ ਕਮਾਂਡਰ ਦਾ ਕਹਿਣਾ ਹੈ ਕਿ ਮਾਰੇ ਗਏ ਫ਼ਲਸਤੀਨੀਆਂ ਦੀ ਗਿਣਤੀ ਦੋ ਲੱਖ ਤੋਂ ਵੱਧ ਹੈ। ਇਨ੍ਹਾਂ ਹਾਲਾਤ ਉੱਪਰ ਲਗਾਤਾਰ ਨਜ਼ਰ ਰੱਖ ਰਹੇ ਹੋਣ ਕਾਰਨ ਗਾਜ਼ਾ ਉੱਪਰ ਥੋਪੀ ਭਿਆਨਕ ਭੁੱਖਮਰੀ ਤੋਂ ਬੇਚੈਨ ਲੋਕਾਂ ਵਿਚ ਗੁੱਸਾ ਵਧ ਰਿਹਾ ਹੈ। ਇਜ਼ਰਾਇਲੀ ਹਕੂਮਤ ਦੇ ਇਸ ਘਿਣਾਉਣੇ ਕਾਰੇ ਦੀ ਪੂਰੀ ਦੁਨੀਆ ਵਿਚ ਨਿਖੇਧੀ ਹੋ ਰਹੀ ਹੈ। ਯੂਰਪ ਦੇ ਲੋਕ ਬਹੁਤ ਵੱਡੀ ਗਿਣਤੀ ਵਿਚ ਮੁਜ਼ਾਹਰੇ ਕਰ ਰਹੇ ਹਨ। ਇਟਲੀ ਦੇ ਲੋਕਾਂ ਨੇ ਸੜਕਾਂ ਉੱਪਰ ਆ ਕੇ ਇਸ ਆਵਾਜ਼ ਵਿਚ ਆਪਣੀ ਆਵਾਜ਼ ਮਿਲਾਕੇ ਇਕਜੁੱਟਤਾ ਨੂੰ ਹੋਰ ਬੁਲੰਦ ਕੀਤਾ ਹੈ।

ਹਾਲ ਹੀ ਵਿਚ ਦਹਿ-ਹਜ਼ਾਰਾਂ ਲੋਕ ਇਟਲੀ ਦੇ ਦਰਜਨਾਂ ਸ਼ਹਿਰਾਂ ਦੀਆਂ ਸੜਕਾਂ ’ਤੇ ਨਿੱਕਲ ਆਏ - ਸਕੂਲ ਬੰਦ ਰਹੇ, ਰੇਲ ਸੇਵਾਵਾਂ ਠੱਪ ਰਹੀਆਂ ਅਤੇ ਬੰਦਰਗਾਹਾਂ ਤੇ ਸੜਕਾਂ ਵੀ ਰੋਕੀਆਂ ਗਈਆਂ - ਇਹ ਗਾਜ਼ਾ ਉੱਪਰ ਇਜ਼ਰਾਇਲੀ ਹਮਲੇ ਵਿਰੁੱਧ ਯੂਰਪ ਦੇ ਸਭ ਤੋਂ ਵੱਡੇ ਮੁਜ਼ਾਹਰਿਆਂ ਵਿੱਚੋਂ ਇਕ ਹੋ ਨਿੱਬੜਿਆ।


ਇਸ ਵਧ ਰਹੇ ਲੋਕ ਦਬਾਅ ਦਾ ਹੀ ਸਿੱਟਾ ਹੈ ਕਿ ਬਰਤਾਨੀਆ, ਆਸਟ੍ਰੇਲੀਆ, ਪੁਰਤਗਾਲ ਅਤੇ ਕੈਨੇਡਾ ਨੂੰ ਫ਼ਲਸਤੀਨੀਂ ਸਟੇਟ ਨੂੰ ਮਾਨਤਾ ਦੇਣ ਦਾ ਅੱਕ ਚੱਬਣਾ ਪਿਆ ਹੈ। ਫਰਾਂਸ ਅਤੇ ਕਈ ਹੋਰ ਮੁਲਕ ਵੀ 22 ਸਤੰਬਰ ਨੂੰ ਸੰਯੁਕਤ ਰਾਸ਼ਟਰ ਮਹਾਸਭਾ ’ਚ ਫ਼ਲਸਤੀਨੀ ਰਾਜ ਨੂੰ ਮਾਨਤਾ ਦੇਣ ਦੀ ਤਿਆਰੀ ’ਚ ਸਨ ਤਾਂ ਇਟਲੀ ਦੇ ਲੋਕਾਂ ਨੇ ਫ਼ਲਸਤੀਨ ਦੇ ਹੱਕ ’ਚ ਮੁਜ਼ਾਹਰੇ ਕਰਕੇ ਆਪਣੀ ਸਰਕਾਰ ਉੱਪਰ ਦਬਾਅ ਪਾਉਣ ਲਈ ਨਵਾਂ ਇਤਿਹਾਸ ਰਚਿਆ। ਪ੍ਰਧਾਨ ਮੰਤਰੀ ਮੇਲੋਨੀ ਨੇ ਪਿੱਛੇ ਜਹੇ ਬੇਸ਼ਰਮੀਂ ਨਾਲ ਬਿਆਨ ਦਿੱਤਾ ਸੀ ਕਿ ਫ਼ਲਸਤੀਨ ਦਾ ਰਾਜ ਅਧਿਕਾਰਿਕ ਤੌਰ ’ਤੇ ਸਥਾਪਤ ਨਾ ਕਾਰਨ ਉਸ ਨੂੰ ਮਾਨਤਾ ਦੇਣਾ ਹਾਨੀਕਾਰਕ ਹੋ ਸਕਦਾ ਹੈ । ਇਸ ਨਾਲ ਪਹਿਲਾਂ ਹੀ ਟਰੰਪ ਨਾਲ ਆਪਣੇ ਹੁਕਮਰਾਨਾਂ ਦੀ ਮਿਲ਼ੀਭੁਗਤ ਤੋਂ ਅੱਕੇ ਇਤਾਲਵੀ ਲੋਕਾਂ ਦਾ ਗੁੱਸਾ ਹੋਰ ਵਧ ਗਿਆ।

ਸਾਰੇ ਇਟਲੀ ਦੀਆਂ ਜ਼ਮੀਨੀ ਪੱਧਰ ਦੀਆਂ ਯੂਨੀਅਨਾਂ ਨੇ 22 ਸਤੰਬਰ ਨੂੰ ਗਾਜ਼ਾ ਦੇ ਲੋਕਾਂ ਨਾਲ ਇਕਜੁੱਟਤਾ ਪ੍ਰਗਟਾਉਂਦਿਆਂ 24 ਘੰਟਿਆਂ ਦੀ ਆਮ ਹੜਤਾਲ ਦਾ ਇਹ ਕਹਿੰਦੇ ਹੋਏ ਐਲਾਨ ਕੀਤਾ ਕਿ ਇਟਲੀ ਅਤੇ ਯੂਰਪੀ ਸੰਘ ਦੀਆਂ ਸਰਕਾਰਾਂ ਦਾ ਗਾਜ਼ਾ ਦੇ ਮਾਨਵੀ ਸੰਕਟ ਪ੍ਰਤੀ ਘੇਸਲ ਵੱਟਣਾ ਉਨ੍ਹਾਂ ਨੂੰ ਮਨਜ਼ੂਰ ਨਹੀਂ ਹੈ ।




ਮਿਲਾਨ ਤੋਂ ਪਲੇਰਮੋ ਤੱਕ, ਮੁਲਕ ਦੀਆਂ ਘੱਟੋ-ਘੱਟ 75 ਮਿਉਂਸਪੈਲਿਟੀ ਵਿਚ ਲੋਕ ਸੜਕਾਂ ’ਤੇ ਉਤਰ ਆਏ। ਮਜ਼ਦੂਰਾਂ ਵੱਲੋਂ Blocchiamo tutto (ਸਭ ਕੁਝ ਰੋਕ ਦਿਓ) ਦੇ ਨਾਅਰੇ ਹੇਠ ਬੰਦਰਗਾਹ, ਸੜਕਾਂ ਤੇ ਕੰਮਕਾਜ ਠੱਪ ਕਰ ਦਿੱਤੇ ਗਏ ਤਾਂ ਜੋ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਰੋਕੀ ਜਾਵੇ ਅਤੇ ਕੂਟਨੀਤਕ ਸੰਬੰਧ ਤੋੜੇ ਜਾਣ। 75 ਤੋਂ ਵੱਧ ਸ਼ਹਿਰਾਂ ਵਿੱਚ ਹੜਤਾਲ ਤੇ ਪ੍ਰਦਰਸ਼ਨ ਹੋਏ। ਡੌਕ ਮਜ਼ਦੂਰ, ਅਧਿਆਪਕ, ਧਾਤੂ ਮਜ਼ਦੂਰ ਅਤੇ ਸਰਕਾਰੀ ਮੁਲਾਜ਼ਮ ਸ਼ਾਮਲ ਹੋਏ; ਸਕੂਲ ਤੇ ਯੂਨੀਵਰਸਿਟੀਆਂ ਬੰਦ ਰਹੀਆਂ। ਇਹ ਸਭ ਉਸ ਮੁਲਕ ਵਿਚ ਹੋਇਆ ਜਿਸਦੀ ਸਰਕਾਰ ਨਵ-ਫ਼ਾਸੀਵਾਦੀ ਅਤੇ ਇਜ਼ਰਾਈਲ-ਪ੍ਰਸਤ ਹੈ।

ਆਯੋਜਕਾਂ ਦੇ ਅਨੁਸਾਰ ਉੱਤਰੀ ਸ਼ਹਿਰ ਮਿਲਾਨ ਵਿਚ 50,000 ਲੋਕ ਮੁਜ਼ਾਹਰੇ ਵਿਚ ਸ਼ਾਮਲ ਹੋਏ, ਜਦਕਿ ਬੋਲੋਨੀਆ ਵਿਚ ਪੁਲਿਸ ਨੇ ਇਹ ਗਿਣਤੀ 10,000 ਤੋਂ ਵੱਧ ਦੱਸੀ। ਮਿਲਾਨ ਵਿਚ ਕਾਲੇ ਕੱਪੜੇ ਪਹਿਨੀਂ ਅਤੇ ਡੰਡਿਆਂ ਨਾਲ ਲੈਸ ਮੁਜ਼ਾਹਰਾਕਾਰੀਆਂ ਨੇ ਗੁੱਸੇ ’ਚ ਆ ਕੇ ਸ਼ਹਿਰ ਦੇ ਕੇਂਦਰੀ ਰੇਲਵੇ ਸਟੇਸ਼ਨ ਦੇ ਮੁੱਖ ਦਰਵਾਜ਼ੇ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਅਤੇ ਪੁਲਿਸ ਉੱਪਰ ਧੂੰਏਂ ਦੇ ਬੰਬ, ਬੋਤਲਾਂ ਅਤੇ ਪੱਥਰ ਸੁੱਟੇ। ਬੋਲੋਨੀਆ ਵਿਚ ਸੜਕ ਰੋਕਣ ਵਾਲੇ ਮੁਜ਼ਾਹਰਾਕਾਰੀਆਂ ਨੂੰ ਖਿੰਡਾਉਣ ਲਈ ਪੁਲਿਸ ਪਾਣੀ ਦੀ ਤੋਪ ਵਰਤਦੀ ਦੇਖੀ ਗਈ। ਸਥਾਨਕ ਖ਼ਬਰਾਂ ਅਨੁਸਾਰ ਮਿਲਾਨ ਵਿੱਚ 10 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਲਗਭਗ 60 ਪੁਲਸੀਏ ਜ਼ਖ਼ਮੀ ਹੋਏ। ਜੇਨੋਆ ਅਤੇ ਲਿਵੋਰਨੋ ਵਿੱਚ ਬੰਦਰਗਾਹ ਮਜ਼ਦੂਰ ਇਸ ਨੂੰ ਲੈ ਕੇ ਚਿੰਤਤ ਸਨ ਕਿ ਇਟਲੀ ਦਾ ਇਸਤੇਮਾਲ ਇਜ਼ਰਾਈਲ ਨੂੰ ਹਥਿਆਰ ਪਹੁੰਚਾਉਣ ਦੇ ਅੱਡੇ ਵਜੋਂ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੇ ਬੰਦਰਗਾਹਾਂ ਬੰਦ ਕਰ ਦਿੱਤੀਆਂ। ਰੋਮ ਵਿੱਚ 20,000 ਤੋਂ ਵੱਧ ਲੋਕ ਫ਼ਲਸਤੀਨੀ ਝੰਡੇ ਲਹਿਰਾਉਂਦੇ ਅਤੇ “ਫ਼੍ਰੀ ਫ਼ਲਸਤੀਨ” ਦੇ ਨਾਅਰੇ ਲਗਾਉਂਦੇ ਹੋਏ ਟਰਮਿਨੀ ਰੇਲਵੇ ਸਟੇਸ਼ਨ ਦੇ ਬਾਹਰ ਇਕੱਠੇ ਹੋਏ। ਅੱਲ੍ਹੜ ਵਿਦਿਆਰਥੀ ਕਹਿ ਰਹੇ ਸਨ ਕਿ ਉਹ ਉਸ ਅਬਾਦੀ ਦੀ ਹਮਾਇਤ ਕਰਨ ਆਏ ਹਨ ਜਿਨ੍ਹਾਂ ਦਾ ਕੁਲ-ਨਾਸ਼ ਕੀਤਾ ਜਾ ਰਿਹਾ ਹੈ। ਗਾਜ਼ਾ ਵਿਚ ਬੱਚਿਆਂ ਦੇ ਮਾਰੇ ਜਾਣ ਅਤੇ ਹਸਪਤਾਲਾਂ ਦੇ ਤਬਾਹ ਹੋਣ ਦੀਆਂ ਖ਼ਬਰਾਂ ਨੇ ਉਸਨੂੰ ਸੜਕਾਂ ’ਤੇ ਲਿਆਂਦਾ ਹੈ। ਵਿਦਿਆਰਥੀ ਸੰਯੁਕਤ ਰਾਸ਼ਟਰ ਕਮਿਸ਼ਨ ਦੀ ਹਾਲੀਆ ਰਿਪੋਰਟ ਤੋਂ ਬਖ਼ੂਬੀ ਜਾਣੂੰ ਸਨ। ਉਹ ਮੀਡੀਆ ਅਤੇ ਸਰਕਾਰਾਂ ਵੱਲੋਂ ਗਾਜ਼ਾ ਦੇ ਸੰਕਟ ਨੂੰ ਤੋੜ-ਮਰੋੜਕੇ ਪੇਸ਼ ਕਰਨ ਅਤੇ ਇਸ ਭਿਆਨਕ ਸੰਕਟ ਪ੍ਰਤੀ ਅੰਤਰਰਾਸ਼ਟਰੀ ਚੁੱਪ ਤੋਂ ਔਖੇ ਸਨ। ਉਹ ਇਸ ਬਾਰੇ ਵੀ ਸਪਸ਼ਟ ਸਨ ਕਿ ਉਹ ਯਹੂਦੀ ਲੋਕਾਂ ਦੇ ਨਹੀਂ ਸਗੋਂ ਕਤਲੇਆਮ ਮਚਾਉਣ ਵਾਲੀ ਇਜ਼ਰਾਇਲ ਸਰਕਾਰ ਦਾ ਵਿਰੋਧ ਕਰਨ ਲਈ ਆਏ ਹਨ। ਇਟਲੀ ਨੂੰ ਠੱਪ ਕਰਕੇ ਸਰਕਾਰ ਉੱਪਰ ਦਬਾਅ ਪਾਉਣ ਦਾ ਉਨ੍ਹਾਂ ਦਾ ਇਰਾਦਾ ਸਪਸ਼ਟ ਸੀ।




“ਲੈੱਟਸ ਬਲੌਕ ਐਵਰੀਥਿੰਗ” (ਸਭ ਕੁਝ ਰੋਕ ਦਿਉ) ਦੇ ਨਾਅਰੇ ਹੇਠ, ਹੜਤਾਲ ਵਿੱਚ ਸ਼ਾਮਲ ਲੋਕਾਂ ਨੇ ਸਰਕਾਰ ਨੂੰ ਇਜ਼ਰਾਈਲ ਨਾਲ ਵਪਾਰਕ ਅਤੇ ਫ਼ੌਜੀ ਸਹਿਯੋਗ ਮੁਅੱਤਲ ਕਰਨ ਦੀ ਮੰਗ ਕੀਤੀ ਅਤੇ ਗਲੋਬਲ ਸੁਮੂਦ ਫ਼ਲੋਟੀਲਾ ਦੀ ਹਮਾਇਤ ਕੀਤੀ - ਇਹ 51 ਛੋਟੀਆਂ ਕਿਸ਼ਤੀਆਂ ਦੀ ਅੰਤਰਰਾਸ਼ਟਰੀ ਪਹਿਲਕਦਮੀਂ ਹੈ ਜੋ ਇਜ਼ਰਾਈਲ ਦੀ ਸਮੁੰਦਰੀ ਨਾਕਾਬੰਦੀ ਤੋੜ ਕੇ ਗਾਜ਼ਾ ਵਿਚ ਮਾਨਵੀ ਸਹਾਇਤਾ ਪਹੁੰਚਾਉਣ ਦੇ ਮਿਸ਼ਨ ਤਹਿਤ ਗਾਜ਼ਾ ਨੂੰ ਜਾ ਰਹੇ ਹਨ। ਇਸ ਇਕਮੁੱਠਤਾ ਕਾਫ਼ਲੇ ਨੂੰ ਦਹਿਸ਼ਤਜ਼ਦਾ ਕਰਕੇ ਵਾਪਸ ਮੋੜਨ ਲਈ ਇਜ਼ਰਾਈਲੀ ਹਕੂਮਤ ਅੰਤਰਰਾਸ਼ਟਰੀ ਸਮੁੰਦਰੀ ਖੇਤਰ ਵਿਚ ਸ਼ਰੇਆਮ ਗੁੰਡਾਗਰਦੀ ਕਰ ਰਹੀ ਹੈ। ਡਰੋਨਾਂ ਰਾਹੀਂ ਕਾਫ਼ਲੇ ਦੀ ਨਿਗਰਾਨੀ ਕਰਕੇ ਅਤੇ ਧਮਾਕੇ ਕਰਕੇ ਰਸਦ ਲੈ ਕੇ ਜਾ ਰਹੇ ਲੋਕਾਂ ਨੂੰ ਡਰਾਉਣ-ਧਮਕਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਵਿਆਪਕ ਜਨਤਕ ਵਿਰੋਧ ਤੋਂ ਬੌਖਲਾਈ ਪ੍ਰਧਾਨ ਮੰਤਰੀ ਅਤੇ ਹੋਰ ਮੰਤਰੀਆਂ ਨੇ ਹੜਤਾਲ ਨੂੰ ‘ਖੱਬੇਪੱਖੀਆਂ ਦੀ ਰਾਜਨੀਤਕ ਲਾਮਬੰਦੀ’ ਕਰਾਰ ਦੇ ਕੇ ਇਸ ਦੇ ਮਹੱਤਵ ਨੂੰ ਘੱਟੇ ਰੋਲ਼ਣ ਦੀ ਕੋਸ਼ਿਸ਼ ਕੀਤੀ ਪਰ ਦੁਨੀਆ ਨੇ ਦੇਖ ਲਿਆ ਕਿ ਇਟਲੀ ਦੇ ਲੋਕ ਸਰਕਾਰ ਦੀ ਗਾਜ਼ਾ ਨੀਤੀ ਅਤੇ ਟਰੰਪ ਸਰਕਾਰ ਨਾਲ ਨੇੜਤਾ ਤੋਂ ਖ਼ਫ਼ਾ ਹਨ। ਫ਼ਲਸਤੀਨ ਨੂੰ ਮਾਨਤਾ ਦੇਣ ਤੋਂ ਪੈਰ ਖਿੱਚ ਰਹੀ ਸਰਕਾਰ ਨੂੰ ਲੋਕ ਐਕਸ਼ਨ ਦੇ ਦਬਾਅ ਹੇਠ ਸਮੂਦ ਫਲੋਟੀਲਾ ਦੀ ਰੱਖਿਆ ਲਈ ਇਟਲੀ ਦਾ ਸਮੁੰਦਰੀ ਬੇੜਾ ਭੇਜਣ ਨੂੰ ਮਨਜ਼ੂਰੀ ਦੇਣੀ ਪਈ। ਨਿਆਂਪਸੰਦ ਲੋਕਾਂ ਦੀ ਸੁਮੂਦ ਫਲੋਟਿਲਾ ਨੂੰ ਨੇਵੀ ਜਹਾਜ਼ਾਂ ਵੱਲੋਂ ਸੁਰੱਖਿਆ ਦੇਣ ਦੀ ਮੰਗ ਇਟਲੀ ਅਤੇ ਸਪੇਨ ਦੀਆਂ ਸਰਕਾਰਾਂ ਨੂੰ ਮੰਨਣੀ ਪਈ ਹੈ।

ਇਟਲੀ ਦੀ ਇਹ ਆਮ ਹੜਤਾਲ ਸਧਾਰਨ ਵਿਰੋਧ ਨਹੀਂ ਹੈ, ਅਮਰੀਕੀ-ਇਜ਼ਰਾਇਲੀ ਦਹਿਸ਼ਤਵਾਦ ਵਿਰੁੱਧ ਲੋਕ ਆਵਾਜ਼ ਪੱਖੋਂ ਇਸਦਾ ਬਹੁਤ ਵੱਡਾ ਮਹੱਤਵ ਹੈ। ਇਹ ਇਟਲੀ ਦੇ ਮਜ਼ਦੂਰਾਂ ਦੀ ਆਪਣੀ ਸਰਕਾਰ ਦੀ ਗਾਜ਼ਾ ਕਤਲੇਆਮ ਵਿਚ ਮਿਲੀਭੁਗਤ ਦੇ ਖ਼ ?ਲਾਫ਼ ਰੋਹ ਦਾ ਪ੍ਰਗਟਾਵਾ ਹੈ ਅਤੇ ਇਹ ਫ਼ਲਸਤੀਨ ਦੀ ਹਮਾਇਤ ’ਚ ਦੁਨੀਆ ਭਰ ਦਾ ਮਜ਼ਦੂਰ ਜਮਾਤ ਦਾ ਪਹਿਲਾ ਵੱਡਾ ਅੰਦੋਲਨ ਹੈ।

ਇਹ ਰਾਜਨੀਤਕ ਚੇਤਨਾ ਵਾਲੀ ਹੜਤਾਲ ਸੀ—ਇਹ ਤਨਖ਼ਾਹ ਜਾਂ ਆਰਥਕ ਮੰਗਾਂ ਲਈ ਨਹੀਂ ਸੀ, ਸਗੋਂ ਸਾਮਰਾਜੀ ਜੰਗਬਾਜ਼ ਹਮਲਿਆਂ ਦੇ ਖ਼ਿਲਾਫ਼ ਲੋਕ ਆਵਾਜ਼ ਸੀ ਅਤੇ ਇਹ ਦਰਸਾਉਂਦੀ ਹੈ ਕਿ ਦੱਬੀਆਂ-ਕੁਚਲੀਆਂ ਕੌਮਾਂ ਨਾਲ ਇਕਜੁੱਟਤਾ ਤਹਿਤ ਭਵਿੱਖ ’ਚ ਵਰਗ ਸੰਘਰਸ਼ ਤੇਜ਼ ਹੋਣ ਦੀ ਵੱਡੀ ਸੰਭਾਵਨਾ ਹੈ। ਇਹ ਹੜਤਾਲ ਫ਼ਲਸਤੀਨ ਨਾਲ ਅੰਤਰਰਾਸ਼ਟਰੀ ਏਕਤਾ ਦਾ ਇਕ ਇਤਿਹਾਸਕ ਅਤੇ ਨਵਾਂ ਪੜਾਅ ਹੈ, ਜੋ ਫ਼ਲਸਤੀਨੀ ਕਾਜ ਦੇ ਹੱਕ ਵਿਚ ਯਮਨ, ਇਰਾਨ, ਲਿਬਨਾਨ ਆਦਿ ਦੇ ਲੋਕਾਂ ਅਤੇ ਵਿਸ਼ਵ-ਵਿਆਪੀ ਵਿਦਿਆਰਥੀ ਅੰਦੋਲਨਾਂ ਵਾਂਗ ਮਹੱਤਵ ਰੱਖਦੀ ਹੈ। ਇਸ ਹੜਤਾਲ ਨੇ ਪੱਛਮੀ ਮੁਲਕਾਂ ਵੱਲੋਂ “ਫ਼ਲਸਤੀਨੀ ਰਾਜ” ਨੂੰ ਝੂਠੀ ਮਾਨਤਾ ਦੇ ਢੌਂਗ ਨੂੰ ਬੇਨਕਾਬ ਕੀਤਾ, ਜਿਸਦਾ ਕੋਈ ਠੋਸ ਮਤਲਬ ਨਹੀਂ ਹੈ, ਸਗੋਂ ਇਹ ਸਿਰਫ਼ ਬਦਨਾਮ ਫ਼ਲਸਤੀਨੀ ਅਥਾਰਟੀ ਨੂੰ ਸਹਾਰਾ ਦੇਣ ਅਤੇ ਅਸਲ ਮੁੱਦੇ ਤੋਂ ਧਿਆਨ ਭਟਕਾਉਣ ਦਾ ਹਥਕੰਡਾ ਹੈ। ਇਟਲੀ ਦੇ ਮਜ਼ਦੂਰਾਂ ਨੇ ਇਹ ਭਰਮ ਰੱਦ ਕਰਕੇ ਪੱਛਮੀ ਸਾਮਰਾਜੀ ਤਾਕਤਾਂ ਨੂੰ ਸੁਮੂਦ ਕਾਫ਼ਲੇ ਦੀ ਸੁਰੱਖਿਆ ਲਈ ਨੇਵੀ ਜਹਾਜ਼ ਭੇਜਣ ਵਰਗੇ ਠੋਸ ਫ਼ੈਸਲੇ ਲੈਣ ਲਈ ਮਜਬੂਰ ਕੀਤਾ ਹੈ ਅਤੇ ਇੰਝ ਆਪਣਾ ਇਤਿਹਾਸਕ ਫ਼ਰਜ਼ ਨਿਭਾਇਆ ਹੈ।

**ਗਾਜ਼ਾ ਵਿੱਚ ਜਾਰੀ ਕਤਲੇਆਮ ’ਚ ਭਾਰਤੀ ਕਾਰਪੋਰੇਸ਼ਨਾਂ ਦੀ ਮਿਲੀਭੁਗਤ :** ਪ੍ਰਾਫਿਟ ਐਂਡ ਜੈਨੋਸਾਈਡ: ਇੰਡੀਅਨ ਇਨਵੈਸਟਮੈਂਟਸ ਇਨ ਇਜ਼ਰਾਈਲ ਨਾਂ ਰਿਪੋਰਟ, ਜੋ ਸੈਂਟਰ ਫ਼ਾਰ ਫ਼ਾਇਨੈਂਸ਼ਲ ਅਕਾਉਂਟੇਬਿਲਟੀ ਵੱਲੋਂ ਜਾਰੀ ਕੀਤੀ ਗਈ ਹੈ, ਨੇ ਖ਼ੁਲਾਸਾ ਕੀਤਾ ਹੈ ਕਿ ਭਾਰਤ ਦੀਆਂ ਕਾਰਪੋਰੇਸ਼ਨਾਂ - ਨਿੱਜੀ ਤੇ ਸਰਕਾਰੀ ਦੋਵੇਂ - ਦਾ ਇਜ਼ਰਾਈਲ ਦੀ ਕਬਜ਼ੇ ਤੇ ਕਤਲੇਆਮ ਵਾਲੀ ਆਰਥਿਕਤਾ ਨਾਲ ਡੂੰਘੇ ਤੌਰ ’ਤੇ ਜੁੜੀਆਂ ਹੋਈਆਂ ਹਨ। ਰੱਖਿਆ ਅਤੇ ਤਕਨਾਲੋਜੀ ਤੋਂ ਲੈ ਕੇ ਖੇਤੀਬਾੜੀ, ਮਜ਼ਦੂਰੀ ਅਤੇ ਬੁਨਿਆਦੀ ਢਾਂਚੇ ਤੱਕ, ਭਾਰਤੀ ਸਰਮਾਇਆ ਸਿੱਧੇ ਤੌਰ ’ਤੇ ਉਨ੍ਹਾਂ ਕੰਪਨੀਆਂ ਅਤੇ ਪ੍ਰੋਜੈਕਟਾਂ ਨਾਲ ਜੁੜਿਆ ਹੋਇਆ ਹੈ ਜੋ ਇਜ਼ਰਾਈਲ ਦੇ ਫ਼ੌਜੀ ਹਮਲਿਆਂ ਅਤੇ ਕਬਜ਼ਾ ਕੀਤੀਆਂ ਬਸਤੀਆਂ ਨੂੰ ਕਾਇਮ ਰੱਖਦੀਆਂ ਹਨ।

ਰਿਪੋਰਟ ਇਜ਼ਰਾਈਲ ਦੇ ਭਾਰਤ ਵਿਚ ਪੂੰਜੀ-ਨਿਵੇਸ਼ ਨੂੰ ਵੀ ਦਰਸਾਉਂਦੀ ਹੈ, ਜਿਸਨੇ ਕਤਲੇਆਮ ਦੇ ਸਿਖ਼ਰ ’ਤੇ ਵੀ ਮਜ਼ਬੂਤ ਵਪਾਰਕ ਸੰਬੰਧਾਂ ਨੂੰ ਜਾਰੀ ਰੱਖਿਆ ਹੋਇਆ ਹੈ। ਇਸੇ ਮਹੀਨੇ ਭਾਰਤ ਸਰਕਾਰ ਨੇ ਇਜ਼ਰਾਈਲ ਨਾਲ ਦੁਵੱਲੇ ਪੂੰਜੀ-ਨਿਵੇਸ਼ ਸਮਝੌਤੇ (ਬੀਆਈਟੀ) ’ਤੇ ਦਸਖ਼ਤ ਕੀਤੇ, ਜਿਸ ਨਾਲ ਗਾਜ਼ਾ ਵਿਚ ਕਤਲੇਆਮ, ਫ਼ਲਸਤੀਨ ਉੱਪਰ ਕੀਤੇ ਕਬਜ਼ੇ ਅਤੇ ਫ਼ਲਸਤੀਨੀ ਲੋਕਾਂ ਦੇ ਨਸਲੀ ਸਫਾਏ ਵਿਚ ਇਸਦੀ ਮਿਲੀਭੁਗਤ ਹੋਰ ਵੀ ਸਪਸ਼ਟ ਹੋ ਗਈ।

**ਰਿਪੋਰਟ ਦੇ ਮੁੱਖ ਨਤੀਜੇ**

- 2016-2021 ਦਰਮਿਆਨ ਇਜ਼ਰਾਈਲ ਦੇ ਕੁਲ ਹਥਿਆਰਾਂ ਦੇ ਨਿਰਯਾਤ ਦਾ 40-45% ਭਾਰਤ ਨੂੰ ਕੀਤਾ ਗਿਆ, ਜਿਸ ਨਾਲ ਭਾਰਤ ਇਜ਼ਰਾਈਲ ਦਾ ਸਭ ਤੋਂ ਵੱਡਾ ਰੱਖਿਆ ਗਾਹਕ ਬਣਿਆ।
- ਅਡਾਨੀ-ਐਲਬਿਟ ਐਡਵਾਂਸਡ ਸਿਸਟਮਜ਼ ਇੰਡੀਆ ਲਿਮਿਟਡ (ਹੈਦਰਾਬਾਦ) Hermes 900 MALE ਡਰੋਨ ਬਣਾਉਂਦੀ ਹੈ, ਜਿਸਦਾ ਇਸਤੇਮਾਲ ਇਜ਼ਰਾਈਲੀ ਫ਼ੌਜ ਗਾਜ਼ਾ ਵਿਚ ਨਿਗਰਾਨੀ ਅਤੇ ਨਿਸ਼ਾਨਾ ਲਗਾਉਣ ਲਈ ਕਰਦੀ ਹੈ।
- ਅਡਾਨੀ ਪੋਰਟਸ ਵੱਲੋਂ ਹਾਇਫ਼ਾ ਬੰਦਰਗਾਹ ਦਾ 1.18 ਅਰਬ ਡਾਲਰ ਦਾ ਅਧਿਗ੍ਰਹਿਣ ਭਾਰਤੀ ਸਰਮਾਏ ਨੂੰ ਇਜ਼ਰਾਈਲ ਦੀ ਸਮੁੰਦਰੀ ਫ਼ੌਜ ਦੇ ਤੇ ਫ਼ੌਜੀ ਲਾਜਿਸਟਿਕਸ ਨਾਲ ਜੋੜਦਾ ਹੈ। ਹਾਇਫ਼ਾ ਨਾ ਸਿਰਫ਼ ਸਭ ਤੋਂ ਵੱਧ ਰੁੱਝੀ ਵਪਾਰਕ ਬੰਦਰਗਾਹ ਹੈ ਸਗੋਂ ਇਜ਼ਰਾਈਲੀ ਸਮੁੰਦਰੀ ਫ਼ੌਜ ਦੇ ਪਣਡੁੱਬੀਆਂ ਦੇ ਬੇੜੇ ਦਾ ਅੱਡਾ ਵੀ ਹੈ।
- ਭਾਰਤੀ ਟੈੱਕ ਕੰਪਨੀਆਂ ਟਾਟਾ ਕਨਸਲਟੈਂਸੀ ਸਰਵਿਸਿਜ਼ (ਟੀਸੀਐੱਸ), ਇਨਫ਼ੋਸਿਸ ਅਤੇ ਰਿਲਾਇੰਸ ਜੀਓ ਇਜ਼ਰਾਈਲ ਦੇ ਡਿਜ਼ਿਟਲ ਢਾਂਚੇ ਨਾਲ ਜੁੜੀਆਂ ਹਨ। ਟੀਸੀਐੱਸ ਕਲਾਊਡ ਪ੍ਰੋਜੈਕਟ Nimbus ਨਾਲ ਜੁੜੀ ਹੈ ਜਿਸ ਵਿੱਚ ਐਮਾਜ਼ੋਨ ਅਤੇ ਮਾਇਕਰੋਸਾਫ਼ਟ ਵੀ ਸ਼ਾਮਲ ਹਨ—ਫ਼ਲਸਤੀਨੀਆਂ ਦੀ ਨਿਗਰਾਨੀ ਅਤੇ ਪੁਲਸੀ ਕੰਟਰੋਲ ਨੂੰ ਸਮਰੱਥ ਬਣਾਉਣ ਵਿਚ ਇਸਦਾ ਹੱਥ ਹੋਣ ਕਾਰਨ ਇਹ ਸਵਾਲਾਂ ਦੇ ਘੇਰੇ ’ਚ ਹੈ।
- ਜੈਨ ਇਰੀਗੇਸ਼ਨ ਦੀ ਸਹਾਇਕ ਕੰਪਨੀ NaanDanJain ਪੱਛਮੀ ਤੱਟ ਤੇ ਗੋਲਾਨ ਪਹਾੜੀਆਂ ਵਿਚ ਗ਼ੈਰਕਾਨੂੰਨੀ ਬਸਤੀਆਂ ਨੂੰ ਡਰਿੱਪ ਇਰੀਗੇਸ਼ਨ ਅਤੇ ਪਾਣੀ ਦੀ ਸਪਲਾਈ ਕਰਦੀ ਹੈ। 2022 ਵਿਚ ਜੈਨ ਨੇ ਆਪਣੇ ਵਿਸ਼ਵ-ਪੱਧਰੇ ਸਿੰਚਾਈ ਕਾਰੋਬਾਰ ਦਾ ਹਿੱਸਾ Rivulis ਵਿਚ ਮਿਲਾ ਦਿੱਤਾ, ਜੋ ਐੱਫਆਈਐੱਮਆਈ (ਫਰਸਟ ਇਜ਼ਰਾਈਲ ਮਿਜ਼ਾਨੀਨ ਇਨਵੈਸਟਰਜ਼ ਲਿਮਿਟਡ) ਦੇ ਅਧੀਨ ਹੈ,

ਜੋ ਇਜ਼ਰਾਈਲ ਦੀ ਫ਼ੌਜ ਅਤੇ ਜੇਲ੍ਹ ਉਦਯੋਗ ਨਾਲ ਜੁੜੀ ਹੋਈ ਹੈ।

• ਭਾਰਤ ਨੇ ਇਜ਼ਰਾਈਲ ਦੀ ਕੌਮੀ ਜਲ ਕੰਪਨੀ ਮੇਕੋਰੋਟ ਨਾਲ ਭਾਈਵਾਲੀ ਕੀਤੀ ਹੈ, ਜੋ ਕਰਨਾਟਕ ਸਮੇਤ ਭਾਰਤੀ ਰਾਜਾਂ ਵਿਚ ਜਲ ਪ੍ਰੋਜੈਕਟ ਚਲਾ ਰਹੀ ਹੈ। ਮੇਕੋਰੋਟ ਉੱਪਰ ਗਾਜ਼ਾ ਵਿਚ ਪਾਣੀ ਦੀਆਂ ਲਾਈਨਾਂ ਨੂੰ ਘਟਾ ਕੇ ਅਤੇ ਪੀਣ ਵਾਲੇ ਸਾਫ਼ ਪਾਣੀ ਤੋਂ ਲੋਕਾਂ ਨੂੰ ਵਾਂਝਾ ਕਰਕੇ "ਪਾਣੀ ਨੂੰ ਹਥਿਆਰ ਬਣਾਉਣ" ਦਾ ਦੋਸ਼ ਹੈ।

• 2023 'ਚ 42,000 ਭਾਰਤੀ ਮਜ਼ਦੂਰ ਅਤੇ ਨਰਸਿੰਗ ਕਰਮਚਾਰੀ ਇਜ਼ਰਾਈਲ ਭੇਜੇ ਗਏ, ਜਦੋਂ ਕਿ ਫ਼ਲਸਤੀਨੀ ਮਜ਼ਦੂਰਾਂ ਦੇ ਪਰਮਿਟ ਰੱਦ ਕਰ ਦਿੱਤੇ ਗਏ।

**ਕਿਉਂ ਮਹੱਤਵਪੂਰਨ ਹੈ**

ਇਹ ਨਤੀਜੇ ਦਰਸਾਉਂਦੇ ਹਨ ਕਿ ਭਾਰਤੀ ਕਾਰਪੋਰੇਸ਼ਨਾਂ ਸਿਰਫ਼ ਵਪਾਰਕ ਸਾਥੀ ਨਹੀਂ ਹਨ ਸਗੋਂ ਉਹ ਗੈਰਕਾਨੂੰਨੀ ਕਬਜ਼ੇ ਤੇ ਬਸਤੀਆਂ 'ਤੇ ਟਿਕੀ ਆਰਥਿਕਤਾ ਦੀਆਂ ਸਰਗਰਮ ਹਿੱਸੇਦਾਰ ਹਨ। ਭਾਰਤ ਦੇ ਫ਼ਲਸਤੀਨ ਹਮਾਇਤੀ ਇਤਿਹਾਸਕ ਰੁਖ਼ ਅਤੇ ਇਜ਼ਰਾਈਲ ਦੀ ਯੁੱਧ ਆਰਥਿਕਤਾ ਵਿਚ ਭਾਰਤੀ ਕੰਪਨੀਆਂ ਦੀ ਵਧਦੀ ਭੂਮਿਕਾ ਵਿਚਲਾ ਇਹ ਵਿਰੋਧਾਭਾਸ ਭਾਰਤ ਦੀ ਨੈਤਿਕ ਤੇ ਆਰਥਕ ਸੇਧ ਉੱਪਰ ਗੰਭੀਰ ਸਵਾਲ ਖੜ੍ਹਾ ਕਰਦਾ ਹੈ।

ਰਿਪੋਰਟ ਜ਼ੋਰ ਦੇ ਕੇ ਕਹਿੰਦੀ ਹੈ ਕਿ ਭਾਰਤੀ ਕੰਪਨੀਆਂ ਅਤੇ ਨੀਤੀ-ਘਾੜਿਆਂ ਨੂੰ ਆਪਣੀਆਂ ਭਾਈਵਾਲੀਆਂ ਦੀ ਸਮੀਖਿਆ ਕਰਨੀ ਚਾਹੀਦੀ ਹੈ ਅਤੇ ਮਨੁੱਖਤਾ, ਨਿਆਂ ਤੇ ਅੰਤਰਰਾਸ਼ਟਰੀ ਕਾਨੂੰਨ ਦੇ ਸਿਧਾਂਤਾਂ ਦੇ ਅਨੁਸਾਰ ਆਪਣੇ ਆਪ ਨੂੰ ਮੁੜ ਸਥਾਪਤ ਕਰਨਾ ਚਾਹੀਦਾ ਹੈ, ਨਹੀਂ ਤਾਂ ਇਤਿਹਾਸ ਉਨ੍ਹਾਂ ਨੂੰ ਜ਼ੁਲਮਾਂ ਦੇ ਭਾਗੀਦਾਰਾਂ ਵਜੋਂ ਦਰਜ ਕਰੇਗਾ।

**ਰਿਪੋਰਟ ਦੀ ਲੇਖਿਕਾ ਹਾਜ਼ਿਰਾ ਪ੍ਰਥੀਗੇ ਕਹਿੰਦੀ ਹੈ:**

"ਜਿਵੇਂ ਜਿਵੇਂ ਇਜ਼ਰਾਈਲ ਦੇ ਹਮਲੇ ਕਤਲੇਆਮ 'ਚ ਬਦਲੇ ਅਤੇ ਦੋ ਸਾਲ ਦੇ ਕਰੀਬ ਹੋ ਗਏ, ਇਹ ਲਾਜ਼ਮੀ ਹੋ ਗਿਆ ਹੈ ਕਿ 'ਚੁੱਪ ਸਾਥੀਆਂ' ਦੀ ਭੂਮਿਕਾ 'ਤੇ ਗੱਲ ਹੋਵੇ। ਭਾਰਤੀ ਨਿਵੇਸ਼ਾਂ 'ਤੇ ਖੋਜ ਨੇ ਦਰਸਾਇਆ ਕਿ ਯੁੱਧ ਜੁਰਮਾਂ ਅਤੇ ਕਤਲੇਆਮ ਦੀ ਵਧਦੀ ਵਿਸ਼ਵ-ਪੱਧਰੀ ਨਿੰਦਾ ਦੇ ਬਾਵਜੂਦ, ਭਾਰਤ-ਇਜ਼ਰਾਈਲ ਦਰਮਿਆਨ ਵਪਾਰ ਅਤੇ ਫ਼ੌਜੀ ਸਹਿਯੋਗ ਸਿਰਫ਼ ਜਾਰੀ ਹੀ ਨਹੀਂ ਰਿਹਾ ਸਗੋਂ ਹੋਰ ਤੇਜ਼ ਹੋਇਆ। ਭਾਰਤੀ ਕੰਪਨੀਆਂ ਵੱਲੋਂ ਰੱਖਿਆ, ਦਵਾਈਆਂ ਅਤੇ ਤਕਨਾਲੋਜੀ ਸਮੇਤ ਕਈ ਖੇਤਰਾਂ ਵਿਚ ਪੂੰਜੀ-ਨਿਵੇਸ਼ ਲਗਾਤਾਰ ਜਾਰੀ ਹੈ। ਦੇਖਣ ਨੂੰ ਇਹ ਆਰਥਕ ਝੰਜਟ 'ਸਧਾਰਨ ਕਾਰੋਬਾਰ' ਜਾਪਦਾ ਹੈ, ਪਰ ਅਸਲ ਵਿਚ ਇਹ ਨਾਗਰਿਕਾਂ ਖ਼ਿਲਾਫ਼ ਹਿੰਸਾ ਨੂੰ ਸਹਾਰਾ ਦਿੰਦਾ ਅਤੇ ਜਾਇਜ਼ ਠਹਿਰਾਉਂਦਾ ਹੈ ਅਤੇ ਜਵਾਬਦੇਹੀ ਤੇ ਸ਼ਾਂਤੀ ਲਈ ਕੀਤੀਆਂ ਜਾ ਰਹੀਆਂ ਵਿਸ਼ਵ-ਪੱਧਰੀ ਮੰਗਾਂ ਨੂੰ ਕਮਜ਼ੋਰ ਕਰਦਾ ਹੈ।

ਸੈਂਟਰ ਫ਼ਾਰ ਫ਼ਾਇਨੈਂਸ਼ਲ ਅਕਾਉਂਟਬਿਲਟੀ ਦਾ ਕਾਰਜਕਾਰੀ ਡਾਇਰੈਕਟਰ ਅਥਿਆਲੀ ਕਹਿੰਦਾ ਹੈ: "ਗਾਜ਼ਾ ਵਿਚ ਹੁਣ ਤੱਕ ਮਾਰੇ ਗਏ ਲੋਕਾਂ ਦਾ ਤਾਜ਼ਾ ਅੰਦਾਜ਼ਾ 65,000 ਤੋਂ ਵੱਧ ਹੈ, ਜਿਨ੍ਹਾਂ ਵਿੱਚੋਂ 20,000 ਤੋਂ ਵੱਧ ਬੱਚੇ ਹਨ। ਇਹ ਲੋਕ ਨਾ ਸਿਰਫ਼ ਮਿੱਥਕੇ ਨਿਸ਼ਾਨਾ ਬਣਾ ਕੇ ਮਾਰੇ ਜਾ ਰਹੇ ਹਨ (ਮਾਰਚ ਤੋਂ ਲੈ ਕੇ ਹੁਣ ਤੱਕ ਮਾਰੇ ਗਏ ਹਰ 16 ਵਿੱਚੋਂ 15 ਆਮ ਨਾਗਰਿਕ ਸਨ) ਸਗੋਂ ਭੁੱਖ ਅਤੇ ਪਾਣੀ ਤੋਂ ਵਾਂਝੇ ਕਰਕੇ ਵੀ ਮੌਤ ਵੱਲ ਧੱਕੇ ਜਾ ਰਹੇ ਹਨ। ਭਾਰਤ ਸਰਕਾਰ ਅਤੇ ਭਾਰਤੀ ਕਾਰਪੋਰੇਸ਼ਨਾਂ ਹੁਣ ਇਸ ਮਨੁੱਖਤਾ-ਵਿਰੋਧੀ ਯੁੱਧ ਨੂੰ ਅਣਡਿੱਠ ਨਹੀਂ ਕਰ ਸਕਦੇ। ਜਦੋਂ ਤੱਕ ਕਤਲੇਆਮ ਨਹੀਂ ਰੁਕਦਾ, ਉਨ੍ਹਾਂ ਨੂੰ ਇਜ਼ਰਾਇਲ ਨਾਲ ਸਾਰੇ ਵਪਾਰ ਤੇ ਕਾਰੋਬਾਰ ਤੁਰੰਤ ਬੰਦ ਕਰ ਦੇਣੇ ਚਾਹੀਦੇ ਹਨ।

ਭਾਰਤ ਦੀ ਮੌਜੂਦਾ ਸਰਕਾਰ ਦਾ ਇਜ਼ਰਾਇਲੀ ਨਸਲਵਾਦ ਪ੍ਰਤੀ ਵਿਚਾਰਧਾਰਕ ਝੁਕਾਅ ਤੋਂ ਸਪਸ਼ਟ ਹੈ ਕਿ ਉਹ ਮੁਲਕ ਦੇ ਅੰਦਰੋਂ ਵਿਆਪਕ ਜਨਤਕ ਵਿਰੋਧ ਉੱਠੇ ਤੋਂ ਬਿਨਾਂ ਇਜ਼ਰਾਇਲ ਨੂੰ ਦਿੱਤੀ ਜਾ ਰਹੀ ਹਮਾਇਤ ਤੇ ਮਦਦ ਉੱਪਰ ਮੁੜ ਵਿਚਾਰ ਨਹੀਂ ਕਰਨਗੇ।

# ਟਰੰਪ-ਪੁਤਿਨ ਸ਼ਾਂਤੀ ਵਾਰਤਾ: ਸਾਮਰਾਜੀ ਸੌਦੇਬਾਜ਼ੀ ਦੀ ਕਵਾਇਦ

*ਅਮਰੀਕੀ ਸਾਮਰਾਜ ਤੇ ਉਸਦੇ ਨਾਟੋ ਭਾਈਵਾਲਾਂ ਵੱਲੋਂ ਰੂਸ ਖਿਲਾਫ ਯੂਕਰੇਨ ਵਿੱਚ ਸ਼ੁਰੂ ਕੀਤੀ ਜੰਗ ਦਾ ਸਭ ਤੋਂ ਵੱਧ ਖਾਮਿਆਜ਼ਾ ਯੂਕਰੇਨੀ ਤੇ ਯੂਰਪੀ ਮੁਲਕਾਂ ਦੇ ਲੋਕਾਂ ਨੂੰ ਭੁਗਤਨਾ ਪਿਆ ਹੈ । ਜਿੱਥੇ ਜੰਗ ਦੌਰਾਨ ਲੱਗੀਆਂ ਆਰਥਿਕ ਰੋਕਾਂ ਕਾਰਨ ਯੂਰਪੀ ਮੁਲਕਾਂ ਵਿੱਚ ਊਰਜਾ ਸੰਕਟ ਖੜ੍ਹਾ ਹੋਇਆ ਹੈ ਉੱਥੇ ਮਹਿੰਗਾਈ ਅਤੇ ਜੰਗ ਉੱਤੇ ਖਰਚ ਹੋਏ 800 ਖਰਬ ਯੂਰੋ ਦੇ ਭੁਗਤਾਨ ਦਾ ਬੋਝ ਯੂਰਪ ਦੇ ਲੋਕਾਂ ਉੱਤੇ ਪਿਆ ਹੈ । – ਸੰਪਾਦਕ*



ਮਨਦੀਪ
(+1438-924-2052)
mandeepsaddowal@gmail.com

ਲਗਾਤਾਰ ਸਾਢੇ ਤਿੰਨ ਵਰ੍ਹਿਆਂ ਤੋਂ ਰੂਸ-ਯੂਕਰੇਨ ਵਿਚਕਾਰ ਖਤਰਨਾਕ-ਖੂਨੀ ਜੰਗ ਜਾਰੀ ਹੈ। ਸਾਮਰਾਜੀ ਤਾਕਤਾਂ ਵਿਚਕਾਰ ਆਪਸੀ ਖਹਿਭੇੜ, ਖੇਤਰੀ ਵੰਡ ਤੇ ਲੁੱਟ ਦਾ ਜਰਿਆ ਬਣੀ ਯੂਕਰੇਨ ਜੰਗ ਇੱਕ ਪ੍ਰੌਕਸੀ ਯੁੱਧ ਹੈ, ਜਿਸ ਤਹਿਤ ਆਮ ਯੂਕਰੇਨੀ ਲੋਕ ਪਿਸ ਰਹੇ ਹਨ। ਸੱਤਾ ਦੀ ਕੁਰਸੀ ਸੰਭਾਲਣ ਤੋਂ ਪਹਿਲਾਂ ਤੋਂ ਲੈ ਕੇ ਹੁਣ ਤੱਕ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਗਾਤਾਰ ਜੰਗਬੰਦੀ ਦਾ ਰਾਗ ਅਲਾਪਦੇ ਆ ਰਹੇ ਹਨ ਪਰੰਤੂ ਹਕੀਕਤ 'ਚ ਇਸ ਜੰਗ ਵਿੱਚੋਂ ਆਰਥਿਕ-ਵਪਾਰਕ ਲਾਹੇ ਲੈਣ ਲਈ ਇਸਨੂੰ ਹੋਰ ਵੱਧ ਤੇਜ਼ ਕੀਤਾ ਜਾ ਰਿਹਾ ਹੈ। ਰੂਸ ਉੱਤੇ ਨਵੀਆਂ ਸਖਤ ਆਰਥਿਕ ਪਾਬੰਦੀਆਂ ਦੀਆਂ ਧਮਕੀਆਂ ਅਤੇ ਯੂਕਰੇਨ ਨਾਲ ਲਗਾਤਾਰ ਮਾਰੂ ਜੰਗੀ ਹਥਿਆਰਾਂ ਦੇ ਸਮਝੌਤਿਆਂ ਦੇ ਚੱਲਦੇ ਇਹ ਜੰਗ ਦਿਨ-ਬ-ਦਿਨ ਹੋਰ ਵੱਧ ਤੀਬਰ ਹੁੰਦੀ ਜਾ ਰਹੀ ਹੈ। ਸ਼ਾਂਤੀਵਾਰਤਾ ਦੌਰਾਨ ਵੀ ਦੋਹਾਂ ਮੁਲਕਾਂ ਵਿਚਕਾਰ ਜੰਗੀ ਹਮਲੇ ਜਾਰੀ ਰਹੇ। ਹੁਣ ਤੱਕ ਰੂਸ ਨੇ ਯੂਕਰੇਨ ਦੇ ਕਈ ਮਹੱਤਵਪੂਰਨ ਖੇਤਰਾਂ ਉੱਤੇ ਆਪਣਾ ਏਕਾਧਿਕਾਰ ਕਾਇਮ ਕਰ ਲਿਆ ਹੈ ਅਤੇ ਅਮਰੀਕਾ ਨੇ ਯੂਕਰੇਨ ਨਾਲ ਬੇਸ਼ਕੀਮਤੀ ਖਣਿਜ ਸ੍ਰੋਤਾਂ ਦੇ ਮੁਨਾਫਾਯੁਕਤ ਸਮਝੌਤੇ ਹਾਸਲ ਕਰ ਲਏ ਹਨ ਅਤੇ ਰੂਸ ਉੱਤੇ ਮੜ੍ਹੀਆਂ ਪਾਬੰਦੀਆਂ ਕਾਰਨ ਯੂਰਪੀ ਮੁਲਕਾਂ ਲਈ ਪ੍ਰਭਾਵਿਤ ਹੋਈ ਊਰਜਾ ਸਪਲਾਈ ਦੀ ਪੂਰਤੀ ਮਹਿੰਗੇ ਅਮਰੀਕੀ ਨਿਰਯਾਤ ਨਾਲ ਕੀਤੀ ਜਾ ਰਹੀ ਹੈ। ਇਸੇ ਸਾਮਰਾਜੀ ਸੌਦੇਬਾਜ਼ੀ ਤਹਿਤ ਰੂਸ-ਯੂਕਰੇਨ 'ਸਥਾਈ ਸ਼ਾਂਤੀ' ਬਾਬਤ ਅਮਰੀਕਾ ਦੇ ਸੂਬੇ ਅਲਾਸਕਾ ਵਿੱਚ ਟਰੰਪ-ਪੁਤਿਨ ਮਿਲਣੀ ਦਾ ਪ੍ਰਪੰਚ ਰਚਿਆ ਗਿਆ ਜੋ ਕਿਸੇ ਬੰਨ੍ਹੇ ਨਹੀਂ ਲੱਗਿਆ, ਪ੍ਰੰਤੂ ਇਸ ਮੁਲਾਕਾਤ ਦੀ ਡੂੰਘੀ ਰਣਨੀਤਕ ਤੇ ਆਰਥਿਕ-ਸਿਆਸੀ ਮਹੱਤਤਾ ਅਤੇ ਸਬਕ ਰਹੇ ਹਨ।

ਇਸ ਸ਼ਾਂਤੀ ਸਮਝੌਤੇ ਦੀ ਸਾਲਸੀ ਦੀ ਪਹਿਲਕਦਮੀ ਅਮਰੀਕੀ ਸਾਮਰਾਜ ਵੱਲੋਂ ਕੀਤੀ ਗਈ, ਜਿਸ ਲਈ ਸੰਸਾਰ ਸ਼ਾਂਤੀ ਕਦੇ ਵੀ ਮੁੱਖ ਏਜੰਡਾ ਨਹੀਂ ਰਿਹਾ। ਟਰੰਪ ਪ੍ਰਸ਼ਾਸ਼ਨ ਤਹਿਤ ਅਮਰੀਕਾ ਵੱਲੋਂ ਇਸ ਸ਼ਾਂਤੀ ਸੰਮੇਲਨ ਦੀ ਮੇਜ਼ਬਾਨੀ ਕਰਨੀ ਅਮਰੀਕੀ ਵਿਦੇਸ਼ੀ ਨੀਤੀ 'ਚ ਅਹਿਮ ਬਦਲਾਅ ਹੈ ਜਿਸਨੇ ਦੁਨੀਆਂ ਨਾਲੋਂ ਅਲੱਗ-ਥਲੱਗ ਅਤੇ ਆਰਥਿਕ ਪਾਬੰਦੀਆਂ ਦੀ ਮਾਰ ਹੇਠ ਆਏ ਰੂਸੀ ਸਾਮਰਾਜ ਦੀ ਕੂਟਨੀਤਿਕ ਜਿੱਤ ਤੇ ਰੂਸੀ ਰਾਸ਼ਟਰਪਤੀ ਪੁਤਿਨ ਦੇ ਕੱਦ ਨੂੰ ਵਿਸ਼ਵ ਪੱਧਰ 'ਤੇ ਹੋਰ ਵੱਧ ਉੱਚਾ ਕੀਤਾ ਅਤੇ ਅਮਰੀਕੀ ਭਿਆਲ ਪੱਛਮੀ ਯੂਰਪੀ ਤਾਕਤਾਂ ਲਈ ਸਿਆਸੀ ਸੰਕਟ ਤੇ ਵਿਰੋਧਾਭਾਸ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਜੰਗੀ ਅਪਰਾਧੀ ਘੋਸ਼ਿਤ ਕੀਤੇ ਰੂਸੀ ਸ਼ਾਸ਼ਕ ਪੁਤਿਨ ਨੂੰ ਅਮਰੀਕਾ ਲਗਾਤਾਰ ਗ੍ਰਿਫਤਾਰ ਕਰਨ ਦੀ ਗੱਲ ਕਰਦਾ ਆ ਰਿਹਾ ਹੈ ਪਰੰਤੂ ਇਸ ਸੰਮੇਲਨ ਵਿੱਚ ਅਮਰੀਕੀ ਸਰਜ਼ਮੀਂ ਤੇ ਲਾਲ ਕਾਰਪੇਟ ਵਿਛਾਕੇ ਉਸਦਾ ਸਵਾਗਤ ਕਰਨਾ ਅਤੇ ਇਸਦੇ ਉਲਟ ਬੀਤੇ ਸਮੇਂ 'ਚ ਯੂਕਰੇਨੀ ਰਾਸ਼ਟਰਪਤੀ ਜੇਲੇਂਸਕੀ ਨੂੰ ਵਾਇਟ ਹਾਊਸ ਵਿੱਚ ਬੁਲਾਕੇ ਮੀਡੀਆ ਰਾਹੀਂ ਸੰਸਾਰ ਭਰ ਵਿੱਚ ਜਲੀਲ ਕਰਨਾ, ਸਾਮਰਾਜੀ ਭਿਆਲੀ ਵਾਲੇ ਕੰਮਜ਼ੋਰ ਮੁਲਕਾਂ ਦੀ ਲੁੱਟ ਤੇ ਦਾਬੇ ਲਈ ਸਾਮਰਾਜੀ ਮੁਲਕਾਂ ਦੀਆਂ ਆਪਸੀ ਸੌਦੇਬਾਜ਼ੀਆਂ ਤੇ ਵੰਡੀਆਂ ਦੀ ਵਪਾਰਕ-ਜੰਗੀ ਖੇਡ ਨੂੰ ਉਜਾਗਰ ਕਰਦਾ ਹੈ।

ਸ਼ਾਂਤੀਵਾਰਤਾ ਦੌਰਾਨ ਰੂਸ ਨੇ ਯੂਕਰੇਨ ਦੁਆਰਾ ਨਾਟੋ ਮੈਂਬਰਸ਼ਿਪ ਹਾਸਲ ਕਰਨ ਦੀ ਕਵਾਇਦ ਬੰਦ ਕਰਨ, ਜੰਗ ਦੌਰਾਨ ਰੂਸ ਦੁਆਰਾ ਯੂਕਰੇਨ ਦੇ ਦੋਨੇਤਸਕ, ਲੋਹਾਂਸਕ, ਖੇਰਸਾਨ, ਜ਼ਾਪੋਰੇਝੀਆ ਅਤੇ ਪਹਿਲਾਂ ਕਬਜ਼ਾਏ ਕ੍ਰੀਮੀਆ ਖੇਤਰਾਂ ਉੱਤੇ ਕਬਜ਼ੇ ਨੂੰ ਸਵੀਕਾਰ ਕਰਨ ਅਤੇ ਰੂਸੀ ਭਾਸ਼ਾ ਦੇ ਅਧਿਕਾਰ ਦਾ ਪ੍ਰਸਤਾਵ ਰੱਖਦਿਆਂ ਇਵਜ਼ਾਨੇ 'ਚ ਯੂਕਰੇਨ ਨੂੰ ਨਾਟੋ ਵਰਗੀ (ਆਰਟੀਕਲ 5) ਸੁਰੱਖਿਆ ਗਰੰਟੀ ਦੇਣ ਦੀ ਆਗਿਆ ਉੱਤੇ ਸਹਿਮਤੀ ਜਤਾਈ, ਜਿਸਤੇ ਕੋਈ ਦੁਵੱਲੀ ਰਸਮੀ ਸਹਿਮਤੀ ਨਹੀਂ ਬਣ ਸਕੀ। ਯੂਕਰੇਨੀ ਰਾਸ਼ਟਰਪਤੀ ਜੇਲੈਂਸਕੀ ਨੇ ਆਪਣੇ ਯੂਰਪੀ ਭਾਈਵਾਲ ਮੁਲਕਾਂ ਦੇ ਨੁਮਾਇੰਦਿਆਂ ਨਾਲ ਮਿਲਕੇ ਟਰੰਪ ਨਾਲ ਵਾਇਟ ਹਾਊਸ ਵਿੱਚ ਐਮਰਜੈਂਸੀ ਮੀਟਿੰਗ ਕੀਤੀ ਪਰੰਤੂ ਜੰਗੀ ਖੇਤਰ ਵਿੱਚ 'ਜ਼ਮੀਨੀ ਅਦਲਾ-ਬਦਲੀ' ਅਤੇ ਸੁਰੱਖਿਆ ਗਰੰਟੀ ਨੂੰ ਲੈ ਕੇ ਹੋਈ ਆਸ਼ਾਵੰਦ ਤੇ ਬਹੁਪੱਖੀ ਗੱਲਬਾਤ ਦੇ ਬਾਵਜੂਦ ਸ਼ਾਂਤੀ ਜਾਂ ਜੰਗਬੰਦੀ ਦੀ ਵਾਰਤਾ ਸਿਰੇ ਨਹੀਂ ਚੜ੍ਹ ਸਕੀ। ਤਿਕੋਣੇ ਸਿਖਰ ਸੰਮੇਲਨ ਦੀਆਂ ਸੰਭਾਵਨਾਵਾਂ ਵੀ ਅੱਧ-ਵਿਚਾਲੇ ਟੁੱਟ ਗਈਆਂ ਹਨ। ਦੂਸਰੇ ਪਾਸੇ ਟਰੰਪ ਵੱਲੋਂ ਬੇਵਸੀ ਜਾਹਰ ਕਰਦਿਆਂ ਸ਼ਾਂਤੀਵਾਰਤਾ ਦੀ ਅਸਫਲਤਾ ਤੋਂ ਬਾਅਦ ਸ਼ਾਂਤੀ ਲਈ ਦਬਾਅ ਬਣਾਉਣ ਲਈ 'ਚ ਰੂਸ ਉੱਤੇ ਨਵੀਆਂ ਆਰਥਿਕ ਪਾਬੰਦੀਆਂ



ਮੜ੍ਹਨ ਦੀ ਧਮਕੀ ਦੇ ਦਿੱਤੀ ਗਈ। ਨਾਲ ਹੀ ਟਰੰਪ ਦੀਆਂ ਸੰਸਾਰ ਭਰ ਦੇ ਮੁਲਕਾਂ ਨੂੰ ਦਿੱਤੀਆਂ ਜਾ ਰਹੀਆਂ ਅਰਾਜਕ ਟੈਰਿਫ ਨੀਤੀਆਂ ਦੀਆਂ ਧਮਕੀਆਂ ਦਾ ਜਲੌਅ ਹੌਲੀ-ਹੌਲੀ ਮੱਠਾ ਪੈ ਰਿਹਾ ਹੈ। ਨਤੀਜ਼ੇ ਵਜੋਂ ਟਰੰਪ ਵੱਲੋਂ ਰੂਸ ਨੂੰ ਦਿੱਤੀ ਗਈ ਆਰਥਿਕ ਪਾਬੰਧੀਆਂ ਦੀ ਧਮਕੀ ਵੀ ਬੇਅਸਰ ਹੋਣ ਦੀ ਜਿਆਦਾ ਸੰਭਾਵਨਾ ਹੈ ਜਿਸਦੇ ਸਿੱਟੇ ਵਜੋਂ ਰੂਸ-ਯੂਕਰੇਨ ਜੰਗ ਫਿਲਹਾਲ ਜਾਰੀ ਰਹੇਗੀ।

ਯੂਕਰੇਨ ਵਿੱਚ ਸਾਮਰਾਜੀ ਯੁੱਧ ਵਧਦਾ ਜਾ ਰਿਹਾ ਹੈ ਤੇ ਇਹ ਜੰਗ ਯੂਰਪੀ ਮੁਲਕਾਂ ਨੂੰ ਵੱਧਦੀ ਮਹਿੰਗਾਈ, ਊਰਜਾ ਸੰਕਟ ਤੇ ਵਧਦੇ ਲੋਕ ਰੋਹ ਦੇ ਰੂਪ ਵਿੱਚ ਮਹਿੰਗੀ ਪੈ ਰਹੀ ਹੈ। ਯੂਕਰੇਨ ਦਾ ਰੂਸ ਨਾਲ ਯੁੱਧ ਸਾਮਰਾਜੀ ਤਾਕਤਾਂ ਦੀ ਮੱਦਦ ਬਿਨਾਂ ਬੇਮੇਚਾ ਹੈ ਅਤੇ ਸੰਕਟਮੋਚਨ ਵਿੱਚ ਘਿਰੇ ਅਮਰੀਕਾ ਲਈ ਇਹ ਯੁੱਧ ਚੀਨ ਨੂੰ ਮਜ਼ਬੂਤੀ ਲਈ ਮੌਕਾ ਪ੍ਰਦਾਨ ਕਰਨ ਤੇ ਜੰਗ ਵਿੱਚੋਂ ਹਾਰ ਦੇ ਰੂਪ ਵਿੱਚ ਸਤਾ ਰਿਹਾ ਹੈ। ਇਸ ਸਮੇਂ ਅਮਰੀਕੀ ਸਾਮਰਾਜ ਤੇ ਟਰੰਪ ਪ੍ਰਸ਼ਾਸਨ ਲਈ ਮੁੱਖ ਚੁਣੌਤੀ ਚੀਨ ਹੈ। ਇਸ ਲਈ ਚੀਨ ਨੂੰ ਘੇਰਨ ਲਈ ਅਤੇ ਯੂਕਰੇਨੀ ਯੁੱਧ ਵਿੱਚ ਤੈਅਸ਼ੁਦਾ ਹਾਰ ਦੀ ਨਮੋਸ਼ੀ ਵਿੱਚੋਂ ਬਚਣ ਲਈ ਟਰੰਪ ਪ੍ਰਸ਼ਾਸਨ ਨੇ ਅਗਾਊਂ ਸ਼ਾਂਤੀ ਸਮਝੌਤੇ ਦੀ ਤਜਵੀਜ਼ ਉੱਤੇ ਸਰਗਰਮੀ ਦਾ ਰਾਹ ਲੱਭਿਆ ਹੈ। ਟਰੰਪ ਦਾ ਇਹ ਦਾਅ 1970 ਵਿੱਚ ਅਮਰੀਕੀ ਰਾਸ਼ਟਰਪਤੀ ਰਿਚਰਡ ਨਿਕਸਨ ਦੇ ਵਿਦੇਸ਼ ਮੰਤਰੀ ਹੈਨਰੀ ਕਸਿੰਜਰ ਦੀ ਉਸ ਵਿਦੇਸ਼ ਨੀਤੀ ਦਾ ਹਿੱਸਾ ਹੈ ਜਿਸ ਤਹਿਤ ਰੂਸ-ਚੀਨ ਗੱਠਜੋੜ ਨੂੰ ਕੰਮਜ਼ੋਰ ਕਰਨ ਲਈ ਪੁਤਿਨ ਨਾਲ ਅਮਰੀਕੀ ਸਬੰਧਾਂ ਨੂੰ ਸੁਧਾਰਨਾ ਲਾਜ਼ਮੀ ਹੈ। ਬਾਈਡਨ ਪ੍ਰਸ਼ਾਸ਼ਨ ਵੇਲੇ ਤੋਂ ਯੂਕਰੇਨ ਨੂੰ ਸ਼ੁਰੂ ਹੋਈ ਅਮਰੀਕੀ ਵਿੱਤੀ ਤੇ ਫੌਜ਼ੀ ਸਹਾਇਤਾ ਰੂਸ-ਚੀਨ ਦੀ ਆਪਸੀ ਨੇੜਤਾ ਅਤੇ ਗਲੋਬਲ ਸਾਊਥ ਦੀ ਮਜ਼ਬੂਤੀ ਦਾ ਵੀ ਕਾਰਨ ਬਣ ਰਹੀ ਹੈ ਜੋ ਵਿਸ਼ਵ ਸ਼ਕਤੀ ਬਣੇ ਰਹਿਣ ਦੀ ਅਮਰੀਕੀ ਹਸਰਤ ਦੇ ਰਾਹ ਦਾ ਰੋੜਾ ਹੈ। ਅਮਰੀਕੀ ਮਹਾਂਸ਼ਕਤੀ ਪਹਿਲਾਂ ਦੇ ਸਮੇਂ ਨਾਲੋਂ ਕੰਮਜ਼ੋਰ ਹੋ ਰਹੀ ਹੈ ਤੇ ਇਸਦਾ ਕਰਜ਼ ਸੰਕਟ ਲਗਾਤਾਰ ਗਹਿਰਾ ਹੋ ਰਿਹਾ ਹੈ। ਲਗਾਤਾਰ ਸੰਕਟ ਵਿੱਚ ਘਿਰਦੇ ਜਾ ਰਹੇ ਅਮਰੀਕੀ ਸਾਮਰਾਜੀ ਨੁਮਾਇੰਦੇ ਸੰਸਾਰ ਉੱਤੇ ਅਰਾਜਕ ਆਰਥਿਕ-ਵਪਾਰਕ ਤੇ ਜੰਗੀ ਨੀਤੀਆਂ ਥੋਪ ਰਹੇ ਹਨ। ਇਸਦੇ ਵਿਰੋਧ ਵਜੋਂ ਟਰੰਪ ਦੀਆਂ ਅਰਾਜਕ ਟੈਰਿਫ ਨੀਤੀਆਂ ਕਾਰਨ ਭਾਰਤ, ਚੀਨ, ਰੂਸ, ਬਰਾਜ਼ੀਲ, ਅਨੇਕਾਂ ਦੱਖਣੀ ਅਫਰੀਕੀ ਤੇ ਲਾਤੀਨੀ ਮੁਕਲਾਂ ਵਿਚਕਾਰ ਆਪਸੀ ਦੁਵੱਲੇ ਵਪਾਰਕ ਤੇ ਕੂਟਨੀਤਿਕ ਸਬੰਧ ਮਜ਼ਬੂਤ ਹੋ ਹਨ ਜੋ ਅਮਰੀਕੀ ਸਰਬਸੱਤਾ ਲਈ ਚੁਣੌਤੀ ਦਾ ਕਾਰਨ ਹੈ।

ਇਸ ਤੋਂ ਬਿਨਾਂ ਸ਼ਾਂਤੀ ਸਮਝੌਤੇ ਦੀ ਇਹ ਤਜ਼ਵੀਜ ਟਰੰਪ ਦੀ ਵਿਸ਼ਵ ਪ੍ਰਸਿੱਧੀ ਤੇ ਨੋਬਲ ਸ਼ਾਂਤੀ ਪੁਰਸਕਾਰ ਹਾਸਲ ਕਰਨ ਦੀ ਵਿਅਕਤੀਗਤ ਇੱਛਾ ਨੂੰ ਪੱਠੇ ਪਾਉਣ ਨਾਲੋਂ ਕਿਤੇ ਵੱਧ ਗਲੋਬਲ ਤਾਕਤਾਂ ਦੇ ਸਮਤੋਲ ਨੂੰ ਬਰਕਰਾਰ ਰੱਖਣ ਦੇ ਸਾਮਰਾਜੀ ਮਨਸੂਬਿਆਂ ਵਿੱਚੋਂ ਨਿਕਲੀ ਲੋੜ ਹੈ। ਇਹ ਜੰਗ ਟਰੰਪ ਜਾਂ ਬਾਈਡਨ ਜੰਗ ਦੀ ਤੰਗਨਜ਼ਰੀ ਸਿਆਸੀ ਤਾਅਨੇਬਾਜ਼ੀ ਨਾਲੋਂ ਜਿਆਦਾ ਲੁੱਟ ਅਤੇ ਦਾਬੇ ਦੀ ਸਾਮਰਾਜਵਾਦੀ ਨੀਤੀ ਦਾ ਨਤੀਜ਼ਾ ਹੈ। ਇਸ ਲਈ ਇਸ ਸੰਮੇਲਨ ਨੂੰ ਸਾਮਰਾਜਵਾਦੀ ਸ਼ਕਤੀਆਂ ਦੀ ਗਤੀਸ਼ੀਲਤਾ ਦੇ ਪ੍ਰਗਟਾਵੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ। ਅਜੋਕੇ ਸਾਮਰਾਜੀ-ਪੂੰਜੀਵਾਦੀ ਯੁੱਗ ਅੰਦਰ ਅਜਿਹੇ ਉੱਚ-ਪੱਧਰੀ ਸਿਖਰ ਸੰਮੇਲਨ ਅਕਸਰ ਪੂੰਜੀਵਾਦੀ ਕੁਲੀਨ ਵਰਗ ਦੇ ਹਿੱਤਾਂ ਦੀ ਪੂਰਤੀ ਲਈ ਆਯੋਜਿਤ ਕੀਤੇ ਜਾਂਦੇ ਹਨ ਨਾ ਕਿ ਸੰਸਾਰ ਮਜ਼ਦੂਰ ਵਰਗ ਅਤੇ ਦੱਬੇ-ਕੁਚਲੇ ਦੇਸ਼ਾਂ ਦੀਆਂ ਜ਼ਰੂਰਤਾਂ ਅਤੇ ਅਧਿਕਾਰਾਂ ਨੂੰ ਮੱਦੇਨਜ਼ਰ ਰੱਖਕੇ। ਸਾਮਰਾਜੀ ਦੌਰ ਅੰਦਰ 'ਸਥਾਈ ਸ਼ਾਂਤੀ' ਇੱਕ ਯੂਟੋਪੀਆਈ ਆਦਰਸ਼ ਤੋਂ ਵੱਧਕੇ ਕੁਝ ਨਹੀਂ ਹੈ। ਪੂੰਜੀਵਾਦੀ ਦੌਰ ਅੰਦਰ ਅਜਿਹੇ ਸਮਝੌਤੇ ਅਸਥਾਈ ਅਤੇ ਭੂ-ਰਾਜਨੀਤਿਕ ਚਾਲਾਂ ਵਜੋਂ ਸਾਮਰਾਜੀ ਰਣਨੀਤੀ ਦਾ ਹਿੱਸਾ ਹੁੰਦੇ ਹਨ। ਇਹ ਪੂੰਜੀਵਾਦੀ ਪ੍ਰਬੰਧ ਹੀ ਹੈ ਜੋ ਜੰਗਾਂ ਨੂੰ ਪੈਦਾ ਕਰਦਾ ਹੈ ਅਤੇ ਸਾਮਰਾਜੀ ਪ੍ਰਬੰਧ ਤਹਿਤ ਜੰਗਾਂ ਕਦੇ ਵੀ ਸਥਾਈ ਤੌਰ ਤੇ ਖਤਮ ਨਹੀਂ ਹੁੰਦੀਆਂ ਬਲਕਿ ਟਕਰਾਅ ਅਸਥਾਈ ਤੌਰ ਤੇ ਟਲਦੇ ਤੇ ਮੁੜ ਪਨਪਦੇ ਰਹਿੰਦੇ ਹਨ।

ਇਸ ਸ਼ਾਂਤੀ ਸਮਝੌਤੇ ਦੀ ਕਵਾਇਦ ਨੇ ਯੂਰਪੀ ਸੰਘ ਅਤੇ ਅਮਰੀਕਾ ਵਿਚਕਾਰ ਸੁਆਰਥੀ ਵਿਰੋਧਾਂ ਨੂੰ ਹੋਰ ਵੱਧ ਉਜਾਗਰ ਕਰ ਦਿੱਤਾ ਹੈ। ਅਮਰੀਕੀ ਸਾਮਰਾਜ ਤੇ ਉਸਦੇ ਨਾਟੋ ਭਾਈਵਾਲਾਂ ਵੱਲੋਂ ਰੂਸ ਖਿਲਾਫ ਯੂਕਰੇਨ ਵਿੱਚ ਸ਼ੁਰੂ ਕੀਤੀ ਜੰਗ ਦਾ ਸਭ ਤੋਂ ਵੱਧ ਖਾਮਿਆਜ਼ਾ ਯੂਕਰੇਨੀ ਤੇ ਯੂਰਪੀ ਮੁਲਕਾਂ ਦੇ ਲੋਕਾਂ ਨੂੰ ਭੁਗਤਨਾ ਪਿਆ ਹੈ। ਜਿੱਥੇ ਜੰਗ ਦੌਰਾਨ ਲੱਗੀਆਂ ਆਰਥਿਕ ਰੋਕਾਂ ਕਾਰਨ ਯੂਰਪੀ ਮੁਲਕਾਂ ਵਿੱਚ ਊਰਜਾ ਸੰਕਟ ਖੜ੍ਹਾ ਹੋਇਆ ਹੈ ਉੱਥੇ ਮਹਿੰਗਾਈ ਅਤੇ ਜੰਗ ਉੱਤੇ ਖਰਚ ਹੋਏ 800 ਖਰਬ ਯੂਰੋ ਦੇ ਭੁਗਤਾਨ ਦਾ ਬੋਝ ਯੂਰਪ ਦੇ ਲੋਕਾਂ ਉੱਤੇ ਪਿਆ ਹੈ। ਇਸਤੋਂ ਇਲਾਵਾ 1990ਵਿਆਂ ਤੋਂ ਅਮਰੀਕਾ ਵੱਲੋਂ ਰੂਸ ਦੀ ਘੇਰਾਬੰਦੀ ਲਈ ਯੂਰਪੀ ਮੁਲਕਾਂ ਵੱਲ ਨਾਟੋ ਦਾ ਵਿਸਤਾਰ ਅਤੇ ਨਾਟੋ ਜੰਗੀ ਮਸ਼ੀਨ ਲਈ ਹਥਿਆਰਾਂ ਉੱਤੇ ਲਗਾਤਾਰ ਖਰਚ ਕੀਤੇ ਜਾਂਦੇ ਬਜ਼ਟ ਦਾ ਬੋਝ ਵੀ ਆਮ ਯੂਰਪੀ ਲੋਕਾਂ ਉੱਤੇ ਪੈਂਦਾ ਹੈ। ਪਿਛਲੇ ਨਾਟੋ ਸੰਮੇਲਨ ਵਿੱਚ ਯੂਰਪੀ ਮੁਲਕਾਂ ਨੂੰ ਰੱਖਿਆ ਬਜਟ ਉੱਤੇ ਕੁੱਲ ਜੀਡੀਪੀ ਦਾ 2% ਤੋਂ ਵਧਾਕੇ 5% ਕਰਨ ਲਈ ਮਜ਼ਬੂਰ ਕੀਤਾ ਜਾ ਰਿਹਾ ਹੈ। ਅਮਰੀਕੀ ਸਾਮਰਾਜੀ ਮਨਸੂਬਿਆਂ ਦੀ ਪੂਰਤੀ ਲਈ ਪੈਦਾ ਹੋ ਰਹੇ ਸਰਹੱਦੀ ਟਕਰਾਅ, ਜੰਗਾਂ ਤੇ ਆਰਥਿਕ-ਸਿਆਸੀ ਅਸਥਿਰਤਾ ਦਾ ਖਾਮਿਆਜ਼ਾ ਯੂਰਪ ਨੂੰ ਮਹਿੰਗਾ ਪੈ ਰਿਹਾ ਹੈ ਤੇ ਟਰੰਪ ਪ੍ਰਸ਼ਾਸ਼ਨ ਦੀਆਂ ਆਪਹੁਦਰੀਆਂ ਨੇ ਸਾਮਰਾਜੀ ਤਾਕਤਾਂ ਦੇ ਆਪਸੀ ਵਿਰੋਧਾਂ ਤੇ ਟਕਰਾਵਾਂ ਨੂੰ ਹੋਰ ਜਿਆਦਾ ਵਧਾ ਦਿੱਤਾ ਹੈ।

ਉਧਰ ਰੂਸ ਅਤੇ ਯੂਕਰੇਨ ਦੀ ਜੰਗ ਦਾ ਅਧਾਰ ਯੂਕਰੇਨੀ ਕੌਮੀ ਮੁਕਤੀ ਜਾਂ ਲੋਕ ਮੁਕਤੀ ਦਾ ਸੰਘਰਸ਼ ਨਹੀਂ ਬਲਕਿ ਸੋਵੀਅਤ ਯੂਨੀਅਨ ਤੋਂ ਵੱਖ ਹੋਣ ਤੋਂ ਬਾਅਦ ਯੂਕਰੇਨ ਸਾਮਰਾਜੀ ਤਾਕਤਾਂ ਲਈ ਪ੍ਰੌਕਸੀ ਯੁੱਧ ਦਾ ਇੱਕ ਕੇਂਦਰ ਬਣ ਗਿਆ ਹੈ। ਇਹ ਜੰਗ ਅਮਰੀਕਾ ਤੇ ਰੂਸ ਦੇ ਆਪਸੀ ਸਾਮਰਾਜੀ ਟਕਰਾਅ ਵਿੱਚੋਂ ਜਨਮੀ ਜੰਗ ਹੈ। ਅਮਰੀਕਾ ਅਤੇ ਉਸਦੇ ਪੱਛਮੀ ਯੂਰਪੀ ਸਹਿਯੋਗੀਆਂ ਨੇ ਰੂਸ ਨੂੰ ਘੇਰਨ ਲਈ ਸਾਬਕਾ ਸੋਵੀਅਤ ਗਣਰਾਜ ਯੂਕਰੇਨ ਨੂੰ ਨਾਟੋ ਵਿੱਚ ਸ਼ਾਮਲ ਕਰਨ ਅਤੇ ਦੁਨੀਆ ਦੀ ਵੰਡ ਤੇ ਲੁੱਟ ਲਈ ਯੂਕਰੇਨ ਨੂੰ ਸਾਮਰਾਜੀ ਜੰਗ ਦੀ ਭੱਠੀ ਵਿੱਚ ਝੋਕ ਦਿੱਤਾ ਹੈ। ਯੂਕਰੇਨ ਨੂੰ ਨਾਟੋ ਵਿੱਚ ਸ਼ਾਮਲ ਕਰਨਾ ਇਸ ਜੰਗ ਦਾ ਬੁਨਿਆਦੀ ਕਾਰਨ ਹੈ ਅਤੇ ਇਸ ਬੁਨਿਆਦੀ ਕਾਰਨ ਦੇ ਖਤਮ ਹੋਣ ਅਤੇ ਰੂਸ ਵੱਲੋਂ ਜਿੱਤੇ ਯੂਕਰੇਨੀ ਖੇਤਰ ਉੱਤੇ ਰੂਸੀ ਏਕਾਧਿਕਾਰ ਦੀ ਪ੍ਰਵਾਨਗੀ ਬਿਨ੍ਹਾਂ ਇਸ ਜੰਗ ਦਾ ਖਤਮ ਹੋਣਾ ਲੱਗਭੱਗ ਅਸੰਭਵ ਜਾਪਦਾ ਹੈ। ਇਸ ਲਈ ਦੁਨੀਆਂ ਦੀਆਂ ਦੋ ਵੱਡੀਆਂ ਪ੍ਰਮਾਣੂ ਤਾਕਤਾਂ (ਰੂਸ ਤੇ ਅਮਰੀਕਾ) ਤੀਜੀ ਸੰਸਾਰ ਜੰਗ ਦੇ ਸਿੱਧੇ ਵਿਨਾਸ਼ਕਾਰੀ ਟਕਰਾਅ ਦੀ ਥਾਂ ਯੂਕਰੇਨ ਯੁੱਧ ਰਾਹੀਂ ਜ਼ੋਰ-ਅਜ਼ਮਾਈ ਕਰ ਰਹੀਆਂ ਹਨ। ਇਸ ਸਮੇਂ ਸਾਮਰਾਜੀ ਤਾਕਤਾਂ ਦਾ ਸੰਕਟ ਤੇ ਆਪਸੀ ਵਿਰੋਧਤਾਈ ਸਿਖਰ ਤੇ ਪਹੁੰਚ ਗਈ ਹੈ। ਇਸਦੇ ਹੱਲ ਲਈ ਯੂਕਰੇਨ ਸਮੇਤ ਫਲਸਤੀਨ ਵਿੱਚ ਜੰਗੀ ਤਬਾਹੀ ਤੇ ਨਸਲੀ ਸਫਾਏ ਦੀ ਮੁਹਿੰਮ ਨੂੰ ਅੱਗੇ ਵਧਾਇਆ ਜਾ ਰਿਹਾ ਹੈ। ਫਲਸਤੀਨੀ ਨਸਲਘਾਤ ਖਿਲਾਫ ਰੂਸ-ਚੀਨ ਨੇ ਵੀ ਸਾਜਿਸ਼ੀ ਚੁੱਪ ਧਾਰੀ ਹੋਈ ਹੈ ਤੇ ਵਿਸ਼ਵ-ਸ਼ਾਂਤੀ ਦੀਆਂ ਝੰਡਾਬਰਦਾਰ ਤਾਕਤਾਂ ਦੋਹਰੇ ਮਾਪਦੰਡਾਂ ਤਹਿਤ ਫਲਸਤੀਨ ਜੰਗ ਬਾਰੇ ਮੋਨ ਹਨ। ਚੀਨ-ਤਾਇਵਾਨ ਤਣਾਅ ਨੂੰ ਤੂਲ ਦਿੱਤੀ ਜਾ ਰਹੀ ਹੈ ਅਤੇ ਵੈਨੇਜ਼ੂਏਲਾ ਵਿੱਚ ਫਿਰ ਤੋਂ ਤਖਤਾਪਲਟ (ਤੇਲ ਸ੍ਰੋਤਾਂ ਤੇ ਕਬਜ਼ਾ ਤੇ ਡਾਲਰ ਵਿੱਚ ਵਪਾਰ ਨੂੰ ਚੁਣੌਤੀ ਕਾਰਨ) ਕਰਵਾਉਣ ਦੀ ਕੋਸ਼ਿਸ਼ ਵਜ਼ੋਂ ਅਮਰੀਕਾ ਵੱਲੋਂ ਫੌਜੀ ਅਪ੍ਰੇਸ਼ਨ ਸ਼ੁਰੂ ਕੀਤਾ ਜਾ ਰਿਹਾ ਹੈ। ਇਸੇ ਟਰੰਪ ਪ੍ਰਸ਼ਾਸ਼ਨ ਹੇਠ ਕੁਝ ਸਮਾ ਪਹਿਲਾਂ ਯਮਨ, ਸੀਰੀਆ, ਈਰਾਨ, ਲਿਬਨਾਨ ਉੱਤੇ ਫੌਜ਼ੀ ਹਮਲੇ ਕਰਕੇ ਅਰਬ ਸੰਸਾਰ ਉੱਤੇ ਦਹਿਸ਼ਤ ਤੇ ਦਾਬੇ ਦਾ ਮਹੌਲ ਪੈਦਾ ਕੀਤਾ ਗਿਆ। ਕੁੱਲ ਸੰਸਾਰ ਨੂੰ ਇਹਨਾਂ ਵਪਾਰਕ-ਜੰਗੀ ਅਪਰਾਧਿਕ ਯੋਜਨਾਵਾਂ ਦੀ ਭੇਂਟ ਚਾੜ੍ਹਿਆ ਜਾ ਰਿਹਾ ਹੈ। ਇਹ ਜੰਗ ਕਿਸੇ ਵੀ ਜ਼ਾਵੀਏ ਤੋਂ ਸੰਸਾਰ ਭਰ ਦੇ ਲੋਕਾਂ ਦੇ ਹਿੱਤਾਂ ਦੀ ਤਰਜਮਾਨੀ ਨਹੀਂ ਕਰਦੀ ਬਲਕਿ ਮੌਜੂਦਾ ਜੰਗਾਂ ਪੂੰਜੀਵਾਦੀ ਸੰਕਟ ਅਤੇ ਸਾਮਰਾਜਵਾਦੀ ਮੁਕਾਬਲੇਬਾਜ਼ੀ ਦਾ ਉਤਪਾਦ ਹਨ।

ਇਸ ਲਈ ਯੁੱਧ ਦੀ ਮਾਰ ਹੇਠ ਆਏ ਰੂਸੀ-ਯੂਕਰੇਨੀ ਲੋਕਾਂ ਦੇ ਹਿੱਤਾਂ ਦੀ ਬਜਾਏ ਇਹ ਕਵਾਇਦ ਸਾਮਰਾਜੀ ਮੁਲਕਾਂ ਦੀ ਵਿਸਤਾਰਵਾਦੀ-ਵਪਾਰਕ ਨੀਤੀ, ਅਮਰੀਕੀ-ਰੂਸੀ ਪੂੰਜੀਪਤੀਆਂ ਦੇ ਹਿੱਤਾਂ ਤੇ ਮੁਨਾਫ਼ੇ ਦੇ ਵਾਧੇ ਲਈ ਸਾਮਰਾਜੀ ਸੌਦੇਬਾਜ਼ੀ ਦਾ ਹਿੱਸਾ ਹੈ। ਜਮਾਤੀ ਏਕਤਾ ਤੇ ਲੋਕਪੱਖੀ ਸਮਾਜ ਦੀ ਸਿਰਜਣਾ ਲਈ ਸੰਘਰਸ਼ ਰਾਹੀਂ ਹੀ ਹਕੀਕੀ ਵਿਸ਼ਵ ਸ਼ਾਂਤੀ ਦਾ ਮਾਰਗ ਤਲਾਸ਼ਿਆ ਜਾ ਸਕਦਾ ਹੈ।

# ਮੰਡੀ, ਵਿੱਤ ਅਤੇ ਜ਼ਮੀਨ ਦੇ ਆਪਸੀ ਸੰਬੰਧ ਅਤੇ ਚੁਣੌਤੀਆਂ

*ਪੰਜਾਬ ਪੂਰੀ ਤਰ੍ਹਾਂ ਤਬਦੀਲ ਹੋ ਚੁੱਕਾ ਹੈ। ਇਸ ਦੀ ਹਰੇਕ ਪਰਤ ਮੰਡੀ ਦਾ ਅਟੁੱਟ ਅੰਗ ਬਣ ਗਈ ਹੈ। ਪੰਜਾਬ ਜੋ ਆਪਣੀ ਜ਼ਮੀਨ 'ਤੇ ਇਸ ਕਰਕੇ ਮਾਣ ਕਰਦਾ ਹੈ ਕਿ ਉਸ ਵਿਚੋਂ ਉਸ ਦਾ ਸਭਿਆਚਾਰ, ਧਰਮ, ਸਮਾਜ ਅਤੇ ਰਾਜਨੀਤੀ ਦੇ ਨਾਲ-ਨਾਲ ਆਰਥਿਕਤਾ ਵੀ ਜੁੜੀ ਹੋਈ ਹੈ। ਪ੍ਰੰਤੂ 1980 ਤੋਂ ਬਾਅਦ ਜਿਸ ਕਿਸਮ ਨਾਲ ਸਮੁੱਚਾ ਖੇਤੀ ਦਾ ਢੰਗ ਤਰੀਕਾ ਬਦਲਿਆ ਪਹਿਲਾਂ ਇਸ ਵਿਚ ਵੱਖ ਵੱਖ ਬੀਜ ਅਤੇ ਦਵਾਈਆਂ ਨੇ ਆਪਣਾ ਰੰਗ ਦਿਖਾਉਣਾ ਸ਼ੁਰੂ ਕਰ ਦਿੱਤਾ। ਹੌਲੀ ਹੌਲੀ ਟਰੈਕਟਰਾਂ ਤੋਂ ਲੈ ਕੇ ਟਿਊਬਵੈਲਾਂ ਦੀ ਸੰਖਿਆ ਵਿਚ ਵੱਡਾ ਵਾਧਾ ਹੋਇਆ। ਹੌਲੀ ਹੌਲੀ ਸਮੁੱਚੀ ਜ਼ਮੀਨ 'ਤੇ ਵੱਖ ਵੱਖ ਢੰਗਾਂ ਨਾਲ ਬੈਂਕਾਂ ਦਾ ਕਰਜ਼ਾ ਵੱਧ ਗਿਆ ਅਤੇ ਸਮੁੱਚੀ ਛੋਟੀ ਅਤੇ ਦਰਮਿਆਨੀ ਕਿਸਾਨੀ ਕਰਜ਼ੇ ਦੇ ਚੱਕਰ ਵਿਚ ਫਸ ਗਈ। ਖੇਤੀ ਮਜ਼ਦੂਰ ਖੇਤੀ ਖੇਤਰ ਨਾਲੋਂ ਟੁੱਟ ਕੇ ਵੱਖ ਵੱਖ ਹੋਰ ਖੇਤਰਾਂ ਵੱਲ ਨੂੰ ਇਸ ਕਰਕੇ ਚਲੇ ਗਏ ਕਿਉਂਕਿ ਕਣਕ ਅਤੇ ਚਾਵਲ ਦੇ ਪੈਂਟਰਨ ਰਾਹੀਂ ਉਨ੍ਹਾਂ ਦੀ ਜੀਵਨ ਪ੍ਰਕਿਰਿਆ ਪੂਰੀ ਨਹੀਂ ਸੀ ਹੁੰਦੀ। ਹੁਣ ਸਥਿਤੀ ਇਹ ਬਣੀ ਹੋਈ ਹੈ ਕਿ ਪੰਜਾਬ ਦਾ ਵੱਡਾ ਹਿੱਸਾ ਸ਼ਹਿਰੀ ਖੇਤਰ ਵਿਚ ਆ ਗਿਆ ਅਤੇ ਵੱਡੇ ਵੱਡੇ ਹਾਈਵੇਅ ਰਾਹੀਂ ਜ਼ਮੀਨਾਂ ਹਥਿਆਈਆਂ ਜਾ ਰਹੀਆਂ ਹਨ। ਲੋਕਾਂ ਦਾ ਜੀਵਨਜਾਚ ਵੀ ਬਦਲ ਗਿਆ ਹੈ। ਇਸ ਪੂੰਜੀਵਾਦੀ ਪੰਜਾਬ ਨੂੰ ਸਮਝ ਹਿੱਤ ਇਹ ਲਿਖਤ ਡਾ. ਕੁਲਦੀਪ ਸਿੰਘ ਦੀ ਦੇ ਕੇ ਅਗਾਂਹ ਬਹਿਸ ਨੂੰ ਹੋਰ ਵਧਾਉਣਾ ਚਾਹੁੰਦੇ ਹਾਂ ਕਿ ਪੰਜਾਬ ਦਾ ਅੱਜ ਕੀ ਰੂਪ ਹੈ ਅਤੇ ਇਸ ਦਾ ਭਵਿੱਖ ਕੀ ਹੋਵੇਗਾ। - ਸੰਪਾਦਕ*



ਡਾ. ਕੁਲਦੀਪ ਸਿੰਘ
98151-15429

ਪੰਜਾਬ ਪੂਰੀ ਤਰਾਂ ਵਿਸ਼ਵੀਕਰਨ ਦੇ ਰਾਂਹੀ ਵਿਸ਼ਵ ਮੰਡੀ ਦੀ ਹਰੇਕ ਪਰਤ ਨਾਲ ਜੁੜਿਆ ਹੋਇਆ ਹੈ। ਇਤਿਹਾਸਕ ਤੌਰ ਤੇ 1947 ਤੋਂ 1970 ਤੱਕ ਪੰਜਾਬ ਦਾ ਵਿਕਾਸ ਆਪਦੀਆਂ ਲੋੜਾਂ ਅਤੇ ਆਪਣੇ ਅੰਦਰੂਨੀ ਵਿਕਾਸ ਦੀ ਗਤੀ ਨੂੰ ਅਗਾਂਹ ਤੋਰਨ ਨਾਲ ਜੁੜਿਆ ਹੋਇਆ ਸੀ। ਪ੍ਰੋ: ਕਿਸ਼ਨ ਸਿੰਘ ਅਤੇ ਇਤਿਹਾਸਕਾਰ ਸਰਦਾਰ ਜਗਜੀਤ ਸਿੰਘ ਅਨੁਸਾਰ ਖੇਤੀ ਖੇਤਰ ਵਿੰਭਿਨਤਾ ਵਾਲਾ ਸੀ ਅਤੇ ਜੀਵ ਜੰਤੂ ਦੀ ਹਰੇਕ ਪਰਤ ਪੰਜਾਬ ਦੇ ਹਰੇਕ ਕੋਨੇ ਵਿਚ ਸੀ। ਵਿਦਿਅਕ ਖੇਤਰ ਲੋਕ ਸ਼ਕਤੀ ਦੇ ਆਧਾਰ ਤੇ ਨਵੀਂ ਅੰਗੜਾਈ ਲੈ ਰਿਹਾ ਸੀ। ਇੱਕ ਕਿਸਮ ਦਾ ਪੰਜਾਬ ਆਪਣੀ ਹੋਣੀ ਆਪ ਸਿਰਜ ਰਿਹਾ ਸੀ। ਅਜ਼ਾਦੀ ਦੇ ਇਤਿਹਾਸ ਵਿਚਲੀ ਇੱਛਾ ਸ਼ਕਤੀ 1947 ਦੀ ਤ੍ਰਾਸਦੀ ਦੇ ਬਾਵਜੂਦ ਮੁੜ ਪੰਜਾਬ ਨੂੰ ਸਮੂਹਕ ਤੌਰ ਤੇ ਅਗਾਂਹ ਵਿਕਸਤ ਕਰਨ ਵਾਸਤੇ ਹਰੇਕ ਵਰਗ ਚਾਹੇ ਉਹ ਅਧਿਆਪਕ ਹੋਵੇ, ਚਾਹੇ ਉਹ ਖੇਤੀ ਕਰਨ ਵਾਲਾ ਕਿਸਾਨ ਹੋਵੇ ਅਤੇ ਚਾਹੇ ਸਰਕਾਰਾਂ ਨੂੰ ਚਲਾਉਣ ਵਾਲੇ ਆਗੂ ਹੋਣ, ਉਨ੍ਹਾਂ ਅੰਦਰ ਪ੍ਰਬਲ ਇੱਛਾ ਸੀ ਕਿ ਅਸੀਂ ਲੋਕ ਸ਼ਕਤੀ ਦੇ ਰਾਂਹੀ ਹੀ ਅਗਾਂਹ ਵੱਧ ਸਕਦੇ ਹਾਂ ਅਤੇ ਨਵੀਆਂ ਮੰਜ਼ਿਲਾਂ ਤੈਅ ਕਰ ਸਕਦੇ ਹਾਂ।

ਪ੍ਰੰਤੂ ਜਿਸ ਕਿਸਮ ਨਾਲ ਹਰੀ ਕ੍ਰਾਂਤੀ ਦਾ ਦੌਰ ਪੰਜਾਬ ਵਿਚ ਸ਼ੁਰੂ ਹੋਇਆ ਅਤੇ ਵਿਸ਼ਵ ਪੱਧਰ ਤੇ ਵੱਖ-ਵੱਖ ਫਰੋਡ ਫਾਊਂਡੇਸ਼ਨ ਵਰਗੀਆਂ ਸੰਸਥਾਵਾਂ ਜੋ ਵਿੱਤੀ ਰੂਪ ਵਿਚ ਤਾਕਤਵਰ ਹੋ ਰਹੀਆਂ ਸੀ, ਉਨਾਂ ਨੇ ਪੰਜਾਬ ਨੂੰ ਆਪਣੇ ਕਲਾਵੇ ਵਿੱਚ ਲੈਣਾ ਸ਼ੁਰੂ ਕਰ ਦਿੱਤਾ। ਇਸ ਰਸਤੇ ਉਪਰ ਪੰਜਾਬ ਦੇ ਵਿਕਾਸ ਮਾਡਲ ਨੂੰ ਤੋਰਨ ਤੇ ਚੱਲਣ ਢੰਗ ਕਾਰਨ ਹਰੇਕ ਕਿਸਮ ਨਾਲ ਸਿੱਖਿਆ ਤੋਂ ਲੈ ਕੇ ਖੇਤੀ ਖੇਤਰ ਤੱਕ ਪੂੰਜੀਵਾਦੀ ਰਿਸ਼ਤਿਆਂ ਦੀ ਪਟੜੀ ਉਪਰ ਪੰਜਾਬ ਤੋਰ ਦਿੱਤਾ। ਨਿੱਜੀ ਜਾਇਦਾਦ ਤੋਂ ਲੈ ਕੇ ਸਮਾਜਿਕ ਰਿਸ਼ਤੇ ਇਸ ਦੀ ਭੇਂਟ ਚੜ੍ਹ ਗਏ। ਵੱਖ ਵੱਖ ਰੂਪ ਵਿਚ ਸੰਘਣੀ ਆਬਾਦੀ ਵਾਲੇ ਭਾਰਤ ਵਿਚ ਭੋਜਨ ਸੁਰੱਖਿਆ ਦਾ ਸਵਾਲ ਦੇਸ਼ ਦੀ ਬਾਹਰੀ ਸੁਰੱਖਿਆ ਤੋਂ ਵੀ ਅਹਿਮ ਅਤੇ ਮਹੱਤਵਪੂਰਨ ਹੈ। ਅਜੋਕਾ ਪੰਜਾਬ ਪੂਰੀ ਤਰਾਂ ਵਿਸ਼ਵ ਮੰਡੀ ਦਾ ਅਟੁੱਟ ਅੰਗ ਬਣ ਚੁੱਕਾ ਹੈ। ਇਸ ਦੀ ਸਭ ਤੋਂ ਅਹਿਮ ਕੁਦਰਤੀ ਦਾਤ ਜ਼ਮੀਨ ਇਕ ਵਸਤੂ ਦਾ ਰੂਪ ਅਖਤਿਆਰ ਕਰ ਚੁੱਕੀ ਹੈ। ਸੁਰਜੀਤ ਪਾਤਰ ਦੀਆਂ ਲਾਈਨਾਂ ਵਿਚ ਹਕੀਕਤ ਇੰਝ ਦਰਜ ਹੈ

**ਇਹਦੇ ਵਿਚ ਧਰਤ ਸ਼ਾਮਲ ਹੈ**
**ਬਿਰਖ, ਪਾਣੀ, ਪੌਣ ਸ਼ਾਮਲ ਨੇ,**
**ਇਹਦੇ ਵਿਚ ਸਾਡੇ ਹਾਸੇ, ਹੰਝੂ**
**ਸਾਡੇ ਗੌਣ ਸ਼ਾਮਲ ਨੇ**
**ਤੇ ਤੈਨੂੰ ਕੁਝ ਪਤਾ ਹੀ ਨਈਂ**
**ਇਹਦੇ ਵਿਚ ਕੌਣ ਸ਼ਾਮਲ ਨੇ**

ਇਸ ਵਿਚਲੇ ਚੱਲਣ ਢੰਗ ਨੂੰ ਸਮਝਣਾ ਅਤੇ ਨਿਰੀਖਣ ਤਹਿਤ ਲੈ ਕੇ ਆਉਣਾ ਜ਼ਰੂਰੀ ਹੈ।






ਪੰਜਾਬ ਸਮੇਤ ਖੇਤੀ ਆਧਾਰਿਤ ਵੱਖ ਵੱਖ ਖਿੱਤਿਆਂ ਵਿਚ ਜ਼ਮੀਨ ਦਾ ਸੁਆਲ ਲੋਕਾਂ ਦੇ ਰਹਿਣ ਸਹਿਣ, ਜੀਵਨ ਜਾਚ, ਜੀਵਿਕਾ ਅਤੇ ਭੋਜਨ ਸੁਰੱਖਿਆ ਦੇ ਨਾਲ ਨੇੜੇ ਤੋਂ ਜੁੜਿਆ ਹੈ। ਸ਼ਾਇਰ ਕੇਹਰ ਸ਼ਰੀਫ਼ ਨੇ ਦਰਜ ਕੀਤਾ:

**ਮਿੱਟੀ ਨਾਲ ਮਿੱਟੀ ਹੋ ਕੇ**
**ਮਿੱਟੀ ਵਿਚੋਂ ਅੰਨ ਪੈਦਾ ਕਰਦੇ**
**ਸਭ ਦਾ ਢਿੱਡ ਭਰਦੇ**
**ਅੰਨਦਾਤੇ ਨੂੰ ਮੁਨਾਫ਼ੇ ਦੇ ਲੋਭ ਵਿਚ**
**ਮਿੱਟੀ ਕਰਨ ਤੇ ਤੁੱਲਿਆ ਹੋਇਆ**
**ਲੋਟੂ ਸ਼ਾਹੂਕਾਰਾਂ ਦੀਆਂ ਗਿਰਝਾਂ ਦਾ ਟੋਲਾ।**

ਵਰ੍ਹਾ 1990 ਤੋਂ ਬਾਅਦ ਦੁਨੀਆ ਭਰ ਦੇ ਵੱਖ-ਵੱਖ ਮੁਲਕ ਸਮੇਤ ਪੰਜਾਬ ਅਤੇ ਇਨ੍ਹਾਂ ਦੇ ਅਦਾਰੇ ਵਿਸ਼ਵ ਮੁਦਰਾ ਕੋਸ਼ ਅਤੇ ਸੰਸਾਰ ਬੈਂਕ ਦੇ ਪ੍ਰਭਾਵ ਅਧੀਨ ਆ ਗਏ ਹਨ। ਪ੍ਰਸਿੱਧ ਖੇਤੀ ਮਾਹਰ ਪ੍ਰੋ. ਉਤਸਕਾ ਪਟਨਾਇਕ ਦਾ ਵਿਚਾਰ ਹੈ ਕਿ ਆਈ. ਐਮ.ਐਫ ਅਤੇ ਸੰਸਾਰ ਬੈਂਕ ਦੀਆਂ ਨੀਤੀਆਂ ਭਾਰਤ ਦੀਆਂ ਸਿਆਸੀ ਜਮਾਤਾਂ ਅਤੇ ਖੇਤੀ ਨੀਤੀ-ਘਾੜਿਆਂ ਦੀ ਲੀਡਰਸ਼ਿਪ ਨੇ ਲਾਗੂ ਕਰਕੇ ਜ਼ਰੱਈ ਖੇਤਰ ਦੇ ਲੋਕਾਂ ਦੀ ਜੀਵੀਕਾ ਨੂੰ ਮਾਰਿਆ ਅਤੇ ਕਿਸਾਨਾਂ ਦੀ ਆਮਦਨ ਨੂੰ ਤਹਿਸ-ਨਹਿਸ ਕਰ ਦਿੱਤਾ। ਉਸਦਾ ਇਹ ਵੀ ਕਹਿਣਾ ਹੈ ਕਿ ਅਕਾਦਮਿਕ ਜਗਤ ਨੇ ਆਪਣੇ ਬੌਧਿਕ ਬੌਣੇਪਣ ਅਤੇ ਮਸਲਿਆਂ ਨੂੰ ਗੈਰ ਇਮਾਨਦਾਰੀ ਦੇ ਢੰਗ ਨਾਲ ਉਨ੍ਹਾਂ ਦਾ ਸਿਧਾਂਤੀਕਰਨ ਕਰਕੇ ਕਿਸਾਨੀ ਨੂੰ ਹੋਰ ਉਜਾੜੇ ਵੱਲ ਧੱਕਣ ਲਈ ਰੋਲ ਅਦਾ ਕੀਤਾ ਹੈ। ਵਿਸ਼ਵ ਪੱਧਰ ਦੀ ਖੇਤੀਬਾੜੀ ਨਾਲ ਸੰਬੰਧਿਤ ਜ਼ਮੀਨ ਨੂੰ ਪੂੰਜੀ ਦੇ ਅਨੁਸਾਰ ਤਬਦੀਲ ਕਰਨ ਨਾਲ ਵੱਖ ਵੱਖ ਖੇਤਰਾਂ, ਇਲਾਕਿਆਂ ਅਤੇ ਦੇਸ਼ਾਂ ਵਿਚਲੇ ਉਪਜਾਊ ਖਿੱਤਿਆਂ ਦੀ ਜ਼ਮੀਨ ਸੁੰਗੇੜ ਦਿੱਤੀ ਹੈ। ਉਪਜਾਊ ਜ਼ਮੀਨ ਜਿਸ ਉੱਪਰ ਵੱਡੀ ਪੱਧਰ ਉੱਤੇ ਛੋਟੀ ਅਤੇ ਸੀਮਤ ਕਿਸਾਨੀ ਨਿਰਭਰ ਹੈ, ਉਸਦੀ ਜ਼ਮੀਨ ਹੋਰ ਘਟਣ ਨਾਲ ਪੇਂਡੂ ਖੇਤਰ ਵਿਚ ਬੇਰੁਜ਼ਗਾਰੀ, ਗੈਰ-ਬਰਾਬਰੀ ਅਤੇ ਗਰੀਬੀ ਦਾ ਪੈਦਾ ਹੋਣਾ ਲਾਜ਼ਮੀ ਸੀ। ਇਸਦੇ ਨਾਲ ਹੀ ਜ਼ਮੀਨੀ ਵੰਡ ਅਤੇ ਉਸਦੇ ਇੱਕਤਰੀਕਰਨ ਦੀ ਪ੍ਰਕਿਰਿਆ ਤੇਜ਼ ਹੋਣ ਨਾਲ ਵੱਖ-ਵੱਖ ਵਰਗਾਂ ਵਿਚ ਵਿਤਕਰਾ, ਦਾਬਾ ਅਤੇ ਉਖੇੜਾ ਖਤਰੇ ਦੀ ਹੱਦ ਤੱਕ ਪਹੁੰਚ ਗਿਆ ਹੈ। ਸੁਰਜੀਤ ਪਾਤਰ ਦੀ ਨਜ਼ਮ ਵਿਚ ਦਰਜ ਹੈ :

**ਇਹ ਬਾਤ ਨਿਰੀ ਏਨੀ ਹੀ ਨਹੀਂ**
**ਨਾ ਇਹ ਮਸਲਾ ਸਿਰਫ ਕਿਸਾਨ ਦਾ ਏ**
**ਇਹ ਪਿੰਡ ਦੇ ਵੱਸਦੇ ਰਹਿਣ ਦਾ ਏ**
**ਜਿਹਨੂੰ ਤੌਖਲਾ ਉੱਜੜ ਜਾਣ ਦਾ ਏ।**

ਇਸੇ ਤਰਾਂ ਔਰਤਾਂ ਦੀ ਸਥਿਤੀ ਪ੍ਰੋ. ਇਤਸ਼ਿਰੀ ਦੀ ਖੋਜ ਅਨੁਸਾਰ ਵਰਾ 1981, 1991, 2001 ਤੇ 2011 ਦੇ ਆਂਕੜਾਸਾਰ ਅਧਿਐਨ ਨੇ ਦਰਸਾਇਆ ਔਰਤਾਂ ਦੀ ਖੇਤੀ ਖੇਤਰ ਵਿਚ ਪ੍ਰਤਿਸ਼ੱਤਤਾ ਵਧੀ ਹੈ। ਹਕੀਕਤ ਵਿਚ ਖੇਤੀਬਾੜੀ ਖੇਤਰ ਵਿਚ ਔਰਤਾਂ ਦੀ ਭਾਗੀਦਾਰੀ ਨਾਲ ਜ਼ਰੱਈ ਸੰਕਟ ਵਿਚ ਉਨ੍ਹਾਂ ਦੀ ਸਿਹਤ, ਸਿੱਖਿਆ ਅਤੇ ਗਰੀਬੀ ਦੇ ਪੱਧਰ ਵਿਚ ਬੇਹੱਦ ਨਿਘਾਰ ਹੋਇਆ ਹੈ। ਇਸੇ ਤਰਾਂ ਨੈਸ਼ਨਲ ਕਰਾਈਮ ਰਿਸਰਚ ਬਿਊਰੋ ਦੀ ਰਿਪੋਰਟ 2022 ਅਨੁਸਾਰ ਵੱਖ-ਵੱਖ ਹਾਦਸਿਆਂ ਅਤੇ ਆਤਮ-ਹੱਤਿਆਵਾਂ ਵਿਚ 1.7 ਲੱਖ ਲੋਕਾਂ ਦੀ ਜਾਨ ਗਈ ਜਿਨ੍ਹਾਂ ਵਿਚ 56405 (33%) ਕਿਸਾਨ ਅਤੇ ਖੇਤ ਮਜ਼ਦੂਰ ਸਨ। ਅਜਿਹੀ ਦੁਨੀਆ ਵਿਚ ਕੁਦਰਤੀ ਸ੍ਰੋਤਾਂ ਵਾਲੇ ਆਦਿਵਾਸੀ, ਸੀਮਤ ਕਿਸਾਨ ਅਤੇ ਜ਼ਮੀਨ ਤੋਂ ਵਿਹੂਣੇ ਹਿੱਸੇ ਲਗਾਤਾਰ ਦਬਾਅ ਹੇਠ ਰਹਿਣ ਕਰਕੇ ਉਨ੍ਹਾਂ ਦੀ ਨਵੀਂ ਪੀੜੀ ਇਸ ਡਰ ਕਾਰਨ ਖੇਤੀ ਖੇਤਰ ਵਿਚ ਸ਼ਾਮਲ ਹੋਣ ਤੋਂ ਤ੍ਰਹਿਕਦੀ ਹੈ ਕਿ ਉਨਾਂ ਦਾ ਜੀਵਨ ਬਸਰ ਜ਼ਮੀਨ ਤੋਂ ਅਸੰਭਵ ਹੈ।

ਵਰ੍ਹਾ 2008 ਜਦੋਂ ਦੁਨੀਆਂ ਭਰ ਵਿਚ ਵਿਤੀ ਸੰਕਟ ਆਇਆ ਇਸਨੇ ਖਾਧ ਪਦਾਰਥਾਂ ਦੀਆਂ ਕੀਮਤਾਂ ਵਿਚ ਵੀ ਸੰਕਟ ਉਤਪੰਨ ਕਰ ਦਿੱਤਾ। ਉਸ ਤੋਂ ਸਬਕ ਸਿੱਖ ਕੇ ਵੱਡੇ ਕਾਰਪੋਰੇਟ ਘਰਾਣਿਆਂ, ਵਿੱਤੀ ਸੰਸਥਾਵਾਂ, ਖੇਤੀ ਖੇਤਰ ਨਾਲ ਸੰਬੰਧਿਤ ਵੱਡੀਆਂ ਕੰਪਨੀਆਂ ਨੇ ਆਪਣਾ ਸਰਮਾਇਆ ਗਲੋਬਲ ਸਾਊਥ ਵਿਚ ਲੈਂਡ ਫਾਰਮਿੰਗ ਅਤੇ ਜ਼ਮੀਨਾਂ ਨੂੰ ਹਾਸਲ ਕਰਨ ਲਈ ਲਗਾਉਣਾ ਸ਼ੁਰੂ ਕਰ ਦਿੱਤਾ। ਇਸ ਤੋਂ ਅਗਲੇ ਦਸ ਸਾਲਾਂ ਵਿਚ ਦੁਨੀਆ ਭਰ ਵਿਚ ਜ਼ਮੀਨ ਉਪਰ ਕਬਜ਼ੇ ਦੀ ਭਾਵਨਾ ਤੇਜ਼ੀ ਨਾਲ ਵਧੀ। ਸੁਖਵਿੰਦਰ ਕੰਬੋਜ਼ ਦੀ ਸਤਰ ਹੈ :

**ਕਰਜ਼ੇ ਦਾ ਫ਼ਨੀਅਰ**
**ਜਦੋਂਕਿ ਅੰਬਾਨੀ, ਅੰਡਾਨੀ ਤੇ**
**ਉਹਨਾਂ ਵਰਗਿਆਂ ਦੇ ਲਾਣੇ ਦਾ**
**ਹੋਰ ਉੱਚਾ ਹੋ ਰਿਹਾ ਹੈ ਦੌਲਤ ਦਾ ਅੰਬਾਰ।**

ਵਰ੍ਹਾ 2019 ਜਦੋਂ ਕੋਵਿਡ 19 ਸ਼ੁਰੂ ਹੋਇਆ ਉਸ ਦੌਰ ਵਿਚ ਸੰਸਾਰ ਦਾ ਢਿੱਡ ਭਰਨ ਲਈ ਭੋਜਨ ਦੀ ਬੇਹੱਦ ਜ਼ਰੂਰਤ ਸੀ। ਜਿਸ ਤਹਿਤ ਐਗਰੋ ਬਿਜ਼ਨਸ, ਵਿੱਤੀ ਸੰਸਥਾਵਾਂ ਅਤੇ ਸਰਕਾਰਾਂ ਨੂੰ ਜ਼ਮੀਨ ਉੱਪਰ ਕੰਟਰੋਲ ਲਈ ਆਪਣੇ ਕਾਇਦੇ ਕਨੂੰਨ ਵਿਤੀ ਸੰਸਥਾਵਾਂ ਦੇ ਪੱਖ ਵਿਚ ਤਬਦੀਲ ਕਰਨੇ ਸ਼ੁਰੂ ਕਰ ਦਿੱਤੇ। ਇਸ ਕਾਰਜ ਨੇ 'ਵਿਸ਼ੇਸ਼ ਆਰਥਕ ਜ਼ੋਨ' ਅਤੇ 'ਨਵੇਂ ਕੌਰੀਡੋਰ' ਵਿਕਸਿਤ ਕਰਨ ਲਈ ਵਪਾਰ ਅਤੇ ਵਿੱਤ ਨਾਲ ਸੰਬੰਧਿਤ ਨਵੀਆਂ ਸੰਧੀਆਂ ਦੇ ਰਾਹ ਪੱਧਰੇ ਕੀਤੇ। ਅਰਤਿੰਦਰ ਸੰਧੂ ਦੀਆਂ ਸਤਰਾਂ ਵਿਚ ਇੰਝ ਦਰਜ ਕੀਤਾ

**ਜਿਸ ਦੇ ਖੇਤ ਦੀ ਰੋਟੀ ਖਾਵੇ**
**ਉਸ ਨੂੰ ਰੋਜ਼ ਡਰਾਵੇ**
**ਸੋਨ ਆਂਡਿਆਂ ਵਰਗੀ ਮੁਰਗੀ**
**ਹੁਣ ਤੂੰ ਕੋਹਣਾ ਚਾਹਵੇਂ।**

ਵਿਦਵਾਨ ਰੋਜ਼ਾ ਲਕਸਮਬਰਗ ਦਾ ਕਹਿਣਾ ਹੈ ਜਦੋਂ ਪੂੰਜੀ ਦਾ ਇਕਤਰੀਕਰਨ ਹੁੰਦਾ ਹੈ ਤਾਂ ਛੋਟੀ ਕਿਸਾਨੀ ਅਤੇ ਖੇਤੀਬਾੜੀ ਨਾਲ ਜੁੜੇ ਵੱਖ ਵੱਖ ਕਿੱਤਿਆਂ ਦੇ ਵਰਗ ਤਬਾਹ ਹੋ ਜਾਂਦੇ ਹਨ। ਪੂੰਜੀ ਦਾ ਇਕਤਰੀਕਰਨ ਵੱਖ-ਵੱਖ ਵਰਗਾਂ ਦੇ ਉਜਾੜੇ ਅਤੇ ਉਨ੍ਹਾਂ ਦੀ ਜ਼ਮੀਨ ਉੱਪਰ ਕਬਜ਼ੇ ਰਾਂਹੀ ਹੀ ਸੰਭਵ ਹੁੰਦਾ ਹੈ। ਸੰਸਾਰ ਭਰ ਵਿਚ ਵਰਾ 1950 ਤੋਂ ਬਾਅਦ ਕਿਸਾਨੀ ਦੀ ਪ੍ਰਤੀਸ਼ੱਤਤਾ ਲਗਾਤਾਰ ਘੱਟਦੀ ਹੀ ਗਈ। ਇਤਿਹਾਸਕਾਰ ਇਰਿਕ ਹੌਬਸਬਾਮ ਇਸ ਦੌਰ ਨੂੰ ਕਿਸਾਨੀ ਦੀ ਮੌਤ ਦਾ ਦੌਰ ਕਹਿੰਦਾ ਹੈ। ਪੰਜਾਬ ਸਮੁੱਚੇ ਦੁਨੀਆ ਦੀ ਬਹੁਤੀ ਕਿਸਾਨੀ ਮੰਡੀ ਦੇ ਕਾਇਦੇ ਕਨੂੰਨਾਂ ਵਿਚ ਹੀ ਰਹਿ ਰਹੀ ਹੈ। ਇਕ ਖੋਜ ਮੁਤਾਬਕ ਵਰਾ 2005 ਤੋਂ 2018 ਤੱਕ ਵੱਡੇ ਪੂੰਜੀਪਤੀਆਂ ਅਤੇ ਹੋਰ ਘਰਾਣਿਆਂ ਨੇ ਜ਼ਮੀਨ ਦੀ ਖਰੀਦੋ-ਫਰੋਖਤ ਹੜ ਦੀ ਤਰਾਂ ਕੀਤੀ। ਜਿਸ ਕਾਰਨ ਜ਼ਮੀਨਾਂ ਦੇ ਭਾਅ ਵਿਚ ਤੇਜ਼ੀ ਨਾਲ ਵਾਧਾ ਹੋਇਆ। ਇਸ ਪ੍ਰਕਿਰਿਆ ਲਈ ਸਰਕਾਰਾਂ ਨੇ ਵੀ ਕਾਇਦੇ ਕਨੂੰਨ ਤਬਦੀਲ ਕੀਤੇ। ਇਥੋਂ ਤੱਕ ਆਧੁਨਿਕ ਤਕਨੀਕ ਦੀ ਮਦਦ ਨਾਲ 'ਡਿਜੀਟਲ ਲੈਂਡ ਰਜਿਸਟਰ' ਤਿਆਰ ਕਰਕੇ ਸਮੁੱਚੀ ਜ਼ਮੀਨ ਦੁਨੀਆਂ ਭਰ ਦੀ ਮੰਡੀ ਸਾਹਮਣੇ ਪ੍ਰਦਰਸ਼ਿਤ ਕੀਤੀ। ਸ਼ਾਇਰ ਸੁਰਜੀਤ ਜੱਜ ਦੇ ਹਾਵ ਭਾਵ ਇੰਝ ਨੇ :

**ਇਹ ਯੁੱਧ ਲੁੱਟ ਹੁੰਦੀ ਫਸਲ ਦਾ ਏ**
**ਰੋਲੀ ਜਾਂਦੀ ਹਰ ਨਸਲ ਦਾ ਏ**

ਇਹ ਅਜਿਹਾ ਦੌਰ ਜੋ 1991 ਤੋਂ ਬਾਅਦ ਤਬਦੀਲ ਹੋਣ ਲੱਗਾ ਉਸਨੇ ਨਵੀਂ ਖੇਤੀ ਯੁੱਧ ਨੀਤੀ ਜਿਸ ਵਿਚ ਜ਼ਮੀਨ ਖੁੱਲੀ ਮੰਡੀ ਲਈ ਵੇਚਣ ਅਤੇ ਖਰੀਦਣ ਵਾਲੀ ਵਸਤੂ ਵਿਚ ਤਬਦੀਲ ਕਰ ਦਿੱਤੀ।

ਵੱਡੀਆਂ ਕਾਰਪੋਰੇਸ਼ਨਾ ਅਤੇ ਸਰਕਾਰਾਂ ਨੇ ਜੀਵ ਵਿਭਿੰਨਤਾ ਅਤੇ ਜੈਵਿਕ ਵਿਭਿੰਨਤਾ ਦੇ ਖਿਲਾਫ ਅਜਿਹਾ ਕਾਰਜ ਕੀਤਾ ਜਿੰਨਾਂ ਨੇ ਕੁਦਰਤੀ ਵਾਤਾਵਰਨ ਵਿਚ ਬੇਤਿਹਾਸ਼ਾ ਵਿਗਾੜ ਉਤਪੰਨ ਕਰ ਦਿੱਤਾ ਹੈ। ਵਾਹੀ ਯੋਗ ਜ਼ਮੀਨ ਨੂੰ ਤਬਾਹ ਕਰਕੇ ਵੱਡੀ ਸਨਅਤ ਅਤੇ ਵਿਕਾਸ ਦੇ ਨਵੇਂ ਮਾਡਲ ਕੁਦਰਤੀ ਭੰਡਾਰਾਂ ਦੀ ਤਬਾਹੀ ਦਾ ਕਾਰਨ ਬਣਦੇ ਹਨ। ਪੰਜਾਬ ਅਜਿਹੀ ਸਥਿਤੀ ਵਿਚ ਪੂਰਾ ਉਤਰਦਾ ਹੈ ਜਿਸ ਦੀ ਹਰੇਕ ਪਰਤ ਵੱਖਰੋ-ਵੱਖਰੇ ਢੰਗਾਂ ਰਾਂਹੀ ਤਬਾਹ ਹੋ ਚੁੱਕੀ ਹੈ। ਇਸ ਦੀ ਨਵੀਂ ਖੇਤੀ ਯੁੱਧ ਨੀਤੀ ਤਹਿਤ ਨਾਈਟਰੋਜਨ, ਫਾਸਫੋਰਸ ਅਤੇ ਪੋਟਾਸ਼ੀਅਮ ਤੱਤਾਂ ਦੀ ਵਰਤੋਂ ਵਿਚ ਬੇਤਿਹਾਸ਼ਾ ਵਾਧਾ ਹੋਣ ਕਰਕੇ ਇਸ ਖਿੱਤੇ ਦੀ ਮਿੱਟੀ, ਪਾਣੀ, ਮਨੁੱਖ ਅਤੇ ਜਾਨਵਰਾਂ ਦੀ ਸਿਹਤ ਉੱਪਰ ਭੈੜਾ ਅਸਰ ਪਿਆ ਹੈ। ਇਸੇ ਤਰਾਂ ਕੁਦਰਤੀ ਪਾਣੀ ਦੀ ਥਾਂ ਧਰਤੀ ਵਿਚੋਂ ਪਾਣੀ ਕੱਢਣ ਦੀ ਗਤੀ ਲਈ ਵਰਾ 1971 ਵਿਚ ਟਿਊਬਵੈਲਾਂ ਦੀ ਗਿਣਤੀ 78,763 ਤੋਂ 2015 ਵਿਚ ਵੱਧਕੇ 12,35,722 ਤੋਂ ਵਰ੍ਹਾ 2020 ਵਿਚ 13.89 ਲੱਖ ਤੱਕ ਪਹੁੰਚ ਗਈ। ਵਰ੍ਹਾ 2022 ਤੱਕ ਬਿਜਲੀ ਦੇ ਮੋਟਰ ਕੁਨੈਕਸ਼ਨ 13.91 ਲੱਖ ਹੋ ਗਏ। ਇਸੇ ਤਰਾਂ ਵਰ੍ਹਾ 1971 ਵਿਚ ਟਰੈਕਟਰਾਂ ਦੀ ਗਿਣਤੀ 5281 ਤੋਂ ਵੱਧ ਕੇ ਵਰਾ 2015 ਵਿਚ 5,36,429 ਹੋ ਗਈ। ਸਰਕਾਰੀ ਬੈਂਕਾਂ ਅਤੇ ਕੋ-ਆਪਰੇਟਿਵ ਕ੍ਰੈਡਿਟ ਵਿਚ ਬੇਤਿਹਾਸ਼ਾ ਵਾਧਾ ਹੋਇਆ ਹੈ। ਪੰਜਾਬ ਵਿਚ ਫਸਲੀ ਕਰਜ਼ਾ 61,254 ਕਰੋੜ, ਲੰਮੇ ਸਮੇਂ ਲਈ ਕਰਜ਼ਾ 20,868 ਕਰੋੜ, ਖੇਤੀ ਕਰਜ਼ਾ (ਬੁਨਿਆਦੀ ਢਾਂਚਾ) 1805 ਕਰੋੜ, ਸਹਾਇਕ ਖੇਤੀ ਕਰਜ਼ੇ 12939 ਕਰੋੜ ਹਨ। ਪੰਜਾਬ ਸਟੇਟ ਬੈਂਕਿਜ਼ ਕਮੇਟੀ ਅਨੁਸਾਰ 96867 ਕਰੋੜ ਦਾ ਕਰਜ਼ਾ ਖੜ੍ਹਾ ਹੈ। ਵੱਖ ਵੱਖ ਬੈਂਕਾਂ ਵਿਚ ਕਿਸਾਨਾਂ ਦੇ 35.76 ਲੱਖ ਖਾਤੇ ਹਨ। ਨਵਾਰਡ ਦੀ 2023 ਦੀ ਰਿਪੋਰਟ ਅਨੁਸਾਰ ਸੰਸਥਾਗਤ ਕਰਜ਼ੇ 78.7 ਪ੍ਰਤੀਸ਼ਤ ਅਤੇ

ਦੂਸਰੇ ਐਨਐਸਐਸਓ ਅਨੁਸਾਰ 21.9 ਪ੍ਰਤੀਸ਼ਤ ਗੈਰ ਸੰਸਥਾਗਤ ਜੋ ਕਿ ਸ਼ਾਹੂਕਾਰਾਂ ਦੇ ਬਣਦੇ ਹਨ। ਵਰ੍ਹਾ 2011 ਦੇ ਅੰਕੜਿਆਂ ਮੁਤਾਬਿਕ 136 ਬਲਾਕਾਂ ਵਿਚੋਂ 109 ਬਲਾਕ(78.98%) ਪਾਣੀ ਦੀ ਲੁੱਟ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਹਨ। ਇਸੇ ਤਰ੍ਹਾਂ ਵਾਤਾਵਰਨ ਤਬਦੀਲੀਆਂ ਨਾਲ ਕਪਾਹ, ਆਲੂ, ਚਾਵਲ, ਕਣਕ ਅਤੇ ਦਾਲਾਂ ਦੀ ਫਸਲ ਘਟੀ ਹੈ। ਵਰ੍ਹਾ 2014 ਦੀ ਇੱਕ ਖੋਜ ਮੁਤਾਬਕ 2035 ਤੱਕ ਪੰਜਾਬ ਦੀਆਂ ਸਮੁੱਚੀਆਂ ਫਸਲਾਂ ਦੀ ਪੈਦਾਵਾਰ 10 ਪ੍ਰਤੀਸ਼ਤ ਹੋਰ ਘਟ ਜਾਵੇਗੀ। ਪੰਜਾਬ ਦਾ ਕੁੱਲ ਭੂਗੋਲਿਕ ਖੇਤਰ 50.3 ਲੱਖ ਹੈਕਟੇਅਰ ਹੈ ਜਿਸ ਵਿਚੋਂ 41.27 ਲੱਖ ਹੈਕਟੇਅਰ ਖੇਤੀ ਅਧੀਨ ਆਉਣ ਕਾਰਨ ਜੰਗਲਾਂ ਦਾ ਰਕਬਾ ਸਿਰਫ 4.87 ਫੀਸਦੀ ਰਹਿ ਗਿਆ ਹੈ ਜਦੋਂ ਕਿ ਰਾਸ਼ਟਰੀ ਔਸਤ 21.7 ਫੀਸਦੀ ਹੈ। ਐਨਐਸਐਸਓ ਦੇ 2013 ਦੇ ਅੰਕੜਿਆਂ ਮੁਤਾਬਕ 24 ਪ੍ਰਤੀਸ਼ਤ ਤੋਂ ਵੱਧ ਉਪਜਾਊ ਖੇਤਰ ਕਿਰਾਏਦਾਰੀ ਅਧੀਨ ਹਨ। ਲੰਮੇ ਸਮੇਂ ਲਈ ਕਿਰਾਏਦਾਰੀ ਤੇ ਜ਼ਮੀਨ ਪਟੇ ਉਤੇ ਦੇਣ ਨਾਲ ਉਪਜਾਊ ਜ਼ਮੀਨ ਉਤੇ ਨਿਵੇਸ਼ ਦੀ ਵਰਤੋਂ ਤੇਜ਼ੀ ਨਾਲ ਹੁੰਦੀ ਹੈ।

ਪੰਜਾਬ ਦੇ ਸਮੁੱਚੇ ਰਾਜਨੀਤਕ, ਸੱਭਿਆਚਾਰਕ ਅਤੇ ਆਰਥਕ ਜਮਾਤ ਦੇ ਰੂਪ ਮੰਡੀ ਦੇ ਨਾਲ ਗੁੱਥਮ-ਗੁੱਥਾ ਹੋਏ ਹੋਏ ਹਨ। ਪਾਲੀ ਭੁਪਿੰਦਰ ਅਨੁਸਾਰ :

**ਮੇਰੇ ਪੈਰਾਂ ਹੇਠਲੀ ਜ਼ਮੀਨ ਮੰਗਦੇ ਹੋ**
**ਲੈ ਲਓ**
**ਜੇ ਸੱਚਮੁੱਚ ਦੇਸ਼ ਦਾ ਕੁਝ ਸੰਵਰਦਾ ਹੈ ਤਾਂ**
**ਦਿੰਦੇ ਤਾਂ ਆਏ ਹਾਂ ਅਸੀਂ ਪੇਂਡੂ**
**ਖੇਤਾਂ ਲਈ ਧੜ**
**ਸਰਹੱਦਾਂ ਲਈ ਸਿਰ**
**ਸਦਾ ਦੇਸ਼ ਲਈ**
**ਪਰ ਦੱਸੋ ਤਾਂ ਸਹੀ**
**ਅੱਜ ਕਿਸ ਦੇਸ਼ ਦੀ ਗੱਲ ਕਰਦੇ ਹੋ।**

ਸ਼ਹਿਰੀਕਰਨ ਦੇ ਨਾਂ ਹੇਠ ਰੀਅਲ ਅਸਟੇਟ ਹੀ ਵਿਕਾਸ ਦਾ ਮਾਡਲ ਬਣ ਗਈ ਹੈ। ਜਿਸਨੂੰ ਵੱਖ-ਵੱਖ ਸਿਆਸੀ ਪਾਰਟੀਆਂ ਆਪੋ ਆਪਣੇ ਮੈਨੀਫੈਸਟੋ ਵਿਚ ਵੀ ਪ੍ਰਦਰਸ਼ਿਤ ਕਰਦੀਆਂ ਹਨ। ਇਸਦਾ ਇਕ ਪਹਿਲੂ ਕਾਲੇ ਧੰਨ ਦੀ ਆਰਥਿਕਤਾ ਸਬੰਧੀ ਪ੍ਰੋ ਅਰੁਣ ਕੁਮਾਰ ਅਨੁਸਾਰ ਵੱਡੇ ਪੱਧਰ ਉੱਤੇ ਕਾਲੇ ਧਨ ਦਾ ਕੁਝ ਹੱਥਾਂ ਵਿਚ ਇਕੱਤਰ ਹੋਣਾ ਅਤੇ ਮੁੜ ਵੱਖੋ ਵੱਖਰੇ ਢੰਗਾਂ ਰਾਂਹੀ ਉਸ ਨੂੰ ਜ਼ਮੀਨ ਦੀ ਖਰੀਦੋ ਫਰੋਖਤ ਲਈ ਵਰਤਣਾ ਅਤੇ ਬੇਢੰਗਾ ਸ਼ਹਿਰੀਕਰਨ ਦਾ ਪਸਾਰਾ ਅਤੇ ਫੈਲਾਅ ਕਰਨਾ ਬਣਦਾ ਹੈ। ਇਸਦੇ ਨਾਲ ਹੀ ਪੰਜਾਬੀ ਦੀ ਜ਼ਮੀਨ ਉੱਪਰ ਕਰਜ਼ਾ ਕਈ ਰਿਪੋਰਟਾਂ ਵਿਚ ਇਹ ਦਰਸਾਉਂਦਾ ਹੈ ਕਿ ਸੀਮਤ ਕਿਸਾਨ ਬੁਰੀ ਤਰਾਂ ਕਰਜ਼ੇ ਦੇ ਜੰਜ਼ਾਲ ਵਿਚ ਫਸਿਆ ਹੋਇਆ ਹੈ। ਅਜੀਤ ਕਮਲ ਦੀਆਂ ਸਤਰਾਂ ਨੇ :

**ਫਸਲਾਂ ਦਾ ਮੁੱਲ ਹਾਕਮ ਮਿਥਦਾ,**
**ਖਾਦ ਦਾ ਮਿਥੇ ਵਪਾਰੀ**
**ਲਾਗਤ ਵੀ ਨਾ ਪੱਲੇ ਪੈਂਦੀ,**
**ਪੰਡ ਕਰਜ਼ੇ ਦੀ ਭਾਰੀ।**

ਜਿਹੜਾ ਮੁੜ ਖੁਦਕਸ਼ੀਆਂ ਵਰਗੀਆਂ ਤ੍ਰਾਸਦੀਆਂ ਨੂੰ ਜਨਮ ਦਿੰਦਾ ਹੈ। ਜਿਸ ਕਿਸਮ ਦਾ ਅਣਸਾਵਾਂਪਣ ਵਿਕਾਸ ਅਤੇ ਉਸਦੀਆਂ ਯੋਜਨਾਵਾਂ ਨੇ ਸਮੁੱਚੇ ਪੰਜਾਬ ਨੂੰ ਉਖੇੜ ਕੇ ਰੱਖ ਦਿੱਤਾ ਹੈ। ਇਥੋਂ ਤੱਕ ਖਰੜ, ਮੋਹਾਲੀ, ਲੁਧਿਆਣਾ, ਅੰਮ੍ਰਿਤਸਰ ਅਤੇ ਬਠਿੰਡਾ ਵਿਚ ਰੀਅਲ ਅਸਟੇਟ ਦੀ ਸਨਅਤ ਅਤੇ ਨਾਲ ਹੀ ਵੱਖੋ-ਵੱਖਰੇ ਖੇਤਰਾਂ ਵਿਚ ਹਾਈਵੇ ਦਾ ਜਾਲ ਸਮੁੱਚੀ ਪੰਜਾਬ ਦੀ ਵਾਤਾਵਰਣਕ ਪਰਤ ਅਤੇ ਉਪਜਾਊ ਜ਼ਮੀਨ ਨੂੰ ਤਬਾਹ ਕਰ ਚੁੱਕਾ ਹੈ। ਅਮਰਜੀਤ ਸਿੰਘ ਅਮਨੀਤ ਦੀਆਂ ਸਤਰਾਂ ਵਿਚ ਇੰਝ ਦਰਜ ਕੀਤਾ :

**ਅਸੀਂ ਮਿੱਟੀ ਨਾਲ ਮਿੱਟੀ ਰਹਿੰਦੇ ਰਹਿੰਦੇ**
**ਮਿੱਟੀ ਦਾ ਰੂਪ ਹੋਏ ਹਾਂ**
**ਸਾਡੇ ਪੁਰਖੇ**
**ਇਸ ਮਿੱਟੀ ਵਿਚ ਸਮਾਏ ਨੇ**

ਇਕ ਹੋਰ ਪਹਿਲੂ ਜਦੋਂ ਕਿਸਾਨ ਅਤੇ ਉਸ ਨਾਲ ਜੁੜੇ ਹੋਏ ਹੋਰ ਵਰਗ ਦੀ ਜ਼ਮੀਨ ਆਧਾਰਤ ਜੀਵਿਕਾ ਖਤਰੇ ਵਿਚ ਆ ਜਾਂਦੀ ਹੈ ਅਤੇ ਇਥੋਂ ਤੱਕ ਤਬਾਹ ਹੋ ਜਾਂਦੀ ਹੈ ਮੁੜ 'ਕਾਰਪੋਰੇਟ ਕੰਟਰੋਲਡ ਸਨਅਤੀ ਭੋਜਨ ਪ੍ਰਬੰਧ' ਵੱਡੇ ਘਰਾਣਿਆਂ ਦਾ ਪ੍ਰੋਜੈਕਟ ਬਣ ਜਾਂਦਾ ਹੈ। ਜਿਸਦੇ ਆਧਾਰ ਤੇ ਉਹ ਜ਼ਮੀਨ ਦੀਆਂ ਕੀਮਤਾਂ ਨੂੰ ਘਟਾਉਣਾ, ਵਧਾਉਣਾ ਅਤੇ ਖਾਦ ਪਦਾਰਥਾਂ ਰਾਂਹੀ ਕੰਟਰੋਲ ਕਰਕੇ ਕਿਸਾਨਾਂ ਨੂੰ ਆਰਥਿਕ ਪ੍ਰਨਾਲੀ ਵਿਚੋਂ ਬਾਹਰ ਕੱਢਣ ਦਾ ਜ਼ਰੀਆ ਬਣਦਾ ਹੈ। ਉਪਜਾਊ ਜ਼ਮੀਨ ਦੇ ਸੁੰਗੜਨ ਅਤੇ ਕਬਜ਼ੇ ਨਾਲ ਆਮ ਕਿਸਾਨ ਅਤੇ ਉਨ੍ਹਾਂ ਦੇ ਪਰਿਵਾਰ ਜ਼ਮੀਨ ਤੋਂ ਵੱਖ ਹੋ ਜਾਂਦੇ ਹਨ। ਇਥੋਂ ਤੱਕ ਉਹ ਆਪਣੀ ਜੀਵਿਕਾ ਅਤੇ ਭੋਜਨ ਪਦਾਰਥਾਂ ਦੀ ਲੜੀ ਤੋਂ ਵੀ ਵੰਚਿਤ ਹੋ ਜਾਂਦੇ ਹਨ। ਰਾਜਨੀਤਕ ਅਰਥ ਸ਼ਾਸ਼ਤਰ ਦੀ ਵਿਦਵਾਨ ਈ ਐਮ ਵੁੱਡ ਅਨੁਸਾਰ ਕਿਸਾਨੀ ਦੇ ਮੰਡੀ ਉੱਪਰ ਪੂਰੀ ਤਰਾਂ ਨਿਰਭਰਤਾ ਆਖਰ ਨੂੰ ਉਨ੍ਹਾਂ ਨੂੰ ਆਪਣੇ ਕਿੱਤੇ ਅਤੇ ਸਥਾਨਾਂ ਤੋਂ ਉਖੇੜ ਦਿੰਦੀ ਹੈ। ਇਸ ਰਾਂਹੀ ਹੀ ਜ਼ਮੀਨ ਦਾ ਕੁੱਝ ਹੱਥਾਂ ਤੱਕ ਇਕਤਰੀਕਰਨ ਹੁੰਦਾ ਹੈ। ਇਹ ਇੱਕ ਕਿਸਮ ਨਾਲ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਬਰਾਬਰ ਹੈ। ਇੱਕ ਖੋਜ ਮੁਤਾਬਿਕ ਦੁਨੀਆ ਦੇ 70 ਪ੍ਰਤੀਸ਼ਤ ਵੱਡੇ ਜ਼ਮੀਨ ਦੇ ਟੁਕੜਿਆਂ ਉੱਪਰ ਇੱਕ ਪ੍ਰਤੀਸ਼ਤ ਦਾ ਕਬਜ਼ਾ ਹੈ।

ਭਾਰਤ ਦੇ ਪਲੈਨਿੰਗ ਕਮਿਸ਼ਨ ਦੀ 1973 ਰਿਪੋਰਟ ਟਾਸਕ ਫੋਰਸ ਆਨ ਜਰਈ ਰਿਸ਼ਤਿਆਂ ਬਾਰੇ ਬਣਾਈ ਗਈ ਨੇ ਨਤੀਜਾ ਕੱਢਿਆ ਕਿ ਸਿਆਸੀ ਅਦਾਰਿਆਂ ਵਿਚ ਬੈਠੀ ਧਨੀ ਅਤੇ ਅਮੀਰ ਕਿਸਾਨੀ ਦੀ ਇੱਛਾ ਸ਼ਕਤੀ ਦੀ ਘਾਟ ਕਾਰਨ ਜ਼ਮੀਨੀ ਸੁਧਾਰ ਨਹੀਂ ਹੋ ਸਕਦਾ। ਇਹ ਵਰਤਾਰਾ ਇਤਿਹਾਸਕ ਤੌਰ ਤੇ ਬਸਤੀਵਾਦੀ ਦੌਰ ਤੋਂ ਇੱਕੀਵੀਂ ਸਦੀ ਤੱਕ ਲਗਾਤਾਰ ਜਾਰੀ ਰਿਹਾ। ਇਸੇ ਤਰਾਂ ਅੱਠਵੀਂ ਪੰਜ ਸਾਲਾ ਯੋਜਨਾ ਦੇ 9 ਪਹਿਲੇ ਤਿੰਨ ਵਰੇ 1992 ਤੋਂ 1995 ਤੱਕ ਖੇਤੀ ਖੇਤਰ ਵਿਚ ਨਿੱਜੀ ਸਰਮਾਇਆ 37.27 ਬਿਲੀਅਨ ਤੋਂ ਵੱਧ ਕੇ 58.67 ਬਿਲੀਅਨ ਹੋ ਗਿਆ ਹੈ।

ਵਰ੍ਹਾ 1990 ਤੋਂ ਬਾਅਦ ਤੇਜ਼ੀ ਨਾਲ ਨਵ ਉਦਾਰਵਾਦ ਦਾ ਪ੍ਰੋਜੈਕਟ ਜੋ ਕਿ ਅਸਲ ਵਿਚ ਸਿਆਸੀ ਪ੍ਰੋਜੈਕਟ ਹੀ ਸੀ। ਵਿੱਤੀ ਖੇਤਰ ਦੇ ਫੈਲਾਅ ਕਾਰਨ ਜ਼ਮੀਨ ਅਤੇ ਉਸ ਨਾਲ ਸੰਬੰਧਤ ਸ੍ਰੋਤਾਂ ਵਿਚਲੀ ਤਬਦੀਲੀ ਮੰਡੀ ਦੀ ਵਸਤੂ ਦਾ ਰੂਪ ਅਖਤਿਆਰ ਕਰ ਗਈ ਹੈ। ਜ਼ਮੀਨਾਂ ਵੇਚਣ ਦੀ ਮੰਡੀ ਨਵੇਂ ਕਾਇਦੇ ਕਨੂੰਨਾਂ ਅਨੁਸਾਰ ਲੱਗੀ ਹੋਈ ਹੈ। ਅਸਲ ਵਿਚ ਜ਼ਮੀਨ ਨਾਲ ਸੰਬੰਧਤ ਖੇਤਰ ਵਿੱਤੀ ਜਾਇਦਾਦ ਹੀ ਜਾਪਣ ਲੱਗ ਪਈ ਹੈ। ਲੋਕਾਂ ਦੀ ਘਰੇਲੂ ਆਮਦਨ ਜਿਹੜੀ ਕਿ ਜ਼ਮੀਨੀ ਸ੍ਰੋਤਾਂ ਤੋਂ ਪੂਰੀ ਹੁੰਦੀ ਸੀ ਉਹ ਅਜੋਕੇ ਮੰਡੀ, ਵਿੱਤੀ ਅਤੇ ਵਿਸ਼ਵੀ ਵਾਤਾਵਰਨ ਵਿੱਚ ਆਪਣੀ ਕੀਮਤ ਗਵਾਉਂਦੀ ਜਾ ਰਹੀ ਹੈ। ਜ਼ਮੀਨ ਦੀਆਂ ਕੀਮਤਾਂ ਦਾ ਉਤਰਾਅ ਚੜਾਅ ਮੰਡੀ ਦੇ ਉਭਾਰ ਅਤੇ ਸੰਕਟ ਨਾਲ ਨੇੜੇ ਤੋਂ ਜੁੜਿਆ ਹੋਇਆ ਹੈ। ਜ਼ਮੀਨ ਨੂੰ ਦੇਖਣ ਦਾ ਦ੍ਰਿਸ਼ਟੀਕੋਣ ਵੀ ਵਿੱਤੀ ਸਰਮਾਏਦਾਰੀ ਵਾਲਾ ਬਣ ਗਿਆ ਹੈ। ਇਸ ਚੌਖਟੇ ਵਿਚ ਪੰਜਾਬ ਦੀ ਆਰਥਕਤਾ, ਸਮਾਜਕ ਅਤੇ ਸੱਭਿਆਚਾਰਕ ਜੀਵਨ ਵਿਤ ਦੀ ਤਾਕਤ ਰਾਂਹੀ ਪ੍ਰਭਾਵਿਤ ਹੋ ਰਿਹਾ ਹੈ। ਪੰਜਾਬ ਹਰੇਕ ਅਨੁਸ਼ਾਸ਼ਨ ਆਰਥਕ, ਸਿਆਸੀ, ਸਮਾਜਿਕ, ਭੂਗੋਲ ਆਦਿ ਵਿਸ਼ਵ ਪੂੰਜੀ ਦੇ ਸਾਏ ਹੇਠ ਆ ਗਏ ਹਨ।

ਪੰਜਾਬ ਦਾ ਸਮੁੱਚਾ ਬਹੁ-ਪੱਖੀ ਅਤੇ ਬਹੁ ਪਰਤੀ ਚੱਲਣ ਢੰਗ ਮੰਡੀ ਦੀ ਹਰੇਕ ਵੰਨਗੀ ਨਾਲ ਜੁੜਿਆ ਹੋਇਆ ਹੈ। ਇਸਦੇ ਭਵਿੱਖ ਦਾ ਅੰਦਾਜ਼ਾ ਲਾਉਣਾ ਕਠਨ ਨਹੀਂ ਹੈ ਕਿ ਜਿਸ ਰਸਤੇ ਉੱਪਰ ਇਸਨੇ ਵਿਕਾਸ ਦਾ ਰਾਹ ਅਖਿਤਆਰਡ ਕੀਤਾ ਹੋਇਆ ਹੈ ਉਹ ਇਸ ਨੂੰ ਹੋਰ ਸੰਕਟ ਗ੍ਰਸਤ ਕਰੇਗਾ। ਇਸਦੇ ਬਦਲਵੇਂ ਮਾਡਲ ਤਲਾਸ਼ਣ ਲਈ ਗੰਭੀਰ ਚਿੰਤਨ ਅਤੇ ਬੌਧਿਕ ਪ੍ਰਕਿਰਿਆਵਾਂ ਦੀ ਜ਼ਰੂਰਤ ਹੈ ।

ਪੰਜਾਬ ਲਗਾਤਾਰ ਸੰਘਰਸ਼ਾਂ ਦਾ ਕੇਂਦਰ ਇਸ ਕਿਸਮ ਦੀ ਉਪਰਲੀ ਦਰਸਾਈ ਤਸਵੀਰ ਕਾਰਨ ਹੀ ਰਿਹਾ ਹੈ। ਇਸ ਦੇ ਹਰੇਕ ਖੇਤਰ ਦੇ ਸੰਕਟਗ੍ਰਸਤ ਹੋਣ ਨਾਲ ਟਕਰਾਅ ਤੇ ਸੰਘਰਸ਼ ਤਾਂ ਉਤਪੰਨ ਹੋ ਰਹੇ ਹਨ। ਸਮੇਂ ਸਮੇਂ ਉਤੇ ਸਿਆਸੀ ਜਮਾਤ ਨੂੰ ਕੰਬਣੀ ਵੀ ਛੇੜਦੇ ਹਨ। ਜਿਵੇਂ ਅਮਰਜੀਤ ਕੌਂਕੇ ਨੇ ਆਪਣੀ ਨਜ਼ਮ ਵਿਚ ਦਰਜ ਕੀਤਾ:

**ਆਪਣੇ ਹੀ ਦੇਸ਼ ਦੀ ਰਾਜਧਾਨੀ ਵਿਚ**
**ਆਉਣਾ ਚਾਹੁੰਦੇ ਸਨ**
**ਕਿਸੇ ਦਾ ਕੁਝ ਖੋਹਨ ਲਈ ਨਹੀਂ**
**ਜਾਂ ਕਾਬਜ਼ ਹੋਣ ਲਈ ਨਹੀਂ**
**ਸਗੋਂ ਆਪਣੀਆਂ ਜ਼ਮੀਨਾਂ**
**ਲੁਟੇਰਿਆਂ ਤੋਂ ਬਚਾਉਣ ਲਈ।**

ਇਸੇ ਅੰਦਾਜ਼ ਵਿਚ ਸੰਜੀਵ ਆਹਲੂਵਾਲੀਆ ਨੇ ਇਤਿਹਾਸਕ ਸੰਘਰਸ਼ 2020-2021 ਸਮੇਂ ਦਰਜ ਕੀਤਾ ਸੀ:

**ਸਾਡੀ ਧਰਤੀ**
**ਸਿਰਫ਼ ਮਿੱਟੀ ਦਾ ਢੇਰ ਨਹੀਂ**
**ਜਿਉਂਦੀ ਜਾਗਦੀ ਹਸਤੀ ਹੈ**
**ਜ਼ਿੰਦਗੀ ਨਾਲ ਧੜਕਦੀ**
**ਚੇਤਨਤਾ ਭਰਪੂਰ ਕਾਇਆ।**

ਪੰਜਾਬ ਜੋ ਸਮਾਜਿਕ-ਆਰਥਿਕ ਅਤੇ ਰਾਜਨੀਤਕ ਬਦਲ ਦੀ ਤਲਾਸ਼ ਵਿਚ ਹੈ ਉਸ ਤੋਂ ਕੋਹਾਂ ਦੂਰ ਵੱਖੋ ਵੱਖਰੇ ਰੂਪ ਵਿਚ ਭਲਾ ਹੀ ਚਿੰਤਨ ਪ੍ਰਕਿਰਿਆ ਨਾਲ ਚਲ ਰਹੀਆਂ ਹਨ। ਪ੍ਰੰਤੂ ਇਕਜੁਟ ਬੌਧਿਕ ਚਿੰਤਨ ਦੀ ਧਾਰਾ ਜੋ ਅਜਿਹੀਆਂ ਸਥਿਤੀਆਂ ਦਾ ਬਹੁਦਿਸ਼ਾਵੀ ਅਤੇ ਬਹੁਪਰਤੀ ਮੁਲਾਂਕਣ ਕਰਕੇ ਇਕ ਬਦਲਵਾਂ ਮਾਡਲ ਉਸਾਰ ਸਕੇ ਉਸ ਦੀ ਲਗਾਤਾਰ ਘਾਟ ਰੜਕ ਰਹੀ ਹੈ। ਇਸ ਪ੍ਰਤੀ ਸੰਜੀਦਗੀ ਨਾਲ ਗੌਰ ਕਰਨ ਨਾਲ ਹੀ ਮੰਡੀ ਅਤੇ ਵਿੱਤ ਦੀ ਤਾਕਤ ਤੋਂ ਬਾਹਰ ਹੋਇਆ ਜਾ ਸਕਦਾ ਹੈ । ਵਿੱਤ ਨੂੰ ਲੋਕਾਂ ਦੀਆਂ ਲੋੜਾਂ ਅਤੇ ਉਪਜਾਊ ਜ਼ਮੀਨ ਦੇ ਦ੍ਰਿਸ਼ਟੀਕੋਣ ਤੋਂ ਲਗਾਉਣ ਹਿੱਤ ਕਾਰਜ ਕਰਨਾ ਸਮੇਂ ਦੀ ਅਣਸਰਦੀ ਲੋੜ ਹੈ। ਜਿਸ ਕਿਸਮ ਦੀਆਂ ਕੁਦਰਤੀ ਅਤੇ ਮਨੁੱਖਾਂ ਦੁਬਾਰਾ ਕੁਦਰਤ ਨਾਲ ਛੇੜਖਾਨੀ ਕਰਕੇ ਇਕ ਸ਼ਾਨਦਾਰ ਖਿੱਤੇ ਨੂੰ ਤਬਾਹ ਕਰਨ ਦੀ ਪ੍ਰਕਿਰਿਆ ਤੇਜ਼ੀ ਨਾਲ ਅਗਾਂਹ ਵਧ ਰਹੀ ਹੈ ਜਿਹੜੀ ਇਸ ਖਿੱਤੇ ਇਤਿਹਾਸ, ਸਭਿਆਚਾਰ ਅਤੇ ਕੌਮਾਂਤਰੀ ਪੱਧਰ ਦੀਆਂ ਮਨੁੱਖੀ ਕਦਰਾਂ ਕੀਮਤਾਂ ਨੂੰ ਵੀ ਆਪਣੇ ਕਲਾਵੇ ਵਿਚ ਲੈ ਲਵੇਗੀ।

# ਪੰਜਾਬ ਦੀ ਹਥਿਆਰਬੰਦ ਨਕਸਲਬਾੜੀ ਲਹਿਰ ਦੇ ਮੋਢੀ ਆਗੂ ਕਾਮਰੇਡ ਅਮਰ ਸਿੰਘ ਅੱਚਰਵਾਲ

ਕਿਰਤੀ ਕਾਮਿਆਂ ਦਾ ਦੁੱਖਦਾਇਕ ਜੀਵਨ ਅਤੇ ਉਨ੍ਹਾਂ ਦਾ ਹੁੰਦਾ ਸ਼ੋਸ਼ਣ ਹਰ ਵਿਅਕਤੀ ਕਿ ਖੁਦ ਇਸ ਜਿਲ੍ਹਣ 'ਚੋਂ ਲੰਘ ਰਹੇ ਲੋਕ ਵੀ ਦੁੱਖ ਮਹਿਸੂਸ ਕਰਦੇ ਹੋਏ ਵੀ ਪਿਛਲੇ ਕਰਮਾਂ ਦੀ ਮਾਰ ਦੇ ਦੋਸ਼ ਤਹਿਤ ਜੀਵਨ ਬਤੀਤ ਕਰਨ ਲਈ ਮਜਬੂਰ ਹਨ ਕਿਉਂਕਿ ਭਾਰਤੀ ਮਿਥਿਹਾਸ ਨੂੰ ਧਰਮ ਦੀ ਪਰਦਾਪੋਸ਼ੀ ਹੇਠ ਉੱਚ ਵਰਗ (ਉੱਚ ਜਾਤੀਆਂ) ਨੇ ਇਸ ਨੂੰ ਮਨੁੱਖੀ ਜੀਵਨ ਵਿਵਹਾਰ ਨਾਲ ਜੋੜ ਦਿੱਤਾ ਹੈ, ਪਰ ਬਾਬੇ ਨਾਨਕ ਵੱਲੋਂ ਭਾਈ ਲਾਲੋ ਅਤੇ ਮਲਕ ਭਾਗੋ ਵਿਚਕਾਰ ਕੀਤੀ ਲੀਕ ਨੇ ਸਭ ਸਪੱਸ਼ਟ ਕਰ ਦਿੱਤਾ ਕਿ ਅਖੌਤੀ ਧਾਰਮਿਕਤਾ ਦੇ ਬਹਾਨੇ ਤਹਿਤ ਮਨੁੱਖਤਾ ਦੀ ਕੀਤੀ ਜਾ ਰਹੀ ਲੁੱਟ ਦਾ ਵਿਰੋਧ ਕਰਨਾ ਹੀ ਸਹੀ ਅਰਥਾਂ ਵਿੱਚ ਮਨੁੱਖਤਾ ਦੀ ਸੇਵਾ ਹੈ। ਕਿਸਾਨ ਪਰਿਵਾਰ ਵਿੱਚ ਪੈਦਾ ਹੋਇਆ ਪਿੰਡ ਅੱਚਰਵਾਲ ਦਾ ਅਮਰ ਸਿੰਘ ਬਾਬੇ ਨਾਨਕ ਦੀ ਵਿਚਾਰਧਾਰਾ ਦਾ ਧਾਰਨੀ ਸੀ ਉਹ ਜਾਤ ਆਧਾਰਿਤ ਕਿਰਤੀ ਕਾਮਿਆਂ ਨਾਲ ਹੁੰਦੇ ਵਿਤਕਰੇਬਾਜ਼ੀ ਦਾ ਮੁੱਢ ਤੋਂ ਹੀ ਵਿਰੋਧ ਕਰਦਾ ਕਿਰਤੀ ਵਰਗ ਨਾਲ ਪਿਆਰ ਕਰਦਾ ਸੀ। ਪਿੰਡਾਂ ਵਿੱਚ ਪਏ ਰੌਲੇ-ਗੌਲੇ ਸਮੇਂ ਵੀ ਉਹ ਲਿਤਾੜੇ ਵਰਗ ਦੇ ਪੱਖ ਦੀ ਪੁਜੀਸ਼ਨ ਲੈ ਕੇ ਰੋਲਿਆ ਦਾ ਨਿਬੇੜਾ ਕਰਦੇ। ਕਿਰਤ ਦੀ ਲੁੱਟ ਅਤੇ ਕਿਰਤੀਆਂ ਨਾਲ ਹੁੰਦੀ ਵਿਤਕਰੇਬਾਜ਼ੀ ਨੂੰ ਖਤਮ ਕਰਨ ਦੇ ਵਿਚਾਰਾਂ ਨੇ ਅਮਰ ਸਿੰਘ ਅੱਚਰਵਾਲ ਨੂੰ ਕਮਿਊਨਿਸਟ ਬਣਾ ਦਿੱਤਾ।

ਉਨ੍ਹਾਂ ਦੇ ਬਚਪਨ ਦੇ ਸਾਥੀ ਕਿਰਤੀ ਕਿਸਾਨ ਯੂਨੀਅਨ ਦੇ ਬਜ਼ੁਰਗ ਆਗੂ ਸਾਬਕਾ ਸਰਪੰਚ ਗੁਰਚਰਨ ਸਿੰਘ ਅੱਚਰਵਾਲ ਨੇ ਦੱਸਿਆ ਕਿ 15 ਅਗਸਤ 1947 ਤੋਂ ਬਾਅਦ ਹੋਈ ਭਾਰਤ-ਪਾਕਿ ਵੰਡ ਦਾ ਦਰਦ ਅਸੀਂ ਅੱਖੀਂ ਵੇਖਿਆ ਹੈ ਪਰ ਅਮਰ ਸਿੰਘ ਅੱਚਰਵਾਲ ਦੇ ਪਰਿਵਾਰ ਦੀ ਅਗਵਾਈ ਹੇਠ ਅਸੀਂ ਪਿੰਡ ਅੱਚਰਵਾਲ ਦੇ ਕਿਸੇ ਵੀ ਮੁਸਲਿਮ ਭਾਈਚਾਰੇ ਦੇ ਵਿਅਕਤੀ ਦਾ ਨੁਕਸਾਨ ਨਹੀਂ ਹੋਣ ਦਿੱਤਾ ਸਾਡੇ ਪਿੰਡ ਉਪਰ ਦੇਸ਼ ਭਗਤ ਗ਼ਦਰੀਆਂ ਤੇ ਕੂਕਿਆਂ ਦਾ ਬਹੁਤ ਪ੍ਰਭਾਵ ਸੀ। ਉਨ੍ਹਾਂ ਦੱਸਿਆਂ ਅਸੀਂ ਪਿੰਡ ਵੱਲੋਂ ਖੁੱਲ ਦਿੱਤੀ ਸੀ ਕਿ ਜੇ ਕੋਈ ਮੁਸਲਿਮ ਭਾਈਚਾਰੇ ਨਾਲ ਸੰਬੰਧਿਤ ਪਰਿਵਾਰ ਪਾਕਿਸਤਾਨ ਨਹੀਂ ਜਾਣਾ ਚਾਹੁੰਦੇ ਤਾਂ ਉਹ ਪਿੰਡ ਰਹਿ ਸਕਦੇ ਹਨ ਉਨ੍ਹਾਂ ਦੀ ਹਿਫ਼ਾਜ਼ਤ ਕੀਤੀ ਜਾਵੇਗੀ ਜਿਸ ਕਰਕੇ ਅੱਜ ਵੀ ਸਾਡੇ ਪਿੰਡ ਮੁਸਲਿਮ ਭਾਈਚਾਰੇ ਦੇ ਲੋਕ ਰਹਿ ਰਹੇ ਹਨ। ਬਜ਼ੁਰਗ ਕਿਸਾਨ ਆਗੂ ਕਾਮਰੇਡ ਗੁਰਚਰਨ ਸਿੰਘ ਨੇ ਇਕ ਘਟਨਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਹੱਲੇ ਗੁੱਲੇ ਦੇ ਦੌਰਾਨ ਪਿੰਡ ਮਾਛੀਕੇ ਤੋਂ ਮੁਸਲਿਮ ਭਾਈਚਾਰੇ ਦੇ ਲੋਕਾਂ ਨੂੰ ਕੁਝ ਵਿਅਕਤੀਆਂ ਦਾ ਕਾਫ਼ਲਾ ਰਾਏਕੋਟ ਕੈਂਪ ਵਿੱਚ ਛੱਡਣ ਜਾ ਰਿਹਾ ਸੀ। ਉਹ ਜਦੋਂ ਸਾਡੇ ਪਿੰਡ ਅੱਚਰਵਾਲ ਦੀ ਝਿੜੀ ਲਾਗਿਓਂ ਲੰਘ ਰਹੇ ਸਨ ਤਾਂ ਉਨ੍ਹਾਂ ਪਿੱਛਾ ਕਰਦੇ ਆ ਰਹੇ ਕੁੱਝ ਫਿਰਕੂ ਲੁਟੇਰਿਆਂ ਨੇ ਹਮਲਾ ਕਰ ਦਿੱਤਾ ਹਮਲੇ ਕਾਰਨ ਚੀਕ-ਚਿਹਾੜੇ ਦੀ ਅਵਾਜ਼ ਸੁਣ ਕੇ ਅਮਰ ਸਿੰਘ ਤੇ ਉਸ ਦਾ ਪਰਿਵਾਰ ਮੇਰੇ ਸਮੇਤ ਹੋਰ ਨਗਰ ਨਿਵਾਸੀ ਮੁਸਲਿਮ ਭਾਈਚਾਰੇ ਦੀ ਰਾਖੀ ਲਈ ਘਟਨਾ ਸਥਾਨ ਉੱਪਰ ਜਾ ਪਹੁੰਚੇ ਪਿੰਡ ਦੇ ਲੋਕਾਂ ਵੱਲੋਂ ਮੁਸਲਿਮ ਭਾਈਚਾਰੇ ਦੀ ਹਿਫ਼ਾਜ਼ਤ ਲਈ ਜੁਆਬੀ ਲਲਕਾਰਾ ਮਾਰਨ ਨਾਲ ਫਿਰਕੂ ਲੁਟੇਰੇ ਭੱਜ ਨਿਕਲੇ ਪਿੰਡ ਦੀ ਹਿਮਾਇਤ ਵੇਖ ਕੇ ਮੁਸਲਿਮ ਭਾਈਚਾਰੇ ਦੇ ਲੋਕਾਂ ਨੇ ਸੁੱਰਖਿਆ ਮਹਿਸੂਸ ਕੀਤੀ ਪਰ ਫਿਰਕੂ ਲੁਟੇਰੇ ਭੱਜਣ ਸਮੇਂ ਇੱਕ ਮੁਸਲਿਮ ਵਿਅਕਤੀ ਦਾ ਕਤਲ ਕਰ ਗਏ ਸਨ। ਉਨ੍ਹਾਂ ਦੱਸਿਆ ਕਿ ਅਮਰ ਸਿੰਘ ਤੇ ਉਸ ਦੇ ਪਰਿਵਾਰ ਅਤੇ ਪਿੰਡ ਵਾਸੀਆਂ ਨੇ ਇਨ੍ਹਾਂ ਮੁਸਲਿਮ ਭਾਈਚਾਰੇ ਦੇ ਪਰਿਵਾਰਾਂ ਨੂੰ ਪਿੰਡ ਸਾਂਭਿਆ ਮ੍ਰਿਤਕ ਦੇਹ ਨੂੰ ਉਨ੍ਹਾਂ ਦੇ ਰੀਤੀ ਰਿਵਾਜਾਂ ਅਨੁਸਾਰ ਕਿਉਂਟ ਕੇ ਉਨ੍ਹਾਂ ਦੀ ਇੱਛਾ ਅਨੁਸਾਰ ਬਲਦੀ ਫਿਰਕੂ ਅੱਗ ਦੇ ਬਾਵਜੂਦ ਵੀ ਪਿੰਡ ਅੱਚਰਵਾਲ



ਅਤੇ ਝੋਰੜਾਂ ਚੋਂ ਰਾਇਫਲਾਂ ਦਾ ਪ੍ਰਬੰਧ ਕਰਕੇ ਰਾਏਕੋਟ ਕੈਂਪ ਤੱਕ ਪਹੁੰਚਾਇਆ ਗਿਆ। ਉਨ੍ਹਾਂ ਦੱਸਿਆ ਕਿ ਇਹ ਮੁਸਲਿਮ ਭਾਈਚਾਰੇ ਦੇ ਲੋਕ ਪਾਕਿਸਤਾਨ ਵੱਸਣ ਤੋਂ ਬਾਅਦ ਕਈ ਸਾਲ ਸਾਡੇ ਨਾਲ ਚਿੱਠੀ-ਪੱਤਰ ਕਰਦੇ ਰਹੇ।

ਇਸੇ ਤਰ੍ਹਾਂ ਕਾਮਰੇਡ ਅਮਰ ਸਿੰਘ ਬਾਰੇ ਪੁਰਾਣੀਆਂ ਯਾਦਾਂ ਇੱਕ ਮਹਿਫ਼ਲ ਵਿੱਚ ਬਿਆਨ ਕਰਦਿਆਂ ਦਲਜਿੰਦਰ ਸਿੰਘ ਗਾਗੇਵਾਲ ਅਤੇ ਸਵਃ ਗੁਰਬਖਸ਼ ਸਿੰਘ ਹਠੂਰ ਨੇ ਦੱਸਿਆ ਸੀ ਕਿ ਇੱਕ ਵਾਰ ਪਿੰਡ ਬੁਰਜਕੁਰਾਲੇ ਵਿੱਚ ਪਿੰਡ ਦੀ ਜੱਟ ਕਿਸਾਨੀ ਨੇ ਗੁਰੂ ਘਰ ਇੱਕਤਰਤਾ ਕੀਤੀ ਉਨ੍ਹਾਂ ਮਤਾ ਪਾਸ ਕਰਦਿਆਂ ਪਿੰਡ ਦੇ ਦਲਿਤ ਦਿਹਾੜੀਦਾਰ ਮਜ਼ਦੂਰਾਂ ਨੂੰ ਹੋਰ ਪਿੰਡਾਂ ਵਿੱਚ ਦਿਹਾੜੀ ਜਾਣ ਤੇ ਰੋਕ ਲਾ ਦਿੱਤੀ, ਮਤੇ ਦੀ ਉਲੰਘਣਾ ਕਰਨ ਵਾਲੇ ਪਿੰਡ ਵਾਸੀਆਂ ਦਾ ਚੁੱਲ੍ਹਾ ਤਿਆਗਣ ਅਤੇ ਭਾਰੀ ਜ਼ੁਰਮਾਨੇ ਦਾ ਵੀ ਐਲਾਨ ਕੀਤਾ ਗਿਆ। ਪਿੰਡ ਵਿੱਚ ਤਣਾਅ ਦੀ ਸਥਿਤੀ ਬਣੀ ਹੋਈ ਸੀ ਪਿੰਡ ਦੇ ਇਨਸਾਫ਼ਪਸੰਦ ਵਿਅਕਤੀਆਂ ਨੇ ਇਸ ਮਸਲੇ ਦੇ ਨਿਬੇੜੇ ਲਈ ਕਾਮਰੇਡ ਅੱਚਰਵਾਲ ਨੂੰ ਪਿੰਡ ਬੁਲਾਇਆ ਗਿਆ। ਕਾਮਰੇਡ ਅੱਚਰਵਾਲ ਨੇ ਦਲਿਤ ਭਾਈਚਾਰੇ ਨੂੰ ਹੋਰ ਪਿੰਡ ਦਿਹਾੜੀ ਜਾਣ ਤੋਂ ਰੋਕਣ ਵਾਲੇ 'ਪੰਤਵੰਤੇ ਸੱਜਣ' ਇਕੱਤਰ ਕਰਕੇ ਮਸਲੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਪਰ ਗੱਲ ਨੇੜੇ ਨਹੀਂ ਲੱਗ ਰਹੀ ਸੀ, ਮਸਲੇ ਨੂੰ ਤੂਲ ਦੇਣ ਚੌਧਰੀ ਦਾ ਕਾਮਰੇਡ ਅੱਚਰਵਾਲ ਨਿੱਜੀ ਤੌਰ ਤੇ ਕੁੱਝ ਵਾਕਿਫ਼ ਸੀ, ਕਾਮਰੇਡ ਨੇ ਪੇਂਡੂ ਚੌਧਰੀ ਦੇ ਕਾਰੋਬਾਰ, ਨੇੜਲੇ ਰਿਸ਼ਤੇਦਾਰਾਂ ਦੇ ਅਮਰੀਕਾ ਵਿੱਚ ਸੈੱਟ ਹੋਣ ਦੀ ਉਸਤਤਿ ਕਰਕੇ ਉਸ ਨੂੰ ਖੂਬ ਫੂਕ ਛੱਕਾਈ, ਪੇਂਡੂ ਚੌਧਰੀ ਨੇ ਵਡਿਆਈ ਵਿਚ ਆਕੇ ਕਹਿ ਹੀ ਦਿੱਤਾ ਕਿ 'ਅਮਰ ਸਿਉਂ ਮੇਰੇ ਵੀ ਬਾਹਰ ਜਾਣ ਦੇ ਕਾਗਜ਼ ਪੱਤਰ ਬਣ ਰਹੇ ਹਨ, ਮੇਰੇ ਰਿਸ਼ਤੇਦਾਰਾਂ ਦਾ ਅਮਰੀਕਾ ਵਿੱਚ ਕਾਰੋਬਾਰ ਸੈਟ ਆ' ਚੱਲੋ ਐਨੇ ਨਾਲ ਚਾਰ ਛਿੱਲੜ ਜੁੜ ਜਾਣਗੇ। ਕਾਮਰੇਡ ਅਮਰ ਸਿੰਘ ਨੇ ਪੇਂਡੂ ਚੌਧਰੀ ਨੂੰ ਇਸ ਸਵਾਲ ਤੇ ਦਲੀਲਾਂ ਦਾ ਘੇਰਾ ਪਾ ਲਿਆ ਅਤੇ ਕਿਹਾ 'ਸਰਦਾਰ ਸਾਹਿਬ ਆਪ ਤਾਂ ਜ਼ਮੀਨ ਜਾਇਦਾਦ ਹੁੰਦੇ-ਸੁੰਦੇ ਵੀ ਕਮਾਈ ਕਰਨ ਪਿੰਡ ਤੇ ਦੇਸ਼ ਛੱਡ ਕੇ ਅਮਰੀਕਾ ਜਾ ਰਿਹਾ ਤੇਰੇ ਤੇ ਕੋਈ ਬੰਦਸ਼ ਨਹੀਂ ਦੂਜੇ ਪਾਸੇ ਗਰੀਬ ਦਲਿਤ ਭਾਈਚਾਰਾ ਜਿਨ੍ਹਾਂ ਕੋਲ ਰਹਿਣ ਲਈ ਵੀ ਪੂਰੀ ਜਗ੍ਹਾ ਨਹੀਂ ਉਨ੍ਹਾਂ ਨੂੰ ਹਠੂਰ, ਦੀਵਾਨੇ ਲਾਗੇ ਦੇ ਪਿੰਡ ਦਿਹਾੜੀ ਜਾਣ ਤੋਂ ਵੀ ਰੋਕ ਰਿਹਾ, ਵਾਹ ਵੀ ਵਾਹ' ਪੇਂਡੂ ਚੌਧਰੀ ਤੇ ਹੋਰਨਾਂ ਨੂੰ ਇਸ ਦਾ ਕੋਈ ਠੋਸ ਜਵਾਬ ਨਾ ਆਇਆ ਉਸੇ ਦਿਨ ਪਿੰਡ ਬੁਰਜਕੁਰਾਲੇ ਕਾਮਰੇਡ ਅਮਰ ਅੱਚਰਵਾਲ ਨੇ ਇਸ ਝਗੜੇ ਦਾ ਹੱਲ ਕਰਵਾ ਦਿੱਤਾ ਕਿ ਕੋਈ ਵੀ ਦਿਹਾੜੀਦਾਰ ਕਾਮਾ ਕਿਤੇ ਵੀ ਕੰਮ ਕਰਨ ਜਾ ਸਕਦਾ ਹੈ।

ਮਨੁੱਖਤਾ ਦੀ ਅਜ਼ਾਦੀ ਤੇ ਖੁਸ਼ਹਾਲੀ ਲਈ ਤੱਤਪਰ ਅਮਰ ਸਿੰਘ ਅੱਚਰਵਾਲ ਪਹਿਲਾਂ ਸੀਪੀਆਈ ਫਿਰ ਸੀਪੀਐਮ ਅਤੇ ਫਿਰ ਨਕਸਲਬਾੜੀ ਦੇ ਅਗਾਜ਼ ਤੋਂ ਬਾਅਦ ਉਹ ਪੰਜਾਬ ਵਿੱਚ ਨਕਸਲਬਾੜੀ ਲਹਿਰ ਦੇ ਮੋਢੀ ਆਗੂਆਂ ਵਿੱਚ ਸ਼ੁਮਾਰ ਸਨ। ਉਹ ਇੱਕ ਦਲੇਰ ਕਮਿਊਨਿਸਟ ਇਨਕਲਾਬੀ ਸਨ ਅਤੇ ਕਈ ਵਾਰ ਮੌਤ ਨੇੜਿਓਂ ਲੰਘੇ।

ਪੰਜਾਬ ਦੇ ਨਕਸਲੀ ਆਗੂਆਂ ਦੀ ਹਥਿਆਰਬੰਦ ਲਾਈਨ ਬਾਰੇ ਪਹਿਲੀ ਇਤਿਹਾਸਕ ਮੀਟਿੰਗ ਕਾਮਰੇਡ ਅਮਰ ਸਿੰਘ ਅੱਚਰਵਾਲ ਦੇ ਗੁਪਤ ਪ੍ਰਬੰਧਾਂ ਤਹਿਤ ਪਿੰਡ ਅੱਚਰਵਾਲ ਵਿਖੇ ਕੀਤੀ ਗਈ।


ਨਕਸਲਬਾੜੀਆਂ ਵੱਲੋਂ ਥਾਣਾ ਚਮਕੌਰ ਸਾਹਿਬ ਵਾਲੇ ਕੀਤੇ ਪਹਿਲੇ ਹਥਿਆਰਬੰਦ ਐਕਸ਼ਨ ਦੇ ਵਿੱਚ ਕਾਮਰੇਡ ਅਮਰ ਸਿੰਘ ਅੱਚਰਵਾਲ ਆਪਣੀ ਲਾਇਸੰਸੀ ਰਾਇਫਲ ਨਾਲ ਲੈਸ ਹੋ ਕੇ ਇਸ ਐਕਸ਼ਨ ਵਿਚ ਸ਼ਾਮਿਲ ਹੋਏ ਉਨ੍ਹਾਂ ਪਾਰਟੀ ਦੇ ਹੁਕਮ ਤੇ ਬਿਰਲਾ ਸੀਡ ਫ਼ਾਰਮ ਆਦਿ ਥਾਵਾਂ ਤੇ ਸਰਗਰਮੀ ਕੀਤੀ।

ਨਕਸਲਬਾੜੀ ਲਹਿਰ ਦੇ ਹਥਿਆਰਬੰਦ ਸੰਘਰਸ਼ ਦੇ ਦੌਰ ਦੌਰਾਨ ਕਾਮਰੇਡ ਸਮੇਤ ਉਸਦੇ ਪਰਿਵਾਰ ਨਜ਼ਦੀਕੀ ਰਿਸਤੇਦਾਰਾਂ ਅਤੇ ਦੋਸਤਾਂ ਮਿੱਤਰਾਂ ਨੂੰ ਅਣਮਨੁੱਖੀ ਹਕੂਮਤੀ ਕਹਿਰ ਦਾ ਸਾਹਮਣਾ ਕਰਨਾ ਪਿਆ। ਹਕੂਮਤ ਦੀਆਂ ਸਖ਼ਤ ਹਦਾਇਤਾਂ ਤਹਿਤ ਪੰਜਾਬ ਦੀ ਬੁੱਚੜ ਪੁਲਿਸ ਨੇ ਉਸ ਦੇ ਖੇਤ ਵਿੱਚ ਖੜ੍ਹੀ ਸਾਰੀ ਫਸਲ ਉਜਾੜ ਕੇ ਘਰ ਦੇ ਪਸ਼ੂ ਡੰਗਰ ਖੁੱਲ੍ਹੇ ਛੱਡ ਦਿੱਤੇ ਅਤੇ ਕਾਮਰੇਡ ਦਾ ਰਿਹਾਇਸ਼ੀ ਘਰ ਢਹਿ ਢੇਰੀ ਕਰ ਦਿੱਤਾ।

ਪਰ ਕਾਮਰੇਡ ਅਮਰ ਸਿੰਘ ਅੱਚਰਵਾਲ, ਅੰਨੇ ਹਕੂਮਤੀ ਕਹਿਰ ਤੋਂ ਬੇਪ੍ਰਵਾਹ ਹੋਕੇ ਇਨਕਲਾਬੀ ਰਾਹ ਤੇ ਅੰਤ ਤੱਕ ਡੱਟੇ ਰਹੇ। ਬਹੁਤ ਹੀ ਦੁੱਖਦਾਇਕ ਅਤੇ ਅਫਸੋਸਜਨਕ ਪਹਿਲੂ ਹੈ ਕਿ ਆਪਣੇ ਆਪ ਨੂੰ ਸਟੇਟ ਵਿਰੁੱਧ ਲੜਨ ਦਾ ਵਿਖਾਵਾ ਕਰਨ ਵਾਲੀਆਂ ਖਾਲਿਸਤਾਨੀ ਤਾਕਤਾਂ ਨੇ ਹਕੂਮਤ ਦੇ ਪੱਖ ਵਿੱਚ ਭੁਗਤਦਿਆਂ ਉਨ੍ਹਾਂ ਨੂੰ ਧੋਖੇ ਨਾਲ ਸ਼ਹੀਦ ਕਰਕੇ ਲੋਕਾਂ ਦੀ ਅਜ਼ਾਦੀ ਤੇ ਖੁਸ਼ਹਾਲੀ ਲਈ ਜੂਝਣ ਵਾਲਾ ਇੱਕ ਲੋਕ ਨਾਇਕ ਖੋਹ ਲਿਆ ਪਰ ਕਾਮਰੇਡ ਅਮਰ ਸਿੰਘ ਅੱਚਰਵਾਲ ਸਦਾ ਸਲਾਮਤ ਰਹੇਗਾ।

# ਕਾਲੇ ਬੱਦਲਾਂ ਦੇ ਘੇਰਿਆਂ 'ਚੋਂ

***ਧਰਤੀ ਦੇ ਕਾਲੇ ਬੱਦਲਾਂ ਦੇ ਘੇਰੇ ਵਿੱਚ ਆਏ ਪੰਜਾਬ ਦੀ ਤਸਵੀਰ ਦੇ ਦੂਸਰੇ ਪਾਸੇ ਨੂੰ ਦੇਖੀਏ ਤਾਂ ਇੱਕ ਸ਼ਾਜਿਸ਼ ਲੱਗਦਾ ਹੈ। ਭਾਖੜਾ ਨੰਗਲ, ਪੌਂਗ ਡੈਮ ਹਿਮਾਚਲ ਦੇ ਕੁੱਝ ਡੈਮਾਂ ਦੇ ਗੇਟ ਖੌਲ ਕੇ ਬਿਨਾਂ ਲੋੜ ਤੋਂ ਪਾਣੀ ਛੱਡਿਆ ਗਿਆ ਜਿਸ ਨਾਲ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਹੜ੍ਹ ਦੀ ਸਥਿਤੀ ਪੈਦਾ ਹੋ ਗਈ।***



**ਗੁਰਮੇਲ ਸਿੰਘ ਬੌਡੇ**

ਕਾਲੇ ਬੱਦਲ ਚਾਹੇ ਅਸਮਾਨ ਵਿੱਚ ਹੋਣ ਜਾਂ ਧਰਤੀ ਉਪਰ ਹੋਣ ਉਹ ਹਮੇਸ਼ਾ ਹੀ ਲੋਕਾਂ ਨੂੰ ਬੇਬਸੀ ਦੇ ਆਲਮ ਵਿੱਚ ਨਪੀੜਦੇ ਹਨ। ਵਰਤਮਾਨ ਸਮੇਂ ਇਹ ਦੋਵੇਂ ਹਾਲਾਤਾਂ ਹੀ ਕਾਰਜਸ਼ੀਲ ਹਨ। ਧਰਤੀ ਉਪਰਲੇ ਕਾਲੇ ਬੱਦਲ ਬੇਬੱਸ ਅਤੇ ਲਿਤਾੜੇ ਹੋਏ ਲੋਕਾਂ ਨੂੰ ਆਪਣੀ ਸਤਾ ਸ਼ਕਤੀ ਰਾਹੀਂ ਆਪਣੇ ਘੇਰੇ ਵਿੱਚ ਲੈਂਦੇ ਹਨ। ਆਪਣੀ ਤਾਨਾਸ਼ਾਹੀ ਠੋਸਦੇ ਹਨ। ਜ਼ਿੱਲਤ ਪ੍ਰਦਾਨ ਕਰਦੇ ਹਨ। ਇਨਸਾਫ਼ ਦੀ ਤੱਕੜੀ ਵਿੱਚ ਸਤਾ ਦਾ ਪਾਸਕ ਹੁੰਦਾ ਹੈ ਅਤੇ ਅੱਖਾਂ ਤੇ ਪੱਟੀ ਬੱਧੀ ਹੁੰਦੀ ਹੈ। ਅੱਜ ਪੰਜਾਬ ਫਿਰ ਸਰਕਾਰਾਂ ਦੀ ਨਲੈਕੀ ਕਾਰਨ ਬਰਬਾਦ ਬਰਬਾਦ ਹੋ ਰਿਹਾ ਹੈ ਇਹ ਬਰਬਾਦੀ ਨਾ ਪਹਿਲੀ ਹੈ ਨਾ ਆਖਰੀ ਹੈ

ਧਰਤੀ ਉੱਪਰ ਇਨ੍ਹਾਂ ਕਾਲੇ ਬੱਦਲਾਂ ਦੇ ਘੇਰੇ ਵਿੱਚ ਆਈਆਂ ਅਸਮਾਨਤਾਂਵਾਂ ਤੋਂ ਬਾਅਦ ਅਸਮਾਨ ਦੇ ਬੱਦਲਾਂ ਵੱਲ ਆਉਂਦੇ ਹਾਂ। ਮਈ, ਜੂਨ ਵਿੱਚ ਬਾਰਿਸ਼ਾਂ ਹੋਈਆਂ ਅਤੇ ਜੁਲਾਈ ਵਿੱਚ ਇਹ ਬਾਰਿਸ਼ਾਂ ਭਰਵੇਂ ਰੂਪ ਵਿੱਚ ਹੋਈਆਂ। ਪੰਜਾਬ ਵਿੱਚ ਦਰਿਆਂਵਾਂ ਦੇ ਨੇੜਲੇ ਇਲਾਕਿਆਂ ਵਿੱਚ ਸਰਕਾਰਾਂ ਦਾ ਦੁਰ ਪ੍ਰਬੰਧ ਜੱਗ ਜ਼ਾਹਿਰ ਹੋਇਆ ਹੈ। ਬਾਰਿਸ਼ਾਂ ਤੋਂ ਪਹਿਲਾਂ ਪਾਣੀ ਦੇ ਨਿਕਾਸ ਲਈ ਬਣੀਆਂ ਡਰੇਨਾਂ ਅਤੇ ਦਰਿਆਵਾਂ ਵਿੱਚ ਜਲਬੂਟੀ ਦੀ ਕੋਈ ਵੀ ਸਫਾਈ ਨਾ ਹੋਣ ਕਰਕੇ ਪਾਣੀ ਦੇ ਵਹਾਅ ਵਿੱਚ ਰੁਕਾਵਟ ਆਉਣ ਕਰਕੇ ਕਮਜ਼ੋਰ ਕਿਨਾਰਿਆਂ ਦੇ ਟੁੱਟਣ ਨਾਲ ਤਬਾਹੀ ਹੋਈ। ਇਸ ਤਬਾਹੀ ਵਿੱਚ 40% ਹਿੱਸਾ ਮੀਂਹ ਦਾ ਹੈ 60% ਹਿੱਸਾ ਦੁਰਪ੍ਰਬੰਧ ਦਾ ਹੈ। ਕਈ ਡੈਮਾਂ ਦੇ ਗੇਟ (30 ਜੂਨ ਤੋਂ 11 ਜੁਲਾਈ 2025) ਨੂੰ ਖੋਲ੍ਹ ਦਿੱਤੇ ਗਏ ਜਦ ਇਹ ਡੈਮ ਖਤਰੇ ਦੇ ਨਿਸ਼ਾਨ ਤੋਂ ਹੇਠਾਂ ਸਨ। ਜਿਸਨੇ ਹਜ਼ਾਰਾਂ ਪਿੰਡਾਂ ਵਿੱਚ ਪਾਣੀ ਡੁਬੋ ਦਿੱਤੇ ਹਜ਼ਾਰਾਂ ਪੁਸ਼ੂਆਂ ਦੀ ਮੌਤ, ਘਰਾਂ ਅੰਦਰ ਪਾਣੀ ਦਾ ਵੜਨਾ, ਫਸਲਾਂ ਦਾ ਤਬਾਹ ਹੋਣਾ ਅਤੇ ਰੇਤੇ ਦੀਆਂ ਮੋਟੀਆਂ ਪਰਤਾਂ ਦਾ ਵਿੱਛ ਜਾਣਾ ਅੱਜ ਪੰਜਾਬ ਵਿੱਚ ਅਸਮਾਨ ਦੇ ਅਤੇ ਧਰਤੀ ਦੇ ਕਾਲੇ ਬੱਦਲਾਂ ਦੀ ਕਰੰਘੜੀ ਦੇ ਘੇਰੇ ਵਿੱਚ ਤੜਫ ਰਿਹਾ ਹੈ। ਹੁਕਮਨਾਮਾਂ ਲਈ ਇਹਨਾਂ ਖੇਤਰਾਂ ਦੇ ਦੌਰਿਆਂ ਦੌਰਾਨ ਬਿਨਾਂ ਕਿਸੇ ਆਰਥਿਕ ਸਹਾਇਤਾ ਦੇ ਮਹਿਜ ਇੱਕ ਫੋਟੋ ਸ਼ੈਸ਼ਨ ਬਣ ਕੇ ਰਹਿ ਗਿਆ ਹੈ।

ਆਓ ਹੁਣ ਧਰਤੀ ਦੇ ਕਾਲੇ ਬੱਦਲਾਂ ਦੇ ਘੇਰੇ ਵਿੱਚ ਆਏ ਪੰਜਾਬ ਦੀ ਤਸਵੀਰ ਦੇ ਦੂਸਰੇ ਪਾਸੇ ਨੂੰ ਦੇਖੀਏ ਤਾਂ ਇੱਕ ਸ਼ਾਜਿਸ਼ ਲੱਗਦਾ ਹੈ। ਭਾਖੜਾ ਨੰਗਲ, ਪੌਂਗ ਡੈਮ ਹਿਮਾਚਲ ਦੇ ਕੁੱਝ ਡੈਮਾਂ ਦੇ ਗੇਟ ਖੋਲ ਕੇ ਬਿਨਾਂ ਲੋੜ ਤੋਂ ਪਾਣੀ ਛੱਡਿਆ ਗਿਆ ਜਿਸ ਨਾਲ ਪੰਜਾਬ ਦੇ ਮੈਦਾਨੀ ਇਲਾਕਿਆਂ ਵਿੱਚ ਹੜ੍ਹ ਦੀ ਸਥਿਤੀ ਪੈਦਾ ਹੋ ਗਈ। ਭਾਖੜਾ ਡੈਮ ਦਾ ਖਤਰੇ ਦਾ ਨਿਸ਼ਾਨ 1687 ਫੁੱਟ ਹੈ। 1988 ਵਿੱਚ ਇਹ 1688 ਫੁੱਟ ਤੱਕ ਗਿਆ ਸੀ। ਜਦਕਿ 30 ਜੂਨ ਤੋਂ 11 ਜੁਲਾਈ ਤੱਕ ਭਾਖੜਾ ਡੈਮ ਦਾ ਪਾਣੀ ਦਾ ਪੱਧਰ 1597 ਫੁੱਟ ਸੀ। ਇਹ ਪੱਧਰ 1988 ਨਾਲੋਂ 91 ਫੁੱਟ ਘੱਟ ਸੀ। 2019 ਵਿੱਚ ਵੀ ਭਾਖੜਾ ਡੈਮ ਵਿੱਚ 1690 ਫੁੱਟ ਤੱਕ ਰਖਕੇ ਦਿਖਾਇਆ ਗਿਆ ਸੀ। ਕੀ ਹੁਣ 1597 ਤੋਂ ਲੈ ਕੇ 1687 ਫੁੱਟ ਤੱਕ ਪਾਣੀ ਰੋਕਿਆ ਨਹੀਂ ਜਾ ਸਕਦਾ ਸੀ? ਪਰ 30 ਜੂਨ ਤੋਂ 11 ਜੁਲਾਈ ਤੱਕ ਇਸ ਡੈਮ ਤੋਂ ਹਰ ਰੋਜ਼ 23 ਹਜ਼ਾਰ ਕਿਊ ਪ੍ਰਤੀ ਸੈਕਿੰਡ ਫੁੱਟ ਪਾਣੀ ਛੱਡਿਆ ਗਿਆ। ਇਹ ਕੰਮ ਹਿਮਾਚਲ ਵਿੱਚ ਬਣੇ ਡੈਮਾਂ ਤੋਂ ਵੀ ਕੀਤਾ ਗਿਆ। ਪੌਂਗ ਡੈਮ ਦੇ ਖਤਰੇ ਦਾ ਨਿਸ਼ਾਨ 1390 ਫੁੱਟ ਹੈ। ਇਸ ਤੋਂ ਜੇ ਇਹਨਾਂ ਦੌਵਾਂ ਨੂੰ ਜੋੜੀਏ ਤਾਂ 23000+1100=24, 000 ਨੂੰ ਹਰੀਕੇ ਪੱਤਣ ਤੋਂ ਵੀ ਪ੍ਰਤੀ ਸੈਕਿੰਡ ਛੱਡਿਆ ਗਿਆ ਇਹ 10 ਦਿਨ ਛੱਡਿਆ ਗਿਆ ਹੋਵੇ ਤਾਂ 3 ਕਰੋੜ 45 ਲੱਖ ਤੇ 6000 ਕਿਊਸਕ ਬਣਦਾ ਹੈ ਜੋ ਕਿ ਪੰਜਾਬ ਵਿੱਚ ਵੱਡੀ ਤਬਾਹੀ ਦਾ ਕਾਰਣ ਬਣਿਆ। ਜਦੋਂ ਕਿ ਇਹ ਖਤਰੇ ਦੇ ਨਿਸ਼ਾਨ ਤੋਂ 15 ਤੋਂ 50 ਫੁੱਟ ਹੇਠਾਂ ਸੀ। ਪੰਜਾਬ ਦਾ 90% ਪਾਣੀ ਨਹਿਰਾਂ ਰਾਹੀਂ ਦਿੱਲੀ, ਹਰਿਆਣਾ ਅਤੇ ਰਾਜਸਥਾਨ ਵੱਲ ਭੇਜਿਆ ਜਾਂਦਾ ਹੈ। 65% ਪਾਣੀ ਰਾਜਸਥਾਨ ਵੱਲ ਹਰੀਕੇ ਪੱਤਣ ਵੱਲ ਜਾਂਦਾ ਹੈ ਪਰ ਇਹ ਨਹਿਰ ਨੂੰ ਬੰਦ ਕਰ ਦਿੱਤਾ ਗਿਆ ਅਤੇ ਇਹ 65% ਪਾਣੀ ਰਾਜਸਥਾਨ ਦੇ ਇਲਾਕੇ ਨੂੰ ਛੱਡਕੇ ਪੰਜਾਬ ਨੂੰ ਮੌਜੂਦਾ ਤਬਾਹੀ ਦੀਆਂ ਹਾਲਤਾਂ ਤੋਂ ਬਚਾਇਆ ਜਾ ਸਕਦਾ ਸੀ। ਇਸ ਕਾਰਨ ਇਸ ਪਾਣੀ ਨੇ ਪੰਜਾਬ ਦੇ ਦਰਿਆਵਾਂ ਅਤੇ ਨਹਿਰਾਂ ਬੰਨ ਤੋੜ ਕੇ ਫਿਰੋਜ਼ਪੁਰ, ਅੰਮ੍ਰਿਤਸਰ, ਤਰਨਤਾਰਨ, ਮਾਨਸਾ, ਸੰਗਰੂਰ ਤੇ ਪਟਿਆਲਾ ਵਿੱਚ ਤਬਾਹੀ ਮਚਾ ਦਿੱਤੀ ਹੈ। ਰਾਜਸਥਾਨ ਦੇ ਲੋਕ ਪਾਣੀ ਲਈ ਤਰਸ ਰਹੇ ਹਨ ਤੇ ਨਹਿਰ ਬੰਦ ਹੈ। ਜਿਸ ਦੀਆਂ ਤਸਵੀਰਾਂ ਜਾਂ ਵੀਡੀਉ ਬਣਾਉਣ ਤੋਂ ਕਿਸਾਨ ਜੱਥੇਬੰਦੀਆਂ ਨੂੰ ਨਹਿਰਾਂ ਤੇ ਤਾਇਨਾਤ ਫੋਰਸ ਰੋਕ ਰਹੀ ਹੈ। ਕੇਂਦਰ ਦੀ ਸਿਤਮ ਜ਼ਰੀਫੀ ਕਿ ਨੈਸ਼ਨਲ ਡਿਸਾਸਟਰ ਦੇ ਨਕਸ਼ੇ ਅਨੁਸਾਰ ਪੰਜਾਬ ਨੂੰ ਹੜ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਉਨ੍ਹਾਂ ਵੱਲੋਂ ਪੇਸ਼ ਕੀਤੇ ਗਏ ਨਕਸ਼ੇ ਅਨੁਸਾਰ U.P. ਅਤੇ ਅਸਾਮ ਨੂੰ ਤਾਂ ਦਿਖਾ ਰਹੀ ਹੈ ਜਿੱਥੇ ਕਿ ਮਮੂਲੀ ਹੜ੍ਹ ਹਨ ਜਿਸਤੋਂ ਕੇਂਦਰ ਦੀ N.D.R.F. ਨੇ ਤੱਥ ਲੁਕਾ ਕੇ ਬੇਈਮਾਨੀ ਕੀਤੀ ਹੈ ਜਿਵੇਂ ਕਿ ਪੰਜਾਬ ਭਾਰਤ ਦਾ ਹਿੱਸਾ ਨਾ ਹੋਵੇ। ਇਸ ਬਾਰੇ ਪੰਜਾਬ ਵੱਲੋਂ ਜਾ ਰਹੀਆਂ ਰਿਪੋਰਟਾਂ ਨੂੰ ਕੇਂਦਰ ਸਰਕਾਰ ਦੀ N.D.R.F. ਨਜ਼ਰ ਅੰਦਾਜ਼ ਕਰ ਰਹੀ ਹੈ। ਸਤਾ ਦੇ ਧਰਤੀ ਉਪਰਲੇ ਕਾਲੇ ਬੱਦਲਾਂ ਦੇ ਘੇਰੇ ਵਿੱਚ ਪੰਜਾਬ ਤਬਾਹੀ ਹੰਢਾ ਰਹੀ ਹੈ।

ਦੂਸਰੇ ਪਾਸੇ ਕੇਂਦਰ ਸਰਮਾਏਦਾਰਾਂ ਨੂੰ 12 ਲੱਖ ਕਰੋੜ ਦੀ ਕਰਜ਼ਾ ਮੁਆਫ਼ੀ ਦੇ ਰਿਹਾ ਅਤੇ ਹਿਮਾਚਲ ਪ੍ਰਦੇਸ਼ ਨੂੰ 1200 ਕਰੋੜ ਦਿੱਤਾ ਗਿਆ ਹੈ ਪੰਜਾਬ ਦੇ ਹੜ੍ਹ ਪੀੜਤਾਂ ਨੂੰ ਕੁੱਝ ਕਰੋੜ ਦੇਣ ਦਾ ਐਲਾਨ ਕਰਕੇ 'ਊਠ ਦੇ ਮੂੰਹ ਵਿੱਚ ਜ਼ੀਰਾ' ਦੇਣ ਦਾ ਪਾਖੰਡ ਕਰ ਰਿਹਾ ਹੈ। ਪੰਜਾਬ ਦੇ ਲੋਕ ਇਕ ਦੂਜੇ ਦੀ ਮਦਦ ਕਰ ਰਹੇ ਹਨ ਰਸਦ ਪਹੁੰਚਾ ਰਹੇ ਹਨ ਅਤੇ ਦਰਿਆਵਾਂ ਨੂੰ ਬੰਨ ਮਾਰ ਰਹੇ ਹਨ। ਹੁਣ ਬੁਹਤੇ ਪਾਠਕਾਂ ਨੂੰ ਇਹ ਜਾਣਕਾਰੀ ਨਹੀਂ ਹੋਵੇਗੀ ਕਿ ਖ਼ਬਰਾਂ ਵਿੱਚ ਆਉਂਦਾ ਹੈ ਕਿ ਕਿ ਸੰਕਟ ਸਮੇਂ ਡੈਮਾਂ ਵਿੱਚੋਂ 23000 ਕਿਊਸਕ ਜਾਂ ਕਿਊਬਕ ਪਾਣੀ ਛੱਡਿਆ ਗਿਆ ਸੋ ਇਹ ਕਿਊਸਕ ਅਤੇ ਕਿਊਬਕ ਕੀ ਹੈ। ਇਹ ਦੌਵੇਂ ਤਰਲ ਪਦਾਰਥਾਂ ਨੂੰ ਖਾਸ ਕਰਕੇ ਪਾਣੀ ਦੇ ਪ੍ਰਤੀ ਸੈਕਿੰਡ ਵਹਾਅ ਨੂੰ ਮਾਪਣ ਦੇ ਪੈਮਾਨੇ ਹਨ। ਜਿਵੇਂ ਕਿ ਤੇਲ ਨੂੰ ਬੈਰਲਾਂ ਦੇ ਰੂਪ ਵਿੱਚ ਮਾਪਿਆ ਜਾਂਦਾ ਹੈ। ਰੌਸ਼ਨੀ ਨੂੰ ਮਾਪਣ ਦੇ ਵੱਖਰੇ ਪੈਮਾਨੇ ਹਨ ਜਿਵੇਂ ਕਿ ਰੌਸ਼ਨੀ ਦੀ ਰਫ਼ਤਾਰ 1,85000 ਪ੍ਰਤੀ ਸੈਕਿੰਡ ਹੈ। ਆਪਾਂ ਕਿਊਬਕ ਦੇ ਪਹਿਲੇ ਦੋ ਅੱਖਰਾਂ ਤੋਂ ਸੈਕਿੰਡ (Second) ਦੇ ਪਹਿਲੇ ਤਿੰਨ ਅੱਖਰਾਂ (CU+Sec=Cusec) ਤੋਂ ਬਣਿਆ ਹੈ। ਇੱਕ ਕਿਊਬਿਕ ਫੁੱਟ ਪ੍ਰਤੀ ਸੈਕਿੰਡ ਦਾ ਸੰਖੇਪ ਰੂਪ ਹੈ ਇੱਕ ਕਿਊਸਿਕ ਪਾਣੀ ਦੇ ਵਹਾਅ ਦੀ ਇਕਾਈ ਹੈ ਜਿਸ ਵਿੱਚ 28317 ਲੀਟਰ ਪਾਣੀ ਪ੍ਰਤੀ ਸੈਕਿੰਡ ਹੈ। ਜੇ ਇਸਨੂੰ ਕਿਊਬਿਕ ਵਿੱਚ ਮਾਪਣਾ ਹੋਵੇ ਤਾਂ 0.1018317 ਕਿਊਬਿਕ ਮੀਟਰ ਪ੍ਰਤੀ ਸੈਕਿੰਡ ਦੇ ਵਹਾਅ ਦੇ ਬਰਾਬਰ ਹੈ। 28317 ਲੀਟਰ ਪਾਣੀ ਦਾ ਪ੍ਰਤੀ ਸੈਕਿੰਡ ਵਹਾਅ ਕਿਊਬਿਕ ਹੋਵੇਗਾ। ਜੇ ਕਿਸੇ ਡੈਮ ਵਿੱਚੋਂ 16000 ਕਿਊਸਿਕ ਪਾਣੀ ਡੈਮਾਂ ਦੇ ਗੇਟ ਖੋਲ੍ਹ ਕੇ ਛੱਡਿਆ ਜਾਂਦਾ ਹੈ। ਇੱਕ ਸੈਕਿੰਡ ਵਿੱਚ 453,072 ਲੀਟਰ ਪਾਣੀ ਬਣਦਾ ਹੈ। ਵੱਡੇ ਜਲ ਭੰਡਾਰ ਦੇ ਪਾਣੀ ਦੇ ਛੱਡੇ ਗਏ ਵਹਾਅ ਨੂੰ ਟੀ.ਐਮ.ਸੀ. ਫੁੱਟ (ਇੱਕ ਹਜ਼ਾਰ ਲੱਖ ਫੁੱਟ ਪਾਣੀ ਦਾ) ਵਹਾਅ ਬਣਦਾ ਹੈ। ਇੱਕ ਟੀ.ਐਮ.ਸੀ. 2831 ਕਰੋੜ ਲੀਟਰ ਦੇ ਬਰਾਬਰ ਹੁੰਦਾ ਹੈ। ਸਾਡੇ ਦੇਸ਼ ਦੇ ਲੋਕ ਇਸਨੂੰ ਰੱਬ ਦੀ ਮਾਰ ਸਮਝਦੇ ਹਨ। ਕਿਸਮਤ ਦੀ ਮਾਰ ਸਮਝਦੇ ਹਨ। ਕਿਉਂ ਕਿ ਵੱਖ ਧਰਮਾਂ ਦੇ ਪ੍ਰਚਾਰਕ ਇਹ ਹੀ ਵਿਆਖਿਆ ਕਰਕੇ ਸਰਕਾਰੀ ਲਾਪ੍ਰਵਾਹੀਆਂ ਤੇ ਪਰਦਾ ਪਾਉਂਦੇ ਹਨ ਅਤੇ ਲੋਕਾਂ ਦੀ ਸਹਾਇਤਾ ਕਰਨ ਵਿੱਚ ਕੋਈ ਵੀ ਸਾਹਮਣੇ ਨਹੀਂ ਆਇਆ। ਜਦੋਂ ਕਿ ਇਹ ਸਭ ਧਰਤੀ ਤੇ ਰੱਬ ਬਣ ਕੇ ਬੈਠੇ ਕੇਂਦਰੀ ਸਰਕਾਰਾਂ ਦੇ ਇਸ਼ਾਰੇ 'ਤੇ ਹੁੰਦਾ ਹੈ। ਪੰਜਾਬੀ ਵਿੱਚ ਅਖਾਉਤ ਹੈ ਕਿ "ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ" ਇਹ ਪੰਜਾਬ ਦੀ ਸਦੀਵੀ ਵਿਰਾਸਤ ਹੈ ਕਿ ਇਸਨੂੰ ਸਮੇਂ ਦੇ ਹਾਕਮ ਭਾਵੇਂ ਉਹ ਪੰਜਾਬ ਦਾ ਅੰਨ ਪਾਣੀ ਤੇ ਆਬੋ ਹਵਾ ਤੇ ਪਲ੍ਹ ਕੇ ਵੀ ਪੰਜਾਬ ਨਾਲ ਹਮੇਸਾ ਗਦਾਰੀ ਕਰਦੇ ਆਏ ਹਨ। ਇਤਹਾਸ ਇਸਦਾ ਚਸ਼ਮਦੀਦ ਗਵਾਹ ਹੈ। ਨਸ਼ਿਆਂ ਅਤੇ ਪਵਾਸ ਨੇ ਇਸਨੂੰ ਖੋਖਲਾ ਕਰ ਦਿੱਤਾ ਹੈ। ਜਵਾਨੀ ਅਣ ਹੋਈਆਂ ਮੌਤਾਂ ਦਾ ਸ਼ਿਕਾਰ ਹੋ ਰਹੀ ਹੈ ਅਤੇ ਸਮੇਂ ਦੇ ਹਾਕਮਾਂ ਲਈ, ਕਾਨੂੰਨ ਦੇ ਰਾਖਿਆਂ ਲਈ ਇਹ ਬੰਦੇ ਖਾਣਾ ਵਣਜ ਹੈ। ਨੌਜਵਾਨੀ ਜੋ ਪੰਜਾਬ ਦਾ ਭਵਿੱਖ ਹਨ ਉਨ੍ਹਾਂ ਦੇ ਸਵੈਮਾਣ ਵਾਲਾ ਰੁਜਗਾਰ ਨਹੀਂ ਹੈ ਅਤੇ ਨਿੱਜੀ ਅਦਾਰਿਆਂ ਵਾਂਗ ਸਮਝੌਤਾ ਪਣਾਲੀ (ਠੇਕਾ ਨਿਯੁਕਤੀ) ਦੇ ਅਧਾਰ ਤੇ ਪੰਜਾਬ ਦੀ ਉੱਚ ਯੋਗਤਾ ਪਾਪਤ ਜਵਾਨੀ ਦੀ ਕਾਬਲੀਅਤ ਦੀ ਲੁੱਟ ਕੀਤੀ ਜਾ ਰਹੀ ਹੈ ਅਤੇ ਹੁਣ ਇਹਨਾਂ ਹੀ ਦਿਨਾਂ ਵਿੱਚ ਸਰਕਾਰ ਵੱਲੋਂ ਨਵਾਂ ਨੋਟੀਫੀਕੇਸ਼ਨ ਜਾਰੀ ਕਰਕੇ ਕੰਮ ਕਰਨ ਦੇ 8 ਘੰਟੇ ਤੋਂ ਵਧਾ ਕੇ 12 ਕਰ ਦਿੱਤੇ ਹਨ। ਸਰਕਾਰ ਕੌਮਾਂਤਰੀ ਇਤਿਹਾਸਕ ਭੁੱਲ ਗਈ ਹੈ ਕਿ ਸ਼ਿਕਾਗੋ ਵਿੱਚ ਕਾਮਿਆਂ ਨੇ ਸੰਘਰਸ਼ ਕਰਕੇ 8 ਘੰਟੇ ਕਰਵਾਏ ਸਨ। ਇਸ ਤੋਂ ਉਪਰਾਮ ਜਵਾਨੀ ਸਵੈਇਛਿਤ ਜਲਾਵਤਨੀ ਸਹੇੜ ਰਹੀ ਹੈ ਅਤੇ ਪੰਜਾਬ ਦੀਆਂ ਨੌਜਵਾਨ ਧੀਆਂ ਨਾਦਰਸ਼ਾਹ ਦੀ ਧੰਗੇੜ ਵਾਂਗ ਟਕੇ ਟਕੇ ਵਿੱਚ ਵਿਕਣ ਵਾਂਗ ਸੰਤਾਪ ਭੋਗ ਰਹੀ ਹੈ ਅਤੇ ਆਪਣੇ ਆਪ ਨੂੰ ਦੇਹਧਾਰੀ ਗੁਰੂਡੰਮ ਪੰਜਾਬ ਵਿੱਚ ਹੀ ਪਚਾਰਕ ਬਣ ਕੇ ਮੂੰਹਾਂ ਵਿੱਚ ਘੁੰਗਣੀਆਂ ਪਾਈ ਬੈਠੀ ਹੈ। ਸਿਆਸੀ ਪਾਰਟੀਆਂ ਦੇ ਸਿਆਸਤਦਾਨ ਉਪਰੋਕਤ ਗਦਾਰੀਆਂ ਕਰਕੇ "ਰੋਮ ਸੜ ਰਿਹਾ ਸੀ ਅਤੇ ਨੀਰੋ ਬੰਸਰੀ ਵਜਾ ਰਿਹਾ ਸੀ" ਵਾਲੀ ਭੂਮਿਕਾ ਨਿਭਾ ਰਹੇ ਹਨ। ਪੰਜਾਬ ਦੇ ਹਿੱਸੇ ਕਾਲੇ ਦਿਨਾਂ ਦੀ ਦਾਸਤਾਨ ਭੋਗਣੀ ਹੀ ਹਿੱਸੇ ਆਈ ਹੈ ਅਤੇ ਜਿਸ ਬਾਰੇ ਬੌਧਿਕ ਪੱਖੋਂ ਚੇਤੰਨ ਵਿਦਵਾਨ ਫ਼ਿਕਰਮੰਦ ਹਨ ਅਤੇ ਇਸ ਤੋਂ ਬੇਫ਼ਿਕਰ ਹਾਕਮ ਇੱਕ ਦੂਜੇ ਤੇ ਮਖੌਲੀਆ ਜੁਮਲੇਬਾਜੀ ਕਰ ਕੇ ਲੋਕਾਂ ਦਾ ਧਿਆਨ ਇਸ ਪੱਖ ਤੋਂ ਹੀ ਨਹੀਂ ਸਗੋਂ ਪੰਜਾਬ ਵਿੱਚ ਲਾਗੂ ਕੀਤੇ ਐਸਮਾ ਭਾਵ ਜਰੂਰੀ ਸੇਵਾਵਾ ਐਕਟ (1968) ਅਨੁਸਾਰ ਇੱਕ ਐਮਰਜੈਂਸੀ ਲਗਾ ਚੁੱਕੇ ਹਨ। ਅਸੀਂ ਕਿਸੇ ਰਿਸ਼ਵਤਖ਼ੋਰ ਵਿਭਾਗ ਦੀ ਪੱਖਪੂਰਤੀ ਨਹੀਂ ਕਰ ਰਹੇ ਸਗੋਂ ਇਸ ਦੀ ਤਹਿ ਤੱਕ ਜਾ ਰਹੇ ਹਾਂ ਕਿ ਪੁਲਿਸ ਥਾਣੇ, ਮਾਲ ਵਿਭਾਗ ਨੂੰ ਸਿਆਸਤਦਾਨ ਹਿੱਸਾ ਵਸੂਲੀ ਕਰਦੇ ਹਨ ਅਤੇ ਹਰੇਕ ਪਾਰਟੀ ਦੇ ਸਿਆਸਤਦਾਨਾਂ ਨੇ ਆਪਣੇ ਓ ਐਸ ਡੀ ਓ, ਪੀ ਏ ਅਤੇ ਸਿਆਸੀ ਟੁੱਕੜਬੋਚ ਰੱਖੇ ਹੋਏ ਹਨ ਅਤੇ ਜਦੋਂ ਲੋਕਾਂ ਦਾ ਕੋਈ ਕੰਮ ਹੁੰਦਾ ਹੈ ਤਾਂ ਇਹ ਸਿਆਸਤਦਾਨ ਏਨ੍ਹਾ ਨਾਲ ਗੱਲਬਾਤ ਕਰਨ ਲਈ ਜਾਂ ਮਿਲਣ ਲਈ ਕਹਿੰਦੇ ਹਨ ਅਤੇ ਇਸ ਮਿਲਣੀ ਵਿੱਚ ਅਕਸਰ ਸੌਦੇਬਾਜੀ ਤਹਿ ਹੁੰਦੀ ਹੈ।


ਉਜੜੇ ਖੇਤਾਂ ਦੀ ਗਰਦਾਉਰੀ ਇੱਕ ਮਜਾਕ ਹੈ ਕਿਉਂਕਿ ਇੱਕ ਪਟਵਾਰੀ ਕੋਲ ਪੰਜ ਸੱਤ ਪਿੰਡਾਂ ਦਾ ਕੰਮ ਹੈ । ਜੋ ਕਿ ਇੱਕ ਬੰਦੇ ਲਈ ਮੁਸ਼ਕਲ ਹੁੰਦਾ ਹੈ ਅਤੇ ਉਨ੍ਹਾਂ ਨੇ ਅੱਠ ਦਸ ਹਜਾਰ ਤੇ ਕੋਈ ਸਹਾਇਕ ਰੱਖਿਆ ਹੋਇਆ ਹੈ ਜੋ ਕਿ ਲੋਕਾਂ ਤੋਂ ਰਿਸ਼ਵਤ ਲੈਣ ਦਾ ਰਾਹ ਖੋਹਲਦਾ ਹੈ। ਇਸ ਦਾ ਕਾਰਨ ਸਿਆਸੀ ਹੈ ਜੋ ਅਸਲ ਵਿੱਚ ਜਿੰਮੇਵਾਰ ਹੈ। ਜਿਵੇਂ ਪੰਜਾਬੀ ਵਿੱਚ ਅਖਾਣ ਹੈ ਕਿ "ਧੀਏ ਗੱਲ ਸੁਣ ਤੇ ਨੂੰਹੇਂ ਕੰਨ ਕਰ" ਵਾਲੀ ਸਥਿਤੀ ਹੈ ਕਿ ਮਾਲ ਮਹਿਕਮੇ ਨੂੰ ਅਧਾਰ ਬਣਾ ਕੇ ਇਹ ਦੂਸਰੇ ਵਿਭਾਗਾਂ ਦੇ ਕਰਮਚਾਰੀਆਂ, ਬੇਰੁਜ਼ਗਾਰਾਂ ਨੂੰ ਵੀ ਕੰਨ ਕਰਨ ਵਾਲੀ ਸਥਿਤੀ ਪੈਦਾ ਕੀਤੀ ਗਈ ਹੈ ਕਿ ਜੇ ਨੌਜਵਾਨ ਰੁਜਗਾਰ ਮੰਗਣਗੇ ਜਾਂ ਠੇਕਾ ਅਧਾਰਿਤ ਕਾਮੇ ਪੂਰੀ ਉਜਰਤ ਮੰਗਣਗੇ, ਕਿਸਾਨ ਦੁਰਪਬੰਧ ਬਾਰੇ ਅਵਾਜ ਚੁੱਕਣਗੇ ਤਾਂ ਏਹੀ ਐਸਮਾ ਉਨ੍ਹਾਂ ਤੇ ਵੀ ਲਗਾਇਆ ਜਾਵੇਗਾ ਕਿ ਪੁਲਿਸ ਬਿਨਾ ਵਰੰਟਾਂ ਤੋਂ ਕਿਸੇ ਵੀ ਵਿਭਾਗ ਦੇ ਕਰਮਚਾਰੀ ਜਾਂ ਸਰਕਾਰ ਖਿਲਾਫ ਲੜਨ ਵਾਲਿਆਂ ਨੂੰ ਇਸ ਸ਼ਿਕੰਜੇ ਵਿੱਚ ਲੈ ਸਕੇਗੀ। ਇਹ ਕੇਂਦਰੀ ਸਰਕਾਰ ਦਾ ਕਾਨੂੰਨ ਹੈ ਜਿਸਨੂੰ ਰਾਜ ਸਰਕਾਰ ਛੇ ਮਹੀਨੇ ਲਈ ਲਗਾ ਸਕਦੀ ਹੈ ਅਤੇ ਫੇਰ ਇਸਨੂੰ ਹੋਰ ਸਮੇਂ ਲਈ ਵੀ ਵਧਾ ਸਕਦੀ ਹੈ ਅਤੇ ਜੂਨ 1976 ਵਿੱਚ ਬੋਲਣ, ਲਿਖਣ ਪੜਨ ਤੇ ਲੱਗੀ ਐਮਰਜੈਂਸੀ ਨੂੰ ਵੀ ਤਿੰਨ ਵਾਰ ਵਧਾਇਆ ਗਿਆ ਸੀ। ਇਹ ਵੀ ਕਾਲੇ ਕਾਨੂੰਨਾ ਦਾ ਹੀ ਬਦਲ ਹੈ। ਪਿਛਲੇ ਮਹੀਨੇ ਇਹ ਚਰਚਾ ਸੀ ਕਿ ਪੰਜਾਬ ਦਾ ਗਵਰਨਰ ਰਾਜ ਸਰਕਾਰ ਭੰਗ ਕਰਕੇ ਰਾਸ਼ਟਰਪਤੀ ਰਾਜ ਲਗਾਉਣਾ ਚਹੁੰਦਾ ਹਾਂ ਹੈ ਅਤੇ ਪੰਜਾਬ ਦਾ ਮੁੱਖ ਮੰਤਰੀ ਆਪਣੇ ਆਪ ਨੂੰ ਲੋਕਾਂ ਦਾ ਨਾਇਕ ਬਣਨ ਲਈ ਗਵਰਨਰ ਦੀ ਰਾਜ ਸਰਕਾਰ ਦੇ ਕੰਮਾਂ ਵਿੱਚ ਅੜਿੱਕੇ ਡਾਹੁਣ ਦੀ ਗੱਲ ਕਰ ਰਿਹਾ ਸੀ। ਪਰ ਦੂਸਰੇ ਪਾਸੇ ਆਪਣੀ ਕੁਰਸੀ ਬਚਾਉਣ ਲਈ ਕੇਂਦਰ ਸਰਕਾਰ ਦੀ ਇੱਛਾ ਪੂਰਤੀ ਦਾ ਕੰਮ ਕਰਕੇ ਭਾਵ ਐਸਮਾਂ ਲਗਾ ਕੇ ਐਮਰਜੈਂਸੀ ਲਗਾਉਣ ਦੀ ਮੂੰਹ ਕਾਲਸ ਲੈ ਲਈ ਹੈ। ਜਦੋਂ ਪੰਜਾਬ ਦਾ ਵਰਤਮਾਨ ਇਤਿਹਾਸ ਭਵਿੱਖ ਵਿੱਚ ਪੜ੍ਹਿਆ ਜਾਵੇਗਾ ਤਾਂ ਇਸ ਹੁਕਮਰਾਨ ਵੱਲੋਂ ਲੋਕਾਂ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਵਾਲੇ ਸ਼ਾਤਰ ਅਤੇ ਲੋਕ ਵਿਰੋਧੀ ਹੁਕਮਰਾਨ ਵੱਜੋਂ ਜਾਣਿਆਂ ਜਾਵੇਗਾ।

ਇਹ ਰਾਜਸੱਤਾ ਦਾ ਕਾਲੇ ਬੱਦਲਾਂ ਦੇ ਘੇਰੇ ਹਨ ਜਿਨ੍ਹਾਂ ਵਿੱਚ ਪੰਜਾਬ ਘਿਰ ਕੇ ਇਹ ਤ੍ਰਸਾਦੀ ਹੰਢਾ ਰਿਹਾ ਹੈ। ਅਤੇ ਭਵਿੱਖ ਵਿੱਚ ਇਹ ਵਰਤਾਰਾ ਉੱਨਾ ਚਿਰ ਜਾਰੀ ਰਹੇਗਾ ਜਦੋਂ ਤੱਕ ਕਿਸਾਨ, ਮਜ਼ਦੂਰ ਅਤੇ ਸਮੂਹ ਵਰਗਾਂ ਦੇ ਲੋਕ ਚੰਗੀ ਸਿੱਖਿਆ ਪ੍ਰਾਪਤ ਕਰਕੇ ਬੌਧਿਕ ਪੱਖੋਂ ਚੇਤੰਨ ਹੋ ਕੇ ਇਹ ਸਮਝਣ ਦੇ ਸਮਰੱਥ ਨਹੀਂ ਹੋ ਜਾਂਦੇ। ਇਸ ਲੇਖ ਦਾ ਮਕਸਦ ਆਪਣੇ ਮਿਹਨਤਕਸ਼ ਵਰਗ ਨੂੰ ਚੇਤੰਨ ਕਰਨ ਲਈ ਕਾਲੇ ਬੱਦਲਾਂ ਵਿੱਚੋਂ ਨਿੱਕਲ ਕੇ ਬੌਧਿਕ ਰੌਸ਼ਨੀ ਅਤੇ ਸੰਘਰਸ਼ਾਂ ਦੇ ਰਾਹ ਇਖਤਿਆਰ ਕਰਨ ਦੇ ਕਾਬਿਲ ਬਣਾਉਣਾ ਹੈ ਅਤੇ ਧਰਮਾਂ ਦੇ ਠੇਕੇਦਾਰ ਦਰਿਆਵਾਂ ਤੇ ਨਜਾਇਜ਼ ਕਬਜ਼ੇ ਕਰਕੇ ਜਾਂ ਰੇਤੇ ਦੀਆਂ ਖੱਡਾਂ ਦੇ ਰੇਤੇ ਨੂੰ ਕਰੋੜਾਂ ਅਰਬਾਂ ਦੇ ਰੂਪ ਵਿੱਚ ਕਾਲੀ ਕਮਾਈ ਕਰਕੇ ਦਰਿਆਵਾਂ ਦੇ ਕਿਨਾਰਿਆਂ ਨੂੰ ਕਮਜ਼ੋਰ ਕਰਕੇ ਲੋਕਾਂ ਨੂੰ ਡੋਬਦੇ ਰਹਿਣਗੇ। ਫਿਲਹਾਲ ਅਸੀਂ ਕਾਲੇ ਬੱਦਲਾਂ ਦੀ ਮਾਰ ਝੱਲ ਰਹੇ ਹਾਂ।


SHAHEED BHAGAT SINGH BOOK CENTRE
Calgary Canada




ਸ਼ਹੀਦ ਭਗਤ ਸਿੰਘ ਬੁੱਕ ਸੈਂਟਰ



A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ 'ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220

# ਇਨਕਲਾਬੀ ਰੰਗ ਮੰਚ ਦਿਹਾੜੇ 'ਤੇ ਸਾਹਿਤ, ਕਲਾ ਅਤੇ ਲੋਕਾਂ ਦੀ ਜੋਟੀ ਮਜ਼ਬੂਤ ਕਰਨ ਦਾ ਹੋਕਾ

**• ਜੇ ਅਜੇ ਵੀ ਨਾ ਜਾਗੇ ਤਾਂ ਦੇਰ ਹੋ ਜਾਏਗੀ: ਐਡਵੋਕੇਟ ਵਰਿੰਦਾ ਗਰੋਵਰ • ਕੇਵਲ ਧਾਲੀਵਾਲ ਅਤੇ ਹਰਕੇਸ਼ ਚੌਧਰੀ ਨੇ ਖੇਡੇ ਨਾਟਕ**















ਬਰਨਾਲਾ, (ਬਲਜਿੰਦਰ ਸਿੰਘ ਪਟਿਆਲਾ) : ਗੁਰਸ਼ਰਨ ਭਾਅ ਜੀ ਦੇ ਵਿਛੋੜੇ ਵਾਲੇ ਦਿਨ ਹਰ ਸਾਲ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਮਨਾਏ ਜਾਂਦੇ ਇਨਕਲਾਬੀ ਰੰਗ ਮੰਚ ਦਿਹਾੜੇ ਦੀ ਗੌਰਵਮਈ ਲੜੀ ਨੂੰ ਬੁਲੰਦ ਰੱਖਦੇ ਹੋਏ ਤਰਕਸ਼ੀਲ ਭਵਨ ਬਰਨਾਲਾ ਵਿਖੇ ਵਿਚਾਰਵਾਨਾਂ ਅਤੇ ਕਲਾ ਜਗਤ ਨਾਲ ਜੁੜੇ ਕਾਮਿਆਂ ਨੇ ਬਹੁਤ ਹੀ ਪ੍ਰਭਾਵਸ਼ਾਲੀ ਅਤੇ ਵੰਨ ਸੁਵੰਨੀਆਂ ਕਲਾ ਕਿਰਤਾਂ ਨਾਲ ਭਰਪੂਰ ਸਮਾਗਮ ਕੀਤਾ ਗਿਆ।

ਨਵੀਂ ਦਿੱਲੀ ਹਾਈਕੋਰਟ ਦੀ ਜਾਣੀ ਪਹਿਚਾਣੀ ਸ਼ਖ਼ਸੀਅਤ ਐਡਵੋਕੇਟ ਵਰਿੰਦਾ ਗਰੋਵਰ, ਡਾ. ਨਵਸ਼ਰਨ, ਡਾ. ਅਤੁਲ, ਡਾ. ਅਰੀਤ, ਰਾਜਿੰਦਰ ਭਦੌੜ, ਬੂਟਾ ਸਿੰਘ ਮਹਿਮੂਦਪੁਰ, ਡਾ. ਪਰਮਿੰਦਰ, ਸੋਹਣ ਸਿੰਘ ਮਾਝੀ, ਅਮੋਲਕ ਸਿੰਘ ਅਤੇ ਕੰਵਲਜੀਤ ਖੰਨਾ ਮੰਚ ਤੇ ਸ਼ਸ਼ੋਭਿਤ ਸਨ।

ਹਾਈਕੋਰਟ ਨਵੀਂ ਦਿੱਲੀ ਦੇ ਸੀਨੀਅਰ ਐਡਵੋਕੇਟ ਵਰਿੰਦਾ ਗਰੋਵਰ ਨੇ ਤਰਕਸ਼ੀਲ ਭਵਨ ਵਿੱਚ ਜੁੜੇ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਤਰਕਸ਼ੀਲ ਵਿਗਿਆਨਕ ਵਿਚਾਰਾਂ ਨਾਲ ਲੈਸ ਹੋਣਾ ਅੱਜ ਦੇ ਸਮੇਂ ਦੀ ਬਹੁਤ ਹੀ ਜ਼ਰੂਰੀ ਲੋੜ ਹੈ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੋਕਾਂ ਕੋਲ ਆਪਣੇ ਹੱਕਾਂ ਲਈ ਸਿਰਫ਼ ਤੇ ਸਿਰਫ਼ ਆਪਣਾ ਏਕਾ ਅਤੇ ਸੰਘਰਸ਼ ਹੀ ਸੁਵੱਲੜਾ ਰਾਹ ਹੈ।

ਵਰਿੰਦਾ ਗਰੋਵਰ ਨੇ ਕਿਹਾ ਅਜੋਕੇ ਸਮੇਂ ਅੰਦਰ ਆਮ ਕਰਕੇ ਆਮ ਲੋਕ ਕਾਨੂੰਨ ਦਾ ਉਲੰਘਣ ਨਹੀਂ ਕਰਦੇ ਇਹ ਕਾਰਪੋਰੇਟ ਘਰਾਣੇ ਜਾਂ ਸਤਾ ਤੇ ਕਾਬਜ ਲੋਕ ਹੀ ਕਾਨੂੰਨ ਨੂੰ ਟਿੱਚ ਜਾਣਦੇ ਨੇ।

ਉਹਨਾਂ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਓਮਰ ਖ਼ਾਲਿਦ ਸਮੇਤ ਦਰਜਨਾਂ ਹੀ ਨੌਜਵਾਨਾਂ ਨੂੰ ਜੇਲ੍ਹਾਂ ਵਿੱਚ ਸਾੜਨਾ ਬੰਦ ਕੀਤਾ ਜਾਵੇ।

ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਅਡਾਨੀ ਦੀ ਕਿਸੇ ਵੀ ਕਾਰਗੁਜ਼ਾਰੀ ਉਪਰ ਟਿੱਪਣੀ ਕਰਨ ਨੂੰ ਦਸਤਾਵੇਜ਼ਾਂ ਅਤੇ ਖ਼ਬਰਾਂ ਵਿੱਚੋਂ ਖ਼ਾਰਜ ਕਰਨ ਦੇ ਹੁਕਮ ਚਾੜ੍ਹੇ ਜਾ ਰਹੇ ਨੇ।

ਉਹਨਾਂ ਕਿਹਾ ਕਿ ਮੁਲਕ ਪੰਜਾਬ ਵੱਲ ਦੇਖਦਾ ਹੈ ਤੁਸੀਂ ਹਾਕਮਾਂ ਦੇ ਚੱਕਰਵਿਊ ਵਿਚ ਫਸਕੇ ਦਿੱਲੀ ਮੋਰਚੇ ਵੇਲੇ ਅਦਾਲਤਾਂ ਦੇ ਗਧੀ ਗੇੜ ਵਿੱਚ ਨਹੀਂ ਫਸੇ ਇਸ ਕਰਕੇ ਹੀ ਤੁਹਾਡੀ ਲਹਿਰ ਅੱਗੇ ਪੁਲਾਂਘਾਂ ਪੁੱਟਦੀ ਜਾ ਰਹੀ ਹੈ।

ਡਾ. ਨਵਸ਼ਰਨ ਨੇ ਕਿਹਾ ਕਿ ਗੁਰਸ਼ਰਨ ਭਾਅ ਜੀ ਦੀ ਸੋਚ ਅਤੇ ਘਾਲਣਾ ਮੰਗ ਕਰਦੀ ਹੈ ਕਿ ਅਸੀਂ ਉਹਨਾਂ ਤਾਕਤਾਂ ਦੇ ਮਨਸੂਬੇ ਨਾਕਾਮ ਕਰ ਦੇਈਏ ਜਿਹੜੇ ਪੰਜਾਬ ਅੰਦਰ ਪ੍ਰਵਾਸੀ ਮਜ਼ਦੂਰਾਂ ਖ਼ਿਲਾਫ਼ ਜ਼ਹਿਰ ਉਗਲ ਰਹੇ ਨੇ ਅਤੇ ਕਿਸਾਨ ਆਗੂਆਂ ਖ਼ਿਲਾਫ਼ ਕੂੜ ਪ੍ਰਚਾਰ ਕਰ ਰਹੇ ਨੇ।

ਡਾ. ਅਤੁਲ ਨੇ ਕਿਹਾ ਕਿ ਆਰਥਿਕ ਸਮਾਜਿਕ ਨਾਬਰਾਬਰੀ ਵਧਦੀ ਜਾ ਰਹੀ ਹੈ ਅਜਿਹੀ ਹਾਲਤ ਵਿੱਚ ਲੋਕਾਂ ਕੋਲ ਇੱਕੋ ਰਾਹ ਉਹੀ ਹੈ ਜਿਸ ਬਾਰੇ ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਵਰਗੇ ਲੋਕ ਜੂਝਦੇ ਰਹੇ ਹਨ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਪ੍ਰਧਾਨਗੀ ਮੰਡਲ ਦੀ ਤਰਫੋਂ ਬੋਲਦੇ ਹੋਏ ਕਿਹਾ ਕਿ ਕਲਮ, ਕਲਾ ਅਤੇ ਲੋਕਾਂ ਦੀ ਮਜ਼ਬੂਤ ਜੋਟੀ ਸਮੇਂ ਦੀ ਲੋੜ ਹੈ। ਉਹਨਾਂ ਕਿਹਾ ਕਿ ਪਲਸ ਮੰਚ ਦਾ ਇਹ ਸਮਾਗਮ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਸਦਕਾ ਹੀ ਸਫ਼ਲ ਹੋ ਸਕਿਆ ਹੈ। ਸਮਾਗਮ ਵਿੱਚ ਕੰਵਲਜੀਤ ਖੰਨਾ ਵੱਲੋਂ ਪੇਸ਼ ਕੀਤੇ ਮਤਿਆਂ, ਹੜ੍ਹ ਪੀੜਤਾਂ ਨਾਲ ਹਮਦਰਦੀ, ਫ਼ਲਸਤੀਨ, ਆਦਿਵਾਸੀਆਂ, ਕਮਿਊਨਿਸਟ ਇਨਕਲਾਬੀਆਂ ਅਤੇ ਪ੍ਰਵਾਸੀਆਂ ਕਾਤਲਾਨਾ ਤੇ ਹਮਲਿਆਂ ਦੀ ਨਿੰਦਾ ਕਰਨ, ਲੱਦਾਖ ਦੇ ਸੋਨਮ ਵਾਂਗ ਚੁੱਕ ਵਾਂਗ ਚੁੱਕ ਤੇ ਐੱਨ. ਐੱਸ. ਏ. ਲਾਉਣ ਦਾ ਵਿਰੋਧ ਕਨ, 25 ਕਿਤਾਬਾਂ ਤੇ ਪਾਬੰਦੀ ਲਾਏ ਜਾਣ ਦੀ ਤਿੱਖੀ ਆਲੋਚਨਾ ਕਰਨ ਆਦਿ ਮਤਿਆਂ ਨੂੰ ਅਕਾਸ਼ ਗੁੰਜਾਊ ਨਾਹਰਿਆਂ ਨਾਲ ਪ੍ਰਵਾਨਗੀ ਦਿੱਤੀ ਗਈ। ਗੁਰਸ਼ਰਨ ਭਾਅ ਜੀ ਦੀ ਰੰਗ ਮੰਚ ਦੇ ਨਾਲ ਨਾਲ ਬਹੁ ਪੱਖੀ ਅਮਿੱਟ ਘਾਲਣਾ ਉਪਰ ਚਾਨਣਾ ਪਾਉਂਦੇ ਇਸ ਸਮਾਗਮ ਨੇ ਲੋਕਾਂ ਨੂੰ ਘੰਟਿਆਂ ਬੱਧੀ ਕੀਲ ਕੇ ਰੱਖਿਆ।

ਕੇਵਲ ਧਾਲੀਵਾਲ ਅਤੇ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾ 'ਚ ਕ੍ਰਮਵਾਰ 'ਮੇਰਾ ਰੰਗ ਦੇ ਬਸੰਤੀ ਚੋਲਾ' ਅਤੇ 'ਧਰਤ ਵੰਗਾਰੇ ਤਖ਼ਤ ਨੂੰ' ਨਾਟਕ ਖੇਡੇ ਗਏ। ਇਸ ਮੌਕੇ ਪਲਸ ਮੰਚ ਦੀਆਂ ਸੰਗੀਤ ਮੰਡਲੀਆਂ ਲੋਕ ਸੰਗੀਤ ਮੰਡਲੀ ਭਦੌੜ ਅਤੇ ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਅਜਮੇਰ ਅਕਲੀਆ ਅਤੇ ਅੰਮ੍ਰਿਤ ਬੰਗੇ ਨੇ ਗੀਤਾਂ ਦਾ ਰੰਗ ਨਾਲ ਲੋਕਾਂ ਨੂੰ ਮੰਤਰ ਮੁਗਧ ਕਰ ਦਿੱਤਾ। ਰਣਜੀਤ ਲਹਿਰਾਗਾਗਾ ਵੱਲੋਂ ਪੰਜਾਬੀ ਵਿਚ ਅਨੁਵਾਦਿਤ ਹਾਵਰਡ ਫਾਸਟ ਦਾ ਵਿਸ਼ਵ ਪ੍ਰਸਿੱਧ ਨਾਵਲ ਅਮਰੀਕਨ ਇਸ ਸਮਾਗਮ ਵਿੱਚ ਲੋਕ ਅਰਪਣ ਕੀਤਾ ਗਿਆ। ਪਲਸ ਮੰਚ ਵੱਲੋਂ ਪ੍ਰਕਾਸ਼ਿਤ ਅਮੋਲਕ ਸਿੰਘ ਅਤੇ ਯਸ਼ ਪਾਲ ਦੀ ਸੰਪਾਦਨਾ 'ਚ ਤਿਆਰ ਪੁਸਤਕ ਫ਼ਲਸਤੀਨ ਦੀ ਆਵਾਜ਼ ਘਰ ਘਰ ਲਿਜਾਣ ਦੀ ਅਪੀਲ ਕੀਤੀ ਗਈ। ਸਮਾਗਮ ਦਾ ਮੰਚ ਸੰਚਾਲਨ ਪਲਸ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਕੀਤਾ।

"Congratulations on your incredible success! ...on behalf of prominent newspaper Sarokaran Di Awaz

CIBC

Introducing your local CIBC Mobile Mortgage Advisor

Start your home buying journey on the right foot

I Will provide personalized advice to help you choose the mortgage solution that's right for you, at a great rate

Contact me Today



Vicky Dhillon
Mobile Mortgage Advisor
416-528-6200
1 833-814-0151
vicky.dhillon1@cibc.com

All mortgages are subject to credit approval. Certain conditions and restrictions apply.
The CIBC logo is a trademark of CIBC.
CG00102T




TANGERINE DEVELOPMENTS LTD

Channi Makkar
Vice President, Construction

Mobile : 604-783-0745
Office : 604-652-2733

channi@tangerinedevelopments.com
tangerinedevelopments.com

203 - 15350 Croydon Drive
Surrey, BC V2Z 0Z5




ਗੋਰਕੀ ਪ੍ਰਕਾਸ਼ਨ, ਲੁਧਿਆਣਾ
ਦੀਆਂ ਪ੍ਰਕਾਸ਼ਨਾਵਾਂ




ਆਪਣੀ ਕਿਤਾਬ ਛਪਵਾਉਣ ਲਈ ਸੰਪਰਕ ਕਰੋ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਲੁਧਿਆਣਾ
ਦੁਕਾਨ ਨੰ. 7, ਪੰਜਾਬੀ ਭਵਨ, ਭਾਰਤ ਨਗਰ ਚੌਂਕ
ਲੁਧਿਆਣਾ, ਪੰਜਾਬ-141001, ਫੋਨ. - 9417642785
# 164 Saddle Crest Circle NE, Calgary (AB)
Canada 403-455-4220

Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis



Dri: 416-254-7573, Off.: 905-793-5777
Email : pdosanjh2005@yahoo.com
Paul Dosanjh
Sales Representative

# ਜੇਲ੍ਹਾਂ 'ਚ ਬੰਦ ਨੌਜਵਾਨ ਕਾਰਕੁਨਾਂ ਨੂੰ ਤੁਰੰਤ ਰਿਹਾ ਕਰੇ ਨਿਆਂਪਾਲਿਕਾ : ਜਮਹੂਰੀ ਫਰੰਟ

**ਸਰੋਕਾਰਾਂ ਦੀ ਆਵਾਜ਼ ਬਿਊਰੋ**

ਇੱਥੇ ਪ੍ਰੈੱਸ ਬਿਆਨ ਜਾਰੀ ਕਰਕੇ ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਨੇ ਦਿੱਲੀ ਹਾਈਕੋਰਟ ਵੱਲੋਂ ਸਾਬਕਾ ਵਿਦਿਆਰਥੀ ਨੇਤਾ ਉਮਰ ਖ਼ਾਲਿਦ ਅਤੇ ਅੱਠ ਹੋਰ ਜਮਹੂਰੀ ਕਾਰਕੁਨਾਂ ਦੀ ਜ਼ਮਾਨਤ ਖਾਰਜ ਕਰਨ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਹੈ। ਫਰੰਟ ਦੇ ਕਨਵੀਨਰਾਂ ਡਾ. ਪਰਮਿੰਦਰ, ਪ੍ਰੋਫੈਸਰ ਏ.ਕੇ. ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਕਿਹਾ ਕਿ ਇਹ ਫ਼ੈਸਲਾ ਭਾਰਤੀ ਨਿਆਂਪਾਲਿਕਾ ਦੇ ਦੋਹਰੇ ਮਿਆਰਾਂ ਨੂੰ ਬੇਨਕਾਬ ਕਰਦਾ ਹੈ ਅਤੇ ਜਮਹੂਰੀ ਤੇ ਸੰਵਿਧਾਨਕ ਹੱਕਾਂ ਦੀ ਘੋਰ ਉਲੰਘਣਾ ਹੈ।

ਇਨ੍ਹਾਂ ਕਾਰਕੁਨਾਂ ਨੂੰ ਮੁਸਲਮਾਨ ਘੱਟਗਿਣਤੀ ਨੂੰ ਨਿਸ਼ਾਨਾ ਬਣਾਉਣ ਵਾਲੇ ਪੱਖਪਾਤੀ ਫਿਰਕੂ ਨਾਗਰਿਕਤਾ ਸੋਧ ਕਾਨੂੰਨ (ਸੀਏਏ) ਦੇ ਖਿਲਾਫ਼ ਜਮਹੂਰੀ ਅੰਦੋਲਨ ਦੇ ਦੌਰਾਨ ਹਿੰਸਾ ਭੜਕਾਉਣ ਦੇ ਝੂਠੇ ਇਲਜ਼ਾਮਾਂ ਵਿੱਚ ਫਸਾਇਆ ਗਿਆ ਹੈ। ਯੂਏਪੀਏ ਅਤੇ ਹੋਰ ਜਾਬਰ ਕਾਨੂੰਨੀ ਧਾਰਾਵਾਂ ਤਹਿਤ ਉਨ੍ਹਾਂ ਦੀ ਲਗਾਤਾਰ ਜੇਲ੍ਹਬੰਦੀ ਸੱਤਾ ਨੂੰ ਸਵਾਲ ਕਰਨ ਵਾਲੀਆਂ ਅਵਾਜ਼ਾਂ ਨੂੰ ਦਬਾਉਣ ਦੀ ਰਾਜਨੀਤਕ ਬਦਲਾਲਊ ਕਾਰਵਾਈ ਹੈ।

ਇਸ ਦੌਰਾਨ ਸਿਰਫ਼ ਸਫੂਰਾ ਜ਼ਰਗਰ, ਨਤਾਸ਼ਾ ਨਰਵਾਲ, ਦੇਵਾਂਗਨਾ ਕਲਿਤਾ, ਇਸ਼ਰਤ ਜਹਾਂ ਅਤੇ ਆਸਿਫ ਇਕਬਾਲ ਤਨਹਾ ਹੀ ਜ਼ਮਾਨਤ ਹਾਸਲ ਕਰ ਪਾਏ ਹਨ, ਜਦਕਿ ਉਮਰ ਖ਼ਾਲਿਦ, ਸ਼ਰਜ਼ੀਲ ਇਮਾਮ, ਅਥਰ ਖਾਨ, ਖ਼ਾਲਿਦ ਸੈਫੀ, ਗੁਲਫ਼ਸ਼ਾ ਫਾਤਿਮਾ, ਮੀਰਾਨ ਹੈਦਰ, ਸ਼ਿਫਾ-ਉਰ-ਰਹਿਮਾਨ, ਮੁਹੰਮਦ ਸਲੀਮ ਖ਼ਾਨ ਅਤੇ ਸ਼ਾਦਾਬ ਅਹਿਮਦ ਅਤੇ ਹੋਰ ਕਾਰਕੁਨ 2020 ਲੈ ਕੇ ਬਿਨਾ ਜ਼ਮਾਨਤ, ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿੱਚ ਸੜ ਰਹੇ ਹਨ। ਇਸਦੇ ਉਲਟ, ਹਿੰਸਾ ਦੇ ਅਸਲੀ ਦੋਸ਼ੀ - ਭਾਜਪਾ ਅਤੇ ਹੋਰ ਭਗਵਾ ਆਗੂ ਜਿਨ੍ਹਾਂ ਨੇ ਸਰੇਆਮ ਫਿਰਕੂ ਨਫ਼ਰਤ ਫੈਲਾਈ - ਹਿੰਦੂਤਵਵਾਦੀ ਸ਼ਾਸਨ ਦੀ ਰਾਜਸੀ ਤੇ ਰਾਜਕੀ ਸਰਪ੍ਰਸਤੀ ਦਾ ਆਨੰਦ ਲੈ ਰਹੇ ਹਨ।

ਫਰੰਟ ਨੇ ਜ਼ੋਰ ਦੇਕੇ ਕਿਹਾ ਕਿ ਅੱਜ ਦੇ ਭਾਰਤ ਵਿੱਚ ਹਾਸ਼ੀਏ 'ਤੇ ਧੱਕੇ ਭਾਈਚਾਰਿਆਂ, ਖ਼ਾਸ ਕਰਕੇ ਮੁਸਲਮਾਨ ਫਿਰਕੇ, ਨਾਲ ਸਬੰਧ ਰੱਖਣਾ ਅਤੇ ਨਿਆਂ ਲਈ ਅਵਾਜ਼ ਉਠਾਉਣਾ ਹੀ ਜੁਰਮ ਬਣਾ ਦਿੱਤਾ ਗਿਆ ਹੈ। ਉੱਚ ਨਿਆਂਪਾਲਿਕਾਵਾਂ, ਜਮਹੂਰੀ ਅਤੇ ਨਾਗਰਿਕ ਹੱਕਾਂ ਦੀ ਰੱਖਿਆ ਕਰਨ ਦੀ ਬਜਾਏ, ਆਰਐੱਸਐੱਸ-ਭਾਜਪਾ ਦੇ ਦਬਾਅ ਹੇਠ ਖੁੱਲ੍ਹੇਆਮ ਘੱਟਗਿਣਤੀਆਂ ਵਿਰੋਧੀ ਫ਼ੈਸਲੇ ਸੁਣਾ ਰਹੀਆਂ ਹਨ। ਇਹ ਫ਼ੈਸਲੇ ਇੱਕਾ-ਦੁੱਕਾ ਨਿਆਂਇਕ ਕਾਰਵਾਈਆਂ ਨਹੀਂ ਹਨ - ਇਹ ਪ੍ਰਗਟਾਵੇ ਦੀ ਆਜ਼ਾਦੀ, ਇਕੱਠੇ ਹੋਣ ਦੇ ਹੱਕ ਅਤੇ ਨਿਆਂ ਦੇ ਅਧਿਕਾਰ ਸਮੇਤ ਬੁਨਿਆਦੀ ਜਮਹੂਰੀ ਹੱਕਾਂ 'ਤੇ ਸਿਲਸਿਲੇਵਾਰ ਹਮਲੇ ਦੀ ਨੁਮਾਇੰਦਗੀ ਕਰਦੇ ਹਨ। ਫਿਰਕੂ ਤਾਕਤਾਂ ਨੂੰ ਛੋਟ ਦੇਣ ਜਦਕਿ ਜਮਹੂਰੀ, ਧਰਮ ਨਿਰਪੱਖ ਅਵਾਜ਼ਾਂ ਨੂੰ ਅਪਰਾਧੀ ਠਹਿਰਾਉਣ ਵਾਲਾ ਇਹ ਪੱਖਪਾਤੀ ਨਿਆਂਇਕ ਵਿਹਾਰ ਜੱਗ ਜ਼ਾਹਿਰ ਹਕੀਕਤ ਹੈ।



ਉਨ੍ਹਾਂ ਕਿਹਾ ਕਿ ਜਮਹੂਰੀ ਕਾਰਕੁਨਾਂ ਦੀ ਜੇਲ੍ਹਬੰਦੀ ਅਤੇ ਹਿੰਸਾ ਭੜਕਾਉਣ ਵਾਲੇ ਸੱਤਾਧਾਰੀ ਧਿਰ ਦੇ ਦਹਿਸ਼ਤਗਰਦ ਅਨਸਰਾਂ ਨੂੰ ਦਿੱਤੀ ਗਈ ਛੋਟ ਇੱਕੋ ਸਿੱਕੇ ਦੇ ਦੋ ਪਾਸੇ ਹਨ, ਜੋ ਭਾਰਤੀ ਨਿਆਂ ਪ੍ਰਣਾਲੀ ਦੇ ਹਾਕਮ ਜਮਾਤ ਪੱਖੀ ਅਤੇ ਲੋਕ ਵਿਰੋਧੀ ਸੁਭਾਅ ਨੂੰ ਪ੍ਰਗਟਾਉਂਦੇ ਹਨ।

ਉਨ੍ਹਾਂ ਮੰਗ ਕੀਤੀ ਕਿ ਉਮਰ ਖ਼ਾਲਿਦ ਅਤੇ ਗੁਲਫ਼ਸ਼ਾ ਫਾਤਿਮਾ ਸਹਿਤ ਸਾਰੇ ਜਮਹੂਰੀ ਕਾਰਕੁਨਾਂ ਅਤੇ ਰਾਜਨੀਤਿਕ ਕੈਦੀਆਂ ਨੂੰ ਤੁਰੰਤ ਰਿਹਾ ਕੀਤਾ ਜਾਵੇ ਅਤੇ ਸੱਤਾ ਨਾਲ ਅਸਹਿਮਤ ਆਵਾਜਾਂ ਨੂੰ ਦਬਾਉਣ ਲਈ ਬਣਾਏ ਗਏ ਸਾਰੇ ਝੂਠੇ ਕੇਸ ਤੁਰੰਤ ਰੱਦ ਕੀਤੇ ਜਾਣ।



















# ਡਾ. ਸੁਖਦੇਵ ਸਿੰਘ ਦੀ ਨਵ-ਪ੍ਰਕਾਸਿਤ ਪੁਸਤਕ 'ਪੁਰਖ਼ਿਆਂ ਦਾ ਦੇਸ: ਸਫ਼ਰਨਾਮਾ' 'ਤੇ ਗੋਸ਼ਟੀ

## ਲਹਿੰਦੇ ਪੰਜਾਬ ਦੇ ਮਸ਼ਹੂਰ ਸ਼ਾਇਰ ਸਲੀਮ ਪਾਸ਼ਾ ਨੂੰ ਸ਼ਰਧਾਂਜਲੀ ਅਤੇ ਕਵੀ-ਦਰਬਾਰ





ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 21 ਸਤੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਡਾ. ਸੁਖਦੇਵ ਸਿੰਘ ਝੰਡ ਦੀ ਨਵ-ਪ੍ਰਕਾਸ਼ਿਤ ਪੁਸਤਕ 'ਪੁਰਖ਼ਿਆਂ ਦਾ ਦੇਸ: ਸਫ਼ਰਨਾਮਾ' ਉੱਪਰ ਵਿਚਾਰ-ਚਰਚਾ ਆਯੋਜਿਤ ਕੀਤੀ ਗਈ। ਪੁਸਤਕ ਉੱਪਰ ਮੁੱਖ-ਪੇਪਰ ਡਾ. ਹਰਕੰਵਲ ਕੋਰਪਾਲ ਵੱਲੋਂ ਪੇਸ਼ ਕੀਤਾ ਗਿਆ। ਉਪਰੰਤ, ਕਈ ਬੁਲਾਰਿਆਂ ਵੱਲੋਂ ਇਸ ਪੇਪਰ ਅਤੇ ਪੁਸਤਕ ਉੱਪਰ ਆਪਣੇ ਵਿਚਾਰ ਪ੍ਰਗਟ ਕੀਤੇ ਗਏ। ਇਸ ਮੌਕੇ ਪ੍ਰਧਾਨਗੀ-ਮੰਡਲ ਵਿੱਚ ਪ੍ਰਮੁੱਖ ਕਹਾਣੀਕਾਰ ਡਾ. ਵਰਿਆਮ ਸਿੰਘ ਸੰਧੂ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਅਤੇ ਮੈਡਮ ਸੁਰਿੰਦਰਜੀਤ ਕੌਰ ਸ਼ਾਮਲ ਸਨ।

ਸਮਾਗਮ ਦੇ ਆਰੰਭ ਵਿੱਚ ਕੈਨੇਡਾ ਰਹਿੰਦੇ ਉੱਘੇ ਪਾਕਿਸਤਾਨੀ ਸਾਹਿਤਕਾਰ ਜਿਨ੍ਹਾਂ ਨੇ ਪੰਜਾਬੀ ਕਵਿਤਾ ਅਤੇ ਕਹਾਣੀ ਦੇ ਖ਼ੇਤਰਾਂ ਵਿੱਚ ਵੱਡਾ ਯੋਗਦਾਨ ਪਾਇਆ ਹੈ, ਨੂੰ ਭਾਵਪੂਰਤ ਸ਼ ?ਰਧਾਂਜਲੀ ਭੇਂਟ ਕੀਤੀ ਗਈ। ਇਕਬਾਲ ਬਰਾੜ ਵੱਲੋਂ ਪੜ੍ਹੇ ਗਏ ਸ਼ੋਕ-ਮਤੇ ਤੋਂ ਬਾਅਦ ਸਾਰਿਆਂ ਨੇ ਖੜੇ ਹੋ ਕੇ ਇੱਕ ਮਿੰਟ ਦਾ ਮੋਨ ਧਾਰ ਕੇ ਉਨ੍ਹਾਂ ਨੂੰ ਯਾਦ ਕੀਤਾ। ਉਪਰੰਤ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਨੂੰ 'ਜੀ ਆਇਆਂ' ਕਹਿਣ ਪਿੱਛੋਂ ਮੰਚ-ਸੰਚਾਲਕ ਮਲੂਕ ਸਿੰਘ ਕਾਹਲੋਂ ਵੱਲੋਂ ਡਾ. ਹਰਕੰਵਲ ਸਿੰਘ ਕੋਰਪਾਲ ਨੂੰ ਡਾ. ਸੁਖਦੇਵ ਸਿੰਘ ਝੰਡ ਦੀ ਪੁਸਤਕ ਉੱਪਰ ਆਪਣਾ ਪੇਪਰ ਪੇਸ਼ ਕਰਨ ਲਈ ਬੇਨਤੀ ਕੀਤੀ ਗਈ।

ਡਾ. ਇਕਬਾਲ ਦੇ ਖ਼ੂਬਸੂਰਤ ਸ਼ਿਅਰ "ਨਿਗਾਹ ਬੁਲੰਦ ਸੁਖ਼ਨ ਦਿਲਨਿਵਾਜ਼ ਜਾਂ ਪੁਰਸੋਜ਼, ਯਹੀ ਹੈ ਰਖ਼ਤ-ਏ-ਸਫ਼ਰ ਮੀਰੇ-ਕਾਰਵਾਂ ਕੇ ਲੀਏ" ਨਾਲ ਆਪਣੇ ਪੇਪਰ ਦਾ ਆਰੰਭ ਕਰਦਿਆਂ ਡਾ. ਕੋਰਪਾਲ ਨੇ ਕਿਹਾ ਕਿ ਡਾ. ਸੁਖਦੇਵ ਸਿੰਘ ਝੰਡ ਦਾ ਇਹ ਪਾਕਿਸਤਾਨੀ ਸਫ਼ਰਨਾਮਾ ਜੋ ਕਿ ਪੁਰਖ਼ਿਆਂ ਦੀਆਂ ਪੈੜਾਂ ਦੀ ਪ੍ਰਮਾਣਿਕ ਪ੍ਰਤੀਤੀ ਦਾ ਬਿਰਤਾਂਤ ਹੈ, ਭਾਰਤ ਤੇ ਪਾਕਿਸਤਾਨ ਵਿਚਕਾਰ ਪੈਦਾ ਹੋਈ ਕੁੜੱਤਣ ਨੂੰ ਦੂਰ ਕਰਨ ਦੇ ਨਾਲ ਨਾਲ ਦੋਹਾਂ ਦੇਸ਼ਾਂ ਵਿੱਚ ਦੋਸਤੀ ਦਾ ਮਾਹੌਲ ਸਿਰਜਣ ਅਤੇ ਅਮਨ ਕਾਇਮ ਕਰਨ ਦਾ ਹੋਕਾ ਵੀ ਦਿੰਦਾ ਹੈ। ਉਨ੍ਹਾਂ ਕਿਹਾ ਕਿ ਇਹ ਕਿਤਾਬ ਉਨ੍ਹਾਂ ਅਰਥਵਾਨ ਲਿਖ਼ਤਾਂ ਵਿੱਚ ਸ਼ਾਮਲ ਹੈ ਜੋ ਕਿ ਭਾਰਤ ਤੇ ਪਾਕਿਸਤਾਨ ਦਰਮਿਆਨ ਕੂਟਨੀਤਕ ਸਬੰਧਾਂ ਦੀ ਜੰਮੀ ਹੋਈ ਬਰਫ਼ ਨੂੰ ਖੋਰਨ ਅਤੇ ਲਹਿੰਦੇ ਤੇ ਚੜ੍ਹਦੇ ਪੰਜਾਬ ਦੇ ਆਵਾਮ ਵਿਚਾਲੇ 'ਮੁਹੱਬਤਾਂ ਦੀ ਸਾਂਝ' ਦੀ ਬਰਕਰਾਰੀ ਲਈ ਰਚਨਾਤਮਿਕ ਊਰਜਾ ਸੰਚਲਿਤ ਕਰਦੀਆਂ ਹਨ।

ਉਨ੍ਹਾਂ ਕਿਹਾ ਕਿ ਇਹ ਝੰਡ ਪਰਿਵਾਰ ਦੇ ਚਾਰ ਜੀਆਂ ਡਾ. ਝੰਡ, ਉਨ੍ਹਾਂ ਦੀ ਪਤਨੀ, ਸਾਹਿਤਕਾਰ ਤੇ ਪੱਤਰਕਾਰ ਭੈਣ ਅਤੇ ਭੂਮੀ ਵਿਗਿਆਨੀ ਜੀਜਾ ਜੀ ਦੀ ਉਨ੍ਹਾਂ ਦੇ ਦੋਸਤ ਮੇਜ਼ਬਾਨ ਅਹਿਮਦ ਰਜ਼ਾ ਦੀ ਅਗਵਾਈ ਹੇਠ ਫ਼ਰਵਰੀ 2023 ਵਿੱਚ ਲਹਿੰਦੇ ਪੰਜਾਬ ਦੀ ਕੀਤੀ ਗਈ ਇਹ ਯਾਤਰਾ ਉਦੋਂ ਕੁਝ ਅਖ਼ਬਾਰਾਂ ਵਿੱਚ ਕਈ ਕਿਸ਼ਤਾਂ ਵਿੱਚ ਛਪੀ ਪਰ ਪੁਸਤਕ ਰੂਪ ਵਿੱਚ ਇਹ ਅਪ੍ਰੈਲ 2025 ਵਿੱਚ 'ਚੇਤਨਾ ਪ੍ਰਕਾਸ਼ਨ', ਲੁਧਿਆਣਾ ਵੱਲੋਂ ਛਪ ਕੇ ਆਈ ਹੈ। ਉਨ੍ਹਾਂ ਦੱਸਿਆ ਕਿ ਇਸ ਸਫ਼ਰਨਾਮੇ ਦਾ ਬੀਜ ਡਾ. ਝੰਡ ਵੱਲੋਂ 2019 ਵਿੱਚ ਆਈ ਉਨ੍ਹਾਂ ਦੀ ਸਵੈ-ਜੀਵਨੀ 'ਪੱਤੇ ਤੇ ਪਰਛਾਵੇਂ : ਚੌਹਾਨ ਤੋਂ ਬਰੈਂਪਟਨ ਵਿੱਚ ਬੀਜਿਆ ਗਿਆ ਅਤੇ ਹੁਣ ਪਹਿਲਗਾਮ ਵਿੱਚ ਹੋਈ ਮਾੜੀ ਘਟਨਾ ਤੋਂ ਬਾਅਦ ਇਹ ਪੁੰਗਰ ਕੇ ਸਫ਼ਰਨਾਮੇ ਦੀ ਇਸ ਪੁਸਤਕ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਆਪਣੇ ਪੇਪਰ ਵਿੱਚ ਉਨ੍ਹਾਂ ਵੱਲੋਂ ਸਫ਼ਰਨਾਮੇ ਦੇ ਇਤਿਹਾਸ, ਪੰਜਾਬੀ ਵਿੱਚ ਲਿਖੇ ਗਏ ਸਫ਼ਰਨਾਮਿਆਂ ਅਤੇ ਝੰਡ ਪਰਿਵਾਰ ਵੱਲੋਂ ਗੁਰਦੁਆਰਾ ਸਾਹਿਬਾਨ ਤੇ ਲਹਿੰਦੇ ਪੰਜਾਬ ਦੇ ਕਈ ਪਿੰਡਾਂ ਤੇ ਸ਼ਹਿਰਾਂ ਵਿੱਚ ਜਾਣ ਬਾਰੇ ਵੀ ਚਰਚਾ ਕੀਤੀ ਗਈ।

ਪੁਸਤਕ ਬਾਰੇ ਗੱਲ ਕਰਦਿਆਂ ਮੈਡਮ ਸੁਰਿੰਦਰਜੀਤ ਨੇ ਕਿਹਾ ਕਿ ਇਹ ਪਰਿਵਾਰਿਕ ਸਫ਼ਰਨਾਮਾ ਹੈ ਜਿਸ ਵਿੱਚ ਝੰਡ ਪਰਿਵਾਰ ਦੇ ਚਾਰ ਮੈਂਬਰ ਆਪਣੇ ਵਡੇਰਿਆਂ ਦੀ ਧਰਤੀ ਦੀ ਛੋਹ ਮਾਨਣ ਲਈ 'ਚੱਕ ਨੰਬਰ 202 ਗੱਟੀ ਤਲਾਵਾਂ' (ਹੁਣ ਗੱਟੀ ਸਕੂਲ ਵਾਲੀ) ਪਹੁੰਚਦੇ ਹਨ। ਪਿੰਡ ਦੇ ਆਪਣੇ ਜਾਣਕਾਰ ਮੇਜ਼ਬਾਨ ਜ਼ਹੂਰ ਹੁਸੈਨ ਨਾਲ ਉੱਥੋਂ ਦੀਆਂ ਗਲ਼ੀਆਂ, ਬਾਜ਼ਾਰਾਂ ਵਿੱਚ ਘੁੰਮਦੇ ਹੋਏ ਪਿੰਡ ਦੇ ਦੋ ਸਕੂਲਾਂ ਵਿੱਚ ਜਾਂਦੇ ਹਨ ਜਿੱਥੇ ਉਨ੍ਹਾਂ ਦਾ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਗੁਲਾਬ ਦੇ ਫੁੱਲਾਂ ਦੇ ਹਾਰਾਂ ਨਾਲ ਨਿੱਘਾ ਸੁਆਗਤ ਕੀਤਾ ਜਾਂਦਾ ਹੈ ਅਤੇ ਉੱਥੇ ਉਹ ਇਨ੍ਹਾਂ ਸਕੂਲਾਂ ਲਈ ਕੁਝ ਮਾਇਆ ਵੀ ਭੇਂਟ ਕਰਦੇ ਹਨ। ਉਨ੍ਹਾਂ ਕਿ 14 ਦਿਨਾਂ ਦੇ ਇਸ ਸਫ਼ਰਨਾਮੇ ਦੇ 14 ਅਧਿਆਵਾਂ ਵਿੱਚ ਡਾ. ਝੰਡ ਨੇ ਬਹੁਮੁੱਲੀ ਇਤਿਹਾਸਕ, ਭੂਗੋਲਿਕ, ਸਮਾਜਿਕ ਤੇ ਸੱਭਿਆਚਾਰਕ ਜਾਣਕਾਰੀ ਅੰਕਿਤ ਕੀਤੀ ਹੈ। ਉਹ ਇਸ ਸਫ਼ਰਨਾਮੇ ਵਿੱਚ ਲਹਿੰਦੇ ਪੰਜਾਬ ਦੇ ਲੋਕਾਂ ਦੀ ਨਿੱਘੀ ਮਹਿਮਾਨ-ਨਿਵਾਜ਼ੀ ਦਾ ਵਿਸ਼ੇਸ਼ ਜ਼ਿਕਰ ਕਰਦੇ ਹਨ।

ਕਿਰਪਾਲ ਸਿੰਘ ਪੰਨੂੰ ਨੇ ਇਸ ਸਫ਼ਰਨਾਮੇ ਨੂੰ ਡਾ. ਝੰਡ ਦਾ ਸਲਾਹੁਣਯੋਗ ਉਪਰਾਲਾ ਦੱਸਦਿਆਂ ਹੋਇਆਂ ਹੋਇਆਂ ਕਿਹਾ ਕਿ ਇਹ ਡਾ. ਝੰਡ ਦੇ ਲਹਿੰਦੇ ਪੰਜਾਬ ਬਾਰੇ ਅਨੁਭਵਾਂ ਤੇ ਵਿਚਾਰਾਂ ਦਾ ਲਿਖਤ ਰੂਪਾਂਤਰਣ ਹੈ ਏ ਉਸ ਨੇ ਬੜੀ ਮਿਹਨਤ ਨਾਲ ਇਸ ਵਿਚਲਾ ਬ੍ਰਿਤਾਂਤ ਸਿਰਜਿਆ ਹੈ। ਮੈਡਮ ਸੁਖਚਰਨਜੀਤ ਗਿੱਲ ਨੇ ਕਿਹਾ ਕਿ ਉਨ੍ਹਾਂ ਨੇ ਬਲਰਾਜ ਸਾਹਨੀ ਦਾ ਪਾਕਿਸਤਾਨੀ ਸਫ਼ਰਨਾਮਾ ਪਹਿਲਾਂ ਪੜ੍ਹਿਆ ਸੀ ਅਤੇ ਡਾ. ਝੰਡ ਦੇ ਇਸ ਸਫ਼ਰਨਾਮੇ ਨੂੰ ਪੜ੍ਹ ਕੇ ਹੁਣ ਇਸ ਵਿਚਲੀ ਦਰਜ ਰੌਚਕ ਜਾਣਕਾਰੀ ਦਾ ਅਨੰਦ ਮਾਣਿਆਂ ਹੈ। ਇਸ ਦੌਰਾਨ ਨਾਹਰ ਔਜਲਾ, ਰਾਜਪਾਲ ਸਿੰਘ ਹੋਠੀ, ਦਰਸ਼ਨ ਸਿੰਘ ਗਰੇਵਾਲ ਅਤੇ ਪ੍ਰੋ. ਆਸ਼ਿਕ ਰਹੀਲ ਜਿਨ੍ਹਾਂ ਨੇ ਇਸ ਸਫ਼ਰਨਾਮੇ ਦਾ ਸ਼ਾਹਮੁਖੀ ਵਿੱਚ ਰੁਪਾਂਤਰਣ ਕੀਤਾ ਹੈ, ਵੱਲੋਂ ਵੀ ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ।

ਡਾ. ਵਰਿਆਮ ਸਿੰਘ ਸੰਧੂ ਜਿਨਾਂ ਨੇ ਇਸ ਪੁਸਤਕ ਦਾ ਮੁੱਖ-ਬੰਦ ਲਿਖਿਆ ਹੈ, ਨੇ ਇਸ ਨੂੰ 'ਪਥਰਾਏ ਮਨਾਂ ਨੂੰ ਪਿਘਲਾਉਣ ਵਾਲੀ ਲਿਖ਼ਤ' ਕਰਾਰ ਦਿੰਦਿਆਂ ਆਪਣੇ ਇਸ ਮੁੱਖ-ਬੰਦ ਵਿੱਚੋਂ ਕੁਝ ਸਤਰਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ 1947 ਦੀ ਵੰਡ ਸਮੇਂ ਡਾ. ਝੰਡ ਦੇ ਪੁਰਖ਼ਿਆਂ ਦੀ ਪਰਾਈ ਹੋਈ ਧਰਤੀ ਅਜੇ ਵੀ ਡਾ. ਝੰਡ ਨੂੰ 'ਆਪਣੀ' ਲੱਗਦੀ ਹੈ। ਉਨ੍ਹਾਂ ਕਿਹਾ, "ਅਹਿਲੇ ਸਿਆਸਤ ਦੀ ਹਉਮੈਂ, ਉਸ ਦੀ ਕੁਰਸੀ ਦੀ ਲੋੜ ਅਤੇ ਮਜਬੂਰੀ ਨੇ ਦੋਹਾਂ ਮੁਲਕਾਂ ਵਿੱਚ ਲੋਕ-ਮਨਾਂ ਉੱਤੇ ਕੂੜ-ਪ੍ਰਚਾਰ ਦੀ ਅਜਿਹੀ ਮੋਟੀ ਤਹਿ ਵਿਛਾ ਦਿੱਤੀ ਕਿ ਉਸ ਹੇਠਾਂ ਮੁਹੱਬਤ ਦੀ ਆਦਿ-ਜੁਗਾਦ ਵਗਦੀ 'ਕੂਲ੍ਹ' ਵੀ ਨੱਪੀ ਗਈ। ਪਰ ਕਿਤੇ-ਕਿਤੇ ਕੁਝ ਮਨਾਂ ਵਿੱਚ ਇਹ ਆਪਣੇ ਵੇਗ ਅਤੇ ਤੜਪ ਨਾਲ ਬੁੜ੍ਹਕ ਕੇ ਇਹ ਕੂਲ੍ਹ ਇਸ ਮੋਟੀ ਤਹਿ ਨੂੰ ਤੋੜ ਕੇ ਚਾਂਦੀ ਰੰਗੇ ਚਸ਼ਮੇਂ ਦੇ ਰੂਪ ਵਿੱਚ ਫੁੱਟ ਨਿਕਲਦੀ ਹੈ।"

ਪ੍ਰਧਾਨਗੀ-ਭਾਸ਼ਨ ਦੌਰਾਨ ਪ੍ਰਿੰਸੀਪਲ ਸਰਵਣ ਸਿੰਘ ਨੇ ਕਿ ਪੰਜਾਬੀ ਵਿੱਚ ਹੁਣ ਤੀਕ 100 ਤੋਂ ਵਧੇਰੇ ਸਫ਼ਰਨਾਮੇਂ ਛਪ ਚੁੱਕੇ ਹਨ ਇਨ੍ਹਾਂ ਵਿੱਚ ਪਾਕਿਸਤਾਨ ਬਾਰੇ ਬਲਰਾਜ ਸਾਹਨੀ ਦਾ 'ਮੇਰਾ ਪਾਕਿਸਤਾਨੀ ਸਫ਼ਰਨਾਮਾ' ਤੇ ਡਾ. ਵਰਿਆਮ ਸੰਧੂ ਦਾ 'ਵਗਦੀ ਸੀ ਰਾਵੀ' ਪ੍ਰਮੁੱਖ ਹਨ। ਉਨ੍ਹਾਂ ਕਿਹਾ ਕਿ ਡਾ. ਝੰਡ ਦੇ ਇਸ ਸਫ਼ਰਨਾਮੇ ਵਿੱਚ ਬਿਆਨ ਕੀਤਾ ਗਿਆ ਲਹਿੰਦੇ ਪੰਜਾਬ ਦੇ ਗੁਰਧਾਮਾਂ, ਇਤਿਹਾਸਕ ਅਸਥਾਨਾਂ ਤੇ ਪਿੰਡਾਂ/ਸ਼ਹਿਰਾਂ ਬਾਰੇ ਵਿਸਥਾਰ ਅਤੇ ਇਸ ਦਾ 'ਤੱਥਸਾਰ' ਕਿ 'ਜੇਕਰ ਬਰਲਿਨ ਦੀ ਦੀਵਾਰ ਟੁੱਟ ਸਕਦੀ ਹੈ ਤਾਂ ਭਾਰਤ-ਪਾਕਿਸਤਾਨ ਵਿਚਲੀ 'ਨਫ਼ਰਤ ਦੀ ਦੀਵਾਰ' ਕਿਉਂ ਨਹੀਂ ਟੁੱਟ ਸਕਦੀ' ਬੜਾ ਅਹਿਮ ਹੈ।

ਸਮਾਗਮ ਦੇ ਦੂਸਰੇ ਸੈਸ਼ਨ ਵਿੱਚ ਪ੍ਰਧਾਨਗੀ-ਮੰਡਲ ਵਿੱਚ ਉੱਘੇ ਗ਼ਜ਼ਲਗੋ ਅੰਜੁਮ ਲੁਧਿਆਣਵੀ, ਪ੍ਰੋ. ਆਸ਼ਿਕ ਰਹੀਲ, ਰਸ਼ੀਦ ਨਦੀਮ, ਹਜ਼ਰਤ ਸ਼ਾਮ ਤੇ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਸ਼ਾਮਲ ਸਨ। ਡਾ. ਜਗਮੋਹਨ ਸੰਘਾ ਤੇ ਪਰਮਜੀਤ ਢਿੱਲੋਂ ਵੱਲੋਂ ਮਿਲ ਕੇ ਤਰਤੀਬ ਦਿੱਤੇ ਗਏ ਇਸ ਕਵੀ-ਦਰਬਾਰ ਵਿੱਚ ਵਾਰੋ-ਵਾਰੀ ਰਾਜਕੁਮਾਰ ਓਸ਼ੋਰਾਜ, ਹਰਮੇਸ਼ ਜੀਂਦੋਵਾਲ, ਹਰਜੀਤ ਬਾਜਵਾ, ਪ੍ਰੀਤਮ ਧੰਜਲ, ਤਲਵਿੰਦਰ ਮੰਡ, ਸੁਰਿੰਦਰਜੀਤ, ਸੁਖਚਰਨਜੀਤ ਗਿੱਲ, ਕਰਨ ਅਜਾਇਬ ਸਿੰਘ ਸੰਘਾ, ਰਸ਼ੀਦ ਨਦੀਮ, ਹਜ਼ਰਤ ਸ਼ਾਮ, ਜਰਨੈਲ ਸਿੰਘ ਮੱਲ੍ਹੀ, ਡਾ. ਪਰਗਟ ਸਿੰਘ ਬੱਗਾ, ਗਿਆਨ ਸਿੰਘ ਘਈ, ਮਲੂਕ ਸਿਘ ਕਾਹਲੋਂ, ਕੁਲਵਿੰਦਰ ਖਹਿਰਾ, ਪ੍ਰੋ. ਅਸਿਕ ਰਹੀਲ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਇਸ ਦੌਰਾਨ ਅੰਜੁਮ ਲੁਧਿਆਣਵੀ ਵੱਲੋਂ ਸੁਣਾਈਆਂ ਗਈਆਂ 4-5 ਗ਼ਜ਼ਲਾਂ ਨੂੰ ਸਰੋਤਿਆਂ ਵੱਲੋਂ ਭਰਪੂਰ ਦਾਦ ਪ੍ਰਾਪਤ ਹੋਈ। ਇਕਬਾਲ ਬਰਾੜ ਵੱਲੋਂ ਆਪਣੀ ਸੁਰੀਲੀ ਆਵਾਜ਼ ਵਿੱਚ ਅੰਜੁਮ ਲੁਧਿਆਣਵੀ ਦੀ ਗ਼ਜ਼ਲ ਪੇਸ਼ ਕੀਤੀ ਗਈ। ਨੌਜੁਆਨ ਗਾਇਕ ਬੌਬੀ ਪੰਧੇਰ ਵੱਲੋਂ ਹਰਜੀਤ ਬਾਜਵਾ ਦਾ ਸ੍ਰੀ ਗੁਰੂ ਤੇਗ਼ ਬਹਾਦਰ ਜੀ ਬਾਰੇ ਲਿਖਿਆ ਗੀਤ ਬੁਲੰਦ ਆਵਾਜ਼ ਵਿੱਚ ਗਾਇਆ ਗਿਆ। ਅਖ਼ੀਰ ਵਿੱਚ ਬਲਰਾਜ ਚੀਮਾ ਵੱਲੋਂ ਸਮਾਗਮ ਦੇ ਸਮੂਹ ਬੁਲਾਰਿਆਂ ਤੇ ਮਹਿਮਾਨਾਂ ਦਾ ਭਾਵਪੂਰਤ ਸ਼ਬਦਾਂ ਵਿੱਚ ਧੰਨਵਾਦ ਕੀਤਾ ਗਿਆ। ਇਸ ਦੌਰਾਨ ਡਾ. ਝੰਡ ਅਤੇ ਉਨ੍ਹਾਂ ਦੀ ਪਤਨੀ ਜਗਦੀਸ਼ ਕੌਰ ਝੰਡ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਵੱਲੋਂ ਇਕ ਸ਼ਾਨਦਾਰ ਸ਼ਾਲ ਨਾਲ ਸਨਮਾਨਿਤ ਕੀਤਾ ਗਿਆ।

ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਇੰਜੀ. ਈਸ਼ਰ ਸਿੰਘ ਚਾਹਲ, ਬਲਦੇਵ ਰਹਿਪਾ, ਪ੍ਰੋ. ਸਿਕੰਦਰ ਸਿੰਘ ਗਿੱਲ, ਜੱਸੀ ਭੁੱਲਰ, ਮਕਸੂਦ ਚੌਧਰੀ, ਹੀਰਾ ਸਿੰਘ ਹੰਸਪਾਲ, ਗੁਰਪ੍ਰੀਤ ਸਿੰਘ, ਹਰਮਿੰਦਰ ਸਿੰਘ, ਸ਼ਮਸ਼ੇਰ ਸਿੰਘ, ਹਰਦਿਆਲ ਸਿੰਘ ਝੀਤਾ, ਕਰਨੈਲ ਸਿੰਘ ਮਰਵਾਹਾ, ਹਰਜੀਤ ਸਿੰਘ ਬਾਜਵਾ, ਜਰਨੈਲ ਸਿੰਘ ਮਠਾੜੂ, ਰਜਵੰਤ ਕੌਰ ਸੰਧੂ, ਪਤਵੰਤ ਕੌਰ ਪੰਨੂੰ, ਪਰਮਜੀਤ ਦਿਓਲ, ਰਮਿੰਦਰ ਵਾਲੀਆ, ਅਮਰਜੀਤ ਕੌਰ ਘਈ, ਮਿਸਿਜ਼ ਸ਼ਮਸ਼ੇਰ ਸਿੰਘ, ਜਗਦੀਸ਼ ਕੌਰ ਝੰਡ, ਮਨਪ੍ਰੀਤ ਕੌਰ ਝੰਡ, ਆਦਿ ਸ਼ਾਮਲ ਸਨ।

ਦੋ ਰੋਜ਼ਾ ਸਭਿਆਚਾਰਕ ਮੇਲਾ

ਨਿਸ਼ਠਾ ਜੈਨ ਦੀ ਡਾਕੂਮੈਟਰੀ ਫਿਲਮ

"ਫ਼ਾਰਮਿੰਗ ਦੀ ਰੈਵੇਲੂਸ਼ਨ"

(Farming the Revolution)

ਮਿਤੀ :- 18 ਅਕਤੂਬਰ 2025

ਦਿਨ :- ਸ਼ਨੀਵਾਰ | ਸਮਾਂ :- 2:30 ਸ਼ਾਮ

ਨਾਟਕ

"ਬ਼ਲਦੇ ਬਿਰਖ਼"

ਲੇਖਕ: ਪਰਮਿੰਦਰ ਸਵੈਚ

ਪੇਸ਼ਕਾਰੀ: "ਆਰਟ 5-ਆਬ"

ਬਿਕਰਮਜੀਤ ਮੋਗਾ ਵਲੋਂ ਕੀਤੀ ਜਾਵੇਗੀ।

ਮਿਤੀ :- 19 ਅਕਤੂਬਰ 2025

ਦਿਨ :- ਐਤਵਾਰ | ਸਮਾਂ:- 2:30 ਸ਼ਾਮ


ਦਰਵਾਜ਼ਾ ਖੁੱਲਣ ਦਾ ਸਮਾਂ: 2 ਵਜੇ

ਸਹਾਇਤਾ ਰਾਸ਼ੀ : $10



ਸਥਾਨ:- ਕਾਮਨਜ਼ ਮੇਪਲ ਕਾਲਜੀਏਟ (1330 ਜੈਫਰਸਨ ਐਵੇਨਿਊ)

ਵੱਲੋਂ:- ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ

ਹੋਰ ਜਾਣਕਾਰੀ ਲਈ:- ਹਰਨੇਕ 204-997-8697, ਮੰਗਤ 204-914-0355



# ਬਰੈਂਪਟਨ ਵਿੱਚ 'ਸੀਰੀ' ਫ਼ਿਲਮ : ਦਰਸ਼ਕ ਹੋਏ ਭਾਵੁਕ



ਟਰਾਂਟੋ, (ਸਰੋਕਾਰਾਂ ਦੀ ਆਵਾਜ਼ ਬਿਊਰੋ) : 'ਪ੍ਰੋਗਰੈਸਿਵ ਪੰਜਾਬੀ ਆਰਟਸ, ਥੀਏਟਰ ਐਂਡ ਹੈਰੀਟੇਜ (ਪਾਥ)' ਵੱਲੋਂ ਬਰੈਂਪਟਨ ਵਿੱਚ ਵਿਖਾਈ ਗਈ ਪੰਜਾਬੀ ਫ਼ਿਲਮ 'ਸੀਰੀ' ਨੂੰ ਦਰਸ਼ਕਾਂ ਵੱਲੋਂ ਬਹੁਤ ਹੀ ਭਰਵਾਂ ਹੁੰਗਾਰਾ ਮਿਲ਼ਿਆ ਅਤੇ ਦਰਸ਼ਕਾਂ ਵੱਲੋਂ ਫ਼ਿਲਮ ਦੀ ਕਹਾਣੀ ਅਤੇ ਪੇਸ਼ਕਾਰੀ ਦੀ ਭਰਪੂਰ ਸ਼ਲਾਘਾ ਕੀਤੀ ਗਈ। ਰਜੀਵ ਕੁਮਾਰ ਵੱਲੋਂ ਨਿਰਦੇਸ਼ਤ ਕੀਤੀ ਗਈ ਸੁਰਿੰਦਰ ਸ਼ਰਮਾ ਦੀ ਮੁੱਖ ਭੂਮਿਕਾ ਅਧੀਨ ਬਣੀ 'ਸੀਰੀ' ਫ਼ਿਲਮ ਨੂੰ 400 ਦੇ ਕਰੀਬ ਦਰਸ਼ਕਾਂ ਵੱਲੋਂ 'pin drop silence' ਦੇ ਮਾਹੌਲ ਵਿੱਚ ਵੇਖਿਆ ਗਿਆ ਅਤੇ ਇਸਦੀ ਤੁਲਨਾ ਪੰਜਾਬ ਦੀ ਮੌਜੂਦਾ ਸਥਿਤੀ ਨਾਲ਼ ਕਰਦਿਆਂ ਹੋਇਆਂ ਬਹੁਤ ਸਾਰੇ ਦਰਸ਼ਕਾਂ ਵੱਲੋਂ ਕਿਹਾ ਗਿਆ ਕਿ ਇਸ ਫ਼ਿਲਮ ਵਿੱਚ ਬਿਲਕੁਲ ਸੱਚ ਬਿਆਨਿਆ ਗਿਆ ਹੈ।

ਸਮਾਗਮ ਦੇ ਸ਼ੁਰੂ ਵਿੱਚ ਬੋਲਦਿਆਂ ਕੁਲਵਿੰਦਰ ਖਹਿਰਾ ਨੇ ਕਿਹਾ ਕਿ ਇਸ ਗੱਲ ਦੀ ਸਿਫ਼ਤ ਕਰਨੀ ਬਣਦੀ ਹੈ ਕਿ ਸਾਡੇ ਕੁਝ ਸਾਥੀ ਮੰਡੀ ਦੀ ਦੌੜ ਵਿੱਚ ਪੈਣ ਦੀ ਬਜਾਇ ਸਮਾਜ ਨੂੰ ਸੇਧ ਦੇਣ ਵਾਲ਼ੇ ਸਾਹਿਤ ਅਤੇ ਕਲਾ-ਕ੍ਰਿਤਾਂ ਨਾਲ਼ ਲੋਕਾਂ ਨੂੰ ਲੱਚਰਵਾਦ ਅਤੇ ਮਾਰੂ ਕਿਸਮ ਦੇ ਪ੍ਰਦੂਸ਼ਣ ਦਾ ਬਦਲ ਦੇ ਰਹੇ ਹਨ। ਸੁਰਿੰਦਰ ਸ਼ਰਮਾ ਨੇ ਕਿਹਾ ਕਿ ਅਜਿਹੀਆਂ ਕੋਸ਼ਿਸ਼ਾਂ ਲੋਕ-ਸਮਰਥਨ ਤੋਂ ਬਗੈਰ ਹੋਣੀਆਂ ਅਸੰਭਵ ਹਨ ਤੇ ਉਨ੍ਹਾਂ ਲੋਕਾਂ ਦਾ ਧੰਨਵਾਦ ਕੀਤਾ ਕਿ ਸਮੇਂ ਸਮੇਂ ਸਿਰ ਉਨ੍ਹਾਂ ਵੱਲੋਂ ਦਿੱਤੇ ਗਏ ਸਹਿਯੋਗ ਸਦਕਾ 'ਨਾਬਰ', 'ਚੰਮ', 'ਸੀਰੀ' ਆਦਿ ਫ਼ਿਲਮਾਂ ਬਣ ਸਕੀਆਂ ਹਨ ਅਤੇ ਆਣ ਵਾਲ਼ੀ ਫ਼ਿਲਮ 'ਤੇ ਕੰਮ ਹੋ ਰਿਹਾ ਹੈ। ਬਲਦੇਵ ਰਹਿਪਾ ਸਹਿਯੋਗੀ ਸੰਸਥਾਵਾਂ, ਸਪੌਂਸਰਾਂ, ਸਮੁੱਚੇ ਸਹਿਯੋਗੀ ਮੀਡੀਆ ਅਤੇ ਦਰਸ਼ਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਸਦਕਾ ਇਹ ਉਪਰਾਲਾ ਕਾਮਯਾਬ ਹੋ ਸਕਿਆ।

# ਅੰਦਰੂਨੀ ਸੁਹੱਪਣ ਲਈ ਮਨੁੱਖ ਨੂੰ ਕਿਤਾਬਾਂ ਨਾਲ ਜੁੜਨਾ ਬਹੁਤ ਜ਼ਰੂਰੀ : ਡਾ. ਸਾਹਿਬ ਸਿੰਘ





ਕੈਲਗਰੀ, (ਸੁਖਵੀਰ ਗਰੇਵਾਲ) : ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਕੈਲਗਰੀ ਵਲੋਂ 21 ਸਤੰਬਰ ਦਿਨ ਐਤਵਾਰ ਨੂੰ ਸਾਲ 2025 ਦਾ ਤੀਜਾ ਪੁਸਤਕ ਮੇਲਾ ਗਰੀਨ ਪਲਾਜ਼ਾ ਵਿੱਚ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਉੱਘੇ ਨਾਟਕਕਾਰ ਡਾ. ਸਾਹਿਬ ਸਿੰਘ ਨੇ ਪੁਸਤਕ ਮੇਲੇ ਦਾ ਉਦਘਾਟਨ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਮਨੁੱਖ ਆਪਣੇ ਬਾਹਰੀ ਸੁਹੱਪਣ ਵਿੱਚ ਵਾਧਾ ਕਰਨ ਲਈ ਹਾਰ ਸ਼ਿੰਗਾਰ ਕਰਦਾ ਹੈ ਤੇ ਆਪਣੇ ਸਰੀਰ ਦੀ ਦੇਖਭਾਲ਼ ਕਰਦਾ ਹੈ ਉਸੇ ਤਰ੍ਹਾਂ ਅੰਦਰੂਨੀ ਸੁਹੱਪਣ ਲਈ ਮਨੁੱਖ ਨੂੰ ਕਿਤਾਬਾਂ ਨਾਲ਼ ਜੁੜਨਾ ਬਹੁਤ ਜ਼ਰੂਰੀ ਹੈ। ਉਹਨਾਂ ਕਿਤਾਬਾਂ ਬਾਰੇ ਇਹ ਵੀ ਕਿਹਾ ਕਿ ਕਿਤਾਬ ਮਨੁੱਖ ਨੂੰ ਸੰਵੇਦਨਸ਼ੀਲ ਬਣਾਉਣ ਤੋਂ ਇਲਾਵਾ ਬਗਾਵਤ ਕਰਨ ਦਾ ਰਾਹ ਵੀ ਦੱਸਦੀ ਹੈ।

ਉਹਨਾਂ ਸ਼ਹੀਦ ਭਗਤ ਸਿੰਘ ਬੁੱਕ ਸੈਂਟਰ ਦੀ ਕੈਲਗਰੀ ਸ਼ਹਿਰ ਵਿੱਚ ਪੁਸਤਕ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਖਾਸ ਧੰਨਵਾਦ ਕੀਤਾ। ਮਾਸਟਰ ਭਜਨ ਦੀ ਅਗਵਾਈ ਹੇਠ ਸਾਲ 2025 ਦਾ ਇਹ ਤੀਜਾ ਪੁਸਤਕ ਮੇਲਾ ਸੀ। ਉਹਨਾਂ ਦੀ ਪ੍ਰਸ਼ੰਸਾ ਕੀਤੀ ਕਿ ਉਹ ਕੈਲਗਰੀ ਸ਼ਹਿਰ ਵਿੱਚ ਅਜਿਹੇ ਉਪਰਾਲੇ ਕਰਕੇ ਸ਼ਹਿਰ ਵਾਸੀਆਂ ਨੂੰ ਕਿਤਾਬਾਂ ਨਾਲ਼ ਜੋੜ ਰਹੀ ਹੈ। ਮਾਸਟਰ ਭਜਨ ਨੇ ਇਸ ਗੱਲ ਤੇ ਖ਼ੁਸ਼ੀ ਪ੍ਰਗਟ ਕੀਤੀ ਕਿ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਰਾਹੀਂ ਪਾਠਕਾਂ ਦੀ ਗਿਣਤੀ ਵਿੱਚ ਹਰ ਵਾਰ ਵਾਧਾ ਹੋ ਰਿਹਾ ਹੈ।


# ਡਾਕੂਮੈਂਟਰੀ ਫ਼ਿਲਮ : ਇਨਕਲਾਬ ਦੀ ਖੇਤੀ (ਫਾਰਮਿੰਗ ਦੀ ਰੈਵੋਲੂਸ਼ਨ)

ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ ਵਿਨੀਪੈਗ ਵੱਲੋਂ ਇਹ ਫਿਲਮ ਦਿਖਾਈ ਜਾ ਰਹੀ ਹੈ। ਸਾਰਾ ਵੇਰਵਾ ਥੱਲੇ ਦਿੱਤਾ ਗਿਆ ਹੈ। "ਇਨਕਲਾਬ ਦੀ ਖੇਤੀ (ਫਾਰਮਿੰਗ ਦੀ ਰੈਵੋਲੂਸ਼ਨ)" ਭਾਰਤ ਦੀ ਸਰਕਾਰ ਦੇ ਨਿਆਂਹੀਣ ਖੇਤੀਬਾੜੀ ਕਾਨੂੰਨਾਂ ਵਿਰੁੱਧ 2020-21 ਵਿੱਚ ਕਿਸਾਨਾਂ ਦੇ ਸਾਲ ਭਰ ਚੱਲੇ ਅੰਦੋਲਨ ਉੱਤੇ ਬਣੀ ਇਕ ਡਾਕੂਮੈਂਟਰੀ ਫਿਲਮ ਹੈ। ਇਹ ਭਾਰਤੀ ਅਮੀਰ ਜਮਾਤਾਂ ਲਈ ਕੰਮ ਕਰ ਰਹੀ ਸਰਕਾਰ ਵਿਰੁੱਧ ਭਾਰਤ ਦੇ ਕਿਸਾਨਾਂ ਵਲੋਂ ਲੜੇ ਸ਼ਾਨਦਾਰ ਘੋਲ ਨੂੰ ਸ਼ਕਤੀਸ਼ਾਲੀ ਅਤੇ ਭਾਵਪੂਰਤ ਢੰਗ ਨਾਲ ਰਿਕਾਰਡ ਕਰਦੀ ਹੈ। ਸਮਾਂ ਬੀਤਣ ਨਾਲ ਸਾਨੂੰ ਇਸ ਇਤਿਹਾਸਕ ਰਿਕਾਰਡ ਦੀ ਮਹੱਤਤਾ ਹੋਰ ਵੀ ਤੀਬਰਤਾ ਨਾਲ ਮਹਿਸੂਸ ਹੋਵੇਗੀ। ਫਿਲਮ ਦਿਖਾਉਣ ਦੇ ਸਮੇਂ ਅਤੇ ਸਥਾਨ ਬਾਰੇ ਵੇਰਵਾ ਇਸ ਪ੍ਰਕਾਰ ਹੈ: ਸਮਾਂ: ਸ਼ਨਿੱਚਰਵਾਰ 18 ਅਕਤੂਬਰ 2025, ਦੁਪਹਿਰੋਂ ਬਾਅਦ 2:30 ਵਜੇ ( ਸਾਰੇ ਸਮੇਂ ਸਿਰ ਪਹੁੰਚਣ ਦੀ ਖੇਚਲ ਕਰਿਓ) ਸਥਾਨ: Math Room ਮੇਪਲਜ ਕੌਲਿਜੀਏਟ 1330 ਜੈਫਰਸਨ ਐਵੀਨਿਊ ਫਿਲਮ ਦੇ ਇਸ ਸ਼ੋਅ ਵਿੱਚ ਇਸ ਡਾਕੂਮੈਂਟਰੀ ਦੀ ਡਾਇਰੈਕਟਰ ਨਿਸ਼ਠਾ ਜੈਨ ਸ਼ਾਮਲ ਹੋਵੇਗੀ ਅਤੇ ਫਿਲਮ ਤੋਂ ਬਾਅਦ ਉਸ ਨਾਲ ਸਵਾਲ/ਜਵਾਬ ਦਾ ਸੈਸ਼ਨ ਰੱਖਿਆ ਗਿਆ ਹੈ। ਇਸ ਡਾਕੂਮੈਂਟਰੀ ਦੇ ਸ਼ੋਅ ਦੀ ਕੋਈ ਟਿਕਟ ਨਹੀਂ ਹੈ। ਇਸ ਫਿਲਮ ਨੇ ਕਈ ਇਨਾਮ ਜਿੱਤੇ ਹਨ, ਜਿਹਨਾਂ ਵਿੱਚ ਸੰਨ 2024 ਵਿੱਚ ਹੌਟਡੌਕਸ ਫੈਸਟੀਵਲ ਵਿੱਚ ਬੈਸਟ ਇੰਟਰਨੈਸ਼ਨਲ ਫੀਚਰ ਡਾਕੂਮੈਂਟਰੀ ਦਾ ਇਨਾਮ ਵੀ ਸ਼ਾਮਲ ਹੈ। ਇਸ ਫਿਲਮ ਦਾ ਟਰੇਲਰ ਤੁਸੀਂ ਹੇਠ ਲਿਖੇ ਲਿੰਕ 'ਤੇ ਦੇਖ ਸਕਦੇ ਹੋ: https://www.youtube.com/watch?v=WNG7vkTPnwE




# ਤਰਕਸ਼ੀਲ ਸੋਸਾਇਟੀ ਉਂਟਾਰੀਓ ਵਲੋਂ ਬਰੈਂਪਟਨ ਵਿਖੇ ਕੀਤੀ ਜਾਵੇਗੀ ਮੈਂਟਲ ਹੈਲਥ ਜਾਗਰੁਕਤਾ ਵਰਕਸਾਪ

ਬਰੈਂਪਟਨ/ਕਨੇਡਾ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਤਰਕਸ਼ੀਲ ਸੋਸਾਇਟੀ ਕਨੇਡਾ ਬਰੈਂਪਟਨ ਦੇ ਪ੍ਰਧਾਨ ਜਸਵੀਰ ਚਾਹਿਲ ਅਤੇ ਸਕੱਤਰ ਅਮਰਦੀਪ ਮੰਡੇਰ ਨੇ ਪਰੈਸ ਦੇ ਨਾਂ ਬਿਆਨ ਜਾਰੀ ਕਰਦੇ ਹੋਏ ਦੱਸਿਆ ਕਿ 5 ਅਕਤੂਬਰ ਨੂੰ ਵਿਲੇਜ ਆਫ ਇੰਡੀਆ ਰੈਸਟੋਰੈਂਟ 114 ਕਨੇਡੀ ਰੋਡ ਬਰੈਂਪਟਨ ਵਿਖੇ ਮੈਂਟਲ ਹੈਲਥ ਸਬੰਧੀ ਵਰਕਸ਼ਾਪ ਕਰਵਾਈ ਜਾ ਰਹੀ ਹੈ। ਮਾਨਸਿਕ ਰੋਗਾਂ ਦੇ ਮਾਹਰ ਜੈਸਮਿਨ ਚਾਹਲ ਤੇ ਸਟੈਫਨੀ ਚੈਰੀਨ ਵਰਕਸ਼ਾਪ ਦੇ ਮੁੱਖ ਬੁਲਾਰੇ ਹੋਣਗੇ। ਪੈਸੇ ਦੇ ਬੋਲਬਾਲੇ ਵਾਲੇ ਤੇ ਮਹਿੰਗੀਆਂ ਵੱਡੀਆਂ ਕਾਰਾਂ ਰੱਖਣ ਤੇ ਪੂਰੀ ਚਮਕ ਦਮਕ ਵਾਲੇ ਇਸ ਸਮਾਜ ਵਿੱਚ ਮਹਿੰਗਾਈ ਨੇ ਲੋਕਾਂ ਦਾ ਕਚੂੰਬਰ ਕੱਢ ਰੱਖਿਆ ਹੈ। ਬਹੁਤ ਸਾਰੇ ਲੋਕ ਡਿਪਰੈਸਨ ਦਾ ਸ਼ਿਕਾਰ ਹਨ। ਬਹੁਤ ਸਾਰੇ ਲੋਕਾਂ ਵਿੱਚ ਸੂਆਸਾਈਡ ਕਰਨ ਦੇ ਖਿਆਲ ਪੈਦਾ ਹੋ ਰਹੇ ਹਨ। ਤਰਕਸ਼ੀਲ ਸੋਸਾਇਟੀ ਦੇ ਖਜ਼ਾਨਚੀ ਨਿਰਮਲ ਸੰਧੂ ਤੇ ਸੋਹਨ ਸਿੰਘ ਢੀਂਡਸਾ ਨੇ ਦੱਸਿਆ ਕਿ ਮਹੱਤਵਪੂਰਨ ਮਸਲੇ ਤੇ ਲੋਕਾਂ ਨੂੰ ਚੇਤਨ ਕਰਨ ਲਈ, ਉਨ੍ਹਾਂ ਦੇ ਪਰਿਵਾਰਾਂ ਵਿਚਲੇ ਸੰਕਟਾਂ ਦਾ ਸਾਹਮਣਾ ਕਰਨ ਲਈ ਅਜਿਹੀਆਂ ਚਰਚਾਵਾਂ ਬਹੁਤ ਹੀ ਜ਼ਰੂਰੀ ਹਨ। ਵਰਕਸ਼ਾਪ ਵਿੱਚ ਪਹੁੰਚੇ ਲੋਕ ਆਪਣੇ ਸਵਾਲ ਕਰ ਸਕਣਗੇ ਤੇ ਐਕਸਪਰਟਜ਼ ਵਲੋਂ ਸਵਾਲਾਂ ਦੇ ਜਵਾਬ ਦਿੰਦਿਆਂ ਹਰ ਤਰਾਂ ਦੇ ਸੰਕਿਆਂ ਨੂੰ ਨਵਿਰਤ ਕੀਤਾ ਜਾਵੇਗਾ। ਤਰਕਸ਼ੀਲ ਸੋਸਾਇਟੀ ਦੇ ਲੋਕਲ ਯੂਨਿਟ ਮੀਤ ਪਰਧਾਨ ਬਲਰਾਜ ਸੌਕਰ, ਨਛੱਤਰ ਬਦੇਸ਼ਾ, ਜਗਦੀਸ ਜਾਂਗਰਾ ਤੇ ਪਰਮਜੀਤ ਸੰਧੂ ਵਲੋਂ ਆਮ ਲੋਕਾਂ ਨੂੰ ਅਪੀਲ ਗਈ ਕਿ ਇਸ ਵਰਕਸ਼ਾਪ ਵਿੱਚ ਵੱਡੀ ਗਿਣਤੀ ਵਿੱਚ ਸਮੂਲੀਅਤ ਕਰਕੇ ਤਰਕ ਆਧਾਰਿਤ ਵਿਚਾਰਾਂ ਨੂੰ ਅਪਣਾਉਂਦੇ ਹੋਏ ਪਰਿਵਾਰਕ ਮਸਲਿਆਂ ਦੇ ਹੱਲ ਵੱਲ ਵਧਿਆ ਜਾਵੇ। ਪ੍ਰੋਗਰਾਮ ਸਬੰਧੀ ਹੋਰ ਵਿਸਥਾਰ ਪੂਰਵਕ ਜਾਣਕਾਰੀ ਲਈ 416 788 7223, 416 835 3450 ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ ।

# ਗਾਜ਼ਾ ਫ਼ਲੋਟੀਲਾ ਵਧ ਰਹੇ ਆਲਮੀ ਅੰਦੋਲਨ ਦਾ ਪ੍ਰਤੀਕ

*ਉੱਘੇ ਪੱਤਰਕਾਰ, ਛੇ ਮਕਬੂਲ ਕਿਤਾਬਾਂ ਦੇ ਲੇਖਕ ਅਤੇ ਦ ਪਾਲਿਸਤਾਈਨ ਕ੍ਰੌਨਿਕਲ ਦੇ ਸੰਪਾਦਕ ਡਾ. ਰਮਜ਼ੀ ਬਾਰੌਦ ਨੇ ਆਲਮੀ ਇਕਜੁੱਟਤਾ ਫ਼ਲੋਟੀਲਾ ਦੇ ਵੱਡੇ ਮਹੱਤਵ ਨੂੰ ਬਖ਼ੂਬੀ ਪਛਾਣਿਆ ਹੈ । ਉਹ ਸੈਂਟਰ ਫ਼ਾਰ ਇਸਲਾਮ ਐਂਡ ਗਲੋਬਲ ਅਫੇਅਰਜ਼ (ਤ੍ਰਿਧ) ਵਿਚ ਨਾਨ-ਰੈਜ਼ੀਡੈਂਟ ਸੀਨੀਅਰ ਰਿਸਰਚ ਫੈਲੋ ਹਨ ਅਤੇ ਫ਼ਲਸਤੀਨੀ ਮੁਕਤੀ ਕਾਜ ਦੀ ਡੂੰਘੀ ਸਮਝ ਰੱਖਦੇ ਹਨ । ਦੁਨੀਆ ਭਰ 'ਚ ਇਜ਼ਰਾਇਲੀ-ਅਮਰੀਕੀ ਨਸਲਵਾਦੀ ਧਾੜਵੀ ਹਮਲੇ ਨੂੰ ਚੁਣੌਤੀ ਦੇ ਰਹੇ ਲੋਕ ਅੰਦੋਲਨਾਂ ਵਿਚ ਮੌਜੂਦਾ ਫ਼ਲੋਟੀਲਾ ਦੇ ਮਹੱਤਵ ਨੂੰ ਸਮਝਣ ਲਈ ਇਸ ਟਿੱਪਣੀ ਦਾ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ ਜਿਸਦਾ ਅਨੁਵਾਦ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਉਚੇਚੇ ਤੌਰ 'ਤੇ ਕੀਤਾ ਹੈ । -ਸੰਪਾਦਕ*

-ਰਮਜ਼ੀ ਬਾਰੌਦ
ਅਨੁ: ਬੂਟਾ ਸਿੰਘ ਮਹਿਮੂਦਪੁਰ



ਇਜ਼ਰਾਈਲ ਸਰਕਾਰ ਦੀਆਂ ਕਾਰਵਾਈਆਂ ਅਤੇ ਬਿਆਨਬਾਜ਼ੀ ਨੂੰ ਵੇਖਣਾ ਹੀ ਗਾਜ਼ਾ ਵੱਲ ਰਵਾਨਾ ਹੋ ਰਹੇ ਇਕਜੁੱਟਤਾ ਫ਼ਲੋਟੀਲਾ ਦੇ ਡੂੰਘੇ ਮਹੱਤਵ ਨੂੰ ਸਮਝਣ ਲਈ ਕਾਫ਼ੀ ਹੈ। ਜਿਉਂ ਹੀ ਸਭ ਤੋਂ ਨਵਾਂ ਅਤੇ ਹੁਣ ਤੱਕ ਦਾ ਸਭ ਤੋਂ ਮਹੱਤਵਪੂਰਨ ਯਤਨ — ਗਲੋਬਲ ਸੌਲਿਡੈਰਿਟੀ ਫ਼ਲੋਟੀਲਾ — ਸਮੁੰਦਰੀ ਸਫ਼ਰ ਲਈ ਰਵਾਨਾ ਹੋਇਆ, ਇਜ਼ਰਾਈਲ ਦੀ ਦੁਸ਼ਮਣਾਨਾ ਸੁਰ ਹੋਰ ਵੀ ਤਿੱਖੀ ਹੋ ਗਈ ਹੈ, ਜੋ ਕੌਮੀ ਸੁਰੱਖਿਆ ਮੰਤਰੀ ਇਤਮਾਰ ਬੇਨ-ਗਵੀਰ ਦੀ ਬੋਲ ਬਾਣੀ 'ਚ ਸਭ ਤੋਂ ਤਿੱਖੇ ਅੰਦਾਜ਼ ਵਿਚ ਸਾਹਮਣੇ ਆਈ।

ਇਸ ਅੱਤਵਾਦੀ ਮੰਤਰੀ ਨੇ ਡਰਾਉਣਾ ਐਲਾਨ ਕੀਤਾ ਹੈ ਕਿ ਫ਼ਲੋਟੀਲਾ 'ਤੇ ਸਵਾਰ ਸਾਰੇ ਵਾਲੰਟੀਅਰ "ਦਹਿਸ਼ਤਗਰਦ" ਹਨ ਅਤੇ ਉਨ੍ਹਾਂ ਨਾਲ ਇਸੇ ਤਰ੍ਹਾਂ ਨਜਿੱਠਿਆ ਜਾਵੇਗਾ। ਅਹਿੰਸਕ ਕਾਰਕੁਨਾਂ ਨੂੰ ਦਹਿਸ਼ਤਗਰਦ ਮੰਨਣ ਦੇ ਭਿਆਨਕ ਮਤਲਬ ਨੂੰ ਸਮਝਣ ਲਈ ਦ ਗਾਰਡੀਅਨ ਅਖ਼ਬਾਰ ਦੀ ਹਾਲੀਆ ਜਾਂਚ 'ਤੇ ਧਿਆਨ ਦੇਣਾ ਜ਼ਰੂਰੀ ਹੈ। ਰਿਪੋਰਟ ਵਿਚ ਖ਼ੁਲਾਸਾ ਹੋਇਆ ਕਿ ਕਤਲੇਆਮ ਦੇ ਪਹਿਲੇ 19 ਮਹੀਨਿਆਂ ਵਿਚ ਗਾਜ਼ਾ 'ਚ ਕੈਦ ਕੀਤੇ ਗਏ 6,000 ਫ਼ਲਸਤੀਨੀਆਂ ਨੂੰ ਅਜਿਹੇ ਕਾਨੂੰਨ ਦੇ ਤਹਿਤ ਬੰਦ ਕੀਤਾ ਗਿਆ ਸੀ ਜੋ ਉਨ੍ਹਾਂ ਨੂੰ "ਗੈਰ-ਕਾਨੂੰਨੀ ਲੜਾਕੂ"— ਭਾਵ ਦਹਿਸ਼ਤਗਰਦ — ਵਜੋਂ ਦਰਜ ਕਰਦਾ ਹੈ ਅਤੇ ਇਸ ਤਰ੍ਹਾਂ ਅਨਿਸ਼ਚਿਤ ਸਮੇਂ ਲਈ ਕੈਦ ਰੱਖਣ ਦੀ ਇਜਾਜ਼ਤ ਦਿੰਦਾ ਹੈ।

ਜਾਂਚ ਵਿਚ ਸਾਹਮਣੇ ਆਇਆ ਕਿ ਇਨ੍ਹਾਂ ਵਿੱਚੋਂ ਵੱਡੀ ਗਿਣਤੀ ਦਰ ਅਸਲ ਆਮ ਨਾਗਰਿਕਾਂ ਦੀ ਹੈ — ਜਿਸ ਵਿਚ ਡਾਕਟਰ, ਅਧਿਆਪਕ, ਪੱਤਰਕਾਰ, ਸਰਕਾਰੀ ਨੌਕਰਸ਼ਾਹ ਅਤੇ ਬੱਚੇ ਸ਼ਾਮਲ ਹਨ। ਇਹ ਤੱਥ ਕਿ ਇਜ਼ਰਾਈਲ ਨੇ ਇਹੋ ਜਿਹੀ ਸਖ਼ਤ ਪਰਿਭਾਸ਼ਾ ਅੰਤਰਰਾਸ਼ਟਰੀ ਕਾਰਕੁਨਾਂ ਲਈ ਵੀ ਲਾਗੂ ਕਰ ਦਿੱਤੀ ਹੈ ਜਿਨ੍ਹਾਂ ਦਾ ਐਲਾਨਿਆ ਮਿਸ਼ਨ ਗਾਜ਼ਾ ਦੀ ਨਾਕਾਬੰਦੀ ਤੋੜਨਾ ਹੈ, ਇਜ਼ਰਾਈਲ ਦੀਆਂ ਨਜ਼ਰਾਂ 'ਚ ਇਨ੍ਹਾਂ ਯਤਨਾਂ ਦੇ ਰਾਜਨੀਤਕ ਅਤੇ ਯੁੱਧਨੀਤਕ ਮਹੱਤਵ ਨੂੰ ਹੋਰ ਵੀ ਸਪੱਸ਼ਟ ਕਰਦਾ ਹੈ।

ਸਿਵਲ ਸੁਸਾਇਟੀ ਦੇ ਵਿਰੋਧ ਵਿਚ ਹਿੱਸਾ ਲੈਣ ਤੋਂ ਇਜ਼ਰਾਈਲ ਦਾ ਭੈਅ ਨਵੀਂ ਗੱਲ ਨਹੀਂ ਹੈ। ਲਗਾਤਾਰ ਜਾਰੀ ਨਸਲਕੁਸ਼ੀ ਨੇ ਸਿਰਫ਼ ਅੰਤਰਰਾਸ਼ਟਰੀ ਕਾਨੂੰਨੀ ਅਤੇ ਰਾਜਨੀਤਕ ਪ੍ਰਣਾਲੀ ਦੀ ਮੁਕੰਮਲ ਨਾਕਾਮੀ ਅਤੇ ਮੋੜਵੇਂ ਰੂਪ 'ਚ ਨਾਗਰਿਕ ਸਮਾਜ ਦੇ ਵਧਦੇ ਮਹੱਤਵ ਨੂੰ ਹੀ ਉਜਾਗਰ ਕੀਤਾ ਹੈ।

ਜਦੋਂ ਫਰੀ ਗਾਜ਼ਾ ਮੂਵਮੈਂਟ ਦੀ ਪਹਿਲੀ ਬੇੜੀ 2008 'ਚ ਗਾਜ਼ਾ ਪਹੁੰਚੀ ਸੀ, ਤਾਂ ਇਜ਼ਰਾਈਲ ਭੜਕ ਗਿਆ ਸੀ। ਕਾਰਕੁੰਨ ਆਪਣੇ ਸਮਾਜਾਂ ਨੂੰ ਗਾਜ਼ਾ ਪੱਟੀ 'ਤੇ ਥੋਪੀ ਇਜ਼ਰਾਈਲੀ ਨਾਕਾਬੰਦੀ ਬਾਰੇ ਜਾਗਰੂਕ ਕਰਨ ਵਾਲੇ ਮਹੱਤਵਪੂਰਨ ਰਾਜਦੂਤ ਬਣ ਗਏ। 2010 ਦੇ ਗਾਜ਼ਾ ਫਰੀਡਮ ਫ਼ਲੋਟੀਲਾ — ਜਿਸ ਵਿਚ ਐਮਵੀ ਮਾਵੀ ਮਰਮਾਰਾ ਸ਼ਾਮਲ ਸੀ — ਪ੍ਰਤੀ ਤੇਲ ਅਵੀਵ ਦਾ ਪ੍ਰਤੀਕਰਮ ਘਾਤਕ ਸੀ। ਇਜ਼ਰਾਈਲੀ ਕਮਾਂਡੋਆਂ ਨੇ 10 ਕਾਰਕੁਨਾਂ ਨੂੰ ਕਤਲ ਕਰ ਦਿੱਤਾ ਅਤੇ ਇਸ ਨਾਲ ਇਹ ਸਖ਼ਤ ਸੁਨੇਹਾ ਦਿੱਤਾ ਕਿ ਇਜ਼ਰਾਈਲ ਫ਼ਲਸਤੀਨੀਆਂ ਵਿਰੁੱਧ ਛੇੜੀ ਜੰਗ ਵਿਚ ਕੋਈ ਵੀ ਦਖ਼ਲਅੰਦਾਜ਼ੀ ਬਰਦਾਸ਼ਤ ਨਹੀਂ ਕਰੇਗਾ, ਭਾਵੇਂ ਇਹ ਜਾਣੀਆਂ-ਪਛਾਣੀਆਂ ਅਤੇ ਸਤਿਕਾਰਤ ਪੱਛਮੀ ਸੰਸਥਾਵਾਂ ਵੱਲੋਂ ਹੀ ਕਿਉਂ ਨਾ ਹੋਵੇ।

ਓਦੋਂ ਤੋਂ ਲੈ ਕੇ ਕਾਰਕੁਨਾਂ ਨੂੰ ਮੁਜਰਮ ਮੰਨਕੇ ਸਲੂਕ ਕਰਨਾ ਇਜ਼ਰਾਈਲ ਦੀ ਆਮ ਨੀਤੀ ਬਣ ਗਿਆ ਹੈ। ਇਸ ਦੀ ਪੁਸ਼ਟੀ ਇਹ ਤੱਥ ਵੀ ਕਰਦਾ ਹੈ ਕਿ ਨਾਗਰਿਕਾਂ ਉੱਪਰ ਕੀਤੀ ਗਈ ਇਸ ਘੋਰ ਹਿੰਸਾ ਲਈ ਅੱਜ ਤੱਕ ਕਦੇ ਵੀ ਕਿਸੇ ਇਜ਼ਰਾਈਲੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ। ਫਿਰ ਵੀ, ਇਕਜੁੱਟਤਾ ਕਾਰਕੁੰਨ 2011, 2015 ਅਤੇ 2018 'ਚ ਵਾਰ-ਵਾਰ ਸਮੁੰਦਰ ਵਿਚ ਠਿੱਲਦੇ ਰਹੇ। ਇਨ੍ਹਾਂ ਮਿਸ਼ਨਾਂ ਦੇ ਮੁੜ-ਮੁੜ ਜਾਣ ਦੀ ਗਿਣਤੀ ਘੱਟ ਹੋਣ ਦਾ ਕਾਰਨ ਰੁਚੀ ਦੀ ਘਾਟ ਨਹੀਂ ਸੀ, ਬਲਕਿ ਇਹ ਸੀ ਕਿ ਕੁਝ ਯੂਰਪੀ ਮੁਲਕਾਂ ਨੇ, ਇਜ਼ਰਾਈਲ ਨਾਲ ਮਿਲ ਕੇ ਕਾਰਕੁਨਾਂ ਨੂੰ ਸਮੁੰਦਰੀ ਸਫ਼ਰ ਤੋਂ ਰੋਕਣ ਲਈ ਹਰ ਹਰਬਾ ਵਰਤਿਆ।

ਮੌਜੂਦਾ ਨਸਲਕੁਸ਼ੀ ਨਾਲ ਇਹ ਸਥਿਤੀ ਨਾਟਕੀ ਤੌਰ 'ਤੇ ਬਦਲ ਗਈ ਹੈ। ਗਾਜ਼ਾ ਵਿਚ ਫ਼ਲਸਤੀਨੀਆਂ ਨਾਲ ਇਕਜੁੱਟਤਾ ਯੂਰਪੀ ਸਮਾਜਾਂ ਵਿਚ ਡੂੰਘੀਆਂ ਜੜ੍ਹਾਂ ਲਾ ਚੁੱਕੀ ਹੈ ਅਤੇ ਆਖਿਰਕਾਰ ਇਸ ਮਿਸ਼ਨ ਨੇ ਸਪੇਨ ਸਮੇਤ ਵੱਖ-ਵੱਖ ਸਰਕਾਰਾਂ ਦੀ ਹਮਾਇਤ ਹਾਸਲ ਕਰ ਲਈ ਹੈ, ਜਿੱਥੋਂ ਤਾਜ਼ਾ ਆਲਮੀ ਇਕਜੁੱਟਤਾ ਫ਼ਲੋਟੀਲਾ ਰਵਾਨਾ ਹੋਇਆ। ਬਾਰਸੀਲੋਨਾ ਤੋਂ ਸ਼ੁਰੂ ਹੋ ਕੇ, ਰਸਤੇ ਵਿਚ ਹੋਰ ਜਹਾਜ਼ ਵੀ ਜੁੜਦੇ ਜਾ ਰਹੇ ਹਨ। ਇਹ ਸਭ ਮਿਲ ਕੇ ਗਾਜ਼ਾ ਲਈ ਲੋੜੀਂਦਾ ਸਮਾਨ ਲੈ ਕੇ ਜਾ ਰਹੇ ਹਨ, ਇਹ ਭਲੀ ਪ੍ਰਕਾਰ ਜਾਣਦੇ ਹੋਏ ਵੀ ਕਿ ਜੀਵਨ-ਬਚਾਓ ਸਮਾਨ ਸਮੇਤ ਉਨ੍ਹਾਂ ਨੂੰ ਰੋਕੇ ਜਾਣ ਜਾਂ ਕਬਜ਼ੇ ਵਿਚ ਲੈ ਲਏ ਜਾਣ ਦੀ ਸੰਭਾਵਨਾ ਗਾਜ਼ਾ ਤੱਕ ਪਹੁੰਚਣ ਨਾਲੋਂ ਕਈ ਗੁਣਾ ਵੱਧ ਹੈ।

ਤਾਜ਼ਾ ਘਟਨਾਵਾਂ ਨੇ ਇਹ ਉੱਘੜਵੀਂ ਹਕੀਕਤ ਹੋਰ ਵੀ ਪੱਕੀ ਕਰ ਦਿੱਤੀ ਹੈ। ਇਸ ਸਾਲ ਮਈ ਮਹੀਨੇ ਕੌਨਸਾਇੰਸ ਫ਼ਲੋਟੀਲਾ 'ਤੇ ਮਾਲਟਾ ਦੇ ਸਮੁੰਦਰੀ ਕੰਢੇ ਉੱਤੇ ਡਰੋਨ ਨਾਲ ਹਮਲਾ ਕੀਤਾ ਗਿਆ। ਇਸੇ ਦੌਰਾਨ ਕ੍ਰਮਵਾਰ ਜੂਨ ਅਤੇ ਜੁਲਾਈ ਵਿਚ ਮੈਡਲੀਨ ਅਤੇ ਹੰਡਾਲਾ ਨੂੰ ਜ਼ਬਤ ਕਰ ਲਿਆ ਗਿਆ। ਮੈਡਲੀਨ ਨੂੰ ਨਿਸ਼ਾਨਾ ਬਣਾਉਣ ਤੋਂ ਪਹਿਲਾਂ, ਰੱਖਿਆ ਮੰਤਰੀ ਇਜ਼ਰਾਈਲ ਕੈਟਜ਼ ਨੇ ਅੰਤਰਰਾਸ਼ਟਰੀ ਪੱਧਰ 'ਤੇ ਮਸ਼ਹੂਰ ਕਾਰਕੁਨ ਗਰੇਟਾ ਥਨਬਰਗ, ਜੋ ਫ਼ਲੋਟੀਲਾ ਵਿਚ ਸ਼ਾਮਲ ਸੀ, ਨੂੰ "ਯਹੂਦੀ ਵਿਰੋਧੀ" ਕਿਹਾ ਅਤੇ ਧਮਕੀ ਦਿੱਤੀ: "ਚੰਗਾ ਹੋਵੇਗਾ ਕਿ ਤੁਸੀਂ ਵਾਪਸ ਮੁੜ ਜਾਓ ਕਿਉਂਕਿ ਤੁਹਾਨੂੰ ਗਾਜ਼ਾ ਨਹੀਂ ਪਹੁੰਚਣ ਦਿੱਤਾ ਜਾਵੇਗਾ। ਇਜ਼ਰਾਈਲ ਨਾਕਾਬੰਦੀ ਤੋੜਨ ਜਾਂ 'ਦਹਿਸ਼ਤਗਰਦ ਜਥੇਬੰਦੀਆਂ' ਦੀ ਮਦਦ ਕਰਨ ਦੀ ਹਰੇਕ ਕੋਸ਼ਿਸ਼ ਖ਼ਿਲਾਫ਼ ਕਾਰਵਾਈ ਕਰੇਗਾ।"

ਇਹ ਗੁੱਸਾ ਉਸੇ ਕ੍ਰੋਧੀ ਭਾਸ਼ਾ ਅਤੇ ਹਿੰਸਕ ਕਾਰਵਾਈਆਂ ਦੀ ਗੂੰਜ ਹੈ, ਜਿਨ੍ਹਾਂ ਦੀ ਵਰਤੋਂ ਇਜ਼ਰਾਈਲੀ ਸਰਕਾਰਾਂ ਲਗਾਤਾਰ ਉਨ੍ਹਾਂ ਸਭ ਦੇ ਖ਼ਿਲਾਫ਼ ਕਰਦੀਆਂ ਆ ਰਹੀਆਂ ਹਨ ਜੋ ਗਾਜ਼ਾ ਦੀ ਨਾਕਾਬੰਦੀ ਨੂੰ ਚੁਣੌਤੀ ਦੇਣ ਦਾ ਜੇਰਾ ਕਰਦੇ ਹਨ। ਪਰ ਏਨਾ ਕ੍ਰੋਧ ਕਿਉਂ ? ਇਹ ਛੋਟੇ-ਛੋਟੇ, ਸੀਮਤ ਵਸੀਲਿਆਂ ਵਾਲੇ ਯਤਨ ਆਪਣੇ ਆਪ 'ਚ ਨਾਕਾਬੰਦੀ ਤੋੜਨ ਜਾਂ ਨਸਲਕੁਸ਼ੀ ਤੇ ਅਕਾਲ ਝੱਲ ਰਹੀ 20 ਲੱਖ ਆਬਾਦੀ ਨੂੰ ਭੋਜਨ ਮੁਹੱਈਆ ਕਰਨ ਦੇ ਸਮਰੱਥ ਨਹੀਂ ਹਨ।

ਦਰਅਸਲ, ਇਜ਼ਰਾਈਲ ਚੰਗੀ ਤਰ੍ਹਾਂ ਜਾਣਦਾ ਹੈ ਕਿ ਫ਼ਲਸਤੀਨ ਦੇ ਮਾਮਲੇ ਵਿਚ ਨਾਗਰਿਕ ਸਮਾਜ ਦੀ ਕਾਰਵਾਈ ਕਿੰਨੀ ਪ੍ਰਭਾਵਸ਼ਾਲੀ ਹੈ। ਦੁਨੀਆ ਭਰ 'ਚ ਫ਼ਲਸਤੀਨੀਆਂ ਦੇ ਹੱਕਾਂ ਲਈ ਸਭ ਤੋਂ ਵੱਧ ਵਕਾਲਤ ਉਨ੍ਹਾਂ ਵੱਲੋਂ ਨਹੀਂ ਆਉਂਦੀ ਜੋ ਫ਼ਲਸਤੀਨੀ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਦਾਅਵਾ ਕਰਦੇ ਹਨ, ਬਲਕਿ ਮੁੱਖ ਤੌਰ 'ਤੇ ਨਾਗਰਿਕ ਸਮਾਜ ਵੱਲੋਂ ਆਉਂਦੀ ਹੈ। ਇਸ ਵਿਚ ਸ਼ਾਮਲ ਹਨ: ਸਰਕਾਰਾਂ 'ਤੇ ਦਬਾਅ ਪਾਉਣ ਵਾਲੀ ਰਾਜਨੀਤਕ ਵਕਾਲਤ, ਰਾਜਾਂ ਨੂੰ ਅੰਤਰਰਾਸ਼ਟਰੀ ਕਾਨੂੰਨਾਂ ਲਈ ਜ਼ਿੰਮੇਵਾਰ ਠਹਿਰਾਉਣ ਵਾਲੀਆਂ ਕਾਨੂੰਨੀ ਕਾਰਵਾਈਆਂ, ਨਿਵੇਸ਼-ਵਾਪਸੀ ਅਤੇ ਬਾਈਕਾਟ ਰਾਹੀਂ ਆਰਥਕ ਦਬਾਅ, ਸੱਭਿਆਚਾਰਕ ਅਤੇ ਅਕਾਦਮਿਕ ਬਾਈਕਾਟ, ਅਤੇ ਜ਼ਮੀਨੀ ਪੱਧਰ 'ਤੇ ਵਿਆਪਕ ਲੋਕ-ਲਾਮਬੰਦੀ।

ਲਿਹਾਜ਼ਾ, ਇਕਜੁੱਟਤਾ ਫ਼ਲੋਟੀਲਾ ਇਸ ਗੱਲ ਦੇ ਜ਼ੋਰਦਾਰ ਪ੍ਰਤੀਕ ਹਨ ਕਿ ਨਾਗਰਿਕ ਸਮਾਜ ਉਹ ਕੰਮ ਕਰਨ ਲਈ ਕਿੰਨੀ ਦੂਰ ਤੱਕ ਜਾਣ ਲਈ ਤਿਆਰ ਹੈ ਜੋ ਦਰ ਅਸਲ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਦੀ ਜ਼ਿੰਮੇਵਾਰੀ ਹੋਣੀ ਚਾਹੀਦੀ ਸੀ। ਬੇਨ-ਗਵੀਰ ਦੀ ਇਹ ਜ਼ਾਹਰਾ ਧਮਕੀ ਕਿ ਕਾਰਕੁੰਨਾਂ ਨੂੰ "ਦਹਿਸ਼ਤਗਰਦ" ਮੰਨਕੇ ਨਜਿੱਠਿਆ ਜਾਵੇਗਾ, ਦਰ ਅਸਲ ਇਜ਼ਰਾਈਲ ਦੇ ਡੂੰਘੇ ਡਰਾਂ-ਫ਼ਿਕਰਾਂ ਦਾ ਸਿੱਧਾ ਪ੍ਰਤੀਬਿੰਬ ਹੈ ਅਤੇ ਵਿਰੋਧਾਭਾਸੀ ਤੌਰ 'ਤੇ ਇਹ ਅੰਤਰਰਾਸ਼ਟਰੀ ਇਕਜੁੱਟਤਾ ਅੰਦੋਲਨ ਦੇ ਵਧਦੇ ਪ੍ਰਭਾਵ ਦਾ ਜ਼ੋਰਦਾਰ ਇਕਬਾਲ ਵੀ ਹੈ। ਆਖਿਰਕਾਰ ਫ਼ਲਸਤੀਨੀ ਲੋਕ, ਉਨ੍ਹਾਂ ਦੀ ਸੁਮੂਦ (ਦ੍ਰਿੜਤਾ), ਸਿਰੜ ਅਤੇ ਸਹਿਨਸ਼ੀਲਤਾ ਹੀ ਇਜ਼ਰਾਈਲ ਦੀ ਯੁੱਧਨੀਤੀ ਨੂੰ ਹਰਾ ਦੇਵੇਗੀ, ਪਰ ਅੰਤਰਰਾਸ਼ਟਰੀ ਇਕਜੁੱਟਤਾ ਦੀ ਮਹੱਤਵਪੂਰਨ ਭੂਮਿਕਾ ਨੂੰ ਘਟਾ ਕੇ ਨਹੀਂ ਅੰਗਣਾ ਚਾਹੀਦਾ। ਫਰੀਡਮ ਫ਼ਲੋਟੀਲਾ ਨੂੰ ਸਿਰਫ਼ ਇਸ ਆਧਾਰ 'ਤੇ ਨਹੀਂ ਅੰਗਣਾ ਚਾਹੀਦਾ ਕਿ ਉਹ ਗਾਜ਼ਾ ਤੱਕ ਪਹੁੰਚਦੇ ਹਨ ਜਾਂ ਨਹੀਂ। ਬਲਕਿ, ਉਹ ਇਕ ਜਟਿਲ ਆਲਮੀ ਪ੍ਰਕਿਰਿਆ ਦਾ ਮਹੱਤਵਪੂਰਨ ਹਿੱਸਾ ਹਨ ਜੋ ਆਖਿਰਕਾਰ ਇਜ਼ਰਾਈਲ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਡੂੰਘੀ ਅਲੱਗ-ਥਲੱਗਤਾ ਵੱਲ ਲੈ ਜਾਵੇਗੀ, ਅਤੇ ਇਹ ਪ੍ਰਕਿਰਿਆ ਪਹਿਲਾਂ ਹੀ ਕਾਫ਼ੀ ਕਾਮਯਾਬੀ ਨਾਲ ਸ਼ੁਰੂ ਹੋ ਚੁੱਕੀ ਹੈ।

# ਮਾਓਵਾਦੀ ਲੀਡਰਸ਼ਿੱਪ ਹਥਿਆਰਬੰਦ ਰਾਹ 'ਤੇ ਦ੍ਰਿੜ

'ਅਭੈ' ਅਤੇ 'ਸੋਨੂ' ਨਾਵਾਂ ਹੇਠ ਮਾਓਵਾਦੀ ਆਗੂ ਮੱਲੋਜੁਲਾ ਵੇਣੂਗੋਪਾਲ ਵੱਲੋਂ 16 ਅਤੇ 17 ਸਤੰਬਰ 2025 ਨੂੰ ਕ੍ਰਮਵਾਰ ਮੀਡੀਆ ਅਤੇ ਸੋਸ਼ਲ ਮੀਡੀਆ ਵਿਚ ਜਾਰੀ ਕੀਤੇ ਇਕ ਬਿਆਨ ਅਤੇ ਇਕ ਚਿੱਠੀ ਵਾਇਰਲ ਹੋਣ 'ਤੇ ਇਹ ਕਿਆਸ ਲਗਾਏ ਜਾਣ ਲੱਗੇ ਸਨ ਕਿ ਮਾਓਵਾਦੀ ਹਥਿਆਰ ਸੁੱਟ ਦੇਣਗੇ। ਪਰ 19 ਸਤੰਬਰ ਨੂੰ ਤੇਲੰਗਾਨਾ ਰਾਜ ਕਮੇਟੀ ਦੇ ਬੁਲਾਰੇ ਜਗਨ ਵੱਲੋਂ ਅਤੇ 20 ਸਤੰਬਰ ਨੂੰ ਕੇਂਦਰੀ ਕਮੇਟੀ ਦੇ ਬੁਲਾਰੇ 'ਅਭੈ' ਵੱਲੋਂ ਜਾਰੀ ਬਿਆਨਾਂ ਤੋਂ ਇਹ ਸਪਸ਼ਟ ਹੋ ਗਿਆ ਕਿ ਹਥਿਆਰ ਛੱਡਣ ਦਾ ਫ਼ੈਸਲਾ ਸਮੁੱਚੀ ਮਾਓਵਾਦੀ ਪਾਰਟੀ ਦਾ ਨਹੀਂ ਹੈ, ਸਗੋਂ ਸਿਰਫ਼ ਸੋਨੂ ਅਤੇ ਉਸਦੇ ਕੁਝ ਸਾਥੀਆਂ ਦਾ ਹੈ। ਅਜੇ ਇਹ ਸਪਸ਼ਟ ਨਹੀਂ ਹੈ ਕਿ ਸੋਨੂੰ ਨਾਲ ਕੋਈ ਹੋਰ ਕੇਂਦਰੀ ਜਾਂ ਸੂਬਾਈ ਆਗੂ ਵੀ ਹੈ ਜਾਂ ਨਹੀਂ। ਬਸਤਰ ਸਮੇਤ ਸਮੁੱਚੀ ਦੰਡਕਾਰਣੀਆਂ ਲਹਿਰ ਦੇ ਮੋਢੀ ਸੀਨੀਅਰ ਆਗੂਆਂ 'ਚੋਂ ਇਕ ਮੱਲੋਜੁਲਾ ਵੇਣੂਗੋਪਾਲ ਸੀਨੀਅਰ ਮਾਓਵਾਦੀ ਆਗੂ ਕਿਸ਼ਨ ਜੀ ਦੇ ਭਰਾ ਹਨ ਅਤੇ ਮਾਓਵਾਦੀ ਪਾਰਟੀ ਦੇ ਪੋਲਿਟ ਬਿਊਰੋ ਮੈਂਬਰ ਹਨ।

ਯਾਦ ਰਹੇ ਕਿ ਮਾਓਵਾਦੀ ਪਾਰਟੀ ਵਿਚ 'ਅਭੈ' ਕੋਈ ਵਿਅਕਤੀ ਨਹੀਂ ਹੈ। ਦਰਅਸਲ ਇਸ ਨਾਂ ਹੇਠ ਪਾਰਟੀ ਆਪਣੇ ਆਫ਼ੀਸ਼ੀਅਲ ਬਿਆਨ ਜਾਰੀ ਕਰਦੀ ਹੈ। ਪਹਿਲਾਂ ਪਾਰਟੀ ਦੇ ਬੁਲਾਰੇ ਦੇ ਤੌਰ 'ਤੇ 'ਅਭੈ' ਦੇ ਨਾਂ ਹੇਠ ਸਾਰੇ ਬਿਆਨ ਸੋਨੂ ਜਾਰੀ ਕਰਿਆ ਕਰਦੇ ਸਨ। ਹਾਲੀਆ ਬਿਆਨ ਵਿਚ ਪਾਰਟੀ ਦੀ ਸਿਖ਼ਰਲੀ ਲੀਡਰਸ਼ਿੱਪ ਨੇ ਸਾਫ਼ ਕਿਹਾ ਹੈ ਕਿ ਪਾਰਟੀ ਲਾਈਨ ਛੱਡ ਚੁੱਕੇ ਸੋਨੂ ਨੂੰ ਹੁਣ 'ਅਭੈ' ਦੇ ਨਾਂ ਹੇਠ ਬਿਆਨ ਜਾਰੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਭਾਵ ਉਹ ਹੁਣ ਪਾਰਟੀ ਦਾ ਬੁਲਾਰਾ ਨਹੀਂ ਹੈ।

'ਅਭੈ' (ਸੋਨੂ) ਨੇ ਆਪਣੇ ਬਿਆਨ ਵਿਚ ਹਥਿਆਰਬੰਦ ਸੰਘਰਸ਼ ਛੱਡਣ ਅਤੇ ਹਥਿਆਰ ਸੁੱਟਣ ਦੀ ਗੱਲ ਕਹੀ ਸੀ, ਜਿਸ ਨੂੰ ਤੇਲੰਗਾਨਾ ਰਾਜ ਕਮੇਟੀ ਦੇ ਬੁਲਾਰੇ ਜਗਨ ਨੇ ਇਹ ਕਹਿੰਦੇ ਹੋਏ ਰੱਦ ਕਰ ਦਿੱਤਾ ਕਿ ਇਹ ਉਸ ਦੀ ਨਿੱਜੀ ਰਾਇ ਹੈ ਅਤੇ ਇਹ ਪਾਰਟੀ ਦਾ ਫ਼ੈਸਲਾ ਨਹੀਂ ਹੈ। ਦੰਡਕਾਰਣੀਆ ਅਤੇ ਬਿਹਾਰ-ਝਾਰਖੰਡ ਤੋਂ ਬਾਅਦ ਤੇਲੰਗਾਨਾ ਰਾਜ ਕਮੇਟੀ ਮਹੱਤਵਪੂਰਨ ਕਮੇਟੀ ਹੈ। ਸੋਨੂ ਵੱਲੋਂ ਆਪਣੇ ਬਿਆਨ ਵਿਚ ਹਥਿਆਰ ਸੁੱਟਣ ਲਈ ਇਕ ਮਹੀਨੇ ਦਾ ਸਮਾਂ ਮੰਗਣ ਅਤੇ ਪਾਰਟੀ ਕਮੇਟੀ ਦੇ ਮੈਂਬਰਾਂ ਤੇ ਹਮਾਇਤੀਆਂ ਤੋਂ ਈਮੇਲ ਰਾਹੀਂ ਆਪਣੀ ਰਾਇ ਦੇਣ ਬਾਰੇ ਜਗਨ ਨੇ ਕਿਹਾ ਕਿ 'ਕੋਈ ਵੀ ਜ਼ਿੰਮੇਵਾਰ ਪਾਰਟੀ ਆਗੂ ਅਜਿਹੇ ਫ਼ੈਸਲਿਆਂ ਨੂੰ ਇੰਟਰਨੈੱਟ 'ਤੇ ਖੁੱਲ੍ਹੇਆਮ ਪੋਸਟ ਕਰਕੇ ਹੱਲ ਨਹੀਂ ਲੱਭਦੇ। ਉਹ ਵੀ ਇਕ ਅਜੇਹੀ ਪਾਰਟੀ ਵਿਚ, ਜੋ ਗੁਪਤ ਢੰਗ ਨਾਲ ਕੰਮ ਕਰਦੀ ਹੋਵੇ, ਜਮਹੂਰੀ ਕੇਂਦਰੀਵਾਦੀ ਸਿਧਾਂਤਾਂ ਪ੍ਰਤੀ ਵਚਨਬੱਧ ਹੋਵੇ ਅਤੇ ਸਖ਼ਤ ਜਬਰ ਦਾ ਸਾਹਮਣਾ ਕਰ ਰਹੀ ਹੋਵੇ।' ਜਗਨ ਨੇ ਇਹ ਵੀ ਕਿਹਾ ਕਿ ਜੇ 'ਅਭੈ ਹਥਿਆਰਬੰਦ ਸੰਘਰਸ਼ ਨੂੰ ਛੱਡਕੇ ਮੁੱਖ ਧਾਰਾ ਵਿਚ ਜਾਣਾ ਚਾਹੁੰਦੇ ਹਨ ਤਾਂ ਉਹ ਅਜਿਹਾ ਕਰਨ ਲਈ ਆਜ਼ਾਦ ਹਨ, ਬਸ਼ਰਤੇ ਕਿ ਪਾਰਟੀ ਕਮੇਟੀ ਨੂੰ ਸੂਚਿਤ ਕਰਨ ਅਤੇ ਚਰਚਾ ਕਰਨ। ਇਹ ਵੀ ਕਿ 'ਏਨਾ ਵੱਡੇ ਫ਼ੈਸਲੇ ਦਾ ਜਨਤਕ ਐਲਾਨ ਕਰਕੇ ਉਸ ਨੇ ਪਾਰਟੀ ਕਾਰਕੁਨਾਂ ਅਤੇ ਇਨਕਲਾਬੀ ਖ਼ੇਮੇ ਵਿਚ ਘਚੋਲ਼ੇ ਦੀ ਹਾਲਤ ਪੈਦਾ ਕਰ ਦਿੱਤੀ ਹੈ।'

ਜਗਨ ਦੇ ਬਿਆਨ ਵਿਚ ਮਾਓਵਾਦੀ ਪਾਰਟੀ ਦੇ ਪਹਿਲਾਂ ਵਾਲੇ ਰੁਖ ਨੂੰ ਦੁਹਰਾਉਂਦੇ ਹੋਏ ਕਿਹਾ ਗਿਆ, 'ਮਾਰਚ 2025 ਵਿਚ ਕੁਝ ਜਮਹੂਰੀ ਬੁੱਧੀਜੀਵੀਆਂ ਨੇ ਇਕ ਸ਼ਾਂਤੀ ਸੰਵਾਦ ਕਮੇਟੀ ਬਣਾਈ ਸੀ ਅਤੇ ਤਜਵੀਜ਼ ਪੇਸ਼ ਕੀਤੀ ਸੀ ਕਿ ਸਰਕਾਰ ਅਤੇ ਮਾਓਵਾਦੀ ਪਾਰਟੀ ਵਿਚਕਾਰ ਸ਼ਾਂਤੀ ਗੱਲਬਾਤ ਹੋਣੀ ਚਾਹੀਦੀ ਹੈ। ਉਸ ਤਜਵੀਜ਼ ਦੇ ਜਵਾਬ 'ਚ ਪਾਰਟੀ ਦੀ ਕੇਂਦਰੀ ਕਮੇਟੀ ਨੇ ਆਪਣਾ ਰੁਖ ਸਪਸ਼ਟ ਕਰਦਿਆਂ ਕਿਹਾ ਸੀ ਕਿ ਜੇ ਸਰਚ ਓਪਰੇਸ਼ਨ ਅਤੇ ਕਤਲੇਆਮ ਬੰਦ ਕਰ ਦਿੱਤੇ ਜਾਣ ਅਤੇ ਸੁਰੱਖਿਆ ਬਲਾਂ ਦੇ ਨਵੇਂ ਕੈਂਪ ਬਣਾਉਣੇ ਬੰਦ ਕਰ ਦਿੱਤੇ ਜਾਣ ਤਾਂ ਸ਼ਾਂਤੀਪੂਰਨ ਮਾਹੌਲ ਵਿਚ ਗੱਲਬਾਤ ਹੋ ਸਕਦੀ ਹੈ। ਮਾਓਵਾਦੀ ਪਾਰਟੀ ਦੇ ਮੌਜੂਦਾ ਅਧਿਕਾਰਕ ਬੁਲਾਰੇ 'ਅਭੈ' ਨੇ ਆਪਣੇ ਬਿਆਨ ਵਿੱਚ ਸਾਫ਼ ਕਿਹਾ ਹੈ, 'ਹਥਿਆਰ ਛੱਡ ਦੇਣ ਦਾ ਮਤਲਬ ਉਨ੍ਹਾਂ ਨੂੰ ਦੁਸ਼ਮਣ ਨੂੰ ਸੌਂਪਣਾ ਅਤੇ ਦੁਸ਼ਮਣ ਦੇ ਸਾਹਮਣੇ ਸਰੰਡਰ ਕਰਨਾ ਹੈ।' 'ਅਜਿਹਾ ਕਰਨਾ ਸੋਧਵਾਦੀ ਰਾਹ ਅਖ਼ਤਿਆਰ ਕਰਨਾ ਅਤੇ ਇਨਕਲਾਬ ਨਾਲ ਗ਼ੱਦਾਰੀ ਕਰਨਾ ਹੋਵੇਗਾ।'

ਹਥਿਆਰਾਂ ਬਾਰੇ 'ਅਭੈ' ਨੇ ਸੋਨੂ ਅਤੇ ਉਸਦੇ ਸਾਥੀਆਂ ਨੂੰ ਸਖ਼ਤ ਚੇਤਾਵਨੀ ਦਿੱਤੀ, 'ਸੋਨੂ ਅਤੇ ਉਸਦੇ ਸਾਥੀ ਜੇ ਦੁਸ਼ਮਣ ਦੇ ਸਾਹਮਣੇ ਸਰੰਡਰ ਕਰਨਾ ਚਾਹੁੰਦੇ ਹਨ ਤਾਂ ਉਹ ਸਰੰਡਰ ਕਰਨ ਲਈ ਆਜ਼ਾਦ ਹਨ। ਪਰ ਉਨ੍ਹਾਂ ਨੂੰ ਪਾਰਟੀ ਦੇ ਹਥਿਆਰ ਦੁਸ਼ਮਣ ਨੂੰ ਸੌਂਪਣ ਦਾ ਕੋਈ ਅਧਿਕਾਰ ਨਹੀਂ ਹੈ। ਇਸ ਲਈ ਅਸੀਂ ਮੰਗ ਕਰ ਰਹੇ ਹਾਂ ਕਿ ਉਹ ਆਪਣੇ ਹਥਿਆਰ ਪਾਰਟੀ ਨੂੰ ਸੌਂਪ ਦੇਣ। ਜੇ ਉਹ ਇਸ ਲਈ ਰਾਜ਼ੀ ਨਹੀਂ ਹੋਣਗੇ, ਤਾਂ ਅਸੀਂ ਪੀਐੱਲਜੀਏ ਨੂੰ ਨਿਰਦੇਸ਼ ਦਿੰਦੇ ਹਾਂ ਕਿ ਉਨ੍ਹਾਂ ਤੋਂ ਹਥਿਆਰ ਖੋਹ ਲਏ ਜਾਣ।'

ਸੋਨੂ ਵੱਲੋਂ ਦਿੱਤੇ ਗਏ ਬਿਆਨ ਵਿੱਚ ਬਦਲੇ ਹੋਏ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਹਾਲਾਤ ਦਾ ਹਵਾਲਾ ਦਿੰਦਿਆਂ ਅਸਥਾਈ ਤੌਰ 'ਤੇ ਹਥਿਆਰਬੰਦ ਸੰਘਰਸ਼ ਛੱਡਣ ਦੀ ਗੱਲ ਕਹੀ ਗਈ ਸੀ। ਇਸ ਦਾ ਖੰਡਨ ਕਰਦਿਆਂ 'ਅਭੈ' ਨੇ ਕਿਹਾ ਕਿ ਮੌਜੂਦਾ ਆਰਥਕ-ਸਮਾਜਿਕ ਅਤੇ ਰਾਜਨੀਤਕ ਹਾਲਾਤ ਹਥਿਆਰਬੰਦ ਸੰਘਰਸ਼ ਦੀ ਮੰਗ ਕਰ ਰਹੇ ਹਨ। ਉਸਨੇ ਸੋਨੂ ਉੱਪਰ ਆਪਣੇ ਬਿਆਨ ਵਿਚ ਪਾਰਟੀ ਦੇ ਸਾਬਕਾ ਜਨਰਲ ਸਕੱਤਰ ਬਸਵਾਰਾਜੂ ਦੇ ਬਿਆਨ ਨੂੰ ਤੋੜ-ਮਰੋੜਕੇ ਪੇਸ਼ ਕਰਨ ਦਾ ਦੋਸ਼ ਵੀ ਲਾਇਆ। ਬਸਵਾਰਾਜੂ ਨੂੰ ਪੁਲਿਸ ਵੱਲੋਂ 21 ਮਈ ਨੂੰ ਬਸਤਰ ਦੇ ਅਬੂਝਮਾੜ ਜੰਗਲਾਂ ਵਿਚ ਝੂਠੇ ਮੁਕਾਬਲੇ ਵਿਚ ਮਾਰ ਦਿੱਤਾ ਗਿਆ ਸੀ।

15 ਅਗਸਤ ਦੀ ਡੇਟਲਾਈਨ ਤਹਿਤ ਸੋਨੂੰ ਦੇ 16/17 ਸਤੰਬਰ ਨੂੰ ਮੀਡੀਆ ਤੱਕ ਪਹੁੰਚੇ ਪ੍ਰੈੱਸ ਬਿਆਨ ਅਤੇ ਸਵੈ-ਪੜਚੋਲੀਆ ਚਿੱਠੀ ਵਿਚ ਪਾਰਟੀ ਦੀਆਂ ਕਈ 'ਗੰਭੀਰ ਗਲਤੀਆਂ' ਬਾਰੇ ਮੌਜੂਦਾ ਬੁਲਾਰੇ 'ਅਭੈ' ਦਾ ਬਿਆਨ ਕਹਿੰਦਾ ਹੈ, 'ਜੇਕਰ ਅਜਿਹੀਆਂ ਗਲਤੀਆਂ ਹੋ ਰਹੀਆਂ ਹਨ ਤਾਂ ਸੋਨੂ ਨੂੰ ਪੋਲਿਟ ਬਿਊਰੋ ਵਰਗੀ ਮੁੱਖ ਕਮੇਟੀ ਦਾ ਮੈਂਬਰ ਹੋਣ ਦੇ ਨਾਤੇ ਪਾਰਟੀ ਵਿੱਚ ਰਹਿੰਦੇ ਹੋਏ ਉਨ੍ਹਾਂ ਨੂੰ ਦਰੁਸਤ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਸੀ।' ਇਸੇ ਬਿਆਨ ਵਿਚ ਅੱਗੇ ਕਿਹਾ ਗਿਆ ਕਿ ਜੇਕਰ ਮੁਲਕ ਦੇ ਬਦਲੇ ਹੋਏ ਹਾਲਾਤ ਵਿਚ ਲਮਕਵੇਂ ਲੋਕ-ਯੁੱਧ, ਹਥਿਆਰਬੰਦ ਸੰਘਰਸ਼ ਦਾ ਰਾਹ ਨਹੀਂ ਚਲੇਗਾ ਤਾਂ ਸੋਨੂ ਨੂੰ ਬਦਲਵੀਂ ਲਾਈਨ ਪੇਸ਼ ਕਰਨੀ ਚਾਹੀਦੀ ਸੀ ਅਤੇ ਪਾਰਟੀ ਦੇ ਅੰਦਰ ਅੰਦਰੂਨੀ ਬਹਿਸ (ਟੂ-ਲਾਈਨ ਸਟਰਗਲ) ਕਰਨੀ ਚਾਹੀਦੀ ਸੀ।

ਬਿਆਨ ਵਿਚ ਸੋਨੂ ਵੱਲੋਂ ਆਰਜ਼ੀ ਤੌਰ 'ਤੇ ਹਥਿਆਰਬੰਦ ਸੰਘਰਸ਼ ਤਿਆਗਣ ਦੀ ਪੇਸ਼ਕਸ਼ ਨੂੰ ਧੋਖਾ ਕਰਾਰ ਦਿੰਦਿਆਂ ਕਿਹਾ ਗਿਆ ਕਿ ਇਹ ਨੇਪਾਲ ਦੇ 'ਪਰਚੰਡਾ' ਵੱਲੋਂ ਅਖ਼ਤਿਆਰ ਕੀਤਾ ਗਿਆ ਸੋਧਵਾਦੀ ਰਾਹ ਹੈ। 2006 'ਚ ਨੇਪਾਲ ਦੀ ਮਾਓਵਾਦੀ ਪਾਰਟੀ ਨੇ ਆਪਣੇ ਪ੍ਰਮੁੱਖ ਆਗੂ ਪਰਚੰਡਾ ਦੀ ਅਗਵਾਈ ਹੇਠ ਸ਼ਾਂਤੀ ਸਮਝੌਤੇ ਦੇ ਤਹਿਤ ਹਥਿਆਰਬੰਦ ਸੰਘਰਸ਼ ਤਿਆਗਕੇ ਆਪਣੇ ਸਾਰੇ ਹਥਿਆਰ ਸੰਯੁਕਤ ਰਾਸ਼ਟਰ ਦੀ ਨਿਗਰਾਨੀ ਹੇਠ ਸੀਲਬੰਦ ਕੰਟੇਨਰ ਵਿਚ ਜਮਾਂ ਕਰਾਉਣ ਅਤੇ 'ਚੁਣਾਵੀ ਗਣਰਾਜ' ਦੀ ਸਥਾਪਨਾ ਕਰਨ ਦਾ ਰਾਹ ਅਪਣਾ ਲਿਆ ਸੀ। ਓਦੋਂ ਹੀ ਸੀਪੀਆਈ (ਮਾਓਵਾਦੀ) ਅਤੇ ਦੁਨੀਆ ਦੇ ਹੋਰ ਕਈ ਮਾਓਵਾਦੀ ਗਰੁੱਪਾਂ ਵੱਲੋਂ ਨੇਪਾਲ ਦੀ ਮਾਓਵਾਦੀ ਪਾਰਟੀ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ ਗਿਆ ਸੀ।

ਮੋਦੀ-ਸ਼ਾਹ ਸਰਕਾਰ ਗੱਲਬਾਤ ਰਾਹੀਂ ਰਾਜਨੀਤਕ ਹੱਲ ਕਰਨ ਤੋਂ ਪੂਰੀ ਤਰ੍ਹਾਂ ਇਨਕਾਰੀ ਹੈ ਅਤੇ 31 ਮਾਰਚ 2026 ਤੱਕ ਭਾਰਤ ਨੂੰ 'ਨਕਸਲਵਾਦ-ਮੁਕਤ' ਦੇ ਭਗਵਾ ਫਾਸ਼ੀਵਾਦੀ ਟੀਚੇ ਤਹਿਤ 'ਓਪਰੇਸ਼ਨ ਕਗਾਰ' ਰਾਹੀਂ ਮਾਓਵਾਦੀ ਆਗੂਆਂ, ਕਾਰਕੁਨਾਂ ਅਤੇ ਆਦਿਵਾਸੀਆਂ ਨੂੰ ਘੇਰਕੇ ਬੇਹੱਦ ਕਰੂਰਤਾ ਨਾਲ ਕਤਲ ਕਰਵਾ ਰਹੀ ਹੈ। ਇਸ ਸਾਲ 252 ਮਾਓਵਾਦੀਆਂ ਦੇ ਮੁਕਾਬਲੇ ਬਣਾਏ ਗਏ ਹਨ ਜਿਨ੍ਹਾਂ ਵਿਚ ਜਨਰਲ ਸਕੱਤਰ ਬਸਾਵਾਰਾਜੂ ਸਮੇਤ ਬਹੁਤ ਸਾਰੇ ਸੀਨੀਅਰ ਆਗੂ ਵੀ ਹਨ। ਪਿਛਲੇ ਦੋ ਹਫ਼ਤਿਆਂ ਵਿਚ ਹੀ ਤਿੰਨ ਕੇਂਦਰੀ ਕਮੇਟੀ ਮੈਂਬਰ – ਮੋਡੇਮ ਬਾਲਾਕ੍ਰਿਸ਼ਨਾ, ਕੱਟਾ ਰਾਮਾਚੰਦਰ ਰੈਡੀ ਅਤੇ ਕਡਾਰੀ ਸੱਤਿਆਨਰਾਇਣ ਰੈਡੀ– ਅਤੇ ਕਈ ਹੋਰ ਸੀਨੀਅਰ ਕਾਡਰ ਫੜਕੇ ਮਾਰ ਦਿੱਤੇ ਗਏ ਹਨ।

ਕੇਂਦਰੀ ਕਮੇਟੀ ਦਾ ਅਧਿਕਾਰਕ ਬਿਆਨ ਆਉਣ ਨਾਲ ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਕਰੂਰ ਕਤਲੇਆਮ ਅਤੇ ਵਿਆਪਕ ਜਬਰ ਦਾ ਮੁਕਾਬਲਾ ਕਰਦਿਆਂ ਮਾਓਵਾਦੀ ਲੀਡਰਸ਼ਿੱਪ ਬੇਹੱਦ ਨੁਕਸਾਨ ਹੋਣ ਦੇ ਬਾਵਜੂਦ ਆਪਣੇ ਰਾਜਨੀਤਕ ਅਕੀਦੇ ਉੱਪਰ ਦ੍ਰਿੜ ਹੈ ਅਤੇ ਇਨਕਲਾਬੀ ਟਾਕਰਾ ਲਹਿਰ ਨੂੰ ਮੁੜ ਉਸਾਰਨ ਲਈ ਵਚਨਬੱਧ ਹੈ।

(ਪੇਸ਼ਕਸ਼ : ਬੂਟਾ ਸਿੰਘ ਮਹਿਮੂਦਪੁਰ)

ਜਥੇਬੰਦਕ ਧਰਮਾਂ ਦਾ ਮਾਇਆ ਜਾਲ

ਲੜੀ ਨੰ. 22

# ਪੈਗੰਬਰ ਅਧਾਰਿਤ ਨਕਲੀ ਧਰਮ

**ਨੋਟ : ਅੱਜ ਦੇ ਪ੍ਰਚਲਤ ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ।ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਮਾਇਆ ਜਾਲ ਵਿੱਚ ਫਸਾ ਲੈਂਦੇ।ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ।ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ।ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਇਸ ਤਰ੍ਹਾਂ ਅਫਰੀਕਾ ਦੀ ਧਰਤੀ ਤੇ ਪੈਦਾ ਹੋਏ ਮੰਨੇ ਜਾਂਦੇ ਪਹਿਲੇ ਮਨੁੱਖ ਹੌਲੀ ਹੌਲੀ ਹਜ਼ਾਰਾਂ ਸਾਲਾਂ ਵਿੱਚ ਦੁਨੀਆਂ ਭਰ ਦੇ ਵੱਖ-ਵੱਖ ਖਿਤਿਆਂ ਵਿੱਚ ਜਾ ਵਸੇ। ਇਸੇ ਦੌਰ ਦਾ ਦੂਜਾ ਪੱਖ ਇਹ ਸੀ ਕਿ ਜਿਥੇ ਮਨੁੱਖ ਨੂੰ ਹੋਰ ਜੰਗਲੀ ਜਾਨਵਰਾਂ ਤੇ ਕਬੀਲਿਆਂ ਦੇ ਹਮਲਿਆਂ ਦਾ ਡਰ ਸੀ, ਉਥੇ ਉਸਨੂੰ ਕੁਦਰਤੀ ਆਫਤਾਂ (ਮੀਂਹ, ਹਨ੍ਹੇਰੀ, ਤੂਫਾਨ, ਹੜ੍ਹ, ਭੂਚਾਲ, ਬਿਜਲੀ ਲਿਸ਼ਕਣੀ ਆਦਿ) ਦਾ ਡਰ ਵੀ ਹਮੇਸ਼ਾਂ ਬਣਿਆ ਰਹਿੰਦਾ ਸੀ। ਉਨ੍ਹਾਂ ਸਮਿਆਂ ਵਿੱਚ ਹੀ ਜਿਥੇ ਸਰੀਰਕ ਤੌਰ ’ਤੇ ਤਕੜੇ ਲੋਕ ਆਪਣੇ ਕਬੀਲੇ ਜਾਂ ਸਮੂਹ ਦੇ ਰਖਵਾਲੇ ਬਣ ਕੇ ਰਾਜ ਕਰਨ ਲੱਗੇ, ਜਿਥੋਂ ਮਨੁੱਖੀ ਇਤਿਹਾਸ ਵਿੱਚ ਰਾਜਨੀਤੀ ਦੀ ਸ਼ੁਰੂਆਤ ਹੋਈ। ਉਥੇ ਦਿਮਾਗੀ ਤੌਰ ’ਤੇ ਵੱਧ ਵਿਕਸਤ ਲੋਕ ਇਨ੍ਹਾਂ ਸਮੂਹਾਂ ਤੇ ਰਾਜ ਕਰਨ ਲਈ ਆਪਣੀਆਂ ਵੱਖਰੀਆਂ ਸਕੀਮਾਂ ਘੜਨ ਲੱਗੇ ਤਾਂ ਕਿ ਉਹ ਵੀ ਉਨ੍ਹਾਂ ਵਾਂਗ ਆਮ ਵਿਅਕਤੀਆਂ ਤੇ ਰਾਜ ਕਰਨ ਅਤੇ ਵਿਹਲੇ ਬੈਠ ਕੇ ਖਾਣ। ਉਨ੍ਹਾਂ ਨੇ ਕੁਦਰਤੀ ਆਫਤਾਂ ਤੋਂ ਮਨੁੱਖੀ ਮਨ ਦੇ ਡਰ ਨੂੰ ਭਾਂਪ ਕੇ ਉਨ੍ਹਾਂ ਤੋਂ ਬਚਾਅ ਲਈ ਨੁਸਖੇ ਕੱਢਣੇ ਸ਼ੁਰੂ ਕੀਤੇ, ਜਿਥੋਂ ਧਰਮ ਦੀ ਸ਼ੁਰੂਆਤ ਹੋਈ। ਬਾਅਦ ਵਿੱਚ ਅਜਿਹੇ ਬੌਧਿਕ ਤੌਰ ’ਤੇ ਵੱਧ ਵਿਕਸਤ ਲੋਕ ਧਰਮਾਂ ਦੀ ਪੁਜਾਰੀ ਕਲਾਸ ਬਣੀ। ਅਜਿਹੇ ਪੁਜਾਰੀ ਲੋਕਾਂ ਨੇ ਹੌਲੀ ਹੌਲੀ ਇਹ ਸੰਕਲਪ ਮਨੁੱਖੀ ਸਮੂਹਾਂ ਅੰਦਰ ਵਿਕਸਤ ਕਰ ਲਿਆ ਕਿ ਇਨ੍ਹਾਂ ਕੁਦਰਤੀ ਆਫਤਾਂ ਪਿਛੇ ਇੱਕ ਸ਼ਕਤੀ ਕੰਮ ਕਰਦੀ ਹੈ, ਜਿਸਨੂੰ ਖੁਸ਼ ਕਰਕੇ ਇਨ੍ਹਾਂ ਤੋਂ ਬਚਿਆ ਵੀ ਜਾ ਸਕਦਾ ਹੈ ਤੇ ਉਸ ਤੋਂ ਆਪਣੇ ਲਈ ਫਾਇਦਾ ਵੀ ਲਿਆ ਜਾ ਸਕਦਾ ਹੈ। ਸਮਾਂ ਪੈਣ ਨਾਲ ਮਨੁੱਖ ਇਨ੍ਹਾਂ ਦੋਨਾਂ ਕਿਸਮ ਦੇ ਲੋਕਾਂ ਦੇ ਸੋਸ਼ਣ ਦਾ ਸ਼ਿਕਾਰ ਹੋਣ ਲੱਗਾ ਤਾਂ ਫਿਰ ਕੁੱਝ ਲੋਕ ਇਨ੍ਹਾਂ ਖਿਲਾਫ ਖੜ੍ਹਨੇ ਸ਼ੁਰੂ ਹੋ ਗਏ। ਉਨ੍ਹਾਂ ਸਮਿਆਂ ਵਿੱਚ ਰਾਜਨੀਤਕਾਂ ਤੇ ਪੁਜਾਰੀਆਂ ਨੇ ਆਪਣੇ ਬਚਾਅ ਲਈ ਆਪਸ ਵਿੱਚ ਸਮਝੌਤਾ ਕਰ ਲਿਆ। ਫਿਰ ਇਹ ਰਲ ਕੇ ਮਨੁੱਖ ਨੂੰ ਲੁੱਟਣ ਲੱਗੇ, ਉਨ੍ਹਾਂ ਦਾ ਸੋਸ਼ਣ ਕਰਨ ਲੱਗੇ। ਫਿਰ ਇਨ੍ਹਾਂ ਵਿਚੋਂ ਹੀ ਬਹੁਤ ਲੋਕ ਆਪਣੀ ਸਰੀਰਕ ਜਾਂ ਦਿਮਾਗੀ ਤਾਕਤ ਨਾਲ ਵੱਧ ਸਾਧਨ ਇੱਕਠੇ ਕਰਨ ਵਿੱਚ ਕਾਮਯਾਬ ਹੋ ਗਏ ਤਾਂ ਇਸਨੇ ਮਨੁੱਖੀ ਸਮਾਜ ਵਿੱਚ ਇੱਕ ਨਵੀਂ ਕਲਾਸ ਨੂੰ ਜਨਮ ਦਿੱਤਾ, ਜੋ ਕਿ ਵੱਖ-ਵੱਖ ਨਾਮਾਂ ਹੇਠ ਵਿਚਰਦੀ ਹੋਈ ਅੱਜ ਸਰਮਾਏਦਾਰੀ ਦੇ ਨਾਮ ਹੇਠ ਕੰਮ ਕਰ ਰਹੀ ਹੈ। ਇਨ੍ਹਾਂ ਤਿੰਨੇ ਜਮਾਤਾਂ (ਰਾਜਨੀਤਕਾਂ, ਪੁਜਾਰੀਆਂ ਤੇ ਸਰਮਾਏਦਾਰਾਂ) ਨੇ ਅੱਜ ਦੇ ਪ੍ਰਚਲਤ ਜਥੇਬੰਧਕ ਧਰਮਾਂ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਸਮਾਜ ਵਿੱਚ ਰਲ ਕੇ ਸੋਸ਼ਣ ਕਰਨਾ ਸ਼ੁਰੂ ਕੀਤਾ ਹੋਇਆ ਸੀ। ਜੇ ਕੋਈ ਸੋਚੇ ਕਿ ਸ਼ਾਇਦ ਅੱਜ ਧਰਮ, ਰਾਜਨੀਤੀ ਤੇ ਸਰਮਾਏਦਾਰੀ ਦੀ ਤਿਕੜੀ ਲੋਕਾਂ ਨੂੰ ਲੁੱਟ ਰਹੀ ਹੈ, ਅਜਿਹਾ ਨਹੀਂ ਹੈ, ਅਸਲ ਵਿੱਚ ਧਰਮਾਂ ਦੀ ਸ਼ੁਰੂਆਤ ਹੀ ਇਨ੍ਹਾਂ ਦੇ ਸੋਸ਼ਣ ਦੇ ਖਿਲਾਫ ਹੋਈ ਸੀ। ਫਰਕ ਸਿਰਫ ਇਹ ਹੈ ਕਿ ਉਹ ਧਰਮ (ਵਿਚਾਰਧਾਰ) ਜੋ ਇਨ੍ਹਾਂ ਖਿਲਾਫ ਖੜ੍ਹਾ ਹੁੰਦਾ ਸੀ, ਸਮਾਂ ਪਾ ਕੇ ਇਹ ਨਵੇਂ ਰੂਪ ਵਿੱਚ ਇਨ੍ਹਾਂ ਤੇ ਕਾਬਿਜ਼ ਹੋ ਕੇ ਇੱਕ ਨਵਾਂ ਫਿਰਕਾ ਖੜ੍ਹਾ ਕਰ ਲੈਂਦੇ ਰਹੇ। ਸਾਰੇ ਧਰਮਾਂ ਨਾਲ ਇਹੀ ਕੁੱਝ ਵਾਪਰਿਆ ਹੈ।

ਅਗਰ ਅੱਜ ਦੇ ਪ੍ਰਚਲਤ ਧਰਮਾਂ ਦਾ ਸ਼ੁਰੂਆਤੀ ਇਤਿਹਾਸ ਦੇਖੋ ਤਾਂ ਪਤਾ ਚਲਦਾ ਹੈ ਕਿ ਧਰਮ ਦੇ ਪੈਗੰਬਰ, ਗੁਰੂ, ਰਹਿਬਰ, ਇਨਕਲਾਬੀ ਮਹਾਂਪੁਰਸ਼ ਆਦਿ ਨੇ ਇਸ ਤਿਕੜੀ ਵਲੋਂ ਮਨੁੱਖੀ ਸਮਾਜ ਦੇ ਕੀਤੇ ਜਾ ਰਹੇ ਸੋਸ਼ਣ ਖਿਲਾਫ ਆਵਾਜ਼ ਉਠਾਈ ਸੀ। ਆਪਣੇ ਜੀਵਨ ਕਾਲ ਵਿੱਚ ਇਨ੍ਹਾਂ ਖਿਲਾਫ ਸੰਘਰਸ਼ ਲੜਿਆ ਤੇ ਬਹੁਤੀ ਵਾਰ ਇਨ੍ਹਾਂ ਨੇ ਰਲ਼ ਕੇ ਅਜਿਹੇ ਇਨਕਲਾਬੀ ਮਹਾਂਪੁਰਸ਼ਾਂ ਨੂੰ ਸਰੀਰਕ ਤੌਰ ਤੇ ਖਤਮ ਕਰ ਦਿੱਤਾ ਜਾਂ ਜਿਹੜੇ ਬਚ ਜਾਦੇ ਰਹੇ, ਉਨ੍ਹਾਂ ਦੇ ਇਸ ਸੰਸਾਰ ਤੋਂ ਜਾਣ ਬਾਅਦ ਨਵੇਂ ਢੰਗ ਨਾਲ ਉਸਦੀ ਵਿਚਾਰਧਾਰਾ ਤੇ ਕਬਜਾ ਕਰਕੇ, ਉਸਨੂੰ ਆਪਣੇ ਹਿੱਤ ਵਿੱਚ ਸੂਤ ਬੈਠਦਾ ਨਵਾਂ ਰੰਗ ਦੇ ਦਿੰਦੇ। ਪ੍ਰਚਲਤ ਜਥੇਬੰਧਕ ਧਰਮਾਂ ਦੀ ਦੁਨੀਆਂ ਵਿੱਚ ਅੱਜ ਦੋ ਵਿਚਾਰਧਰਾਵਾਂ ਚੱਲ ਰਹੀਆਂ ਹਨ, ਜੋ ਕਿ ਤਕਰੀਬਨ ਮਨੁੱਖੀ ਇਤਿਹਾਸ ਦੇ ਲਿਖਤੀ ਦੌਰ ਤੋਂ ਹੀ ਚੱਲ ਰਹੀਆਂ ਹਨ। ਇੱਕ ਵਿਚਾਰਧਾਰਾ ਨੂੰ ਪੂਰਬੀ ਵਿਚਾਰਧਾਰਾ ਤੇ ਇੱਕ ਨੂੰ ਪੱਛਮੀ ਵਿਚਾਰਧਾਰਾ ਕਿਹਾ ਜਾਂਦਾ ਹੈ, ਭਾਵੇਂ ਕਿ ਦੋਨੋ ਵਿਚਾਰਧਰਾਵਾਂ ਅਸਲ ਵਿੱਚ ਪੂਰਬੀ ਹੀ ਹਨ ਕਿਉਂਕਿ ਤਕਰੀਬਨ ਸਾਰੇ ਧਰਮ ਪੂਰਬ ਵਿੱਚ ਹੀ ਪੈਦਾ ਹੋਏ ਹਨ। ਕੋਈ ਵੀ ਧਰਮ ਪੱਛਮੀ ਦੇਸ਼ਾਂ ਵਿੱਚ ਪੈਦਾ ਨਹੀਂ ਹੋਇਆ, ਪਰ ਪੱਛਮੀ ਦੇਸ਼ਾਂ ਨੇ ਬਾਅਦ ਵਿੱਚ ਇਸਾਈਅਤ ਨੂੰ ਆਪਣਾ ਪ੍ਰਮੁੱਖ ਧਰਮ ਬਣਾਉਣ ਕਾਰਨ ਇਸਨੂੰ ਪੱਛਮੀ ਧਰਮ ਕਿਹਾ ਜਾਣ ਲੱਗਾ। ਪੂਰਬੀ ਧਰਮਾਂ ਦੀ ਪ੍ਰੰਪਰਾ ਵਿੱਚ ਪ੍ਰਮੁੱਖ ਜਥੇਬੰਧਕ ਧਰਮਾਂ ਵਿੱਚ ਵੇਦਾਂਤਿਕ (ਹਿੰਦੂ), ਜੈਨ, ਬੁੱਧ, ਪਾਰਸੀ, ਸਿੱਖ ਆਦਿ ਸ਼ਾਮਿਲ ਹਨ ਤੇ ਪੱਛਮੀ ਧਰਮਾਂ ਦੀ ਪ੍ਰੰਪਰਾ ਵਿੱਚ ਯਹੂਦੀ, ਇਸਾਈ ਤੇ ਇਸਲਾਮ ਪ੍ਰਮੁੱਖ ਜਥੇਬੰਧਕ ਧਰਮ ਹਨ। ਭਾਵੇਂ ਕਿ ਅੱਗੇ ਇਨ੍ਹਾਂ ਪੂਰਬੀ ਤੇ ਪੱਛਮੀ ਧਰਮਾਂ ਦੇ ਸੈਂਕੜੇ ਛੋਟੇ-ਵੱਡੇ ਫਿਰਕੇ ਹਨ। ਅਗਰ ਅਸੀਂ ਇਨ੍ਹਾਂ ਸਾਰੇ ਜਥੇਬੰਧਕ ਧਰਮਾਂ ਦਾ ਇਤਿਹਾਸ ਦੇਖੀਏ ਤਾਂ ਪਤਾ ਲਗਦਾ ਹੈ ਕਿ ਪੱਛਮੀ ਧਰਮਾਂ ਵਿਚੋਂ ਸਭ ਤੋਂ ਪੁਰਾਣੇ ਧਰਮ ਯਹੂਦੀ ਦੇ ਪੈਗੰਬਰ ਮੌਜ਼ਿਜ਼ ਨੇ ਆਪਣੇ ਪਿਤਾ ਪੁਰਖੀ ਕਬੀਲਿਆਂ ਦੇ ਲੋਕਾਂ ਨੂੰ ਈਜਿਪਟ ਤੇ ਰਾਜ ਕਰ ਰਹੇ ਕਬੀਲਿਆਂ ਤੋਂ ਆਜ਼ਾਦ ਕਰਾਉਣ ਲਈ ਸੰਘਰਸ਼ ਕੀਤਾ, ਜਿਨ੍ਹਾਂ ਨੂੰ 400 ਸਾਲ ਤੋਂ ਇਨ੍ਹਾਂ ਕਬੀਲਿਆਂ ਨੇ ਗੁਲਾਮ ਬਣਾਇਆ ਹੋਇਆ ਸੀ। ਯਾਦ ਰਹੇ ਮੌਜ਼ਿਜ਼ ਦੇ ਪਿਤਾ ਪੁਰਖੀ ਕਬੀਲੇ ਲੰਬਾ ਸਮਾਂ ਪਹਿਲਾਂ ਉਥੇ ਦੇ ਸ਼ਾਸਕਾਂ ਦੇ ਜ਼ੁਲਮਾਂ ਦੇ ਸਤਾਏ ਗੁਲਾਮੀ ਕਬੂਲਣ ਦੀ ਥਾਂ ਹੋਰ ਇਲਾਕਿਆਂ ਵਿੱਚ ਨੂੰ ਹਿਜਰਤ ਕਰ ਗਏ ਸਨ, ਮੌਜ਼ਿਜ਼ ਨੇ ਆਪਣੇ ਲੋਕਾਂ ਨੂੰ ਆਜ਼ਾਦ ਕਰਾਕੇ ਇਤਿਹਾਸ ਦਾ ਨਵਾਂ ਵਰਕਾ ਲਿਖਿਆ, ਪਰ ਸਮਾਂ ਪਾ ਕੇ ਉਸਦੀ ਵਿਚਾਰਧਾਰਾ ਦੇ ਅਧਾਰ ਤੇ ਖੜੇ ਹੋਏ ‘ਯਹੂਦੀ’ ਧਰਮ ਤੇ ਫਿਰ ਉਹੀ ਜਮਾਤਾਂ ਕਾਬਿਜ ਹੋ ਗਈਆਂ, ਜਿਨ੍ਹਾਂ ਖਿਲਾਫ ਉਨ੍ਹਾਂ ਦੇ ਪੈਗੰਬਰ ਨੇ ਅਜ਼ਾਦੀ ਲਈ ਸੰਘਰਸ਼ ਕੀਤਾ ਸੀ। ਕੁੱਝ ਸਦੀਆਂ ਬਾਅਦ ਫਿਰ ਉਹੀ ਯਹੂਦੀ ਰੋਮਨ ਸ਼ਾਸਨ ਦੇ ਅਧੀਨ ਲੋਕਾਂ ਨੂੰ ਗੁਲਾਮ ਬਣਾ ਕੇ ਸੋਸ਼ਨ ਕਰਨ ਲੱਗੇ ਤਾਂ ਤਕਰੀਬਨ 1000 ਸਾਲ ਬਾਅਦ ਇੱਕ ਗਰੀਬ ਘਰ ਵਿੱਚ ਪੈਦਾ ਹੋਏ ਜੀਸਸ ਨੇ ਇਸ ਰੋਮਨ ਸਾਮਰਾਜ ਖਿਲਾਫ ਲੋਕਾਂ ਨੂੰ ਲਾਮਬੰਦ ਕੀਤਾ, ਉਨ੍ਹਾਂ ਖਿਲਾਫ ਸੰਘਰਸ ਲੜਦਿਆਂ ਸ਼ਹਾਦਤ ਪਾਈ ਤੇ ਮਨੁੱਖਤਾ ਨੂੰ ਨਵਾਂ ਮਾਰਗ ਦਿੱਤਾ, ਜਿਸ ਦੇ ਨਾਮ ਤੇ ਇੱਕ ਨਵਾਂ ਧਾਰਮਿਕ ਫਿਰਕਾ ‘ਇਸਾਈ’ ਹੋਂਦ ਵਿੱਚ ਆਇਆ, ਜਿਸਨੇ ਵੀ ਬਾਅਦ ਵਿੱਚ ਉਹੀ ਕੁੱਝ ਕੀਤਾ, ਜੋ ਕੁੱਝ ਪਹਿਲਾਂ ‘ਯਹੂਦੀ’ ਧਰਮ ਤੇ ਕਾਬਿਜ਼ ਲੋਕਾਂ ਨੇ ਕੀਤਾ ਸੀ। ਇਸਾਈਆਂ ਦਾ 2000 ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਿਸ ਤਰ੍ਹਾਂ ਆਪਣੇ ਪਹਿਲੇ ਦੌਰ ਵਿੱਚ ਕਰੂਸੇਡਜ਼ ਦੇ ਨਾਂ ਤੇ ਇਸਾਈਅਤ ਤੇ ਕਾਬਿਜ਼ ਧਿਰਾਂ ਨੇ ਗੈਰ ਇਸਾਈਆਂ ਤੇ ਜ਼ਬਰ ਜ਼ੁਲਮ ਕੀਤੇ ਅਤੇ ਬਾਅਦ ਵਿੱਚ ਬਸਤੀਵਾਦੀ ਗੋਰੇ ਹਾਕਮਾਂ ਨਾਲ ਰਲ਼ ਕੇ ਆਪਣੀ ਰਾਜਸੀ ਹਵਸ ਪੂਰੀ ਕਰਨ ਲਈ ਦੂਜੀਆਂ ਕੌਮਾਂ ਨੂੰ ਗੁਲਾਮ ਬਣਾਇਆ। ਇਸੇ ਤਰ੍ਹਾਂ ਜਦੋਂ ਅਸੀਂ ਇਸਲਾਮ ਦਾ ਇਤਿਹਾਸ ਵਾਚਦੇ ਹਾਂ ਤਾਂ ਪਤਾ ਚਲਦਾ ਹੈ ਕਿ ਕਿਵੇਂ ਯਹੂਦੀਆਂ, ਇਸਾਈਆਂ ਜਾਂ ਮੂਰਤੀ ਪੂਜ ਅਰਬਾਂ ਦੀਆਂ ਗਲਤ ਮਨੌਤਾਂ ਅਤੇ ਸਥਾਪਤੀ ਵਿਰੁੱਧ ਯਹਾਦ ਖੜਾ ਕਰਨ ਵਾਲੇ ਪੈਗੰਬਰ ਮੁਹੰਮਦ ਦੇ ਨਾਮ ਤੇ ਨਵਾਂ ਖੜਾ ਹੋਇਆ ਫਿਰਕਾ ‘ਇਸਲਾਮ’ ਵੀ ਆਪਣੇ ਪੈਰ ਜਮਾਉਣ ਤੋਂ ਬਾਅਦ ਉਸੇ ਰਾਹ ਤੁਰਿਆ, ਜਿਸ ਰਾਹ ਤੇ ਯਹੂਦੀ ਤੇ ਇਸਾਈ ਤੁਰੇ ਸਨ। ਇਸਲਾਮ ਨੂੰ ਮੰਨਣ ਵਾਲੇ ਸ਼ਾਸਕਾਂ ਨੇ ਆਪਣੀ ਰਾਜ ਵਧਾਉਣ (ਜਾਂ ਇਸਲਾਮ ਵਧਾਉਣ) ਦੀ ਹਵਸ ਵਿੱਚ ਜੋ ਜ਼ੁਲਮ ਗੈਰ ਮੁਸਲਮਾਨਾਂ (ਕਾਫਰਾਂ) ਤੇ ਕੀਤੇ ਉਨ੍ਹਾਂ ਨੂੰ ਪੜ੍ਹ ਕੇ ਅੱਜ ਦੇ ਮਨੁੱਖ ਦਾ ਸਿਰ ਸ਼ਰਮ ਨਾਲ ਝੁਕਦਾ ਹੈ। ਉਨ੍ਹਾਂ ਦੀ ਇਹ ਪ੍ਰੰਪਰਾ ਅੱਜ ਵੀ ਜਾਰੀ ਹੈ, ਜਦੋਂ ਕੱਟੜਪੰਥੀ ਇਸਲਾਮਿਕ ਗੁੱਟ ਦੁਨੀਆਂ ਭਰ ਵਿੱਚ ਇੱਕ ਨਵੀਂ ਕਿਸਮ ਦੀ ਦਹਿਸ਼ਤਗਰਦੀ ਹੇਠ ਇਸਲਾਮ ਦਾ ਰਾਜ ਸਥਾਪਤ ਕਰਨ ਲਈ ਬੇਗੁਨਾਹਾਂ ਦਾ ਖੂਨ ਵਹਾ ਰਹੇ ਹਨ। ਜੇ ਇਸਾਈ ਹਾਕਮ ਗੈਰ ਇਸਾਈਆਂ ਤੇ ਜ਼ੁਲਮ ਕਰਦੇ ਸਨ ਤਾਂ ਪਾਦਰੀ ਹੱਥ ਵਿੱਚ ਬਾਈਬਲ ਫੜੀ ਉਸਦੇ ਮੋਢੇ ਨਾਲ ਮੋਢਾ ਜੋੜ ਕੇ ਤੁਰਦਾ ਸੀ। ਇਸੇ ਤਰ੍ਹਾਂ ਇਸਲਾਮ ਦਾ ਰਾਜ ਦੁਨੀਆਂ ਵਿੱਚ ਸਥਾਪਿਤ ਕਰਨ ਦੇ ਨਾਮ ਹੇਠ ਜ਼ੁਲਮ ਕਮਾਉਣ ਵਾਲੇ ਮੁਸਲਿਮ ਹਾਕਮਾਂ ਦੇ ਇਸ਼ਾਰੇ ਤੇ ਫਤਵੇ ਜਾਰੀ ਕਰਨ ਵਾਲਾ ਕਾਜ਼ੀ ਜਾਂ ਮੁੱਲਾਂ ਉਨ੍ਹਾਂ ਤੋਂ ਮੂਹਰੇ ਹੁੰਦਾ ਸੀ।

ਹੁਣ ਜੇ ਅਸੀਂ ਪੂਰਬੀ ਧਰਮਾਂ ਦਾ ਇਤਿਹਾਸ ਦੇਖਦੇ ਹਾਂ ਤਾਂ ਇਨ੍ਹਾਂ ਵਿੱਚ ਹਿੰਦੂਆਂ ਦਾ ਪੱਛਮੀ ਧਰਮਾਂ ਵਾਂਗ ਨਾ ਕੋਈ ਇੱਕ ਪੈਗੰਬਰ ਹੈ ਤੇ ਨਾ ਹੀ ਕੋਈ ਇੱਕ ਗ੍ਰੰਥ। ਇਸ ਵਿੱਚ ਅਨੇਕਾਂ ਪੈਗੰਬਰ, ਦੇਵੀ-ਦੇਵਤੇ ਤੇ ਗ੍ਰੰਥ ਹਨ। ਇਤਿਹਾਸ ਮੁਤਾਬਿਕ ਮੱਧ ਏਸ਼ੀਆ ਤੋਂ ਜਿਹੜੇ ਆਰੀਅਨ ਕਬੀਲੇ ਤਕਰੀਬਨ 4000 ਸਾਲ ਪਹਿਲਾਂ ਇਥੇ ਆਏ ਸਨ, ਉਨ੍ਹਾਂ ਨੇ ਇਥੇ ਦੇ ਮੂਲ ਵਸਨੀਕ ਦਰਾਵੜਾਂ ਨੂੰ ਹਰਾ ਕੇ, ਉਨ੍ਹਾਂ ਨੂੰ ਗੁਲਾਮ ਬਣਾ ਕੇ ਜੋ ਰਾਜ ਸਥਾਪਿਤ ਕੀਤਾ, ਉਸ ਵਿਚੋਂ ਹੀ ਹਿੰਦੂ ਧਰਮ ਦਾ ਵਿਕਾਸ ਹੋਇਆ। ਹਿੰਦੂ ਹੁਕਮਰਾਨਾਂ ਨੇ ਆਪਣੇ 4000 ਸਾਲ ਦੇ ਇਤਿਹਾਸ ਵਿੱਚ ਬੋਧੀਆਂ ਦਾ ਵੱਡੇ ਪੱਧਰ ਤੇ ਕਤਲੇਆਮ ਕਰਨ ਤੋਂ ਇਲਾਵਾ, ਇਸਾਈ ਤੇ ਮੁਸਲਿਮ ਸ਼ਾਸਕਾਂ ਵਾਂਗ ਲੋਕਾਂ ਤੇ ਸਿੱਧੇ ਜ਼ੁਲਮ ਘੱਟ ਕੀਤੇ ਸਨ ਅਤੇ ਆਪਣਾ ਧਰਮ ਫੈਲਾਉਣ ਲਈ ਉਹ ਭਾਰਤ ਤੋਂ ਬਾਹਰ ਵੀ ਹਮਲਾਵਰ ਹੋ ਕੇ ਨਹੀਂ ਗਏ। ਪਰ ਉਨ੍ਹਾਂ ਨੇ ਭਾਰਤ ਦੇ ਮੂਲ ਨਿਵਾਸੀ ਦਰਾਵੜਾਂ ਨੂੰ ਗੁਲਾਮ ਬਣਾ ਕੇ ਰੱਖਣ ਲਈ ਸਮਾਜ ਵਿੱਚ ਜਾਤ-ਪਾਤ ਦੇ ਨਾਮ ਤੇ ਜੋ ਜ਼ੁਲਮ ਕੀਤੇ, ਉਹ ਸਾਰੀ ਦੁਨੀਆਂ ਦੇ ਸ਼ਾਸਕਾਂ ਦੇ ਜ਼ੁਲਮਾਂ ਨੂੰ ਮਾਤ ਪਾਉਂਦੇ ਹਨ ਤੇ ਮਨੁੱਖਤਾ ਨੂੰ ਅੱਜ ਵੀ ਸ਼ਰਮਸਾਰ ਕਰਦੇ ਹਨ। ਇਸੇ ਤਰ੍ਹਾਂ ਬੁੱਧ ਧਰਮ ਜੋ ਕਿ ਆਰੀਅਨਾਂ (ਬ੍ਰਾਹਮਣਾਂ) ਦੇ ਖਿਲਾਫ ਖੜਾ ਹੋਇਆ ਪੂਰਬ ਵਿੱਚ ਪਹਿਲਾਂ ਵੱਡਾ ਧਰਮ ਸੀ, ਜੇ ਉਸਦਾ ਇਤਿਹਾਸ ਦੇਖੋ ਤਾਂ ਉਸਦਾ ਵਿਸਤਾਰ ਵੀ ਰਾਜਸੀ ਤਾਕਤ ਤੇ ਤਲਵਾਰ ਦੇ ਜੋਰ ਨਾਲ ਹੋਇਆ ਤੇ ਬਾਅਦ ਵਿੱਚ ਹਿੰਦੂ ਸ਼ਾਸਕਾਂ ਤੇ ਸ਼ੰਕਰਾਚਾਰੀਆ ਵਰਗਿਆਂ ਨੇ ਉਸਦਾ ਖਾਤਮਾ ਵੀ ਤਲਵਾਰ ਦੇ ਜੋਰ ਨਾਲ ਹੀ ਕੀਤਾ। ਅੱਜ ਇਹ ਧਰਮ ਜਿਸ ਬ੍ਰਾਹਮਣਵਾਦ ਵਿਰੁੱਧ ਲੜਨ ਲਈ ਖੜਾ ਹੋਇਆ ਸੀ, ਉਸਦਾ ਹੀ ਅੰਗ ਬਣ ਚੁੱਕਾ ਹੈ। ਇਸੇ ਤਰ੍ਹਾਂ ਜੈਨ ਧਰਮ ਜੋ ਕਿ ਆਰੀਅਨਾਂ ਦੇ ਵੇਦਾਂਤਿਕ ਧਰਮ ਦੇ ਬਰਬਾਬਰ ਖੜ੍ਹਾ ਹੋਇਆ ਧਰਮ ਸੀ, ਉਸਦਾ ਅੰਤ ਉਸੇ ਵੇਦਾਂਤਿਕ ਵਿਚਾਰਧਾਰਾ ਵਿੱਚ ਹੋ ਚੁੱਕਾ ਹੈ। ਉਹ ਹਿੰਦੂਆਂ ਦਾ ਹੀ ਇੱਕ ਫਿਰਕਾ ਬਣ ਚੁੱਕਾ ਹੈ। ਬ੍ਰਹਮਣਵਾਦ ਉਸਨੂੰ ਪੂਰੀ ਤਰ੍ਹਾਂ ਨਿਗਲ ਚੁੱਕਾ ਹੈ। ਪਾਰਸੀ ਧਰਮ ਜਿਹੜਾ ਕਿ ਇਰਾਨ ਵਿੱਚ ਸ਼ੁਰੂ ਹੋਇਆ, ਪਰ ਸਥਾਪਤੀ ਦੇ ਉਲਟ ਖੜਨ ਕਰਕੇ ਉਥੇ ਬਹੁਤਾ ਚਿਰ ਟਿਕ ਨਾ ਸਕਿਆ, ਸਮੇਂ ਦੇ ਹਾਕਮਾਂ ਦੇ ਸਤਾਏ ਪਾਰਸੀ ਹਿੰਦੁਸਤਾਨ ਵਿੱਚ ਆ ਵਸੇ, ਇਥੇ ਇਨ੍ਹਾਂ ਦਾ ਅੰਤ ਬ੍ਰਾਹਮਣਵਾਦ ਦੇ ਸਮੁੰਦਰ ਵਿੱਚ ਹੋ ਚੁੱਕਾ ਹੈ। ਇਹ ਧਰਮ ਗਿਣਤੀ ਪੱਖੋਂ ਖਾਤਮੇ ਕਿਨਾਰੇ ਹੈ। ਸਿੱਖ ਧਰਮ ਜੋ ਕਿ ਧਰਮਾਂ ਦੀ ਦੁਨੀਆਂ ਵਿੱਚ ਸਭ ਤੋਂ ਨਵਾਂ ਧਰਮ ਹੈ, ਇਹ ਜਿਥੇ ਉਸ ਸਮੇਂ ਤੱਕ ਪ੍ਰਚਲਤ ਧਾਰਮਿਕ ਫਿਰਕਿਆਂ ਵਲੋਂ ਧਰਮ ਦੇ ਨਾਮ ਤੇ ਮਨੁੱਖਤਾ ਦੇ ਕੀਤੇ ਜਾ ਰਹੇ ਸੋਸ਼ਣ ਖਿਲਾਫ ਖੜਾ ਹੋਇਆ, ਸਮੇਂ ਦੀਆਂ ਜਾਬਰ ਹਕੂਮਤਾਂ ਨਾਲ ਵੀ ਜੂਝਿਆ। ਲੰਬਾ ਸਮਾਂ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰਦਾ ਰਿਹਾ, ਪਰ ਜਦੋਂ ਇਸਦੇ ਅਨੁਆਈਆਂ ਨੂੰ ਰਾਜ ਹਾਸਿਲ ਹੋਇਆ ਤਾਂ ਉਨ੍ਹਾਂ ਨੇ ਵੀ ਪੁਰਾਣੇ ਧਰਮਾਂ ਦੇ ਸ਼ਾਸਕਾਂ ਵਾਂਗ ਰਾਜਸੀ ਤਾਕਤ ਤੇ ਤਲਵਾਰ ਦੇ ਜ਼ੋਰ ਨਾਲ ਰਾਜ ਵਧਾਉਣ ਦੀ ਕੋਸ਼ਿਸ਼ ਕੀਤੀ। ਬੇਸ਼ਕ ਉਹ ਇਸ ਵਿੱਚ ਲੰਬਾ ਸਮਾਂ ਕਾਮਯਾਬ ਨਹੀਂ ਰਹਿ ਸਕੇ। ਪਰ 500 ਸਾਲ ਦੇ ਇਤਿਹਾਸ ਤੋਂ ਬਾਅਦ ਇਹ ਧਰਮ ਵੀ ਜੈਨ, ਬੁੱਧ, ਪਾਰਸੀ ਆਦਿ ਧਰਮਾਂ ਵਾਂਗ ਬ੍ਰਾਹਮਣਵਾਦ ਦੇ ਖਾਰੇ ਸਮੁੰਦਰ ਵਿੱਚ ਗਰਕਣ ਕਿਨਾਰੇ ਖੜਾ ਹੈ। ਸਿੱਖ ਧਰਮ ਵੀ ਅੱਜ ਦੂਜੇ ਧਰਮਾਂ ਵਾਂਗ ਰਾਜਨੀਤਕ, ਪੁਜਾਰੀ ਤੇ ਸਰਮਾਏਦਾਰਾਂ ਦੇ ਸ਼ਿਕੰਜੇ ਵਿੱਚ ਪੂਰੀ ਤਰ੍ਹਾਂ ਫਸ ਚੁੱਕਾ ਹੈ।

ਇਥੇ ਪ੍ਰਚਲਤ ਜਥੇਬੰਧਕ ਧਰਮਾਂ ਦਾ ਸੰਖੇਪ ਇਤਿਹਾਸ ਦੱਸਣ ਤੋਂ ਭਾਵ ਇਹ ਹੈ ਕਿ ਜੋ ਕੁੱਝ ਧਰਮਾਂ ਬਾਰੇ ਪੁਜਾਰੀਆਂ ਵਲੋਂ ਸਾਡਾ ਨਜ਼ਰੀਆ ਬਣਾਇਆ ਹੋਇਆ ਹੈ, ਅਸਲ ਵਿੱਚ ਇਹ ਇਸ ਤਰ੍ਹਾਂ ਨਹੀਂ ਹੈ। ਜਿਨ੍ਹਾਂ ਫਿਰਕਿਆਂ ਨੂੰ ਅਸੀਂ ਧਰਮ ਸਮਝਦੇ ਹਾਂ, ਇਨ੍ਹਾਂ ਦਾ ਧਰਮ ਨਾਲ ਕੋਈ ਦੂਰ ਦਾ ਵੀ ਲੈਣ ਦੇਣ ਨਹੀਂ ਹੈ। ਜਿਸ ਤਰ੍ਹਾਂ ਕਿ ਇਤਿਹਾਸਕ ਪੱਖਾਂ ਤੋਂ ਅਸੀਂ ਦੇਖਿਆ ਹੈ ਕਿ ਅੱਜ ਦੇ ਪ੍ਰਚਲਤ ਸਾਰੇ ਧਰਮ ਕਿਸੇ ਮਹਾਨ ਇਨਕਲਾਬੀ ਪੁਰਸ਼ ਵਲੋਂ ਆਪਣੇ ਸਮੇਂ ਦੇ ਸਮਾਜ ਵਿੱਚ ਸ਼ਾਸਕਾਂ, ਪੁਜਾਰੀਆਂ ਤੇ ਸਰਮਾਏਦਾਰਾਂ ਵਲੋਂ ਸਮਾਜ ਦੀ ਕੀਤੀ ਜਾਂਦੀ ਲੁੱਟ ਤੇ ਜ਼ਬਰ ਖਿਲਾਫ ਇੱਕ ਇਨਕਲਾਬ ਸਨ, ਜੋ ਕੁੱਝ ਸਮੇਂ ਲਈ ਕਾਮਯਾਬ ਹੋਏ। ਪਰ ਉਨ੍ਹਾਂ ਇਨਕਲਾਬੀ ਪੈਗੰਬਰਾਂ ਦੇ ਸੰਸਾਰ ਤੋਂ ਜਾਣ ਬਾਅਦ ਇਹ ਸਾਜ਼ਿਸ਼ੀ ਲੋਕ, ਉਨ੍ਹਾਂ ਦੀ ਸਖਸ਼ੀਅਤ ਤੇ ਲੋਕ ਮਨਾਂ ਤੇ ਪਏ ਪ੍ਰਭਾਵ ਤੋਂ ਲਾਭ ਉਠਾ ਕੇ ਨਵੇਂ ਧਾਰਮਿਕ ਚਿੰਨ੍ਹਾਂ, ਨਵੀਂਆਂ ਮਰਿਯਾਦਾਵਾਂ, ਨਵੇਂ ਕਰਮਕਾਂਡਾਂ, ਨਵੇਂ ਗ੍ਰੰਥਾਂ ਆਦਿ ਨਾਲ ਲੈਸ ਹੋ ਕੇ ਉਨ੍ਹਾਂ ਪੈਗੰਬਰਾਂ ਦੇ ਨਾਮ ਤੇ ਨਵਾਂ ਫਿਰਕਾ (ਧਰਮ) ਖੜਾ ਕਰਨ ਵਿੱਚ ਕਾਮਯਾਬ ਹੋ ਜਾਂਦੇ ਰਹੇ ਹਨ ਤੇ ਫਿਰ ਉਸ ਨਵੇਂ ਫਿਰਕੇ ਦੇ ਪ੍ਰਚਾਰ ਪ੍ਰਸਾਰ ਦੇ ਨਾਮ ਹੇਠ ਦੂਜੀਆਂ ਵਿਚਾਰਧਾਰਾਵਾਂ ਵਾਲਿਆਂ ਦਾ ਸੋਸ਼ਣ ਕਰਦੇ ਰਹੇ ਹਨ ਤੇ ਉਨ੍ਹਾਂ ਤੇ ਵੱਖ-ਵੱਖ ਢੰਗਾਂ ਨਲ ਜ਼ੁਲਮ ਕਰਦੇ ਰਹੇ ਹਨ।

ਸਿੱਖ ਧਰਮ ਨੂੰ ਛੱਡ ਕੇ ਕਿਸੇ ਵੀ ਧਰਮ ਕੋਲ ਉਸਦੇ ਪੈਗੰਬਰ ਦੀ ਅਸਲੀ ਵਿਚਾਰਧਾਰਾ ਨਹੀਂ ਹੈ (ਇਹੀ ਵਜ ?ਹਾ ਹੈ ਕਿ ਸਿੱਖ ਧਰਮ ਦੇ ਅਨੁਆਈਆਂ ਨੂੰ ਉਨ੍ਹਾਂ ਦੇ ਗੁਰੂਆਂ ਦੀ ਅਸਲੀ ਵਿਚਾਰਧਾਰਾ ਤੋਂ ਤੋੜਨ ਲਈ ਕਈ ਤਰ੍ਹਾਂ ਦੇ ਗ੍ਰੰਥ ਖੜੇ ਕੀਤੇ ਹੋਏ ਹਨ), ਸਾਰੇ ਗ੍ਰੰਥ ਉਨ੍ਹਾਂ ਦੇ ਨਾਵਾਂ ਤੇ ਬਾਅਦ ਵਿੱਚ ਪੁਜਾਰੀਆਂ ਵਲੋਂ ਆਪਣੇ ਹਿਤਾਂ ਨੂੰ ਮੁੱਖ ਰੱਖ ਕੇ ਲਿਖੇ ਹੋਏ ਹਨ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਉਨ੍ਹਾਂ ਪੈਗੰਬਰੀ ਪੁਰਸ਼ਾਂ ਦੀ ਮਾਨਵੀ ਸੋਚ ਦੇ ਅੰਸ਼ ਵੀ ਇਨ੍ਹਾਂ ਗ੍ਰੰਥਾਂ ਵਿਚੋਂ ਮਿਲ ਜਾਂਦੇ ਹਨ। ਬੇਸ਼ਕ ਪੈਗੰਬਰ ਜਾਂ ਗੁਰੂ ਕਹੇ ਜਾਂਦੇ ਸਾਰੇ ਮਹਾਂਪੁਰਸ਼, ਆਮ ਮਨੁੱਖਾਂ ਜਾਂ ਸਮਾਜ ਨਾਲੋਂ ਅਗਾਂਹਵਧੂ ਤੇ ਲੋਕ ਪੱਖੀ ਸੋਚ ਦੇ ਧਾਰਨੀ ਹੁੰਦੇ ਹਨ, ਪਰ ਸਾਰੇ ਧਰਮਾਂ ਦੇ ਪੁਜਾਰੀਆਂ ਵਲੋਂ ਉਨ੍ਹਾਂ ਦੇ ਨਾਮ ਤੇ ਲਿਖੇ ਗ੍ਰੰਥਾਂ ਵਿੱਚ ਉਨ੍ਹਾਂ ਨੂੰ ਰੱਬ ਵਲੋਂ ਮਿਲੀਆਂ ਖਾਸ ਕਰਾਮਾਤੀ ਸ਼ਕਤੀਆਂ ਨਾਲ ਲੈਸ ਬਣਾਇਆ ਹੋਇਆ ਹੈ ਤੇ ਇਹ ਪ੍ਰਚਾਰਿਆ ਜਾਂਦਾ ਹੈ ਕਿ ਉਹ ਇਨ੍ਹਾਂ ਕਰਾਮਾਤੀ ਸ਼ਕਤੀਆਂ ਨਾਲ ਕੁੱਝ ਵੀ ਕਰਨ ਦੇ ਸਮਰੱਥ ਹੁੰਦੇ ਸਨ। ਪੁਜਾਰੀ ਆਪ ਧਰਮ ਵਿੱਚ ਵਿਚੋਲਾ ਬਣ ਬੈਠਦਾ ਹੈ ਤਾਂ ਕਿ ਲੋਕਾਈ ਆਪਣੀ ਡਰ ਤੇ ਲਾਲਚੀ ਬਿਰਤੀ ਅਧੀਨ ਇਨ੍ਹਾਂ ਦੇ ਪੈਰਾਂ ਤੋਂ ਆਪਣਾ ਸਿਰ ਚੁੱਕ ਕੇ ਜੀਣਾ ਨਾ ਸਿੱਖ ਸਕੇ। ਉਹ ਝੂਠੀਆਂ ਕਰਾਮਾਤਾਂ ਦੀ ਆਸ ਵਿੱਚ ਇਨ੍ਹਾਂ ਦੇ ਸੋਸ਼ਣ ਜਾਂ ਹਾਕਮਾਂ ਦੀਆਂ ਧੱਕੇਸ਼ਾਹੀਆਂ ਖਿਲਾਫ ਨਾ ਖੜ ਸਕਣ। ਇਸੇ ਤਰ੍ਹਾਂ ਇਨ੍ਹਾਂ ਪੁਜਾਰੀਆਂ ਵਲੋਂ ਇਹ ਵੀ ਪ੍ਰਚਾਰਿਆ ਜਾਦਾ ਹੈ ਕਿ ਜੋ ਵੀ ਇਨ੍ਹਾਂ ਗ੍ਰੰਥਾਂ ਵਿੱਚ ਲਿਖਿਆ ਹੁੰਦਾ ਹੈ, ਉਹ ਰੱਬ ਵਲੋਂ ਸਿੱਧਾ ਹੀ ਉਨ੍ਹਾਂ ਨੂੰ ਮਿਲਿਆ ਗਿਆਨ ਹੁੰਦਾ ਹੈ, ਇਸ ਲਈ ਇਸ ਤੇ ਕਿਤੂ ਪ੍ਰੰਤੂ ਨਹੀਂ ਹੋ ਸਕਦਾ, ਅਜਿਹਾ ਪ੍ਰਚਾਰ ਇਸ ਲਈ ਕੀਤਾ ਜਾਦਾ ਹੈ ਤਾਂ ਕਿ ਸਮਾਜ ਆਪਣੇ ਦਿਮਾਗ ਨਾਲ ਸੋਚ ਕੇ ਅੱਗੇ ਨਾ ਵਧ ਸਕੇ, ਉਹ ਹਮੇਸ਼ਾਂ ਆਪਣੀਆਂ ਦੁੱਖ ਤਕਲੀਫਾਂ ਲਈ ਇਨ੍ਹਾਂ ਤੇ ਨਿਰਭਰ ਰਹੇ। ਇਸ ਤੋਂ ਇਲਾਵਾ ਉਸਨੇ ਮਰਿਯਾਦਾਵਾਂ ਤੇ ਕਰਮਕਾਂਡਾਂ ਦਾ ਅਜਿਹਾ ਜਾਲ ਬੁਣਿਆ ਹੁੰਦਾ ਹੈ ਕਿ ਮਨੁੱਖ ਆਪਣੀ ਸੋਚ ਨੂੰ ਕਦੇ ਵੀ ਡਿਵੈਲਪ ਨਾ ਕਰ ਸਕੇ।

ਧਰਮ ਅਸਲ ਵਿੱਚ ਅੰਦਰੋਂ ਜਾਗ ਜਾਣ ਦਾ ਨਾਮ ਹੈ ਤਾਂ ਕਿ ਮਨੁੱਖ ਆਪਣੀਆਂ ਮੌਜੂਦਾ ਸਮੱਸਿਆਵਾਂ ਨੂੰ ਪੁਰਾਣੇ ਤਜਰਬਿਆਂ ਤੇ ਨਵੀਂ ਸੋਚ ਨਾਲ ਹੱਲ ਕਰਕੇ ਅੱਗੇ ਵਧ

ਸਕੇ ਤੇ ਇੱਕ ਖੁਸ਼ਹਾਲ ਤੇ ਅਨੰਦਮਈ ਜੀਵਨ ਜੀਅ ਸਕੇ। ਉਸਨੂੰ ਇਸ ਲਈ ਧਰਮਾਂ ਦੀਆਂ ਪ੍ਰਚਲਤ ਮਰਿਯਾਦਾਵਾਂ, ਕਰਮਕਾਂਡਾਂ ਜਾਂ ਚਿੰਨ੍ਹਾਂ ਦੀ ਲੋੜ ਨਹੀਂ ਹੁੰਦੀ, ਪਰ ਜੇ ਮਨੁੱਖ ਇਹ ਛੱਡ ਦੇਵੇ ਤਾਂ ਪੁਜਾਰੀਆਂ ਦਾ ਧਰਮ ਦਾ ਧੰਦਾ ਕਿਵੇਂ ਚੱਲੇ, ਸਮੇਂ ਦੇ ਹਾਕਮ ਮਨੁੱਖਤਾ ਦੀ ਲੁੱਟ ਕਿਵੇਂ ਕਰ ਸਕਣ? ਇਸ ਲਈ ਨਕਲੀ ਧਰਮਾਂ ਦੀ ਸ਼ਾਸਕਾਂ, ਪੁਜਾਰੀਆਂ ਨੂੰ ਹਮੇਸ਼ਾਂ ਲੋੜ ਰਹੀ ਹੈ। ਵੱਖ-ਵੱਖ ਪੈਗੰਬਰਾਂ ਦੇ ਨਾਮ ਤੇ ਪੁਜਾਰੀਆਂ ਵਲੋਂ ਖੜੇ ਕੀਤੇ ਹੋਏ ਸਾਰੇ ਪ੍ਰਚਲਤ ਜਥੇਬੰਧਕ ਧਰਮ, ਉਨ੍ਹਾਂ ਹੀ ਪੈਗੰਬਰਾਂ ਦੀ ਸੋਚ ਦੇ ਐਨ ਉਲਟ ਖੜ੍ਹੇ ਹਨ। ਜਿਥੇ ਪੈਗੰਬਰ ਆਪਣੇ ਸਮਿਆਂ ਵਿੱਚ ਸਥਾਪਤੀ ਖਿਲਾਫ ਜੂਝਦੇ ਹੋਏ ਸ਼ਹਾਦਤਾਂ ਵੀ ਪਾਉਂਦੇ ਰਹੇ, ਉਥੇ ਉਨ੍ਹਾਂ ਦੇ ਨਾਮ ਤੇ ਖੜੇ ਸਾਰੇ ਫਿਰਕੇ ਸਥਾਪਤੀ (ਸਮੇਂ ਦੇ ਹਾਕਮ) ਨਾਲ ਰਲ ਕੇ ਸਮਾਜ ਦੀ ਲੁੱਟ ਕਰਦੇ ਹਨ। ਕਿਸੇ ਵੀ ਇਨਕਲਾਬੀ ਪੈਗੰਬਰੀ ਪੁਰਸ਼ ਦੀ ਕਦੇ ਵੀ ਇਹ ਸੋਚ ਨਹੀਂ ਹੋ ਸਕਦੀ ਕਿ ਉਸਦੇ ਨਾਮ ਤੇ ਮਨੁੱਖਤਾ ਵਿੱਚ ਵੰਡੀਆਂ ਪਾਉਣ ਵਾਲਾ ਫਿਰਕਾ ਖੜਾ ਕਰਕੇ ਸਮਾਜ ਨੂੰ ਲੁਟਿਆ ਜਾਵੇ ਜਾਂ ਉਸਦੀ ਸੋਚ ਦੇ ਪ੍ਰਚਾਰ ਜਾਂ ਪ੍ਰਸਾਰ ਲਈ ਵਿਰੋਧੀ ਜਾਂ ਵੱਖਰੀ ਸੋਚ ਵਾਲੇ ਲੋਕਾਂ ਤੇ ਜ਼ਬਰ ਜ਼ੁਲਮ ਕੀਤੇ ਜਾਣ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਲੋਕ ਇਨ੍ਹਾਂ ਨਕਲੀ ਧਰਮਾਂ ਵਿੱਚ ਫਸਦੇ ਕਿਉਂ ਹਨ? ਅਸਲ ਵਿੱਚ ਵਿਅਕਤੀ ਜਿਸ ਵੀ ਸਮਾਜ, ਫਿਰਕੇ, ਦੇਸ਼, ਧਰਮ ਆਦਿ ਵਿੱਚ ਪੈਦਾ ਹੁੰਦਾ ਹੈ, ਉਸਦੀ ਬਚਪਨ ਤੋਂ ਹੀ ਮਾਪਿਆਂ, ਸਮਾਜ, ਧਰਮ ਆਦਿ ਵਲੋਂ ਅਜਿਹੀ ਕੰਡੀਸ਼ਨਿੰਗ ਕਰ ਦਿੱਤੀ ਜਾਂਦੀ ਹੈ ਕਿ ਉਹ ਕਦੇ ਆਪਣੇ ਦਾਇਰੇ ਤੋਂ ਬਾਹਰ ਹੋ ਕੇ ਸੋਚਦਾ ਹੀ ਨਹੀਂ ਹੈ। ਜੇ ਕੋਈ ਸੋਚਣ ਦੀ ਕੋਸ਼ਿਸ਼ ਵੀ ਕਰੇ ਤਾਂ ਉਸਤੇ ਸਮਾਜ ਵਲੋਂ ਦਬਾਅ ਹੀ ਇੰਨਾ ਹੁੰਦਾ ਹੈ ਕਿ ਉਹ ਕੁੱਝ ਵੀ ਕਰਨ ਤੋਂ ਆਪਣੇ ਆਪ ਨੂੰ ਅਸਮਰਥ ਮਹਿਸੂਸ ਕਰਦਾ ਹੈ ਤੇ ਜਾਂ ਫਿਰ ਉਸਨੂੰ ਮਾਨਸਿਕ ਤੌਰ ਤੇ ਇਤਨਾ ਹੀਣਾ ਬਣਾ ਦਿੱਤਾ ਗਿਆ ਹੁੰਦਾ ਹੈ ਕਿ ਉਸਨੂੰ ਆਪਣੇ ਫਿਰਕੇ ਦੀ ਬਣਾਈ ਮਰਿਯਾਦਾ, ਪ੍ਰੰਪਰਾ ਜਾਂ ਧਰਮ ਦੇ ਚਿੰਨ੍ਹ ਆਦਿ ਭਾਵੇਂ ਫੋਕਟ ਕਰਮਕਾਂਡ ਲਗਦਾ ਹੋਵੇ, ਪਰ ਉਸਨੂੰ ਛੱਡਣਾ ਉਹ ਪਾਪ ਸਮਝਦਾ ਹੈ। ਪੁਜਾਰੀਆਂ ਦੇ ਬਣਾਏ ਪੁੰਨ-ਪਾਪ ਦੇ ਚੱਕਰ ਵਿੱਚ ਮਨੁੱਖ ਇਸੇ ਤਰ੍ਹਾਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਵਿੱਚ ਫਸਿਆ ਪੀੜ੍ਹੀ-ਦਰ-ਪੀੜ੍ਹੀ ਲੁੱਟ ਹੁੰਦਾ ਰਹਿੰਦਾ ਹੈ। ਇਸ ਤਰ੍ਹਾਂ ਨਕਲੀ ਧਾਰਮਿਕ ਫਿਰਕਿਆਂ ਦਾ ਹਾਕਮ ਜਮਾਤਾਂ ਨਾਲ ਰਲ ਕੇ ਚਲਾਇਆ ਜਾਂਦਾ ਧਰਮ ਅਧਾਰਿਤ ਧੰਦਾ ਤੇ ਸੋਸ਼ਣ ਦਾ ਕਾਰੋਬਾਰ ਸਦੀਆਂ ਤੋਂ ਇਸੇ ਤਰ੍ਹਾਂ ਚਲਦਾ ਆ ਰਿਹਾ ਹੈ। ਇਸ 'ਚੋਂ ਨਿਕਲਣ ਲਈ ਸਾਨੂੰ ਪਹਿਲਾਂ ਆਪਣੀਆਂ ਸੋਚਾਂ ਨੂੰ ਦਰੁਸਤ ਕਰਨ ਦੀ ਲੋੜ ਹੈ, ਆਪਣੀ ਸੋਚ ਨੂੰ ਨਵਾਂ ਮੋੜਾ ਦੇਣ ਦੀ ਲੋੜ ਹੈ, ਆਪਣੇ ਦਾਇਰੇ ਤੋਂ ਬਾਹਰ ਨਿਕਲ ਕੇ ਸਮੁੱਚੀ ਮਨੁੱਖਤਾ ਦੇ ਪੱਧਰ ਤੇ ਸੋਚਣ ਦੀ ਲੋੜ ਹੈ। ਇਹ ਸਮਝਣ ਦੀ ਲੋੜ ਹੈ ਕਿ ਪੈਗੰਬਰ, ਗੁਰੂ, ਮਹਾਂਪੁਰਸ਼ ਆਦਿ ਸਭ ਮਨੁੱਖ ਹੀ ਸਨ, ਕਿਸੇ ਮਨੁੱਖ ਨੂੰ ਕੁਦਰਤ ਨੇ ਕਦੇ ਕੋਈ ਵਿਸ਼ੇਸ਼ ਕਰਾਮਾਤੀ ਸ਼ਕਤੀ ਨਾਲ ਲੈਸ ਕਰਕੇ ਨਹੀਂ ਭੇਜਿਆ ਤੇ ਨਾ ਹੀ ਕਿਸੇ ਰੱਬ ਨੇ ਕਿਸੇ ਮਨੁੱਖ ਨੂੰ ਕੋਈ ਅਕਾਸ਼ਵਾਨੀ ਕਰਕੇ ਕੋਈ ਗ੍ਰੰਥ ਆਦਿ ਲਿਖਾਇਆ ਹੈ। ਹਰ ਇਨਸਾਨ ਨੇ ਇਸ ਧਰਤੀ ਤੇ ਪੈਦਾ ਹੋ ਕਿ ਆਪਣੇ ਦੇਸ਼, ਸਮਾਜ, ਧਾਰਮਿਕ ਫਿਰਕੇ ਦੀ ਪ੍ਰੰਪਰਾ ਅਨੁਸਾਰ ਭਾਸ਼ਾ ਦਾ ਗਿਆਨ ਹਾਸਿਲ ਕਰਕੇ ਹੀ ਬੋਲਣਾ, ਲਿਖਣਾ, ਪੜ੍ਹਨਾ ਆਦਿ ਸਿਖਿਆ ਹੁੰਦਾ ਹੈ। ਇਥੋਂ ਹੀ ਪੁਰਾਣੇ ਤਜ਼ਰਬਿਆਂ ਦੇ ਗਿਆਨ ਨਾਲ ਆਪਣੀ ਬੁੱਧੀ ਵਿਕਸਤ ਕਰਕੇ ਸਮੇਂ ਦੇ ਹਾਲਾਤਾਂ ਅਨੁਸਾਰ ਆਪਣੀ ਵਿਚਾਰਧਾਰਾ ਬਣਾਈ ਹੁੰਦੀ ਹੈ। ਅਸੀਂ ਦੁਨੀਆਂ ਭਰ ਦੇ ਮਹਾਨ ਪੁਰਸ਼ਾਂ ਜਾਂ ਅਗਾਂਹਵਧੂ ਸੋਚ ਦੇ ਲੋਕਾਂ ਦੇ ਗਿਆਨ ਜਾਂ ਤਜ਼ਰਬਿਆਂ ਤੋਂ ਲਾਭ ਉਠਾ ਕੇ ਨਾ ਸਿਰਫ ਆਪਣਾ ਅੱਜ ਸਵਾਰ ਸਕਦੇ ਹਾਂ, ਸਗੋਂ ਉਸਾਰੂ ਸੋਚ ਨਾਲ ਅੱਗੇ ਵਧ ਸਕਦੇ ਹਾਂ ਤਾਂ ਹੀ ਸਮਾਜ ਤਰੱਕੀ ਕਰ ਸਕਦਾ ਹੈ ਤੇ ਇਹ ਦੁਨੀਆਂ ਹੋਰ ਖੂਬਸੂਰਤ ਹੋ ਸਕਦੀ ਹੈ। ਜੇ ਅਸੀਂ ਪਿਛਲੇ ਗਿਆਨ ਤੋਂ ਅੱਗੇ ਨਹੀਂ ਤੁਰਾਂਗੇ ਤਾਂ ਸਾਡਾ ਤੇ ਅਗਲੀਆਂ ਪੀੜ੍ਹੀਆਂ ਦਾ ਮਾਨਸਿਕ ਵਿਕਾਸ ਨਹੀਂ ਹੋ ਸਕੇਗਾ। ਹਰ ਪੈਗੰਬਰ, ਇਨਕਲਾਬੀ ਪੁਰਸ਼ ਇੱਕ ਨਵੀਂ ਵਿਚਾਰਧਾਰਾ ਮਨੁੱਖਤਾ ਨੂੰ ਦਿੰਦਾ ਰਿਹਾ ਹੈ, ਪਰ ਅਸੀਂ ਜਿਸ ਫਿਰਕੇ ਵਿੱਚ ਪੈਦਾ ਹੁੰਦੇ ਹਾਂ, ਉਸੇ ਫਿਰਕੇ ਦੇ ਪੁਜਾਰੀ ਦੀਆਂ ਮਰਿਯਾਦਾਵਾਂ ਦੇ ਬੰਧਨਾਂ ਵਿੱਚ ਫਸੇ ਨਾ ਤੇ ਉਸ ਫਿਰਕੇ ਤੋਂ ਪਹਿਲੇ ਪੈਗੰਬਰਾਂ ਦਾ ਗਿਆਨ ਹਾਸਿਲ ਕਰਦੇ ਹਾਂ ਤੇ ਨਾ ਹੀ ਬਾਅਦ ਵਿੱਚ ਹੋਏ ਪੈਗੰਬਰਾਂ ਦਾ, ਸਾਨੂੰ ਸਿਰਫ ਇਹੀ ਸਿਖਾਇਆ ਜਾਂਦਾ ਹੈ ਕਿ ਸਾਡੇ ਗੁਰੂ ਜਾਂ ਪੈਗੰਬਰ ਦਾ ਗਿਆਨ ਹੀ ਸੱਚਾ ਤੇ ਆਖਰੀ ਗਿਆਨ ਹੈ, ਨਾ ਇਸ ਤੋਂ ਪਹਿਲਾਂ ਕੁੱਝ ਸੱਚ ਸੀ ਤੇ ਨਾ ਹੀ ਅੱਗੇ ਹੋਵੇਗਾ। ਇਹੀ ਵਜ੍ਹਾ ਹੈ ਕਿ ਫਿਰਕਿਆਂ ਦੀ ਸੋਚ ਵਿੱਚ ਬੱਝਾ ਮਨੁੱਖ ਵੱਖਰੀ ਸੋਚ ਵਾਲਿਆਂ ਨਾਲ ਨਫਰਤ ਕਰਦਾ ਹੈ, ਆਪਣੇ ਫਿਰਕੇ ਦੇ ਪ੍ਰਸਾਰ ਲਈ ਬੇਗੁਨਾਹਾਂ ਦੀ ਜਾਨ ਲੈਂਦਾ ਹੈ। ਅਜਿਹੀ ਸੋਚ ਵਾਲਾ ਵਿਅਕਤੀ ਸਰਬੱਤ ਦੇ ਭਲੇ ਬਾਰੇ ਸੋਚ ਹੀ ਨਹੀਂ ਸਕਦਾ। ਆਉ ਫਿਰਕਿਆਂ ਦੀ ਸੋਚ ਤੋਂ ਆਜ਼ਾਦ ਹੋਈਏ ਤੇ ਮਨੁੱਖਤਾ ਦੇ ਭਲੇ ਦਾ ਜਿਥੋਂ ਵੀ ਗਿਆਨ ਮਿਲਦਾ ਹੋਵੇ ਲੈ ਕੇ ਆਪਣਾ ਤੇ ਮਨੁੱਖਤਾ ਦਾ ਭਲਾ ਕਰੀਏ ਤੇ ਨਕਲੀ ਧਰਮਾਂ ਦੀ ਫਿਰਕੂ ਸੋਚ ਤੋਂ ਆਜ਼ਾਦ ਹੋਈਏ।

# ਕੀ ਪੰਜਾਬ ਲਈ ਵਾਕਿਆ ਹੀ ਖ਼ਤਰਨਾਕ ਹੈ ਪ੍ਰਵਾਸੀ ਮਜ਼ਦੂਰਾਂ ਦੀ ਆਮਦ ?

*ਇਹ ਲੇਖ ਜਦੋਂ 2005-06 ਵਿੱਚ ਵੱਖ-ਵੱਖ ਅਖ਼ਬਾਰਾਂ 'ਚ ਛਪਿਆ ਤਾਂ ਬਹੁਤ ਸਾਰੇ ਗਰਮਖਿਆਲੀ ਗੁੱਟਾਂ ਵੱਲੋਂ ਸਾਡਾ ਵਿਰੋਧ ਕੀਤਾ ਗਿਆ ਕੁਝ ਨੇ ਸਾਨੂੰ ਪੰਜਾਬ ਤੇ ਪੰਥ ਵਿਰੋਧੀ ਵੀ ਗਰਦਾਨਿਆ। ਇੱਥੇ ਅਸੀਂ ਇੱਕ ਗੱਲ ਸਾਫ਼ ਕਰ ਦੇਣਾ ਚਾਹੁੰਦੇ ਹਾਂ ਕਿ ਕੋਈ ਬਵਾਲ ਖੜ੍ਹਾ ਕਰਨਾ ਸਾਡਾ ਉਦੇਸ਼ ਨਹੀਂ ਹੈ ਪਰ ਕਿਸੇ ਵੀ ਮੁੱਦੇ ਬਾਰੇ ਖੁੱਲ੍ਹੀ ਵਿਚਾਰ-ਚਰਚਾ ਜਾਂ ਚਿੰਤਨ ਤੇ ਸੰਵਾਦ ਦੇ ਅਸੀਂ ਸਦਾ ਮੁਦੱਈ ਰਹੇ ਹਾਂ ਇਹੀ ਸੋਚ ਨਾਲ ਹਥਲੇ ਲੇਖ ਨੂੰ ਸਰੋਕਾਰਾਂ ਦੀ ਆਵਾਜ਼' ਵਿੱਚ ਛਾਪ ਰਹੇ ਹਾਂ। (ਲੇਖਕ)*



**ਸ਼ਿਵ ਇੰਦਰ ਸਿੰਘ**

ਆਪਣੇ-ਆਪ ਨੂੰ ਪੰਜਾਬੀਅਤ ਦੇ ਅਲੰਬਰਦਾਰ ਕਹਾਉਣ ਵਾਲਿਆਂ ਦੇ ਮੂੰਹੋਂ ਕਾਫ਼ੀ ਸਮੇਂ ਤੋਂ ਅਸੀਂ ਇਹ ਗੱਲ ਆਮ ਹੀ ਸੁਣਦੇ ਆ ਰਹੇ ਆਂ ਕਿ ਪੰਜਾਬ ਵਿੱਚ ਬਾਹਰੀ ਸੂਬਿਆਂ, ਖ਼ਾਸ ਕਰ ਬਿਹਾਰ ਤੇ ਯੂ.ਪੀ ਤੋਂ ਰੋਜ਼ੀ-ਰੋਟੀ ਲਈ ਆਉਣ ਵਾਲੇ ਮਜ਼ਦੂਰ ਪੰਜਾਬੀ ਸੱਭਿਆਚਾਰ ਲਈ ਖ਼ਤਰਾ ਹਨ। ਇਸ ਤੋਂ ਬਿਨਾਂ ਇਹਨਾਂ ਪ੍ਰਵਾਸੀ ਮਜ਼ਦੂਰਾਂ 'ਤੇ ਇਹ ਵੀ ਦੋਸ਼ ਲੱਗ ਰਹੇ ਹਨ ਕਿ ਉਹ ਪੰਜਾਬੀ ਭਾਸ਼ਾ ਲਈ ਵੀ ਖ਼ਤਰਾ ਸਾਬਤ ਹੋ ਰਹੇ ਹਨ। ਇਕ ਹੋਰ ਸੰਗੀਨ ਦੋਸ਼ ਇਹ ਲਗਾਇਆ ਜਾ ਰਿਹਾ ਹੈ ਕਿ ਪ੍ਰਵਾਸੀ ਲੁੱਟਾਂ-ਖੋਹਾਂ ਕਰ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੇ ਹਨ। ਪੰਜਾਬੀਅਤ ਦੇ ਅਲੰਬਰਦਾਰਾਂ ਦਾ ਕਹਿਣਾ ਹੈ ਕਿ ਇਹਨਾਂ ਕਾਰਨਾਂ ਨੂੰ ਮੁੱਖ ਰੱਖਦੇ ਹੋਏ ਪ੍ਰਵਾਸੀ ਮਜ਼ਦੂਰਾਂ ਦੀ ਪੰਜਾਬ ਆਮਦ 'ਤੇ ਰੋਕ ਲਗਾਉਣੀ ਚਾਹੀਦੀ ਹੈ। ਇੰਝ ਕਰਨ ਨਾਲ ਹੀ ਪੰਜਾਬ ਬਚ ਸਕਦਾ ਹੈ। ਆਓ, ਅਸੀਂ ਇਹਨਾਂ ਦਾਅਵਿਆਂ ਦੀ ਨਿਰਪੱਖਤਾ-ਪੂਰਨ ਪਰਖ-ਪੜਚੋਲ ਕਰੀਏ।

ਜੇਕਰ ਵਿਵੇਕਸ਼ੀਲ ਨਜ਼ਰੀਏ ਤੋਂ ਝਾਤ ਮਾਰੀਏ ਤਾਂ ਅਸੀਂ ਵੇਖਦੇ ਹਾਂ ਕਿ ਪੰਜਾਬ ਵਿੱਚ ਆਰੀਅਨ, ਈਰਾਨੀ, ਦੁਹਾਨੀ, ਟੱਕ, ਮੁੰਡਾ, ਮੁਗਲ ਆਦਿ ਅਨੇਕਾਂ ਜਾਤੀਆਂ ਵਾਲੇ ਵੀ ਲੁੱਟ-ਖਸੁੱਟ ਤੇ ਰਾਜ ਕਰਨ ਦੇ ਮਨਸ਼ੇ ਨਾਲ ਆਏ ਸਨ। ਉਨਾਂ ਇਥੋਂ ਦੀਆਂ ਔਰਤਾਂ ਨਾਲ ਵਿਆਹ ਕਰਵਾ ਕੇ ਇਥੇ ਹੀ ਰਹਿਣਾ ਸ਼ੁਰੂ ਕਰ ਦਿੱਤਾ। ਇਨਾਂ ਜਾਤੀਆਂ ਨੇ ਅਨੇਕਾਂ ਸੱਭਿਆਚਾਰਕ ਤੇ ਭਾਸ਼ਾਈ ਗੁਣ ਤੇ ਹੋਰ ਵੀ ਬਹੁਤ ਕੁਝ ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਦਿੱਤਾ ਮਿਸਾਲ ਵਜੋਂ ਪੰਜਾਬੀ ਨੂੰ ਇੱਕ ਸ਼ਾਨਾ-ਮੱਤਾ ਵਿਰਸਾ ਮਿਲਿਆ। ਨਵੀਂ ਭਾਸ਼ਾ ਉਰਦੂ ਦਾ ਜਨਮ ਏਥੇ ਹੀ ਹੋਇਆ। ਸਾਡੀ ਗੁਰਮੁਖੀ ਦੇ ਕਈ ਅੱਖਰ ਵੀ ਹੋਰ ਕਬੀਲਿਆਂ ਵੱਲੋਂ ਬੋਲੀਆਂ ਜਾਂਦੀਆਂ ਜ਼ੁਬਾਨਾਂ ਵਿੱਚੋਂ ਹੀ ਆਏ ਹਨ। ਉਦਾਹਰਨ ਵਜੋਂ ਗੁਰਮੁਖੀ ਦਾ 'ੜ' ਅੱਖਰ ਦ੍ਰਾਵਿੜ ਕਬੀਲੇ ਦਾ ਹੈ ਤੇ 'ਮ' ਮੁੰਡਾ ਜਾਤੀ ਵਿੱਚੋਂ ਆਇਆ ਹੈ। ਇਸ ਤੋਂ ਬਿਨਾਂ ਹੋਰ ਜਾਤੀਆਂ ਤੇ ਭਾਸ਼ਾਵਾ ਦੇ ਅਨੇਕ ਸ਼ਬਦ ਹਨ ਜੋ ਪੰਜਾਬੀ ਭਾਸ਼ਾ ਦੇ ਆਪਣੇ ਹੀ ਲੱਗਦੇ ਹਨ ਜਿਵੇਂ ਚਾਕੂ, ਛੁਰੀ, ਮੇਜ਼, ਕੁਰਸੀ, ਕਮਰਾ, ਛਿੱਤਰ, ਸਕੂਲ, ਸਟੇਸ਼ਨ, ਵਗੈਰਾ-ਵਗੈਰਾ ਅਸਲ 'ਚ ਪੰਜਾਬੀ ਜ਼ੁਬਾਨ 'ਚ ਬੋਲੇ ਜਾਂਦੇ 80 ਫੀਸਦੀ ਤੋਂ ਵੱਧ ਸ਼ਬਦ ਗੈਰ-ਪੰਜਾਬੀ ਹਨ। ਇਹ ਸਭ ਹੋਣ ਦੇ ਬਾਵਜੂਦ ਨਾ ਤਾਂ ਪੰਜਾਬੀ ਭਾਸ਼ਾ ਨੂੰ ਕੋਈ ਨੁਕਸਾਨ ਹੋਇਆ ਹੈ, ਨਾ ਪੰਜਾਬੀ ਸੱਭਿਆਚਾਰ ਨੂੰ ਤੇ ਨਾ ਪੰਜਾਬ ਨੂੰ। ਜਦੋਂ ਵਿਦੇਸ਼ੀਆਂ ਤੋਂ ਪੰਜਾਬੀ ਸੱਭਿਆਚਾਰ ਨੂੰ ਕੋਈ ਨੁਕਸਾਨ ਨਹੀਂ ਹੋਇਆ ਤਾਂ ਫੇਰ ਆਪਣੇ ਹੀ ਦੇਸ਼ ਦੇ ਬਿਹਾਰੀ ਪੰਜਾਬੀ ਸੱਭਿਆਚਾਰ ਨੂੰ ਕਿਵੇਂ ਨੁਕਸਾਨ ਪਹੁੰਚਾਉਣਗੇ? ਹਾਂ, ਇਹ ਗੱਲ ਜ਼ਰੂਰ ਹੈ ਕਿ ਕੁਝ ਤਬਦੀਲੀ ਅਵੱਸ਼ ਆਵੇਗੀ, ਜੋ ਕੁਦਰਤ ਦਾ ਨੇਮ ਹੈ। ਆਪਣੇ ਆਪ ਨੂੰ ਪੰਜਾਬੀਅਤ ਦੇ ਮੁਦਈ ਕਹਾਉਣ ਵਾਲੇ ਕੁਝ ਤਲਖ ਹਕੀਕਤਾਂ ਨੂੰ ਤਾਂ ਭੁੱਲ ਹੀ ਰਹੇ ਹਨ ਜਾਂ ਫੇਰ ਜਾਣ-ਬੁੱਝ ਕੇ ਪਾਸਾ ਵੱਟ ਰਹੇ ਹਨ।

ਪਹਿਲੀ ਹਕੀਕਤ ਇਹ ਹੈ ਕਿ ਵਿਅਕਤੀ 'ਤੇ ਸਭ ਤੋਂ ਵੱਧ ਪ੍ਰਭਾਵ ਉਸਦੇ ਆਲੇ-ਦੁਆਲੇ ਦਾ ਪੈਂਦਾ ਹੈ ਜਿਸ 'ਚ ਉਹ ਵਿਚਰਦਾ ਹੈ। ਠੀਕ ਇਸੇ ਤਰਾਂ ਦਾ ਪ੍ਰਭਾਵ ਬਿਹਾਰੀਆਂ 'ਤੇ ਪੈਣਾ ਵੀ ਲਾਜ਼ਮੀ ਹੈ। ਪੰਜਾਬ 'ਚ ਆਉਣ ਵਾਲੇ ਪ੍ਰਵਾਸੀ ਮਜ਼ਦੂਰ ਪੰਜਾਬੀ ਸੱਭਿਆਚਾਰ ਤੇ ਭਾਸ਼ਾ ਦੇ ਪ੍ਰਭਾਵ ਤੋਂ ਬਚ ਨਹੀਂ ਸਕਦੇ। ਇਹ ਬਿਲਕੁਲ ਉਸੇ ਤਰਾਂ ਹੈ, ਜਿਵੇਂ ਪੰਜਾਬ 'ਚੋਂ ਜਾ ਕੇ ਬਾਹਰਲੇ ਮੁਲਕਾਂ 'ਚ ਵਸੇ ਪੰਜਾਬੀ ਉਥੋਂ ਦੀ ਰਹਿਣੀ-ਬਹਿਣੀ ਤੋਂ ਪ੍ਰਭਾਵਤ ਹੋਣ ਤੋਂ ਨਹੀਂ ਰਹਿ ਸਕੇ। ਉਨਾਂ ਦੇ ਬੱਚੇ ਬਿਲਕੁਲ ਅੰਗਰੇਜ਼ ਬਣ ਗਏ ਹਨ। ਪੱਛਮੀ ਦੇਸ਼ਾਂ ਵਿਚ ਵਾਲਾ ਪੰਜਾਬੀ ਸਾਹਿਤ ਵੀ ਉਨਾਂ ਦੇਸ਼ਾਂ ਦੇ ਸੱਭਿਆਚਾਰ ਦੀ ਝਲਕ ਪੇਸ਼ ਕਰਦਾ ਹੈ ਨਾ ਕਿ ਪੰਜਾਬ ਦੇ ਪਿੰਡਾ ਦੀ। ਇਸੇ ਤਰਾਂ ਉਨਾਂ ਦੇਸ਼ਾਂ ਦਾ ਪੰਜਾਬੀ ਸਾਹਿਤ ਉਨਾਂ ਦਾ ਹੀ ਵੱਜੇਗਾ ਜਿੱਥੇ ਇਹ ਲਿਖਿਆ ਗਿਆ ਹੈ ਨਾ ਕਿ ਪੰਜਾਬ ਦਾ।

ਇੱਥੇ ਇੱਕ ਗੱਲ ਹੋਰ ਦਿਲਚਸਪੀ ਵਾਲੀ ਹੈ ਕਿ ਅੰਗਰੇਜ਼ੀ ਦੇ ਜ਼ਿਆਦਾਤਰ ਲੇਖਕਾਂ ਨੇ ਆਪਣੀਆਂ ਕਿਰਤਾਂ 'ਚ ਆਪਣੇ ਦੇਸ਼ ਤੋਂ ਬਾਹਰਲੀਆਂ ਥਾਵਾਂ ਦਾ ਜ਼ਿਕਰ ਕੀਤਾ ਹੈ ਜਾਂ ਆਪਣੇ ਦੇਸ਼ਾਂ ਤੋਂ ਬਾਹਰਲੇ ਦੇਸ਼ਾਂ ਦਾ ਸੱਭਿਆਚਾਰ ਦਰਸਾਇਆ ਹੈ, ਜਦਕਿ ਪ੍ਰਵਾਸੀ ਪੰਜਾਬੀ ਲੇਖਕਾਂ ਨੇ ਆਪਣੀਆਂ ਕਿਰਤਾਂ 'ਚ ਆਮ ਕਰਕੇ ਉਸੇ ਹੀ ਦੇਸ਼ ਦੇ ਸੱਭਿਆਚਾਰ ਨੂੰ ਦਰਸਾਇਆ ਹੈ ਜਿੱਥੋਂ ਦੇ ਉਹ ਵਸਨੀਕ ਹਨ।

ਇੱਕ ਦੂਸਰੀ ਵੱਡੀ ਤਲਖ ਹਕੀਕਤ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ ਕਿ ਕੋਈ ਵੀ ਕੌਮ ਕਿਸੇ ਦੂਸਰੀ ਕੌਮ 'ਤੇ ਤਾਂ ਆਪਣਾ ਪ੍ਰਭਾਵ ਪਾ ਸਕਦੀ ਹੈ (ਜਾਂ ਗੁਲਾਮ ਬਣ ਸਕਦੀ ਹੈ) ਜੇ ਉਸ ਕੋਲ ਤਕੜੀ ਆਰਥਿਕਤਾ (ਇਕਨਾਮਿਕ ਪਾਵਰ) ਹੋਵੇ। ਇਸ ਦੀਆਂ ਦੋ ਆਮ ਹੀ ਮਿਸਾਲਾਂ ਸਾਡੇ ਸਨਮੁਖ ਹਨ। ਪਹਿਲੀ ਇਹ ਕਿ ਜੇ ਅੰਗਰੇਜ਼ਾਂ ਨੇ ਪੂਰੀ ਦੁਨੀਆ 'ਤੇ ਰਾਜ ਕੀਤਾ ਇਸ ਕਾਰਨ ਨਹੀਂ ਕਿ ਉਹ ਦੁਨੀਆ ਦੀ ਸਭ ਤੋਂ ਆਹਲਾ ਕੌਮ ਹੈ ਸਗੋਂ ਉਹ ਜਿਹੜੇ ਵੀ ਮੁਲਕ ਗਏ ਉਥੇ ਆਪਣੀ ਮਜ਼ਬੂਤ ਆਰਥਿਕਤਾ ਲੈ ਕੇ ਗਏ ਜਦਕਿ ਭਾਰਤ ਤੋ ਗਏ ਵਿਦੇਸ਼ਾਂ 'ਚ ਗਏ ਭਾਰਤੀ ਅਜਿਹਾ ਨਹੀਂ ਕਰ ਸਕੇ ਕਿਉਕਿ ਉਹ ਮਜ਼ਬੂਤ ਆਰਥਿਕਤਾ ਨਹੀਂ ਬਲਕਿ ਉਹ ਕਿਰਤੀ ਜਮਾਤ ਦੇ ਰੂਪ 'ਚ ਉਥੇ ਗਏ ਸਨ ਰੋਜ਼ੀ-ਰੋਟੀ ਲਈ। ਇਸ ਤੋਂ ਤਾਂ ਇਹੀ ਸਾਬਤ ਹੁੰਦਾ ਹੈ ਰੋਟੀ ਲਈ ਪੰਜਾਬ ਆਏ ਇਹ ਮਜ਼ਦੂਰ ਪੰਜਾਬ ਦੇ ਸੱਭਿਆਚਾਰ ਦਾ ਭਲਾ ਕੀ ਵਿਗਾੜਨਗੇ?

ਸਮਾਂ ਪਾ ਕੇ ਇਹ ਵੀ ਪੰਜਾਬੀ ਸੱਭਿਆਚਾਰ ਦੇ ਰੰਗ 'ਚ ਰੰਗੇ ਜਾਣਗੇ। ਏਥੇ ਮੈਂ ਇਕ ਉਦਾਹਰਨ ਆਪਣੇ ਪਿੰਡ ਦੇ ਬਿਹਾਰੀ ਮਜ਼ਦੂਰ ਦੀ ਦਿੰਦਾ ਹਾਂ। ਸਾਡੇ ਪਿੰਡ ਦਾ ਇਕ 'ਭਈਆ' ਰਾਮ ਲਾਲ ਜਦੋਂ 25 ਕੁ ਸਾਲ ਪਹਿਲਾਂ ਪਿੰਡ ਆਇਆ ਸੀ ਤਾਂ ਉਸਦੀ ਬੋਲੀ ਬਿਲਕੁਲ ਬਿਹਾਰੀ ਸੀ, ਪਰ ਅੱਜ ਉਹ ਚੰਗੀ ਪੰਜਾਬੀ ਬੋਲਦਾ ਹੈ। ਉਸਦੇ ਬੱਚੇ ਵੀ ਸੋਹਣੀ ਪੰਜਾਬੀ ਉਚਾਰਦੇ ਹਨ, ਏਨੀ ਸੋਹਣੀ ਕਿ ਸਾਡੇ ਮੂਲ ਪੰਜਾਬੀ ਬੱਚੇ ਵੀ ਨਹੀਂ ਉਚਾਰਦੇ। ਅਸਲ 'ਚ ਉਹ ਪੰਜਾਬੀ ਸੱਭਿਆਚਾਰ ਤੋਂ ਨਹੀਂ ਸਗੋਂ ਸਿੱਖ ਸੱਭਿਆਚਾਰ ਤੋਂ ਵੀ ਪ੍ਰਭਾਵਤ ਹੋਇਆ। ਉਸਨੇ ਆਪਣਾ ਨਾਮ ਰਾਮ ਸਿੰਘ ਰੱਖ ਲਿਆ ਹੈ ਤੇ ਬੇਟੇ ਦਾ ਗੁਰਦੀਪ ਸਿੰਘ ਜੋ ਕਿ ਇਕ ਕੇਸਧਾਰੀ ਬੱਚਾ ਹੈ।

ਅਸਲ 'ਚ ਪੰਜਾਬੀ ਸੱਭਿਆਚਾਰ ਨੂੰ ਖ਼ਤਰਾ ਬਾਹਰਲਿਆਂ ਤੋਂ ਨਹੀਂ ਸਗੋਂ ਉਸਦੇ ਆਪਣਿਆਂ ਤੋਂ ਹੈ। ਪੰਜਾਬੀਆਂ ਨੇ ਆਪਣੇ ਬੱਚੇ ਸਰਕਾਰੀ ਸਕੂਲਾਂ 'ਚੋਂ ਹਟਾ ਕੇ ਅੰਗਰੇਜ਼ੀ ਸਕੂਲਾਂ 'ਚ ਲਾਉਣੇ ਸ਼ੁਰੂ ਕਰ ਦਿੱਤੇ ਹਨ। ਅਜਿਹੇ ਸਕੂਲਾਂ 'ਚ ਮਾਂ ਬੋਲੀ ਦੀ ਕੋਈ-ਕਦਰ ਨਹੀਂ ਹੈ। ਜਦਕਿ ਬਿਹਾਰ ਤੋਂ ਆਏ ਨੰਦ ਕਿਸ਼ੋਰ ਦੇ ਬੱਚੇ ਸਰਕਾਰੀ ਸਕੂਲਾਂ 'ਚ 'ਊੜਾ-ਐੜਾ' ਪੜਦੇ ਹਨ ਤੇ ਫੱਟੀ 'ਤੇ ਲਿਖਦੇ ਹਨ 'ਗੁਰੂ ਨਾਨਕ ਦੇਵ ਜੀ ਦਾ ਜਨਮ ਰਾਏ ਭੋਇ ਦੀ ਤਲਵੰਡੀ ਜ਼ਿਲਾ ਸ਼ੇਖ਼ੂਪੁਰਾ ਨਨਕਾਣਾ ਸਾਹਿਬ ਹੋਇਆ'। ਪੰਜਾਬੀਆਂ ਦੇ ਆਪਣਿਆਂ ਬੱਚਿਆਂ ਦੇ ਸਿਰ ਵਿਦੇਸ਼ ਜਾਣ ਦਾ ਭੂਤ ਸਵਾਰ ਹੈ। ਪੱਛਮ ਦੀ ਤੜਕ-ਭੜਕ ਉਨਾਂ 'ਤੇ ਪੂਰੀ ਤਰ੍ਹਾਂ ਸਵਾਰ ਹੈ। ਇਸ ਤੋਂ ਸਹਿਜੇ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਪੰਜਾਬੀ ਸੱਭਿਆਚਾਰ, ਪੰਜਾਬੀ ਭਾਸ਼ਾ ਤੇ ਪੰਜਾਬ ਨੂੰ ਕਿਸ ਤੋਂ ਖ਼ਤਰਾ ਹੈ?

ਪ੍ਰਵਾਸੀ ਮਜ਼ਦੂਰਾਂ ਤੋਂ ਪੰਜਾਬੀ ਸੱਭਿਆਚਾਰ ਨੂੰ ਖ਼ਤਰਾ ਦੱਸਣ ਵਾਲਿਆਂ ਨੂੰ ਅਸਲ 'ਚ ਪੰਜਾਬੀ ਸੱਭਿਆਚਾਰ ਦੀ ਚਿੰਤਾ ਘੱਟ ਤੇ ਸਿੱਖ ਸੱਭਿਆਚਾਰ ਦੀ ਤੇ ਆਪਣਾ ਰਾਜ-ਭਾਗ ਖੁੱਸਣ ਦਾ ਖ਼ਤਰਾ ਵੱਧ ਹੈ। ਅਸੀਂ ਜਾਣਦੇ ਹਾਂ ਕਿ ਪ੍ਰਵਾਸੀ ਮਜ਼ਦੂਰਾਂ ਨੇ ਕਿਵੇਂ ਮਿਹਨਤ-ਮਜ਼ਦੂਰੀ ਕਰ ਕੇ ਉੱਚੀਆਂ ਮੰਜ਼ਿਲਾਂ ਹਾਸਲ ਕਰ ਲਈਆਂ ਹਨ। ਅੱਜ ਇਹੀ ਮਜ਼ਦੂਰ ਪੰਜਾਬ 'ਚ ਫੈਕਟਰੀਆਂ ਲਾਈ ਬੈਠੇ ਹਨ। ਪੰਜਾਬ ਦੀ ਰਾਜਨੀਤੀ 'ਚ ਇਹ ਵੱਧ ਚੜ ਕੇ ਹਿੱਸਾ ਲੈਣ ਲੱਗ ਪਏ ਹਨ। ਕੁਝ ਪ੍ਰਵਾਸੀਆਂ ਨੇ ਤਾਂ ਸਿੱਖ ਬਣ ਕੇ ਸਿੱਖ ਰਾਜਨੀਤੀ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੇ ਅਖੌਤੀ ਚਿੰਤਕਾਂ ਨੂੰ ਇਹ ਗੱਲਾਂ ਰਾਸ ਨਹੀਂ ਆ ਰਹੀਆਂ ਕਿਉਕਿ ਹੁਣ ਧਰਮ ਦੇ ਆਧਾਰ 'ਤੇ ਵੋਟਾਂ ਮੰਗ ਕੇ ਕੁਰਸੀ ਹਾਸਲ ਕਰਨ ਵਾਲਾ ਉਨਾਂ ਦਾ ਪਰਪੰਚ ਖ਼ਤਮ ਹੋਣ ਵਾਲਾ ਹੈ।

ਪ੍ਰਵਾਸੀ ਮਜ਼ਦੂਰਾਂ ਦੀ ਤਰੱਕੀ ਨੇ ਮਜ਼ਦੂਰ ਏਕਤਾ ਨੂੰ ਤੇ ਮਜ਼ਦੂਰ ਸ਼ਕਤੀ ਨੂੰ ਬਲ ਦਿੱਤਾ ਹੈ। ਇਸੇ ਹੀ ਕਰਕੇ ਸਰਮਾਏਦਾਰ ਪਾਰਟੀਆਂ ਨੂੰ ਇਹ ਗੱਲਾਂ ਰਾਸ ਨਹੀਂ ਆ ਰਹੀਆਂ। ਪ੍ਰਵਾਸੀਆਂ ਦੇ ਸਿੱਖ ਰਾਜਨੀਤੀ 'ਚ ਦਖਲ ਹੋਣ ਨਾਲ ਕਈਆਂ ਨੂੰ ਆਪਣੀ ਜਥੇਦਾਰੀਆਂ ਖੁੱਸਣ ਦੇ ਆਸਾਰ ਨਜ਼ਰ ਆ ਰਹੇ ਹਨ। ਜੇ ਹੁਣ ਨਹੀਂ ਤਾਂ ਭਵਿੱਖ 'ਚ ਦੇਰ ਸਵੇਰ ਅਜਿਹਾ ਹੋ ਜਾਵੇਗਾ। ਏਨੇ ਵੱਡੇ ਸਦਮੇ ਨੂੰ ਇਹ ਅਖੌਤੀ ਚਿੰਤਕ ਤੇ ਲੀਡਰ ਸਹਾਰ ਨਹੀਂ ਸਕਦੇ, ਜਿਸ ਕਰਕੇ ਇਹ ਪ੍ਰਵਾਸੀਆਂ ਬਾਰੇ ਕੂੜ ਪ੍ਰਚਾਰ ਕਰੀ ਜਾ ਰਹੇ ਹਨ।

ਅਖੌਤੀ ਧਾਰਮਿਕ ਆਗੂਆਂ ਦੀ ਇਹ ਮਾਨਸਿਕਤਾ ਹੈ ਕਿ ਪੰਜਾਬ ਸਿੱਖ ਦਬਦਬੇ ਵਾਲਾ ਇਲਾਕਾ ਬਣਿਆ ਰਹੇ। ਅਜਿਹੀ ਧਰਮਪ੍ਰਸਤੀ ਨੇ ਸਮੁੱਚੀ ਪੰਜਾਬੀ ਕੌਮ 'ਚ ਪੰਜਾਬਪ੍ਰਸਤੀ ਤੇ ਪੰਜਾਬੀਅਤ ਦੀ ਭਾਵਨਾ ਪੈਦਾ ਨਹੀਂ ਹੋਣ ਦਿੱਤੀ। ਅਖੌਤੀ ਸਿੱਖ ਆਗੂ ਪ੍ਰਵਾਸੀਆਂ ਦੇ ਸਿੱਖ ਧਰਮ 'ਚ ਪ੍ਰਵੇਸ਼ ਹੋ ਕੇ ਸਿੱਖ ਰਾਜਨੀਤੀ 'ਚ ਆਉਣ ਨੂੰ ਚੰਗਾ ਨਹੀਂ ਸਮਝਦੇ। ਉਹ ਇਹ ਜ਼ਰੂਰ ਚਾਹੁੰਦੇ ਹਨ ਕਿ ਪ੍ਰਵਾਸੀ ਸਿੱਖ ਧਰਮ ਅਪਨਾਉਣ ਪਰ ਉਨਾਂ ਨਾਲ ਕੋਈ ਸਾਂਝ ਪਾਉਣ ਲਈ ਤਿਆਰ ਨਹੀਂ। ਉਹ ਪ੍ਰਵਾਸੀ ਮਜ਼ਦੂਰਾਂ ਨੂੰ ਦੂਜੇ ਜਾਂ ਤੀਜੇ ਦਰਜੇ ਦੇ ਸਿੱਖਾਂ ਦੀ ਕਤਾਰ 'ਚ ਰੱਖਣਾ ਪਸੰਦ ਕਰਦੇ ਹਨ। ਸਿੱਖ ਰਾਜਨੀਤੀ ਵਿੱਚ ਉਹ 'ਖਾਲਸ ਸਿੱਖ' ਹੀ ਭਾਲਦੇ ਹਨ।

ਜਿੱਥੋਂ ਤੱਕ ਸਵਾਲ ਲੁੱਟਾਂ-ਖੋਹਾਂ ਤੇ ਹੋਰ ਵਾਰਦਾਤਾਂ ਦਾ ਹੈ, ਇਸ ਸਬੰਧੀ ਅਸੀਂ ਸਮੁੱਚੇ ਪ੍ਰਵਾਸੀ ਮਜ਼ਦੂਰਾਂ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ। ਇਨਾਂ 'ਚੋ ਥੋੜੇ ਵਿਅਕਤੀ ਅਜਿਹੇ ਜ਼ਰੂਰ ਹੋ ਸਕਦੇ ਹਨ, ਪਰ ਇਸ ਲਈ ਪੂਰੇ ਭਾਈਚਾਰੇ ਨੂੰ ਦੋਸ਼ੀ ਠਹਿਰਾਉਣਾ ਸਹੀ ਨਹੀਂ ਹੋਵੇਗਾ। ਇਹ ਇਮਾਨਦਾਰ, ਮਿਹਨਤੀ ਮਜ਼ਦੂਰ ਹਨ। ਇਹੋ ਕਾਰਨ ਹੈ ਕਿ ਸ਼ਹਿਰਾਂ ਦੇ ਕਈ ਲੋਕ ਇਨਾਂ ਨੂੰ ਨੋਕਰ ਵਜੋਂ ਘਰਾਂ 'ਚ ਵੀ ਰੱਖਦੇ ਹਨ। ਅਸਲ 'ਚ ਲੁੱਟਾਂ-ਖੋਹਾਂ, ਚੋਰੀ-ਡਾਕੇ ਦੇ ਕਾਰਨ ਆਰਥਿਕ ਹਨ। ਇਹ ਸਾਡੇ ਮਾੜੇ ਆਰਥਿਕ ਸਿਸਟਮ ਦੀ ਦੇਣ ਹਨ, ਨਾ ਕਿ ਭੈੜੀਆਂ ਰੁਚੀਆਂ ਪ੍ਰਵਾਸੀਆਂ ਦੇ ਖੂਨ ਵਿਚ ਹੁੰਦੀਆਂ ਹਨ। ਨਿਰਪੱਖ ਹੋ ਕੇ ਜਾਂਚਣ 'ਤੇ ਪਤਾ ਲੱਗਦਾ ਹੈ ਕਿ ਲੁੱਟਾਂ-ਖੋਹਾਂ 'ਚ ਪੰਜਾਬੀ ਵੀ ਪਿੱਛੇ ਨਹੀਂ ਹਨ। ਵੱਡੇ ਘਰਾਂ ਦੇ ਵਿਗੜੇ ਕਾਕੇ ਤੇ ਬੇਰੁਜ਼ਗਾਰ ਨੌਜਵਾਨ ਆਮ ਹੀ ਇਨਾਂ ਵਾਰਦਾਤਾਂ 'ਚ ਸ਼ਾਮਿਲ ਲੱਭਦੇ ਹਨ। ਕਈ ਪੰਜਾਬੀ ਤਾਂ ਵਿਦੇਸ਼ਾਂ 'ਚ ਜਾ ਕੇ ਵੀ ਲੁੱਟਾਂ-ਖੋਹਾਂ ਤੇ ਸਮਗਲਿੰਗ ਕਰਦੇ ਹਨ। ਕੀ ਇਸ ਲਈ ਅਸੀਂ ਪੂਰੀ ਪੰਜਾਬੀ ਕੌਮ ਨੂੰ ਹੀ ਲੁਟੇਰੀ ਕੌਮ ਕਹਿ ਦਿਆਂਗੇ?

ਜੇਕਰ ਪ੍ਰਵਾਸੀ ਮਜ਼ਦੂਰ ਆਪਣੇ ਹੀ ਮੁਲਕ ਦੇ ਦੂਜੇ ਹਿੱਸੇ 'ਚ ਮਿਹਨਤ ਮਜ਼ਦੂਰੀ ਕਰ ਕੇ ਕਾਮਯਾਬੀ ਦੀਆਂ ਬੁਲੰਦੀਆਂ ਛੂੰਹਦੇ ਹਨ ਤਾਂ ਇਸ 'ਚ ਕੀ ਬੁਰਾਈ ਹੈ? ਜੇਕਰ ਬੁਰਾਈ ਹੈ ਤਾਂ ਪੰਜਾਬੀਆਂ ਦਾ ਬੇਗਾਨੇ ਮੁਲਕਾਂ 'ਚ ਜਾ ਕੇ ਉੱਚੇ ਅਹੁਦਿਆਂ 'ਤੇ ਕੰਮ ਕਰਨਾ ਕਿਵੇਂ ਸਹੀ ਹੈ?

ਜੇਕਰ ਇਸ ਵਿਸ਼ੇ ਨੂੰ ਸੰਵਿਧਾਨਕ ਨਜ਼ਰੀਏ ਤੋਂ ਦੇਖੀਏ ਤਾਂ ਇਹ ਵਿਰੋਧ ਨਾਗਰਿਕ ਅਧਿਕਾਰਾਂ ਦੇ ਵਿਰੋਧੀ ਹੈ। ਸੰਵਿਧਾਨ ਦੀ ਅਨੁਛੇਦ 19'ਚ ਦਰਜ ਹੈ ਕਿ ਹਰ ਨਾਗਰਿਕ ਨੂੰ ਦੇਸ਼ ਦੇ ਕਿਸੇ ਵੀ ਹਿੱਸੇ 'ਚ ਤੁਰਨ-ਫਿਰਨ, ਕਿਸੇ ਵੀ ਭਾਗ 'ਚ ਰਹਿਣ ਤੇ ਨੌਕਰੀ ਕਰਨ ਦਾ ਅਧਿਕਾਰ ਹੈ। ਅਸਲ 'ਚ ਪੰਜਾਬ ਦੇ 'ਮਹਾਨ ਚਿੰਤਕਾਂ' ਤੇ ਲੀਡਰਾਂ ਨੂੰ ਸੰਵਿਧਾਨ ਤੇ ਕੌਮੀ ਏਕਤਾ ਜਿਹੇ ਵਿਸ਼ਿਆਂ ਨਾਲ ਕੋਈ ਵਾਹ-ਵਾਸਤਾ ਨਹੀਂ ਹੈ। ਉਨਾਂ ਤਾਂ ਫਿਰਕੂ ਵੰਡ ਤੇ ਸ਼ ?ਰੇਣੀ ਭੇਦ ਰਾਹੀਂ ਵੋਟਾਂ ਵਟੋਰਨੀਆਂ ਹਨ।

ਪ੍ਰਵਾਸੀ ਮਜ਼ਦੂਰਾਂ ਦਾ ਪੰਜਾਬ ਦੀ ਖੁਸ਼ਹਾਲੀ 'ਚ ਅਹਿਮ ਯੋਗਦਾਨ ਹੈ। ਸਾਨੂੰ ਇਸਨੂੰ ਭੁੱਲਣਾ ਨਹੀਂ ਚਾਹੀਦਾ। ਵਰਤਮਾਨ ਯੁੱਗ 'ਚ ਜਦ ਅਸੀਂ ਆਪਣੇ ਗੁਆਂਢੀ ਦੇਸ਼ਾਂ 'ਚ ਬਿਨਾਂ ਵੀਜ਼ੇ ਜਾਣ ਦੀਆਂ ਗੱਲਾਂ ਕਰਦੇ ਹਾਂ ਤਾਂ ਇਨਾਂ ਮਜ਼ਦੂਰਾਂ ਦੇ ਆਪਣੇ ਹੀ ਮੁਲਕ 'ਚ ਆਉਣ 'ਤੇ ਰੋਕ ਲਾਉਣੀ ਚੰਗੀ ਸੋਚ ਨਹੀਂ ਕਹੀ ਜਾ ਸਕਦੀ। ਸਾਡੇ ਅਖੌਤੀ ਨੇਤਾਵਾਂ ਤੇ ਸਮੁੱਚੀ ਕੌਮ ਨੂੰ ਇਨਾਂ ਮਜ਼ਦੂਰਾਂ ਪ੍ਰਤੀ ਸੋਚ ਬਦਲਣੀ ਪਵੇਗੀ। ਇਸ ਤੋਂ ਬਿਨਾਂ ਪੰਜਾਬੀ ਮੂਲ ਦੇ ਮਜ਼ਦੂਰਾਂ ਨੂੰ ਚਾਹੀਦਾ ਹੈ ਕਿ ਉਹ ਅਜਿਹੇ ਘਟੀਆ ਪ੍ਰਚਾਰ 'ਚ ਨਾ ਆ ਕੇ ਪ੍ਰਵਾਸੀ ਮਜ਼ਦੂਰਾਂ ਨਾਲ ਸਾਂਝ ਵਧਾਉਣ। ਇਸ ਨਾਲ ਹੀ ਮਜ਼ਦੂਰ ਏਕਤਾ ਮਜ਼ਬੂਤ ਹੋਵੇਗੀ। ਸਰਮਾਏਦਾਰੀ ਨਿਜ਼ਾਮ ਤੇ ਪੰਜਾਬ ਵਿਚਲੇ ਬਚੇ-ਖੁਚੇ ਜਗੀਰੂ ਸਿਸਟਮ ਵਿਰੁੱਧ ਲਾਮਬੰਦ ਹੋਣਾ ਸਮੇਂ ਦੀ ਲੋੜ ਹੈ। ਇਹ ਮਜ਼ਦੂਰ ਏਕਤਾ ਇੱਕ ਦਿਨ ਰੰਗ ਲਿਆਵੇਗੀ।

# ਉਮਰ ਖ਼ਾਲਿਦ ਅਤੇ ਹੋਰ ਕਾਰਕੁਨਾਂ ਨੂੰ ਜ਼ਮਾਨਤ ਤੋਂ ਇਨਕਾਰ ਦੇ ਮਾਇਨੇ

-ਬੂਟਾ ਸਿੰਘ ਮਹਿਮੂਦਪੁਰ



*ਉਮਰ ਖ਼ਾਲਿਦ ਅਤੇ ਹੋਰ ਕਾਰਕੁਨਾਂ ਦੀ ਜ਼ਮਾਨਤ ਦੀ ਅਰਜ਼ੀ ਰੱਦ ਕੀਤੇ ਜਾਣ ਨਾਲ ਭਾਰਤੀ ਨਿਆਂ ਪ੍ਰਣਾਲੀ ਦੀ ਨਿਰਪੱਖਤਾ ਸਵਾਲਾਂ ਦੇ ਘੇਰੇ 'ਚ ਆ ਗਈ ਹੈ। ਇਸ ਅਦਾਲਤੀ ਫ਼ੈਸਲੇ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਨਾਗਰਿਕ ਹੱਕਾਂ ਅਤੇ ਜਮਹੂਰੀ ਸਪੇਸ ਉੱਪਰ ਪੈਣ ਵਾਲੇ ਅਸਰਾਂ ਦੀ ਚਰਚਾ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ*

3 ਸਤੰਬਰ, 2025 ਨੂੰ ਦਿੱਲੀ ਹਾਈ ਕੋਰਟ ਵੱਲੋਂ ਜੇ.ਐੱਨ.ਯੂ. ਦੇ ਪੀਐੱਚ.ਡੀ. ਸਕਾਲਰ ਉਮਰ ਖ਼ਾਲਿਦ ਦੀ ਜ਼ਮਾਨਤ ਦੀ ਅਰਜ਼ੀ ਛੇਵੀਂ ਵਾਰ ਰੱਦ ਕਰ ਦਿੱਤੀ ਗਈ। ਇਸੇ ਤਰ੍ਹਾਂ ਨੌਂ ਹੋਰ ਵਿਦਿਆਰਥੀਆਂ ਅਤੇ ਕਾਰਕੁਨਾਂ ਨੂੰ ਵੀ ਜ਼ਮਾਨਤ ਨਹੀਂ ਦਿੱਤੀ ਗਈ। ਇਹ ਸਾਰੇ ਮੁਸਲਮਾਨ ਹਨ ਅਤੇ ਇਨ੍ਹਾਂ ਨੂੰ ਸੀ.ਏ.ਏ. (ਨਾਗਰਿਕਤਾ ਸੋਧ ਕਾਨੂੰਨ) ਵਿਰੁੱਧ ਦੇਸ਼-ਵਿਆਪੀ ਲੋਕ ਅੰਦੋਲਨ ਸਮੇਂ ਦਿੱਲੀ 'ਚ ਹੋਈ ਹਿੰਸਾ 'ਚ ਸ਼ਾਮਲ ਹੋਣ ਦੇ ਇਲਜ਼ਾਮ ਲਗਾਕੇ ਜੇਲ੍ਹ 'ਚ ਡੱਕਿਆ ਹੋਇਆ ਹੈ।

ਜੇ.ਐੱਨ.ਯੂ. ਦਾ ਸਾਬਕਾ ਵਿਦਿਆਰਥੀ ਆਗੂ ਉਮਰ ਖ਼ਾਲਿਦ ਸਤੰਬਰ 2020 ਤੋਂ ਜੇਲ੍ਹ ਵਿਚ ਹੈ। ਪੁਲਿਸ ਨੇ ਇਲਜ਼ਾਮ ਲਗਾਇਆ ਕਿ ਫਰਵਰੀ 2020 'ਚ ਉੱਤਰ-ਪੂਰਬੀ ਦਿੱਲੀ 'ਚ ਜੋ ਫਿਰਕੂ ਹਿੰਸਾ ਹੋਈ, ਉਹ ਉਸ "ਵੱਡੀ ਸਾਜ਼ਿਸ਼" ਦੇ ਯੋਜਨਾਘਾੜਿਆਂ ਵਿੱਚੋਂ ਇਕ ਸੀ। ਜਦਕਿ ਉਹ ਓਦੋਂ ਮੁੰਬਈ ਵਿਚ ਸੀ। ਇਸੇ ਤਰ੍ਹਾਂ ਸ਼ਰਜੀਲ ਇਮਾਮ ਵੀ ਹੋਣਹਾਰ ਵਿਦਵਾਨ ਹੈ, ਉਹ ਤਾਂ ਉਸ ਤੋਂ ਪਹਿਲਾਂ ਹੀ ਜੇਲ੍ਹ 'ਚ ਬੰਦ ਸੀ ਜਦੋਂ ਹਿੰਸਾ ਹੋਈ। ਉਸ ਨੂੰ ਜਨਵਰੀ 2020 'ਚ ਗ੍ਰਿਫ਼ਤਾਰ ਕੀਤਾ ਗਿਆ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ ਹੈ; ਇਸੇ ਤਰ੍ਹਾਂ ਮੀਰਾਨ ਹੈਦਰ ਅਪ੍ਰੈਲ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਹਾਈ ਕੋਰਟ ਵੱਲੋਂ ਚਾਰ ਵਾਰ ਰੱਦ ਕੀਤੀ ਗਈ ਹੈ; ਤਸਲੀਮ ਅਹਿਮਦ ਜੂਨ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਤਿੰਨ ਵਾਰ ਰੱਦ ਕੀਤੀ ਗਈ ਹੈ; ਅਤਹਰ ਖ਼ਾਨ ਜੁਲਾਈ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ ਹੈ; ਖ਼ਾਲਿਦ ਸੈਫ਼ੀ ਮਾਰਚ 2020 'ਚ ਗ੍ਰਿਫ਼ਤਾਰ ਅਤੇ ਉਸ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ ਹੈ; ਗੁਲਫ਼ਸ਼ਾ ਫ਼ਾਤਿਮਾ ਅਪ੍ਰੈਲ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ ਹੈ; ਸ਼ਿਫ਼ਾ ਉਰ ਰਹਮਾਨ ਅਪ੍ਰੈਲ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਦੋ ਵਾਰ ਰੱਦ ਕੀਤੀ ਗਈ ਹੈ; ਅਤੇ ਸਲੀਮ ਖ਼ਾਨ ਜੂਨ 2020 'ਚ ਗ੍ਰਿਫ਼ਤਾਰ ਅਤੇ ਉਸਦੀ ਜ਼ਮਾਨਤ ਦੀ ਅਰਜ਼ੀ ਵੀ ਦੋ ਵਾਰ ਰੱਦ ਕੀਤੀ ਗਈ ਹੈ।

ਨਵੰਬਰ 2019 'ਚ ਮੋਦੀ ਵਜ਼ਾਰਤ ਵੱਲੋਂ ਐੱਨਆਰਸੀ (ਨਾਗਰਿਕਾਂ ਦਾ ਕੌਮੀ ਰਜਿਸਟਰ) ਬਣਾਇਆ ਗਿਆ ਅਤੇ ਇਸੇ ਸਾਲ ਦਸੰਬਰ 'ਚ ਵਿਵਾਦਪੂਰਨ ਸੀ.ਏ.ਏ. ਪਾਸ ਕੀਤਾ ਗਿਆ। ਇਸ ਕਾਨੂੰਨੀ ਕਵਾਇਦ ਦਾ ਮਨੋਰਥ ਮੁਸਲਮਾਨ ਭਾਈਚਾਰੇ ਨੂੰ ਨਾਗਰਿਕਤਾ ਦੇ ਹੱਕ ਤੋਂ ਵਿਰਵਾ ਕਰਕੇ ਬਹੁਗਿਣਤੀ ਦੇ ਬੋਲਬਾਲੇ ਵਾਲੇ ਰਾਜ ਦੇ ਰਹਿਮੋ-ਕਰਮ ਦੇ ਮੁਹਤਾਜ ਬਣਾਉਣਾ ਸੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਭਾਸ਼ਣਾਂ ਵਿਚ ਵਾਰ-ਵਾਰ ਬੰਗਲਾਦੇਸ਼ੀ ਪ੍ਰਵਾਸੀਆਂ ਨੂੰ ਮੁਲਕ ਨੂੰ ਚਿੰਬੜੀ ਸਿਉਂਕ ਕਹਿਣ ਤੋਂ ਹੁਕਮਰਾਨ ਧਿਰ ਦਾ ਇਰਾਦਾ ਜ਼ਾਹਰ ਹੋ ਗਿਆ ਸੀ। ਸੀ.ਏ.ਏ. ਦਰਅਸਲ ਮੁਸਲਮਾਨ ਘੱਟਗਿਣਤੀ ਵਿਰੁੱਧ ਸੇਧਤ ਫਿਰਕੂ ਹਮਲਾ ਸੀ ਜੋ ਫਿਰਕੂ ਪਾਲਾਬੰਦੀ ਦੇ ਹਿੰਦੂਤਵੀ ਪ੍ਰੋਜੈਕਟ ਦਾ ਹਿੱਸਾ ਸੀ।

ਇਸ ਫਿਰਕੂ ਕਾਨੂੰਨ ਵਿਰੁੱਧ ਪੂਰੇ ਮੁਲਕ ਵਿਚ ਜ਼ੋਰਦਾਰ ਲੋਕ-ਅੰਦੋਲਨ ਉੱਠਿਆ। ਦਿੱਲੀ ਵਿਚ ਸ਼ਾਹੀਨ ਬਾਗ਼ ਅਤੇ ਹੋਰ ਥਾਵਾਂ ਉੱਪਰ ਲਗਾਤਾਰ ਹੋ ਰਹੇ ਵਿਆਪਕ ਵਿਰੋਧ-ਪ੍ਰਦਰਸ਼ਨਾਂ ਤੋਂ ਬੌਖਲਾਈ ਭਾਜਪਾ ਸਰਕਾਰ ਨੇ ਜ਼ਹਿਰੀਲਾ ਬਿਰਤਾਂਤ ਘੜਕੇ ਅੰਦੋਲਨ ਨੂੰ ਬਦਨਾਮ ਕਰਨ ਲਈ ਪੂਰੀ ਪ੍ਰਚਾਰ ਮਸ਼ੀਨਰੀ ਝੋਕ ਦਿੱਤੀ। ਅੰਦੋਲਨਕਾਰੀਆਂ ਨੂੰ ਭੜਕਾਕੇ ਅੰਦੋਲਨ ਨੂੰ ਤੋੜਨ ਲਈ ਪੁਲਿਸ ਦੀ ਮੱਦਦ ਨਾਲ ਜਨੂੰਨੀ ਭੀੜਾਂ ਕੋਲੋਂ ਹਿੰਸਕ ਹਮਲੇ ਕਰਵਾਏ ਗਏ। ਅੰਦੋਲਨ ਦੀਆਂ ਆਗੂ ਟੀਮਾਂ ਨੇ ਹਕੂਮਤ ਦੇ ਇਰਾਦੇ ਬੁੱਝ ਲਏ ਸਨ। ਉਨ੍ਹਾਂ ਵੱਲੋਂ ਕਿਸੇ ਵੀ ਤਰ੍ਹਾਂ ਦੀ ਭੜਕਾਹਟ ਤੋਂ ਬਚਕੇ ਇਨ੍ਹਾਂ ਤਮਾਮ ਘਿਣਾਉਣੀਆਂ ਸਾਜ਼ਿਸ਼ਾਂ ਨੂੰ ਨਾਕਾਮ ਬਣਾਉਂਦੇ ਹੋਏ ਵੱਖ-ਵੱਖ ਪੱਕੇ ਮੋਰਚੇ ਜਾਰੀ ਰੱਖੇ ਗਏ। ਟਰੰਪ ਦੀ ਭਾਰਤ ਫੇਰੀ ਮੌਕੇ ਸੰਘੀ ਲਾਣੇ ਵੱਲੋਂ ਅੰਦੋਲਨ ਨੂੰ ਖਿੰਡਾਉਣ ਦੀ ਡੂੰਘੀ ਸਾਜ਼ਿਸ਼ ਨੂੰ ਅੰਜਾਮ ਦਿੱਤਾ ਗਿਆ ਤਾਂ ਜੋ ਇਨ੍ਹਾਂ ਅੰਦੋਲਨਾਂ ਉੱਪਰ ਆਲਮੀ ਮੀਡੀਆ ਦੀ ਨਜ਼ਰ ਨਾ ਪਵੇ। ਭਾਜਪਾ ਆਗੂ ਕਪਿਲ ਮਿਸ਼ਰੇ, ਕੇਂਦਰੀ ਮੰਤਰੀ ਅਨੁਰਾਗ ਠਾਕੁਰ, ਪਰਵੇਸ਼ ਸਾਹਿਬ ਸਿੰਘ ਵਰਮਾ ਅਤੇ ਹੋਰ ਜਾਣੇ-ਪਛਾਣੇ ਸੰਘੀ ਚਿਹਰਿਆਂ ਵੱਲੋਂ ਦਿੱਲੀ ਦੇ ਪੁਲਿਸ ਅਧਿਕਾਰੀਆਂ ਦੀ ਮੌਜੂਦਗੀ 'ਚ ਭੜਕਾਊ ਭਾਸ਼ਣਾਂ ਅਤੇ ਨਾਅਰਿਆਂ ਨਾਲ ਹਜੂਮ ਨੂੰ ਅੰਦੋਲਨਕਾਰੀਆਂ ਉੱਪਰ ਹਮਲੇ ਕਰਨ ਲਈ ਉਕਸਾਕੇ ਮਾਹੌਲ ਤਿਆਰ ਕੀਤਾ ਗਿਆ। ਫਿਰ, ਪੁਲਿਸ ਦੀ ਸੁਰੱਖਿਆ ਹੇਠ ਮੁਜਰਿਮ ਗਰੋਹਾਂ ਵੱਲੋਂ ਪੂਰਬ-ਉੱਤਰ ਦਿੱਲੀ 'ਚ ਮੁਸਲਮਾਨਾਂ ਦੇ ਰਿਹਾਇਸ਼ੀ ਇਲਾਕਿਆਂ ਅਤੇ ਉਨ੍ਹਾਂ ਦੇ ਕਾਰੋਬਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਇਸ ਗਿਣੀ-ਮਿੱਥੀ ਹਿੰਸਾ ਵਿਚ 53 ਲੋਕ ਮਾਰੇ ਗਏ ਅਤੇ ਸੈਂਕੜੇ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਮੁਸਲਿਮ ਭਾਈਚਾਰੇ ਦੇ ਸਨ।

ਦਿੱਲੀ ਪੁਲਿਸ ਨੇ ਇਸ ਹਿੰਸਕ ਘਟਨਾਕ੍ਰਮ ਦੀ ਨਿਰਪੱਖ ਜਾਂਚ ਕਰਨ ਦੀ ਬਜਾਏ ਸੱਤਾਧਾਰੀ ਭਾਜਪਾ ਦੇ ਇਸ਼ਾਰੇ 'ਤੇ ਉਨ੍ਹਾਂ ਮੁਸਲਮਾਨ ਲੜਕੇ-ਲੜਕੀਆਂ ਅਤੇ ਹੋਰ ਕਾਰਕੁਨਾਂ ਨੂੰ ਹੀ ਝੂਠੇ ਕੇਸਾਂ 'ਚ ਫਸਾਉਣ ਦੀ ਮੁਹਿੰਮ ਵਿੱਢ ਦਿੱਤੀ ਜੋ ਸ਼ਾਂਤਮਈ ਅੰਦੋਲਨ ਵਿਚ ਸਰਗਰਮ ਭੂਮਿਕਾ ਨਿਭਾ ਰਹੇ ਸਨ। ਭਾਜਪਾ ਦੇ ਅਤੇ ਹੋਰ ਹਿੰਦੂਤਵ ਹਮਾਇਤੀ ਆਗੂਆਂ ਦੀ ਜੱਗ ਜ਼ਾਹਰ ਹਿੰਸਾ ਅਤੇ ਭੜਕਾਊ ਭਾਸ਼ਣਾਂ ਨੂੰ ਉੱਕਾ ਹੀ ਨਜ਼ਰ-ਅੰਦਾਜ਼ ਕਰਕੇ ਪੁਲਿਸ ਅਧਿਕਾਰੀਆਂ ਨੇ ਸਾਰੀ ਤਾਕਤ ਉਨ੍ਹਾਂ ਨੌਜਵਾਨ ਕਾਰਕੁਨਾਂ, ਵਿਦਿਆਰਥੀਆਂ ਤੇ ਹੋਰ ਇਨਸਾਫ਼ਪਸੰਦਾਂ ਵਿਰੁੱਧ ਝੂਠੇ ਕੇਸ ਘੜਨ ਉੱਪਰ ਝੋਕ ਦਿੱਤੀ ਜਿਨ੍ਹਾਂ ਨੇ ਇਸ ਫਿਰਕੂ ਪੱਖਪਾਤੀ ਕਾਨੂੰਨ ਖ਼ ?ਲਾਫ਼ ਅਵਾਜ਼ ਉਠਾਈ ਸੀ। ਪੁਲਿਸ ਅਧਿਕਾਰੀਆਂ ਦੇ ਫਿਰਕੂ ਰਵੱਈਏ ਤੋਂ ਓਦੋਂ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਹੁਕਮਰਾਨ ਧਿਰ ਦੇ ਫਾਸ਼ੀਵਾਦੀ ਰਾਜਨੀਤਕ ਏਜੰਡੇ ਅਨੁਸਾਰ ਭੀਮਾ-ਕੋਰੇਗਾਓਂ ਕਥਿਤ ਸਾਜ਼ਿਸ਼ ਕੇਸ ਦੀ ਤਰਜ਼ 'ਤੇ ਇਕ ਹੋਰ 'ਸਾਜ਼ਿਸ਼ ਕੇਸ' ਘੜਿਆ ਜਾ ਰਿਹਾ ਹੈ ਜਿਸ ਨੂੰ ਹਥਿਆਰ ਬਣਾ ਕੇ ਹਕੂਮਤ ਦੇ ਫਿਰਕੂ ਹਮਲੇ ਦਾ ਵਿਰੋਧ ਕਰਨ ਵਾਲੇ ਧਰਮਨਿਰਪੱਖ ਕਾਰਕੁਨਾਂ, ਖ਼ਾਸ ਕਰਕੇ ਜ਼ਹੀਨ ਲੜਕੇ-ਲੜਕੀਆਂ ਵਿਰੁੱਧ ਵਰਤਿਆ ਜਾਵੇਗਾ। ਆਪਣੇ ਸੰਵਿਧਾਨਕ ਅਤੇ ਜਮਹੂਰੀ ਹੱਕ ਦਾ ਇਸਤੇਮਾਲ ਕਰਕੇ ਫਾਸ਼ੀਵਾਦੀ ਫਿਰਕੂ ਕਾਨੂੰਨ ਵਿਰੁੱਧ ਪੁਰਅਮਨ ਆਵਾਜ਼ ਉਠਾਉਣ ਵਾਲਿਆਂ ਉੱਪਰ ਹਿੰਸਕ ਯੋਜਨਾਘਾੜੇ ਹੋਣ ਦਾ ਠੱਪਾ ਲਗਾਕੇ ਯੂ.ਏ.ਪੀ.ਏ. (ਗੈਰ-ਕਾਨੂੰਨੀ ਕਾਰਵਾਈਆਂ (ਰੋਕੂ) ਕਾਨੂੰਨ) ਅਤੇ ਇੰਡੀਅਨ ਪੀਨਲ ਕੋਡ ਦੀਆਂ ਸੰਗੀਨ ਧਾਰਾਵਾਂ ਲਗਾ ਕੇ ਕੇਸ ਦਰਜ ਕੀਤੇ ਗਏ ਤਾਂ ਜੋ ਉਨ੍ਹਾਂ ਨੂੰ ਅਣਮਿੱਥੇ ਸਮੇਂ ਲਈ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਿਆ ਜਾ ਸਕੇ। ਪੜ੍ਹੀਆਂ-ਲਿਖੀਆਂ ਮੁਸਲਮਾਨ ਲੜਕੀਆਂ ਨੂੰ ਉਚੇਚਾ ਨਿਸ਼ਾਨਾ ਬਣਾਇਆ ਗਿਆ ਕਿ ਉਨ੍ਹਾਂ ਨੇ ਸੜਕਾਂ 'ਤੇ ਆ ਕੇ ਹਕੂਮਤੀ ਨੀਤੀਆਂ ਦਾ ਵਿਰੋਧ ਕਰਨ ਦੀ ਜ਼ੁਅਰਤ ਕਿਵੇਂ ਕੀਤੀ।

ਉਮਰ ਖ਼ਾਲਿਦ ਅਤੇ ਹੋਰ ਲੜਕੇ-ਲੜਕੀਆਂ ਇਸੇ ਬਦਲਾਖ਼ੋਰੀ ਦਾ ਸਾਹਮਣਾ ਕਰ ਰਹੇ ਹਨ। ਪੰਜ ਸਾਲ ਤੋਂ ਵੱਧ ਸਮੇਂ ਤੋਂ ਉਹ ਵਿਚਾਰ-ਅਧੀਨ ਕੈਦੀ ਵਜੋਂ ਕੈਦ ਹਨ। ਹਿੰਸਾ 'ਚ ਉਨ੍ਹਾਂ ਦੀ ਸਿੱਧੀ ਸ਼ਮੂਲੀਅਤ ਦਾ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ ਗਿਆ। ਇਸ ਦੀ ਬਜਾਏ ਭਾਸ਼ਣਾਂ, ਵੱਟਸਐਪ ਗਰੁੱਪਾਂ ਅਤੇ ਜਮਹੂਰੀ ਵਿਰੋਧ ਦੇ ਸੱਦਿਆਂ ਨੂੰ "ਸਾਜ਼ਿਸ਼" ਵਜੋਂ ਪੇਸ਼ ਕੀਤਾ ਗਿਆ ਹੈ। ਸੰਗੀਨ ਜੁਰਮਾਂ ਦੇ ਕੇਸਾਂ ਵਿਚ ਵੀ ਜ਼ਮਾਨਤ ਨੂੰ ਮੁਲਜ਼ਮ ਦਾ ਹੱਕ ਪ੍ਰਵਾਨਤ ਹੈ। ਇੱਥੇ ਸੱਤਾ ਦੀ ਤਾਕਤ ਦੇ ਜ਼ੋਰ ਇਹ ਹੱਕ ਖੋਹ ਕੇ ਇਸ ਸਥਾਪਤ ਬੁਨਿਆਦੀ ਕਾਨੂੰਨੀ ਸਿਧਾਂਤ ਦੀ ਸਰੇਆਮ ਉਲੰਘਣਾ ਕੀਤੀ ਗਈ ਹੈ ਜੋ ਕਹਿੰਦਾ ਹੈ ਕਿ "ਜੇਲ੍ਹ ਅਪਵਾਦ ਹੈ, ਜ਼ਮਾਨਤ ਨਿਯਮ ਹੈ।" ਆਲਮ ਇਹ ਹੈ ਕਿ ਜੇਲ੍ਹ ਨਿਯਮ ਹੈ, ਅਤੇ ਜ਼ਮਾਨਤ ਅਪਵਾਦ!

ਦਹਿਸ਼ਤਗਰਦੀ ਨਾਲ ਨਜਿੱਠਣ ਦੇ ਨਾਂ ਹੇਠ ਬਣਾਇਆ ਯੂ.ਏ.ਪੀ.ਏ. ਭਾਰਤ ਦੇ ਸਭ ਤੋਂ ਸਿਰਕੱਢ, ਵਿਸ਼ੇਸ਼ ਜਾਬਰ ਕਾਨੂੰਨ ਹੈ। ਇਹ ਕਾਨੂੰਨ ਦਰਅਸਲ ਹਾਸ਼ੀਏ 'ਤੇ ਧੱਕੇ ਹਿੱਸਿਆਂ ਅਤੇ ਉਨ੍ਹਾਂ ਦੇ ਹਿਤਾਂ ਲਈ ਸੰਘਰਸ਼ ਕਰਨ ਵਾਲਿਆਂ ਦੀ ਆਵਾਜ਼ ਨੂੰ ਕੁਚਲਣ ਲਈ ਗਿਣ-ਮਿੱਥਕੇ ਬਣਾਇਆ ਗਿਆ, ਜਿਸ ਦੀਆਂ ਕਈ ਜਾਬਰ ਧਾਰਾਵਾਂ ਨੂੰ ਹੁਣ ਆਮ ਫ਼ੌਜਦਾਰੀ ਨਿਆਂਪ੍ਰਣਾਲੀ ਵਿਚ ਸ਼ਾਮਲ ਕਰਕੇ ਇਨ੍ਹਾਂ ਨੂੰ ਆਮ ਬਣਾ ਲਿਆ ਗਿਆ ਹੈ। ਇਸ ਦੀ ਕਾਨੂੰਨੀ ਵਿਵਸਥਾ ਦੋਸ਼ੀਆਂ ਲਈ ਜ਼ਮਾਨਤ ਲੈਣਾ ਲਗਭਗ ਅਸੰਭਵ ਬਣਾ ਦਿੰਦੀ ਹੈ। ਧਾਰਾ 43(ਡੀ)(5) ਅਦਾਲਤ ਨੂੰ ਇਹ ਇਜਾਜ਼ਤ ਦਿੰਦੀ ਹੈ ਕਿ ਜੇ ਦੋਸ਼ "ਪਹਿਲੀ ਨਜ਼ਰੇ ਸਹੀ" ਜਾਪਦੇ ਹੋਣ, ਭਾਵੇਂ ਸਾਬਤ ਨਾ ਹੋਏ ਹੋਣ, ਤਾਂ ਵੀ ਜ਼ਮਾਨਤ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਦਰ ਅਸਲ, ਇਸਦਾ ਮਤਲਬ ਇਹ ਹੈ ਕਿ ਜੇ ਪੁਲਿਸ ਲੰਮੀ-ਚੌੜੀ ਚਾਰਜਸ਼ੀਟ ਪੇਸ਼ ਕਰ ਦੇਵੇ ਜਿਸ 'ਚ ਅਟਕਲਾਂ, ਇਸ਼ਾਰਾ ਮਾਤਰ ਸੰਬੰਧ ਅਤੇ ਅੰਦਾਜ਼ੇ ਹੀ ਹੋਣ, ਤਾਂ ਵੀ ਦੋਸ਼ੀ ਨੂੰ ਬੇਮਿਆਦੀ ਸਮੇਂ ਲਈ ਬਿਨਾਂ ਮੁਕੱਦਮਾ ਚਲਾਏ ਜੇਲ੍ਹ 'ਚ ਰੱਖਿਆ ਜਾ ਸਕਦਾ ਹੈ। ਜੇਐੱਨਯੂ, ਜਾਮੀਆ ਮਿਲੀਆ, ਦਿੱਲੀ ਯੂਨੀਵਰਸਿਟੀ ਆਦਿ ਨਾਲ ਸੰਬੰਧਤ ਜ਼ਹੀਨ ਵਿਦਿਆਰਥੀ ਕਾਰਕੁਨਾਂ ਵਿਰੁੱਧ ਇਸ ਕਾਨੂੰਨ ਦੀ ਸਰੇਆਮ ਪੱਖਪਾਤੀ ਅਤੇ ਫਿਰਕੂ ਵਰਤੋਂ ਭਾਰਤੀ ਹਾਕਮ ਜਮਾਤ ਦੀ ਜਾਬਰ ਮਨਸ਼ਾ ਦੀ ਬੇਹੱਦ ਉੱਘੜਵੀਂ ਮਿਸਾਲ ਹੈ।

ਨਿਆਂ ਪ੍ਰਣਾਲੀ ਤੋਂ ਸੰਵਿਧਾਨਕ ਅਜ਼ਾਦੀਆਂ ਦੀ ਰੱਖਿਆ ਕਰਨ ਅਤੇ ਸਟੇਟ ਦੀਆਂ ਮਨਮਾਨੀਆਂ 'ਤੇ ਰੋਕ ਲਾਉਣ ਦੀ ਉਮੀਦ ਕੀਤੀ ਜਾਂਦੀ ਹੈ। ਪਰ 2014 'ਚ ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ ਭਾਰਤ ਦੀ ਨਿਆਂ ਪ੍ਰਣਾਲੀ ਵੱਲੋਂ ਨਿਆਂਸ਼ਾਸਤਰ ਨੂੰ ਦਰਕਿਨਾਰ ਕਰਕੇ ਬਹੁਤ ਸਾਰੇ ਫ਼ੈਸਲੇ ਸੁਣਾਏ ਗਏ ਅਤੇ ਸੁਣਾਏ ਜਾ ਰਹੇ ਹਨ ਜੋ ਉਲਟਾ ਸੱਤਾ ਦੀਆਂ ਮਨਮਾਨੀਆਂ ਉੱਪਰ ਕਾਨੂੰਨੀ ਮੋਹਰ ਲਾਉਂਦੇ ਹਨ। ਚਰਚਾ ਅਧੀਨ ਕੇਸ 'ਚ ਵੀ ਹਾਈ ਕੋਰਟ ਨੇ ਆਜ਼ਾਦਾਨਾ ਜਾਂਚ ਕਰਨ ਦੀ ਬਜਾਏ ਸਰਕਾਰੀ ਪੱਖ ਵੱਲੋਂ ਪੇਸ਼ ਕੀਤੇ ਝੂਠੇ ਬਿਰਤਾਂਤ ਨੂੰ ਪੂਰੀ ਤਰ੍ਹਾਂ ਸਹੀ ਮੰਨਿਆ ਅਤੇ ਬਚਾਅ ਪੱਖ ਵੱਲੋਂ ਪੇਸ਼ ਕੀਤੇ ਠੋਸ ਤੱਥਾਂ ਤੇ ਕਾਨੂੰਨੀ ਦਲੀਲਾਂ ਨੂੰ ਇਕਤਰਫ਼ਾ ਤੌਰ 'ਤੇ ਰੱਦ ਕਰਨ ਦਾ ਪੱਖਪਾਤੀ ਵਤੀਰਾ ਦਿਖਾਇਆ।

ਸਰਸਰੀ ਝਾਤ ਮਾਰਿਆਂ ਹੀ ਇਹ ਸਮਝਿਆ ਜਾ ਸਕਦਾ ਹੈ ਕਿ ਕਥਿਤ "ਵੱਡੀ ਸਾਜ਼ਿਸ਼" ਦਾ ਇਹ ਪੂਰਾ ਕੇਸ ਅਟਕਲਾਂ, ਕਲਪਿਤ ਨਤੀਜਿਆਂ ਅਤੇ ਰਾਜਨੀਤਿਕ ਮਨੋਰਥ 'ਤੇ ਆਧਾਰਤ ਹੈ, ਜਿਸ ਦਾ ਨਿਸ਼ਾਨਾ ਮੁਸਲਮਾਨ ਭਾਈਚਾਰੇ ਦੀ ਜਨਤਕ ਸ਼ਮੂਲੀਅਤ ਵਾਲੇ ਸੀ.ਏ.ਏ. ਵਿਰੋਧੀ ਅੰਦੋਲਨ ਨੂੰ ਜੁਰਮ ਕਰਾਰ ਦੇਣਾ ਹੈ। ਅੰਦੋਲਨ ਵਿਚ ਮੁਲਜ਼ਮਾਂ ਦੀ ਭੂਮਿਕਾ ਨੂੰ ਅਸਲੀ ਹਿੰਸਾ ਨਾਲ ਜੋੜਨ ਵਾਲੇ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤੇ ਗਏ ਕਿਉਂਕਿ ਅਜਿਹੇ ਕੋਈ ਸਬੂਤ ਹੈ ਹੀ ਨਹੀਂ। ਵਟਸਐਪ ਗਰੁੱਪ ਅਤੇ ਮੈਸੇਜ ਸਿਰਫ਼ ਵਿਰੋਧ-ਪ੍ਰਦਰਸ਼ਨਾਂ ਦੇ ਤਾਲਮੇਲ ਨੂੰ ਦਿਖਾਉਂਦੇ ਹਨ, ਸਾਜ਼ਿਸ਼ ਨੂੰ ਨਹੀਂ। ਕਥਿਤ "ਗੁਪਤ ਮੀਟਿੰਗਾਂ" ਦਾ ਆਧਾਰ ਸਿਰਫ਼ ਅਗਿਆਤ ਅਤੇ ਗ਼ੈਰ-ਭਰੋਸੇਯੋਗ ਗਵਾਹ ਹਨ, ਜਿਨ੍ਹਾਂ ਦੀ ਗਵਾਹੀ ਹੋਰ ਕੇਸਾਂ 'ਚ ਪਹਿਲਾਂ ਹੀ ਰੱਦ ਹੋ ਚੁੱਕੀ ਹੈ।

ਵਿਰੋਧ ਪ੍ਰਦਰਸ਼ਨ ਦਸੰਬਰ 'ਚ ਸ਼ੁਰੂ ਹੋ ਗਏ ਸਨ ਜਦਕਿ ਟਰੰਪ ਦੀ 24 ਅਤੇ 25 ਫਰਵਰੀ ਦੀ ਗੁਜਰਾਤ ਤੇ ਦਿੱਲੀ ਫੇਰੀ ਦਾ ਅਧਿਕਾਰਕ ਐਲਾਨ 11 ਫਰਵਰੀ ਨੂੰ ਕੀਤਾ ਗਿਆ। ਇਹ ਤੱਥ ਹੀ ਪੁਲਿਸ ਦੀ 'ਵੱਡੀ ਸਾਜ਼ਿਸ਼' ਦੀ ਝੂਠੀ ਕਹਾਣੀ ਨੂੰ ਬੇਪੜਦ ਕਰਨ ਲਈ ਕਾਫ਼ੀ ਹੈ, ਪਰ ਬੈਂਚ ਦੇ ਜੱਜਾਂ ਨੇ ਜ਼ਮਾਨਤ ਦਾ ਫ਼ੈਸਲਾ ਕਰਨ ਸਮੇਂ ਤੱਥਾਂ ਦੀ ਬਜਾਏ ਪੁਲਿਸ ਦੀ ਮਨਘੜਤ ਕਹਾਣੀ ਨੂੰ ਅੱਖਾਂ ਮੀਟ ਕੇ ਅਤੇ ਪਰਖ-ਪੜਤਾਲ ਕੀਤੇ ਬਿਨਾਂ ਹੀ ਸੱਚ ਮੰਨ ਲਿਆ।

ਬੈਂਚ ਨੇ ਸਰਕਾਰੀ ਪੱਖ ਦੀ ਇਹ ਮਨਘੜਤ ਕਹਾਣੀ ਮੰਨ ਲਈ ਕਿ ਵਿਰੋਧ ਪ੍ਰਦਰਸ਼ਨ ਸਾਜ਼ਿਸ਼ੀ ਹਿੰਸਾ 'ਚ ਬਦਲ ਦਿੱਤੇ ਗਏ, ਜਦਕਿ ਇਹ ਟਿੱਪਣੀ ਜ਼ਮਾਨਤ ਦੇ ਸੰਬੰਧ 'ਚ ਗ਼ੈਰਪ੍ਰਸੰਗਿਕ ਸੀ। ਗੁਲਫ਼ ?ਸ਼ਾ ਫ਼ਾਤਿਮਾ ਆਦਿ ਮਾਮਲਿਆਂ 'ਚ ਇਹ ਦਾਅਵਾ ਕੀਤਾ ਗਿਆ ਕਿ ਉਨ੍ਹਾਂ ਨੇ ਪ੍ਰਦਰਸ਼ਨਕਾਰੀਆਂ ਨੂੰ ਲਾਲ ਮਿਰਚ ਪਾਊਡਰ, ਬੋਤਲਾਂ ਆਦਿ ਇਕੱਠੀਆਂ ਕਰਨ ਲਈ ਕਿਹਾ, ਪਰ ਇਸ ਦੀ ਹਮਾਇਤ 'ਚ ਕੋਈ ਬਰਾਮਦਗੀ, ਫੋਰੈਂਸਿਕ ਸਬੂਤ, ਇੱਥੋਂ ਤੱਕ ਕਿ ਕੋਈ ਵੀਡੀਓ ਵੀ ਪੇਸ਼ ਨਹੀਂ ਕੀਤੀ ਗਈ। ਇਸਦੇ ਬਾਵਜੂਦ ਉਹ ਇਕੱਲੀ ਔਰਤ ਹੈ ਜੋ ਸਾਢੇ ਪੰਜ ਸਾਲ ਤੋਂ ਜੇਲ੍ਹ 'ਚ ਸੜ ਰਹੀ ਹੈ ਕਿਉਂਕਿ ਹੁਕਮਰਾਨ ਧਿਰ ਚਾਹੁੰਦੀ ਹੈ ਕਿ ਇਸ ਕੇਸ ਨੂੰ ਖ਼ੌਫ਼ਨਾਕ ਮਿਸਾਲ ਬਣਾ ਦਿੱਤਾ ਜਾਵੇ ਤਾਂ ਜੋ ਔਰਤਾਂ, ਖ਼ਾਸ ਕਰਕੇ ਮੁਸਲਮਾਨ ਘੱਟਗਿਣਤੀ ਨਾਲ ਸੰਬੰਧਤ, ਵੱਡੇ ਤੋਂ ਵੱਡੇ ਅਨਿਆਂ ਵਿਰੁੱਧ ਆਵਾਜ਼ ਉਠਾਉਣ ਦੀ ਜ਼ੁਅਰਤ ਨਾ ਕਰਨ। ਇਸੇ ਤਰ੍ਹਾਂ, ਸ਼ਰਜੀਲ ਇਮਾਮ ਅਤੇ ਉਮਰ ਖ਼ਾਲਿਦ ਦੇ ਭਾਸ਼ਣਾਂ ਵਿਚ ਕੁਝ ਵੀ ਹਿੰਸਾ ਭੜਕਾਊ ਨਹੀਂ। ਉਹ ਸਾਫ਼ ਤੌਰ 'ਤੇ ਸ਼ਾਂਤਮਈ ਅਤੇ ਫਿਰਕੂ ਸਦਭਾਵਨਾ ਦਾ ਸੱਦਾ ਦਿੰਦੇ ਹਨ। ਸਾਜ਼ਿਸ ਲਈ ਮੈਸੇਜ ਦਾ ਆਦਾਨ-ਪ੍ਰਦਾਨ ਜਾਂ ਮੀਟਿੰਗ ਆਦਿ ਇਕ ਵੀ ਸਬੂਤ ਨਹੀਂ। ਫਿਰ ਵੀ ਅਦਾਲਤ ਨੇ ਉਨ੍ਹਾਂ ਨੂੰ ਸਿਰਫ਼ ਅਟਕਲਾਂ ਦੇ ਆਧਾਰ 'ਤੇ ਸਾਜ਼ਿਸ਼ ਨਾਲ ਜੋੜ ਦਿੱਤਾ।

ਨਿਆਂਇਕ ਰਵੱਈਏ 'ਚ ਪੱਖਪਾਤ ਸਾਫ਼ ਨਜ਼ਰ ਆ ਰਿਹਾ ਹੈ। ਯੂ.ਏ.ਪੀ.ਏ. ਲਗਾਕੇ ਜੇਲ੍ਹ 'ਚ ਸਾੜੇ ਜਾ ਰਹੇ ਇਨ੍ਹਾਂ ਸ਼ਾਂਤਮਈ ਅੰਦੋਲਨਕਾਰੀਆਂ ਦੇ ਉਲਟ, ਹੁਕਮਰਾਨ ਪਾਰਟੀ ਦੇ ਉਹ ਆਗੂ ਜਿਨ੍ਹਾਂ ਨੇ ਖੁੱਲ੍ਹੇਆਮ ਹਿੰਸਾ ਲਈ ਉਕਸਾਉਣ ਵਾਲੇ ਨਾਅਰੇ ਦਿੱਤੇ – ਅਨੁਰਾਗ ਠਾਕੁਰ ਨੇ ਸਰੇਆਮ ਨਾਅਰਾ ਲਾਇਆ ਸੀ "ਦੇਸ਼ ਕੇ ਗ਼ਦਾਰੋਂ ਕੋ, ਗੋਲੀ ਮਾਰੋ ਸਾਲੋਂ ਕੋ" – ਉਨ੍ਹਾਂ ਦੀ ਕੋਈ ਜਵਾਬਦੇਹੀ ਨਹੀਂ। ਉਹ ਨਾ ਸਿਰਫ਼ ਬੇਖ਼ੌਫ਼ ਹੋ ਕੇ ਆਜ਼ਾਦੀ ਨਾਲ ਘੁੰਮ ਰਹੇ ਹਨ ਸਗੋਂ ਉੱਚ ਹਕੂਮਤੀ ਅਹੁਦਿਆਂ ਨਾਲ ਨਿਵਾਜ਼ੇ ਗਏ ਹਨ। ਭਗਵਾ ਦਹਿਸ਼ਤਵਾਦੀਆਂ ਦੇ ਲਾਈਵ ਨਫ਼ਰਤ ਭੜਕਾਊ ਬਿਆਨ ਮੀਡੀਆ ਵਿਚ ਪ੍ਰਸਾਰਤ ਹੁੰਦੇ ਰਹੇ ਅਤੇ ਪੂਰੀ ਦੁਨੀਆ ਨੇ ਦੇਖੇ। ਗੋਪਾਲ ਸ਼ਰਮਾ ਨੇ ਪੁਲਿਸ ਦੀ ਮੌਜੂਦਗੀ 'ਚ ਜਾਮੀਆ ਮਿਲੀਆ ਯੂਨੀਵਰਸਿਟੀ ਦੇ ਅੰਦੋਲਨਕਾਰੀ ਵਿਦਿਆਰਥੀਆਂ ਉੱਪਰ ਗੋਲੀ ਚਲਾਈ ਅਤੇ ਭੜਕਾਊ ਨਾਅਰੇ ਲਾਏ। ਕਪਿਲ ਗੁੱਜਰ ਨੇ ਸ਼ਾਹੀਨ ਬਾਗ਼ ਦੀਆਂ ਔਰਤਾਂ ਉੱਪਰ ਗੋਲੀ ਚਲਾਈ ਅਤੇ ਹਿੰਦੂ ਰਾਸ਼ਟਰ ਪੱਖੀ ਨਾਅਰੇ ਲਾਏ। ਦਿੱਲੀ ਪੁਲਿਸ ਨੇ ਇਨ੍ਹਾਂ ਦੀ ਮੁਜਰਿਮ ਭੂਮਿਕਾ ਦੇ ਤਮਾਮ ਵੀਡੀਓ ਸਬੂਤਾਂ ਤੋਂ ਮੂੰਹ ਫੇਰਕੇ ਝੂਠੀ ਕਹਾਣੀ ਘੜੀ। ਬਾਅਦ ਵਿਚ ਕਪਿਲ ਗੁੱਜਰ ਨੂੰ ਤਰੱਕੀ ਦੇ ਕੇ ਭਾਜਪਾ 'ਚ ਸ਼ਾਮਲ ਕਰ ਲਿਆ ਗਿਆ। ਜੇ ਦਿੱਲੀ ਹਾਈਕੋਰਟ ਦੇ ਜਸਟਿਸ ਐੱਸ. ਮੁਰਲੀਧਰਨ ਨੇ ਕਪਿਲ ਮਿਸ਼ਰੇ ਵਿਰੁੱਧ ਐਕਸ਼ਨ ਲੈਣ 'ਚ ਦਿੱਲੀ ਪੁਲਿਸ ਦੀ ਪੱਖਪਾਤੀ ਭੂਮਿਕਾ ਉੱਪਰ ਸਵਾਲ ਉਠਾਏ ਤਾਂ ਉਸਦਾ ਤਬਾਦਲਾ ਕਰ ਦਿੱਤਾ ਗਿਆ। ਅਦਾਲਤਾਂ ਨੇ ਜਾਂਚ ਕਰਤਾਵਾਂ ਨੂੰ ਇਹ ਸਵਾਲ ਵੀ ਨਹੀਂ ਕੀਤਾ ਕਿ ਹਿੰਦੂ ਭੀੜਾਂ ਵੱਲੋਂ ਹਥਿਆਰਾਂ ਨਾਲ ਲੈਸ ਹੋ ਕੇ ਹਿੰਸਾ, ਸਾੜਫੂਕ ਅਤੇ ਕਤਲੋਗ਼ਾਰਤ ਨੂੰ ਅੰਜਾਮ ਦੇਣ ਦੇ ਬਾਵਜੂਦ ਉਨ੍ਹਾਂ ਦੀ ਭੂਮਿਕਾ ਅਤੇ ਹਥਿਆਰਾਂ ਦੀ ਜਾਂਚ ਕਿਉਂ ਨਹੀਂ ਕੀਤੀ ਗਈ। ਸੰਬੰਧਤ ਜੱਜਾਂ ਵੱਲੋਂ ਬਿਨਾਂ ਦੋਸ਼ ਸਾਬਤ ਕੀਤੇ ਸ਼ਾਂਤਮਈ ਕਾਰਕੁਨਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰਨਾ ਭਾਰਤ ਦੀ ਨਿਆਂ ਪ੍ਰਣਾਲੀ ਦੇ ਹਾਕਮ ਜਮਾਤ ਪੱਖੀ ਖਾਸੇ ਅਤੇ ਨਿਆਂਇਕ ਫ਼ੈਸਲੇ ਲੈਣ ਸਮੇਂ ਦੋਹਰੇ ਮਿਆਰਾਂ ਨੂੰ ਉਜਾਗਰ ਕਰਦਾ ਹੈ।

ਦਿੱਲੀ ਹਾਈਕੋਰਟ ਵੱਲੋਂ ਉਮਰ ਤੇ ਹੋਰਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ, 2021 ਦੇ ਉਸ ਫ਼ੈਸਲੇ ਦੇ ਉਲਟ ਹੈ ਜਿਸ 'ਚ ਉਨ੍ਹਾਂ ਦੇ ਸਹਿ-ਮੁਲਜ਼ਮਾਂ ਦੇਵਾਂਗਨਾ ਕਲਿਤਾ, ਨਤਾਸ਼ਾ ਨਰਵਾਲ ਅਤੇ ਆਸਿਫ਼ ਇਕਬਾਲ ਤਨਹਾ ਨੂੰ ਜ਼ਮਾਨਤ ਦਿੱਤੀ ਗਈ ਸੀ। ਉਸ ਵੇਲੇ ਅਦਾਲਤ ਨੇ ਸਾਫ਼ ਮੰਨਿਆ ਸੀ ਕਿ ਦਿੱਲੀ ਪੁਲਿਸ ਨੇ ਸੰਵਿਧਾਨ ਵੱਲੋਂ ਮਿਲੇ ਵਿਰੋਧ ਦੇ ਹੱਕ ਅਤੇ ਦਹਿਸ਼ਤਗਰਦੀ ਦਰਮਿਆਨ ਦੀ ਲਕੀਰ ਧੁੰਦਲੀ ਕਰ ਦਿੱਤੀ ਹੈ ਅਤੇ ਜੇਕਰ ਭੜਕਾਊ ਭਾਸ਼ਣ ਜਾਂ ਸੜਕਾਂ ਦੇ ਰੋਸ ਪ੍ਰਦਰਸ਼ਨ ਸੱਚ ਵੀ ਹਨ ਤਾਂ ਵੀ ਉਨ੍ਹਾਂ ਨੂੰ ਦਹਿਸ਼ਤਗਰਦੀ ਨਹੀਂ ਕਿਹਾ ਜਾ ਸਕਦਾ। ਪਰ ਮੌਜੂਦਾ ਬੈਂਚ ਨੇ ਇਸ ਤਰਕ ਨੂੰ ਨਹੀਂ ਮੰਨਿਆ ਅਤੇ ਨਾ ਹੀ ਪਹਿਲਾਂ ਜ਼ਮਾਨਤ ਲੈ ਚੁੱਕੇ ਦੋਸ਼ੀਆਂ ਦੇ ਕੇਸਾਂ ਨਾਲ ਇਨ੍ਹਾਂ ਦੀ ਤੁਲਨਾ ਕਰਨ ਦੀ ਕੋਈ ਲੋੜ ਸਮਝੀ। ਪੁਲਿਸ ਅਧਿਕਾਰੀ ਤਾਂ ਸੰਘ ਦੀ ਸ਼ਾਖਾ ਬਣਕੇ ਕੰਮ ਕਰ ਰਹੇ ਹਨ, ਪਰ ਸਵਾਲ ਇਹ ਹੈ ਕਿ ਉਪਰੋਕਤ ਹਿੰਸਾ ਭੜਕਾਊ ਆਗੂਆਂ ਦੀ ਯੋਜਨਾਬੱਧ ਭੂਮਿਕਾ ਨੂੰ ਨਜ਼ਰ ਅੰਦਾਜ਼ 'ਚ ਨਿਆਂ

ਪ੍ਰਣਾਲੀ ਦੀ ਐਨੀ ਦਿਲਚਸਪੀ ਕਿਉਂ ਹੈ।

ਹਾਈਕੋਰਟ ਦਾ ਇਹ ਫ਼ੈਸਲਾ ਨਿਰਪੱਖ ਮੁਕੱਦਮੇ ਦੀ ਪ੍ਰਕਿਰਿਆ ਰਾਹੀਂ ਦੋਸ਼ੀ ਸਾਬਤ ਹੋਣ ਤੱਕ ਮੁਲਜ਼ਮ ਦੇ ਬੇਗੁਨਾਹ ਹੋਣ ਦੀ ਧਾਰਨਾ ਦਾ ਮਜ਼ਾਕ ਬਣਾ ਦੇਣ ਅਤੇ ਗੰਭੀਰ ਉਲੰਘਣਾ ਦੀ ਮਿਸਾਲ ਹੈ। ਇਨ੍ਹਾਂ ਕਾਰਕੁਨਾਂ ਨੂੰ ਪੰਜ ਸਾਲ ਤੋਂ ਵੱਧ ਸਮੇਂ ਤੱਕ ਬਿਨਾਂ ਮੁਕੱਦਮੇ ਦੇ ਜੇਲ੍ਹ 'ਚ ਰੱਖ ਕੇ ਮੁਕੱਦਮੇ ਦੀ ਪ੍ਰਕਿਰਿਆ ਨੂੰ ਹੀ ਸਜ਼ਾ 'ਚ ਬਦਲ ਦਿੱਤਾ ਗਿਆ ਹੈ। ਭਾਵੇਂ ਭਵਿੱਖ 'ਚ ਉਹ ਬਰੀ ਹੋ ਜਾਣ, ਪਰ ਜੇਲ੍ਹ 'ਚ ਬੀਤੇ ਸਾਲ ਕਦੇ ਉਨ੍ਹਾਂ ਨੂੰ ਵਾਪਸ ਨਹੀਂ ਮਿਲ ਸਕਦੇ। ਨਿਆਂਪਾਲਿਕਾ ਵੱਲੋਂ ਸਬੂਤਾਂ ਦੀ ਪਰਖ ਕੀਤੇ ਬਿਨਾਂ ਹੀ ਜ਼ਮਾਨਤ ਨਾ ਦੇਣਾ ਤਾਨਾਸ਼ਾਹ ਹਕੂਮਤ ਦੇ ਹੱਥ ਮਜ਼ਬੂਤ ਕਰਦਾ ਹੈ ਜਿਨ੍ਹਾਂ ਵੱਲੋਂ ਨਿਆਂਇਕ ਪ੍ਰਕਿਰਿਆ ਨੂੰ ਅਸਹਿਮਤੀ ਦੇ ਖ਼ ?ਲਾਫ਼ ਬਦਲਾਲਊ ਹਥਿਆਰ ਬਣਾਕੇ ਵਰਤਿਆ ਜਾ ਰਿਹਾ ਹੈ। ਜਦੋਂ ਮੁਲਕ ਵਿਚ ਤਾਨਾਸ਼ਾਹ ਰਾਜ ਤਹਿਤ ਸਿਲਸਿਲੇਵਾਰ ਤਰੀਕੇ ਨਾਲ ਜਮਹੂਰੀ ਸਪੇਸ ਖ਼ਤਮ ਕੀਤੀ ਜਾ ਰਹੀ ਹੈ ਤਾਂ ਉੱਚ ਅਦਾਲਤਾਂ ਦੇ ਅਜਿਹੇ ਪੱਖਪਾਤੀ ਫ਼ੈਸਲੇ ਹੁਕਮਰਾਨਾਂ ਦਾ ਹੱਥ ਵਟਾਉਣ ਵਾਲੇ ਹਨ। ਨਿਆਂ ਨਿਰਪੱਖ ਨਹੀਂ, ਇਹ ਸੱਤਾ ਵੱਲੋਂ ਚੋਣਵੇਂ ਰੂਪ 'ਚ ਵਰਤਿਆ ਜਾਣ ਵਾਲਾ ਹਥਿਆਰ ਹੈ। ਦਿੱਲੀ ਹਾਈ ਕੋਰਟ ਦਾ ਇਨ੍ਹਾਂ ਕਾਰਕੁਨਾਂ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਮਹਿਜ਼ ਕਾਨੂੰਨੀ ਫ਼ੈਸਲਾ ਨਹੀਂ ਹੈ – ਇਹ ਰਾਜਨੀਤਕ ਸੰਕੇਤ ਹੈ। ਇਹ ਉਸ ਪ੍ਰਬੰਧ ਦੇ ਆਮ ਹੋ ਜਾਣ ਨੂੰ ਦਰਸਾਉਂਦਾ ਹੈ ਜਿੱਥੇ ਅਸਹਿਮਤੀ ਨੂੰ ਜੁਰਮ ਬਣਾ ਦਿੱਤਾ ਗਿਆ ਹੈ, ਨਿਆਂਇਕ ਸੁਤੰਤਰਤਾ ਨਾਲ ਸਮਝੌਤਾ ਕੀਤਾ ਗਿਆ ਹੈ ਅਤੇ ਮੌਲਿਕ ਅਧਿਕਾਰਾਂ ਨੂੰ ਸੱਤਾ ਦੇ ਹਿੱਤਾਂ ਦੇ ਅਧੀਨ ਕਰ ਦਿੱਤਾ ਗਿਆ ਹੈ।

ਸੀ.ਏ.ਏ.-ਐੱਨ.ਆਰ.ਸੀ. ਵਿਰੁੱਧ ਅੰਦੋਲਨ ਹਾਲੀਆ ਵਰ੍ਹਿਆਂ ਦਾ ਸਭ ਤੋਂ ਵੱਡਾ ਲੋਕ-ਅੰਦੋਲਨ ਸੀ, ਜਿਸ ਵਿਚ ਦੱਬੇ-ਕੁਚਲੇ ਹਿੱਸਿਆਂ, ਖ਼ਾਸ ਕਰਕੇ ਘੱਟਗਿਣਤੀ ਮੁਸਲਮਾਨ ਭਾਈਚਾਰੇ ਦੀਆਂ ਔਰਤਾਂ, ਵਿਦਿਆਰਥੀਆਂ ਅਤੇ ਆਮ ਨਿਆਂਪਸੰਦ ਨਾਗਰਿਕਾਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ ਅਤੇ ਇੰਝ ਸੰਵਿਧਾਨਕ ਹੱਕਾਂ ਪ੍ਰਤੀ ਜਾਗਰੂਕਤਾ ਅਤੇ ਜਮਹੂਰੀ, ਧਰਮਨਿਰਪੱਖ ਮੁੱਲਾਂ ਦੀ ਰਾਖੀ ਲਈ ਗੰਭੀਰਤਾ ਦੀ ਨਿਵੇਕਲੀ ਮਿਸਾਲ ਕਾਇਮ ਕੀਤੀ। ਨਾਗਰਿਕਾਂ ਦੇ ਹਕੂਮਤ ਦੀਆਂ ਮਨਮਾਨੀਆਂ ਵਿਰੁੱਧ ਅੰਦੋਲਨ ਕਰਨ ਦੇ ਜਮਹੂਰੀ ਹੱਕ ਨੂੰ ਜੁਰਮ ਕਰਾਰ ਦੇ ਕੇ ਅਤੇ ਆਗੂ ਕਾਰਕੁਨਾਂ ਨੂੰ ਬਿਨਾਂ ਕਿਸੇ ਜੁਰਮ ਦੇ ਮੁਜਰਿਮ ਬਣਾ ਕੇ ਭਾਰਤੀ ਰਾਜ ਨੇ ਸਮੁੱਚੇ ਭਾਰਤੀ ਲੋਕਾਂ ਨੂੰ ਦਹਿਸ਼ਤ ਪਾਊ ਸੰਦੇਸ਼ ਦਿੱਤਾ ਹੈ ਕਿ ਅਸਹਿਮਤੀ ਨੂੰ ਦੇਸ਼-ਧ੍ਰੋਹ, ਸਰਕਾਰ ਵਿਰੁੱਧ ਸਾਜ਼ਿਸ਼ ਜਾਂ ਦਹਿਸ਼ਤਗਰਦੀ ਦੇ ਬਰਾਬਰ ਜੁਰਮ ਮੰਨਿਆ ਜਾਵੇਗਾ। ਸੱਤਾ ਦੇ ਖ਼ੌਫ਼ ਦਾ ਇਹ ਮਾਹੌਲ ਜਮਹੂਰੀ ਵਿਰੋਧ 'ਚ ਜਨਤਕ ਹਿੱਸੇਦਾਰੀ ਦੇ ਹੌਸਲੇ ਤੋੜਨ ਅਤੇ ਨਾਗਰਿਕ ਸਮਾਜ ਨੂੰ ਗਿਣ-ਮਿੱਥੇ ਕਮਜ਼ੋਰ ਕਰਨ ਦੇ ਫਾਸ਼ੀਵਾਦੀ ਮਨੋਰਥ ਨਾਲ ਬਣਾਇਆ ਗਿਆ ਹੈ। ਇਹ ਕੁਝ ਕਾਰਕੁਨਾਂ ਦੀ ਵਿਅਕਤੀਗਤ ਆਜ਼ਾਦੀ ਦਾ ਨਹੀਂ, ਇਹ ਜਮਹੂਰੀ ਵਿਰੋਧ ਅਤੇ ਅਸਹਿਮਤੀ ਦੇ ਭਵਿੱਖ ਦਾ ਸਵਾਲ ਹੈ। ਇਸ ਮਨੋਰਥ ਨੂੰ ਸਮਝਕੇ ਭਾਰਤ ਦੇ ਲੋਕਾਂ ਨੂੰ ਇਸ ਵਿਰੁੱਧ ਡੱਟਣ ਦੀ ਅਹਿਮੀਅਤ ਨੂੰ ਪਛਾਨਣਾ ਹੋਵੇਗਾ।

# ਧਰਮ ਬਨਾਮ ਵਿਗਿਆਨ

-ਅਤਰਜੀਤ ਕਹਾਣੀਕਾਰ

ਪਿਛਲੇ ਦਿਨੀਂ ਇੱਕ ਚੈਨਲ ਵਾਲੇ ਮੇਰੇ ਨਾਲ ਮੁਲਾਕਾਤ ਰਿਕਾਰਡ ਕਰਨ ਆਏ ਸਨ, ਤਕਰੀਬਨ ਢਾਈ ਘੰਟੇ ਸਿੱਖ ਅਤੇ ਕਾਮਰੇਡ ਸੰਕਲਪਾਂ ਉੱਪਰ ਸਵਾਲ ਜਵਾਬ ਚੱਲਦੇ ਰਹੇ। ਮੈਂ ਥੋੜ੍ਹੇ ਸ਼ਬਦਾਂ ਵਿੱਚ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਵੇਂ ਇਹ ਕਿਹਾ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ। ਇਹ ਵਿਚਾਰ ਮੁੱਢੋਂ ਹੀ ਫਜ਼ੂਲ ਹੈ ਕਿਉਂ ਕਿ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਹੀ ਸਿੱਖ ਸ਼ਬਦ ਪ੍ਰਚੱਲਤ ਸੀ, ਜਿਸ ਦਾ ਅਰਥ ਸਿੱਖਣ ਵਾਲਾ ਹੈ। ਗੁਰੂ ਨਾਨਕ ਸਾਹਿਬ ਨੇ ਤਾਂ ਵੱਖ ਵੱਖ ਧਰਮਾਂ ਦਾ ਅਧਿਐਨ ਕੀਤਾ ਤੇ ਸਿੱਟੇ ਕੱਢੇ ਕਿ ਕਿਰਤ ਕਮਾਈ ਕਰਨ ਵਾਲਾ ਹੀ ਅਸਲ ਸਿੱਖ ਹੈ, ਨਾ ਕਿ ਵਿਹਲੜ ਜੋ ਦੂਜਿਆਂ ਦੀ ਕਮਾਈ 'ਤੇ ਪਲਦਾ ਹੈ। ਅਸਲ ਧਰਮ ਕਿਰਤ ਦਾ ਫ਼ਲਸਫ਼ਾ ਹੈ –'ਘਾਲਿ ਖਾਇ ਕਿਛੁ ਹਥਹੁ ਦੇਇ।। ਨਾਨਕ ਰਾਹੁ ਪਛਾਣਹਿ ਸੇਇ।' ਅਤੇ 'ਸਰਮ ਖੰਡ ਕੀ ਬਾਣੀ ਰੂਪੁ।। ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ।।'

ਉਨ੍ਹਾਂ ਦੇ ਦੋ ਤਿੰਨ ਮੁੱਖ ਪ੍ਰਸ਼ਨ ਕਮਿਊਨਿਸਟ ਇਤਿਹਾਸ, ਨਕਸਲਬਾੜੀ ਲਹਿਰ ਦਾ ਕਾਰਨ ਅਤੇ ਮੌਜੂਦਾ ਖੱਬੇ ਪੱਖੀ ਲਹਿਰਾਂ, ਸਿੱਖ ਧਰਮ ਨਾਲ ਕਾਮਰੇਡਾਂ ਦਾ ਵਿਰੋਧ ਆਦਿ ਸਨ। ਆਪਣੀ ਸਮਝ ਅਨੁਸਾਰ ਕਮਿਊਨਿਸਟ ਫ਼ਲਸਫ਼ੇ ਦੇ ਆਗਾਜ਼ ਤੋਂ ਲੈ ਕੇ ਕਮਿਊਨਿਜ਼ਮ ਦੇ ਸੰਸਾਰ ਵਿਕਾਸ ਦੀ ਇਤਿਹਾਸਕ ਪ੍ਰਕਿਰਿਆ ਦੀ ਗੱਲ ਕਰਦਿਆਂ ਮੈਂ ਉਨ੍ਹਾਂ ਦੇ ਇੱਕ ਇੱਕ ਪ੍ਰਸ਼ਨ ਦਾ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉੱਤਰ ਦੇਣ ਦਾ ਯਤਨ ਕੀਤਾ। ਮੈਂ ਆਪਣੀ ਅਲਪ ਮੱਤ ਅਨੁਸਾਰ ਗੁਰੂ ਨਾਨਕ ਸਾਹਿਬ ਜੀ ਦੇ ਗੁਰਮਤਿ ਗਿਆਨ ਨੂੰ ਸਮਾਜਵਾਦ ਭਾਵ ਬਰਾਬਰੀ ਦੇ ਫ਼ਲਸਫ਼ੇ ਦੇ ਰੂਪ ਵਿੱਚ ਹੀ ਸਮਝਿਆ ਹੈ, ਜਿਵੇਂ ਕਿ ਗੁਰੂ ਨਾਨਕ ਫ਼ਲਸਫ਼ੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜਾਤ ਪਾਤ ਨੂੰ ਅਮਲੀ ਤੌਰ 'ਤੇ ਖ਼ਤਮ ਕਰਨ ਅਤੇ ਹੇਠਲੇ ਵਰਗ ਦੇ ਪੰਜ ਪਿਆਰਿਆਂ ਆਧਾਰਿਤ ਜਮਹੂਰੀ ਸ਼ਾਸਨ ਸਥਾਪਤ ਕਰ ਕੇ ਸਮਾਜਵਾਦ, ਸਾਂਝੀਵਾਲਤਾ (ਕਮਿਊਨਿਜ਼ਮ) ਲਿਆਉਣ ਦਾ ਯਤਨ ਕੀਤਾ ਪਰ ਸਫ਼ਲਤਾ ਨਹੀਂ ਮਿਲੀ। ਬਾਬਾ ਬੂਝਾ ਸਿੰਘ ਜੀ ਦੇ ਸਕੂਲਾਂ ਬਾਰੇ ਪ੍ਰਸ਼ਨ ਦਾ ਉੱਤਰ, ਬਾਬਾ ਜੀ ਦੇ ਵਿਚਾਰਾਂ ਅਨੁਸਾਰ ਇਉਂ ਸੀ ਕਿ ਉਨ੍ਹਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਕਮਿਊਨਿਜ਼ਮ ਸਥਾਪਤ ਕਰਨ ਦੀ ਅਸਫ਼ਲਤਾ ਦੇ ਕਾਰਨਾਂ ਦੀ ਇਤਿਹਾਸਕ ਵਿਕਾਸ ਪ੍ਰਕਿਰਿਆ ਵਿੱਚ ਨਿਸ਼ਾਨਦੇਹੀ ਕੀਤੀ ਗਈ ਸੀ। ਬਾਬਾ ਜੀ ਨੇ ਉਨ੍ਹਾਂ ਕਾਰਨਾਂ ਦੀ ਵਿਆਖਿਆ ਕਰਦਿਆਂ ਦੱਸਿਆ ਸੀ ਕਿ ਸਾਮੰਤਸ਼ਾਹੀ ਦੇ ਉਸ ਸਾਮਰਾਜ ਦੀ ਚੜ੍ਹਤ ਵਾਲੇ ਦੌਰ ਵਿੱਚ, ਗੁਰੂ ਜੀ ਬਰਾਬਰਤਾ ਦਾ ਰਾਜ ਸਥਾਪਿਤ ਕਰਨਾ ਲੋਚਦੇ ਸਨ ਪਰ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਸਾਮੰਤਵਾਦੀ ਦੌਰ ਤੋਂ ਬਾਅਦ ਸਮਾਜਿਕ ਵਿਕਾਸ ਦਾ ਅਗਲਾ ਪੜਾਅ ਪੂੰਜੀਵਾਦੀ ਪੜਾਅ ਹੁੰਦਾ ਹੈ ਜਿਸ ਤੋਂ ਬਾਅਦ ਅਗਲਾ ਪੜਾਅ ਸਮਾਜਵਾਦੀ ਵਿਵੱਸਥਾ ਦਾ ਹੈ। ਗੁਰੂ ਸਾਹਿਬ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਜਗੀਰਦਾਰੀ ਤੋੜਕੇ ਹਲਵਾਹਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਕੇ ਗੁਰੂ ਜੀ ਦਾ ਸੁਪਨਾ ਪੂਰਾ ਕਰਨ ਦਾ ਯਤਨ ਕੀਤਾ ਪਰ ਉਸ ਸੰਘਰਸ਼ ਨੂੰ ਵੀ ਸਾਮੰਤਸ਼ਾਹੀ ਸਾਮਰਾਜ ਨੇ ਖ਼ੂਨ ਵਿੱਚ ਡੋਬ ਦਿੱਤਾ।

ਜਿੱਥੋਂ ਤੱਕ ਸਿੱਖ ਧਰਮ ਅਤੇ ਕਮਿਊਨਿਸਟ ਫ਼ਲਸਫ਼ੇ ਦੇ ਵਿਰੋਧ ਦਾ ਸੁਆਲ ਹੈ, ਇਹ ਵਿਰੋਧ ਦੁਹਾਂ ਫ਼ਲਸਫ਼ਿਆਂ ਦਾ ਵਿਰੋਧ ਨਹੀਂ, ਪੁਜਾਰੀਆਂ ਦਾ ਕਮਿਊਨਿਸਟ ਫ਼ਲਸਫ਼ੇ ਪ੍ਰਤੀ ਵਿਰੋਧ ਹੈ। ਪੁਜਾਰੀ ਵਰਗ ਤੇ ਉਸਦੇ ਪਿਛਲੱਗ ਤਬਦੀਲੀ ਦੇ ਹੱਕ ਵਿੱਚ ਨਹੀਂ, ਖੜੋਤ ਦੇ ਪੱਖ ਵਿੱਚ ਹਨ ਜਦੋਂ ਕਿ ਕਮਿਊਨਿਸਟ, ਗੁਰੂ ਫ਼ਲਸਫ਼ਾ ਕਹਿ ਲਵੋ ਜਾਂ ਮਾਰਕਸਵਾਦੀ ਦਰਸ਼ਨ ਅਨੁਸਾਰ ਤਬਦੀਲੀ ਲਿਆਉਣ ਭਾਵ ਬਰਾਬਰੀ ਦਾ ਸੰਕਲਪ ਉਭਾਰਨ ਦੀ ਕੋਸ਼ਿਸ਼ ਕਰਦੇ ਹਨ। ਜੇ ਸਿੱਖ ਸ਼ਬਦ ਦੀ ਵਿਆਖਿਆ ਕਰਨੀ ਹੋਵੇ ਤਾਂ ਇਸ ਦਾ ਕਿਸੇ ਬਾਣੇ ਜਾਂ ਤਬਕੇ ਨਾਲ ਕੋਈ ਸਬੰਧ ਨਹੀਂ ਜਿਵੇਂ ਕਿ ਪਰਚਾਰਿਆ ਜਾ ਰਿਹਾ ਹੈ। ਧਰਮ ਅਤੇ ਵਿਗਿਆਨ ਦਾ ਮੁੱਢ ਕਦੀਮੀ ਵਿਰੋਧ ਚੱਲਦਾ ਆ ਰਿਹਾ ਹੈ। ਧਰਮ ਤੇ ਵਿਗਿਆਨ ਵਿੱਚ ਸੰਸਾਰ ਨੂੰ ਸਮਝਣ ਦੇ ਗਿਆਨ ਨੂੰ ਲੈ ਕੇ ਪੈਦਾ ਹੋਏ ਮੱਤਭੇਦ ਕਾਰਨ ਵਿਰੋਧ ਹੈ। ਧਰਮ ਅਣਦਿਸਦੇ ਨੂੰ ਸੱਚ ਮੰਨ ਕੇ ਉਸਦੀ ਮੰਨਤਾ ਕਰਨ ਦੀ ਵਕਾਲਤ ਕਰਦਾ ਹੈ, ਤੇ ਖੜੋਤ ਦਾ ਧਾਰਨੀ ਹੈ, ਤਬਦੀਲੀ ਦੇ ਹੱਕ ਵਿੱਚ ਨਹੀਂ, ਜਦੋਂ ਕਿ ਵਿਗਿਆਨ ਦਿਸਦੇ ਸੰਸਾਰ ਦੀ ਵਿਆਖਿਆ ਕਰਦਾ ਵਿਕਾਸ ਦਾ ਮਾਰਗ ਦਰਸ਼ਨ ਕਰਦਾ ਹੈ। ਤਬਦੀਲੀ ਦਾ ਪੱਖ ਪੂਰਦਾ ਹੈ। ਜਨਮ-ਮਰਨ ਦੇ ਗੈਰ ਵਿਗਿਆਨਕ ਅਗਿਆਨ ਅਤੇ ਮੁਕਤੀ ਦੁਆਲੇ ਘੁੰਮਦੇ ਫ਼ਲਸਫ਼ੇ ਨੂੰ ਪੁਜਾਰੀ ਵਰਗ ਨੇ ਏਸ ਕਦਰ ਘੁਮਾਇਆ ਕਿ ਇਹ ਜਨ ਸਾਧਾਰਨ ਦੀ ਮਾਨਸਿਕਤਾ ਦਾ ਆਧਾਰ ਹੀ ਬਣ ਗਿਆ।

ਮੱਧ ਕਾਲੀਨ ਭਗਤੀ ਲਹਿਰ ਦਾ ਯੁੱਗ, ਡਾ. ਰਤਨ ਸਿੰਘ ਜੱਗੀ ਜੀ ਦੇ ਕਥਨ ਅਨੁਸਾਰ ਸ਼ਰਧਾ ਮੂਲਕ ਯੁੱਗ ਸੀ, ਜਿਸ ਵਿੱਚ ਗਿਆਨ ਦਾ ਸੀਮਤ ਵਿਕਾਸ ਹੋਇਆ ਸੀ। ਮੈਂ ਇਸ ਵਿਚਾਰ ਦੀ ਵਿਆਖਿਆ ਵਿੱਚ ਕਹਿਣਾ ਵਾਜਬ ਸਮਝਦਾ ਹਾਂ ਕਿ ਉਸ ਦੌਰ ਵਿੱਚ ਜੋ ਵਿਚਾਰਧਾਰਾ ਗੁਰੂ ਨਾਨਕ ਸਾਹਿਬ ਨੇ ਪ੍ਰਚੱਲਤ ਕੀਤੀ, ਉਹ ਉਸ ਸਮਾਜ ਵਿੱਚ ਪ੍ਰਗਤੀਵਾਦੀ ਵਿਚਾਰਧਾਰਾ ਸੀ ਪਰ ਇੱਕ ਸੀਮਾਂ ਵਿੱਚ। ਕਿਉਂਕਿ ਅਧਿਆਤਮ, ਪਰਮਾਤਮ ਦੇ ਗਿਆਨ ਤੋਂ ਅੱਗੇ ਉਸ ਵੇਲੇ ਦੇ ਸਮਾਜ ਨੇ ਵਿਕਾਸ ਹੀ ਨਹੀਂ ਸੀ ਕੀਤਾ ਉਨ੍ਹਾਂ ਨੇ ਪੁਰਾਤਨਤਾ ਅਤੇ ਸਥਾਪਤ ਧਰਮਾਂ ਦੇ ਚਿੱਬ ਕੱਢਣ ਦੇ ਯਤਨ ਹੀ ਨਹੀਂ ਕੀਤੇ ਸਗੋਂ ਸਮਾਜਕ, ਰਾਜਨੀਤਕ, ਆਰਥਿਕ, ਧਾਰਮਿਕ, ਸੱਭਿਆਚਾਰਕ ਆਦਿ ਵਰਤਾਰਿਆਂ ਦਾ ਵਿਸ਼ਲੇਸ਼ਣ ਵੀ ਕੀਤਾ। 'ਆਸਾ ਜੀ ਦੀ ਵਾਰ' ਬਾਣੀ ਇਸ ਦੀ ਗਵਾਹੀ ਭਰਦੀ ਹੈ। ਆਵਾ ਗਵਨੁ, ਪਿਛਲੇ ਜਨਮ ਦੇ ਕਰਮਾਂ ਦਾ ਫਲ ਆਦਿ ਵਿਚਾਰ ਬੁਰੀ ਤਰ੍ਹਾਂ ਕੁਮਲਾ ਰਹੇ ਹਨ।

ਅਣਦਿਸਦੇ ਉੱਪਰ ਨਿਰਭਰਤਾ ਕਾਰਨ ਭਾਰਤ ਵਿੱਚ ਵਿਗਿਆਨ ਵਿਕਸਤ ਨਹੀਂ ਹੋ ਸਕਿਆ। ਯੂਰਪੀ ਮੁਲਕਾਂ ਵਿੱਚ ਪਦਾਰਥਵਾਦੀ ਵਿਗਿਆਨਕ ਰੁਝਾਨ ਪੈਦਾ ਹੋਇਆ ਤਾਂ ਵਿਗਿਆਨ ਦੀ ਚੜ੍ਹਤ ਹੋਈ। ਭਾਰਤ ਨੂੰ ਹਜ਼ਾਰਾਂ ਸਾਲਾਂ ਤੋਂ ਬਹੁ ਈਸ਼ਵਰਵਾਦ ਨੇ ਜਕੜਿਆ ਹੋਇਆ ਹੈ ਜਦੋਂ ਕਿ ਯੂਰਪ ਵਿਗਿਆਨ ਦੇ ਆਸਰੇ ਤਰੱਕੀ ਦੇ ਰਾਹ ਪਿਆ ਹੋਇਆ ਹੈ। ਇਹ ਕਹਿ ਸਕਦੇ ਹਾਂ ਕਿ ਭਾਰਤ ਵਿੱਚ ਵਿਗਿਆਨਕ ਸਮਝ ਆਪਣੀ ਭਰੂਣ ਅਵੱਸਥਾ ਵਿੱਚੋਂ ਗੁਜ਼ਰ ਰਹੀ ਹੈ ਜਦੋਂ ਕਿ ਯੂਰਪ ਵਿੱਚ ਗਿਆਨ-ਵਿਗਿਆਨ ਗੱਭਰੂ ਹੋ ਚੁੱਕਿਆ ਹੈ। ਉਸ ਵਿਗਿਆਨਕ ਦ੍ਰਿਸ਼ਟੀਕੋਣ ਸਦਕਾ ਹੀ ਕਾਰਲ ਮਾਰਕਸ ਜਿਹੇ ਸਿਰਮੌਰ ਬੁਧੀਜੀਵੀਆਂ ਦਾ ਆਗਮਨ ਹੋਇਆ ਜਿਸ ਨੇ ਨਿਰੋਲ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਨਵੇਂ ਬਰਾਬਰੀ ਵਾਲੇ ਸਮਾਜਕ ਗਿਆਨ ਦੇ ਸਰੋਤ ਢੂੰਡ ਕੇ ਆਪਣੇ ਗ੍ਰੰਥ ਪੂੰਜੀ ਵਿੱਚ ਵਿਆਖਿਆ ਕੀਤੀ। ਗੁਰੂ ਨਾਨਕ ਫ਼ਲਸਫ਼ਾ ਇੱਕ ਸੀਮਾਂ ਤੱਕ ਲੁੱਟ ਪ੍ਰਧਾਨ ਸਮਾਜ ਦੀ ਮਲਿਕ ਭਾਗੋ ਬਨਾਮ ਲਾਲੋ ਦੇ ਸੰਵਾਦ ਰਾਹੀਂ ਵਿਆਖਿਆ ਕਰਦੇ ਹਨ।

ਵਿਗਿਆਨਕ ਅਤੇ ਗੈਰ ਵਿਗਿਆਨਕ ਵਰਤਾਰਿਆਂ ਬਾਰੇ ਸੰਵਾਦ ਛੇੜਨ ਲਈ ਮੈਂ ਇੱਥੇ ਗਿਆਨੀ ਲਾਲ ਸਿੰਘ ਕਮਲਾ ਅਕਾਲੀ ਜੀ ਦੇ 'ਬਰਤਾਨੀਆ ਦੇ ਸਫ਼ਰਨਾਮੇ' ਵਿੱਚੋਂ ਲੰਡਨ ਦੀ ਸਵੇਰ ਤੇ ਸ਼ਾਮ ਨੂੰ ਪਾਠਕਾਂ ਨਾਲ ਸਾਂਝਾ ਕਰਨਾ ਚਾਹਾਂਗਾ। ਦੁਹਾਂ ਮੁਲਕਾਂ ਦੀ ਸਵੇਰ ਤੇ ਸ਼ਾਮ ਦਾ ਉਨ੍ਹਾਂ ਨੇ ਤੁਲਨਾਤਮਕ ਅਧਿਐਨ ਕੀਤਾ ਹੈ। ਪੰਜਾਬ ਦੀ ਸਵੇਰ ਤੇ ਸ਼ਾਮ ਉਹ ਪਾਠ ਪੂਜਾ ਵਾਲੀ ਦੱਸਦੇ ਲਿਖਦੇ ਹਨ ਕਿ ਇੱਥੇ ਸਵੇਰੇ ਚਾਰ ਵਜੇ ਖੂਹਾਂ 'ਤੇ ਡੋਲ ਖੜਕਣ ਲੱਗ ਪੈਂਦੇ ਹਨ ਅਤੇ ਅਸ਼ਨਾਨ ਕਰਨ ਦੇ ਨਾਲ ਉੱਚੀ ਸੁਰ ਵਿੱਚ ਗੁਰਬਾਣੀ ਦਾ ਜਾਪ ਹੋਣ ਲੱਗਦਾ ਹੈ। ਸ਼ਾਮ ਨੂੰ ਵੀ ਸੌਣ ਤੋਂ ਪਹਿਲਾਂ ਰਹਿਰਾਸ ਸ਼ਬਦ ਹਜ਼ਾਰੇ ਆਦਿ ਦੇ ਪਾਠ ਹੋਣ ਲੱਗਦੇ ਹਨ। ਲੰਡਨ ਵਿੱਚ ਰਹਿੰਦਿਆਂ ਉਹ ਵੇਖਦੇ ਹਨ ਕਿ ਵੱਡੇ ਦਿਨ ਤੱਕ ਉੱਥੇ ਕੋਈ ਨਹੀਂ ਜਾਗਦਾ, ਕੋਈ ਚਹਿਲ ਪਹਿਲ ਨਜ਼ਰ ਨਹੀਂ ਆਉਂਦੀ। ਇੱਕ ਤਰ੍ਹਾਂ ਸੁੰਨ ਸ਼ਾਂਤੀ ਪਸਰੀ ਹੁੰਦੀ ਹੈ। ਜਾਗਣ ਸਾਰ ਲੋਕ ਆਪੋ-ਆਪਣੇ ਕੰਮਾਂ ਲਈ ਨਿੱਕਲ ਤੁਰਦੇ ਹਨ ਤੇ ਬੁਰਸ਼, ਨਾਸ਼ਤਾ ਵਗੈਰਾ ਉੱਥੇ ਹੀ ਕਰਦੇ ਹਨ। ਆਥਣ ਨੂੰ ਥਕੇਵਾਂ ਲਾਹੁਣ ਲਈ ਤਲਾਬਾਂ ਤੇ ਕਲੱਬਾਂ ਵੱਲ ਰੁਖ਼ ਕੀਤਾ ਹੁੰਦਾ ਹੈ। ਯਾਨੀ ਕਿ ਉਹ ਆਪਣੇ ਜੀਵਨ ਦਾ ਭਰਪੂਰ ਆਨੰਦ ਲੈਣ ਵਿੱਚ ਯਕੀਨ ਰੱਖਦੇ ਹਨ। ਉਹ ਇਸ ਜੀਵਨ ਦੀ ਸਾਰਥਿਕਤਾ ਨੂੰ ਸਮਝਦੇ ਹੋਏ ਬੇਫ਼ਿਕਰੀ ਦਾ ਜੀਵਨ ਜਿਉਂ ਰਹੇ ਹਨ ਤੇ ਆਪਣੇ ਜੀਵਨ ਵਿੱਚ ਸੰਤੁਸ਼ਟ ਹਨ। ਸਾਡੇ ਲੋਕ ਆਪਣੀਆਂ ਦੁਖ ਤਕਲੀਫ਼ਾਂ ਦਾ ਹੱਲ ਮੱਠਾਂ ਤੋਂ ਲੱਭਦੇ ਹਨ। ਗੱਲਾਂ ਤਾਂ ਹੋਰ ਵੀ ਬਹੁਤ ਸਾਰੀਆਂ ਹਨ ਜਿਨ੍ਹਾਂ ਦਾ ਭਾਵੇਂ ਉਸ ਗੱਲਬਾਤ ਵਿੱਚ ਜ਼ਿਕਰ ਨਹੀਂ ਸੀ ਹੋਇਆ ਪਰ ਉਸ ਗੱਲਬਾਤ ਨਾਲ ਇਨ੍ਹਾਂ ਗੱਲਾਂ ਦੀ ਸੁਰ ਮਿਲਦੀ ਹੋਣ ਕਰਕੇ ਸਾਂਝੀਆਂ ਕੀਤੀਆਂ ਹਨ।

ਭਾਰਤੀ ਸੰਸਕ੍ਰਿਤੀ ਵਿੱਚ ਪੁਜਾਰੀ ਵਰਗ ਹਾਵੀ ਰਿਹਾ ਹੈ ਤੇ ਹੁਣ ਵੀ ਹਾਵੀ ਹੈ। ਚਿੱਟੇ ਚੋਲਿਆਂ ਵਾਲੇ ਮੱਠਧਾਰੀ ਜੋ ਕੁੱਝ ਲੋਕਾਂ ਦੇ ਕੰਨਾਂ ਵਿੱਚ ਚੋਂਦੇ ਹਨ, ਲੋਕ ਖ਼ਾਸ ਕਰਕੇ ਰੱਜੇ-ਪੁੱਜੇ ਵਿਹਲੜ ਓਧਰ ਵਹੀਰਾਂ ਘੱਤ ਲੈਂਦੇ ਹਨ। ਅਖੌਤੀ ਸੰਗਤਾਂ ਨੂੰ ਗੁਰ ਇਤਿਹਾਸ ਤੋਂ ਦੂਰ ਰੱਖਣ ਲਈ ਇਨ੍ਹਾਂ ਸਾਧਾਂ ਦਾ 'ਧੰਨਵਾਦ' ਕੀਤਾ ਜਾਵੇ।

ਵਿਗਿਆਨ ਇਹ ਮੰਨ ਕੇ ਚੱਲਦਾ ਹੈ ਕਿ ਜੋ ਕੁੱਝ ਦਿਸਦਾ ਹੈ, ਸੱਚ ਹੈ। ਜੋ ਦਿਸਦਾ ਨਹੀਂ, ਉਹਦੇ ਬਾਰੇ ਕੁੱਝ ਕਹਿਣਾ ਹੀ ਗੈਰ ਵਿਗਿਆਨਕ ਹੈ। ਜਿਸ ਨੂੰ ਅੱਜ ਸੱਚ ਮੰਨਿਆ ਜਾ ਰਿਹਾ ਹੈ, ਉਹ ਭਵਿੱਖ ਵਿੱਚ ਬੇਕਾਰ ਹੋ ਜਾਣਾ ਹੈ, ਕਿਉਂਕਿ ਕੋਈ ਸੱਚ ਵੀ ਸਦੀਵੀ ਸੱਚ ਨਹੀਂ ਹੁੰਦਾ। ਵਿਗਿਆਨੀ ਆਪਣੇ ਅਮਲਾਂ ਰਾਹੀਂ ਨਵੀਆਂ ਖੋਜਾਂ ਕਰਕੇ ਅਣਦਿਸਦੇ ਨੂੰ ਦਿਸਦਾ ਕਰਨ ਦੀਆਂ ਹੀ ਜੁਗਤਾਂ ਲੜਾਉਂਦੇ ਹਨ। ਏਥੇ ਇਹ ਗੱਲ ਵੀ ਮੈਂ ਜ਼ੋਰ ਦੇ ਕੇ ਕਹਿਣੀ ਚਾਹੁੰਦਾ ਹਾਂ ਕਿ ਵਿਗਿਆਨ ਦੀ ਹਰ ਕਾਢ ਦੇ ਪਿੱਛੇ ਲੱਖਾਂ ਸਾਲਾਂ ਦਾ ਕਿਰਤ ਦਾ ਇਤਿਹਾਸ ਸ਼ਾਮਲ ਹੁੰਦਾ ਹੈ। ਜਦੋਂ ਤੋਂ ਮਨੁੱਖ ਨੇ ਹੱਥੀਂ ਕਿਰਤ ਕਰਨੀ ਆਰੰਭ ਕੀਤੀ, ਵਿਗਿਆਨ ਦਾ ਮੁੱਢ ਬੱਝ ਗਿਆ। ਗੁਰੂ ਨਾਨਕ ਬਾਣੀ ਉਸ ਵਿਗਿਆਨ ਭਾਵ ਕਿਰਤ ਦਾ ਫ਼ਲਸਫ਼ਾ ਹੈ।

ਮੈਂ ਏਥੇ ਰਾਜਸਥਾਨ ਦੀ ਰਿਆਸਤ ਗਾਗਰਗੜ੍ਹ ਦੇ ਰਾਜਾ ਪੀਪਾ ਜੀ, ਜੋ 1426 ਸੰਨ ਨੂੰ ਪੈਦਾ ਹੋਏ, ਦਾ ਇਹ ਸ਼ਬਦ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ:–

'ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ॥ ਰਹਾਉ॥ ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ।' ਆਪ ਜੀ ਦੁਹਾਈ ਪਾ ਕੇ ਲਿਖਦੇ ਹਨ ਕਿ ਨਾ ਉਪਰੋਂ ਕੋਈ ਆਉਂਦਾ ਹੈ ਤੇ ਨਾ ਕੋਈ ਉੱਪਰ ਜਾਂਦਾ ਹੈ। ਜੋ ਕੁੱਝ ਬ੍ਰਹਿਮੰਡੀ ਵਰਤਾਰਿਆਂ ਵਿੱਚ ਵਰਤ ਰਿਹਾ ਹੈ, ਉਹੀ ਕੁੱਝ ਸਾਡੇ ਸਰੀਰ ਵਿੱਚ ਵੀ ਵਰਤ ਰਿਹਾ ਹੈ। ਜੋ ਸੱਚ ਦਾ ਖ਼ੋਜੀ ਹੈ, ਉਸਨੂੰ ਹੀ ਗਿਆਨ ਹੋ ਸਕਦਾ ਹੈ। ਜਦੋਂ ਜਿਉਂਦੇ ਜੀਅ ਕੋਈ ਉੱਥੇ ਜਾ ਨਹੀਂ ਸਕਦਾ, ਮਰ ਕੇ ਕੋਈ ਵਾਪਸ ਨਹੀਂ ਆਉਂਦਾ, ਫੇਰ ਕੀਹਨੇ ਦੱਸਿਆ ਕਿ ਰੱਬ ਜਾਂ ਧਰਮ ਦੁਆਰਾ ਉੱਪਰ ਹੈ।

ਏਸੇ ਤਰ੍ਹਾਂ ਸਤਿਗੁਰੂ ਕਬੀਰ ਸਾਹਿਬ ਜੀ ਦੇ ਇਸ ਸ਼ਬਦ ਨੂੰ ਵਿਚਾਰਿਆ ਜਾ ਸਕਦਾ ਹੈ:–

**'ਸਭੁ ਕੋਈ ਚਲਨ ਕਹਤ ਹੈ ਊਹਾਂ॥**
**ਨਾ ਜਾਨਉ ਬੈਕੁੰਠੁ ਹੈ ਕਹਾਂ॥ ਰਹਾਉ॥**
**ਆਪ ਆਪਨਾ ਮਰਮੁ ਨ ਜਾਨਾਂ॥**
**ਬਾਤਨ ਹੀ ਬੈਕੁੰਠੁ ਬਖਾਨਾਂ॥**
**ਜਬ ਲਗੁ ਮਨੁ ਬੈਕੁੰਠ ਕੀ ਆਸ॥**
**ਤਬ ਲਗੁ ਨਾਹੀ ਚਰਨ ਨਿਵਾਸ॥**
**ਖਾਈ ਕੋਟੁ ਨ ਪਰਲ ਪਗਾਰਾ॥**
**ਨਾ ਜਾਨਉ ਬੈਕੁੰਠ ਦੁਆਰਾ॥**
**ਕਹਿ ਕਬੀਰ ਅਬ ਕਹੀਐ ਕਾਹਿ ॥**
**ਸਾਧਸੰਗਤਿ ਬੈਕੁੰਠੈ ਆਹਿ॥**


ਏਸ ਤੋਂ ਵੱਡਾ ਵਿਗਿਆਨਕ ਸੱਚ ਹੋਰ ਕੀ ਹੋ ਸਕਦਾ ਹੈ ਜਦੋਂ ਕਬੀਰ ਸਾਹਿਬ ਨਰਕ ਸੁਰਗ, ਧਰਮਰਾਜ ਦੇ ਦੁਆਰ ਆਦਿ ਬਾਰੇ ਵੱਡਾ ਪ੍ਰਸ਼ਨ ਚਿੰਨ੍ਹ ਲਾ ਦਿੰਦੇ ਹਨ। ਹਰ ਕੋਈ ਕਹਿ ਰਿਹਾ ਹੈ ਕਿ ਹਰੇਕ ਪ੍ਰਾਣੀ ਨੇ ਪਰਮੇਸ਼ਰ ਨੂੰ ਜਾ ਕੇ ਆਪਣੇ ਕਰਮਾਂ ਦਾ ਲੇਖਾ ਦੇਣਾ ਪੈਂਦਾ ਹੈ। ਕਬੀਰ ਸਾਹਿਬ ਪ੍ਰਸ਼ਨ ਖੜ੍ਹਾ ਕਰਦੇ ਹਨ ਕਿ ਉਹ ਬੈਕੁੰਠ ਦੁਆਰਾ ਕਿੱਥੇ ਹੈ? ਆਪਣੇ ਆਪ ਦਾ ਮਰਮ ਤਾਂ ਪਛਾਣਿਆ ਨਹੀਂ ਜਾਂਦਾ, ਗੱਲਾਂ ਦਾ ਕੜਾਹ ਕਰ ਕੇ ਪੁਜਾਰੀ ਬੈਕੁੰਠ ਦੀ ਵਿਆਖਿਆ ਕਰਨ ਲੱਗਦਾ ਹੈ। ਬੈਕੁੰਠ ਦਾ ਉਹ ਕਿਲਾ ਜਿਸ ਦੇ ਦੁਆਲੇ ਖਾਈ ਪੁੱਟ ਕੇ ਪਾਣੀ ਭਰਿਆ ਹੋਇਆ ਹੈ, ਤੇ ਉਸ ਬੈਕੁੰਠ ਦਾ ਦਰਵਾਜ਼ਾ ਕਿਸ ਦਿਸ਼ਾ ਵਿੱਚ ਹੈ? ਕਬੀਰ ਸਾਹਿਬ ਫੁਰਮਾਉਂਦੇ ਹਨ ਕਿ ਕੀਹਨੂੰ ਸਮਝਾਇਆ ਜਾਵੇ, ਕਿਉਂਕਿ ਕੋਈ ਸਮਝਣ ਨੂੰ ਤਿਆਰ ਹੀ ਨਹੀਂ ਕਿ ਭਾਈ ਕੋਈ ਬੈਕੁੰਠ ਵਗੈਰਾ ਉੱਪਰ ਕਿਤੇ ਨਹੀਂ, ਉਹ ਤਾਂ ਗਿਆਨੀ ਮਹਾਂ ਪੁਰਸ਼ਾਂ ਦੀ ਸੰਗਤ ਵਿੱਚ ਇਸ ਧਰਤੀ ਉੱਪਰ ਹੀ ਹੈ।

'ਹਸੰਦਿਆਂ ਖਿਲੰਦਿਆ ਪਹਿਨੰਦਿਆਂ ਵਿਚੇ ਹੋਵੈ ਮੁਕਤਿ॥' ਦੇ ਤੱਤ ਨੂੰ ਸਮਝ ਕੇ ਮਨੁਖਾ ਜੂਨ ਨੂੰ ਸੌਖਿਆਂ ਬਣਾਉਣ ਦੇ ਯਤਨ ਕਰਦਿਆਂ ਹੱਕੀ ਸੰਘਰਸ਼ਾਂ ਦੇ ਮੈਦਾਨ ਵਿੱਚ ਆ ਕੇ ਮੁਕਤੀ ਦਾ ਮਾਰਗ ਖੁੱਲ੍ਹ ਸਕਦਾ ਹੈ।

ਫਿਰ ਗੱਲ ਨੂੰ ਕਾਮਰੇਡੀ ਸੋਚ ਤੇ ਸਿੱਖ ਮੱਤ ਦੁਆਲੇ ਘੁੰਮਦੀ ਵੇਖ ਕੇ ਮੈਂ ਤੁਰੰਤ ਇਨ੍ਹਾਂ ਸ਼ਬਦਾਂ ਨਾਲ ਸਮਾਪਤ ਕੀਤੀ –'ਹਰ ਇਕ ਨੂੰ ਰੱਜਵੀਂ ਰੋਟੀ ਮਿਲੇ, ਰੁਜ਼ਗਾਰ ਮਿਲੇ, ਮਕਾਨ ਮਿਲੇ, ਤਨ ਢੱਕਣ ਲਈ ਹਰੇਕ ਨੂੰ ਕੱਪੜਾ ਮਿਲੇ। ਆਪਣੇ ਸਵੈ ਮਾਣ ਲਈ ਕਿਰਤ ਦਾ ਪੂਰਾ ਮੁੱਲ ਮਿਲੇ। ਸਭ ਕੁੱਝ ਸਾਂਝਾ ਹੋਵੇ। ਜੋ ਲੋਕ ਇਸ ਸੰਘਰਸ਼ ਵਿੱਚ ਪਏ ਹੋਏ ਹਨ ਮੈਂ ਉਹਨਾਂ ਨਾਲ ਹਾਂ। ਏਥੇ ਜੇ ਕੋਈ ਗੁਰੂ ਦਾ ਸਿੱਖ ਹੈ, ਉਹ ਜ਼ਿੰਦਗੀ ਨੂੰ ਸੁਹਣਾ ਬਣਾਉਣ ਦੀ ਲੜਾਈ ਲੜ ਰਿਹਾ ਹੈ। ਜੋ ਇਹ ਲੜਾਈ ਨਹੀਂ ਲੜ ਰਿਹਾ ਉਹ ਸਿੱਖ ਨਹੀਂ।



ਹਰ ਕਿਸਮ ਦੇ ਫਾਰਮ ਭਰਵਾਉਣ ਲਈ ਮਿਲੋ
ਪਾਸਪੋਰਟ ਰੀਨਿਊ (ਕੈਨੇਡੀਅਨ ਜਾ ਇੰਡੀਅਨ), ਕੈਨੇਡੀਅਨ ਸਿਟੀਜ਼ਨਸ਼ਿਪ, ਪੀ.ਆਰ. ਕਾਰਡ ਰੀਨਿਊ, ਪੈਨਸ਼ਨ ਦੇ ਫਾਰਮ (ਸੀ.ਪੀ.ਪੀ., ਓਲਡ ਏਜ, ਅਲਬਰਟਾ ਪੈਨਸ਼ਨ), ਕੈਨੇਡੀਅਨ ਚਾਈਲਡ ਬੈਨੀਫਿਟ, ਆਦਿ।
ਵਾਜਿਬ ਰੇਟ 'ਤੇ ਹਰ ਦਿਨ ਸੇਵਾਵਾਂ ਉਪਲਬਧ।


Lash Extension Service
Looking for lash extensions in Calgary? I offer classic, hybrid and volume sets at reasonable price.
Located in Cornerstone, NE.

Please email or message on Instagram @llash_n_pout
Corner Meadows Gate NE, Calgary, AB T3N
Nav Gill : 780-850-7730



Gurpreet Gill
Founder
(403) 408-6566

For Birthday - Anniversary - Baby Shower - Shower
@balloonhousebygurpreet

# Busting neoliberal myths about pharmacare in Canada

## Free market think tanks continue to spread myths about universal pharmacare, despite a mountain of evidence to the contrary

**JOEL LEXCHIN**
**take from Canadian Centre for Policy Alternatives**



Pharmacare is in the news again. The CD Howe Institute—an important neoliberal think tank—has just released a report based on a conference it hosted on the subject. Unsurprisingly, the report advocates for a "fill-in-the-gaps" approach to prescription drug coverage. In other words, to keep our present private-public mix of drug coverage but make it a bit better.

You might have thought that organizations like CD Howe would get tired of repeating the same old myths about a fully publicly funded system. But put together a free-market institute with a bunch of conference-goers, many of them coming from the pharmaceutical and insurance industries, and this is what you get. The CD Howe Institute also doesn't appear to have invited any of the well-known defenders of a universal public system to attend the conference that generated the report.

According to the report, a public system is "ideologically driven" whereas what the report advocates is just "a strategic focus on addressing genuine access gaps". Every country that has universal public coverage for doctor and hospital services also provides the same type of coverage for prescription drugs—except Canada. Are the healthcare systems in countries as diverse as those in Western and Central Europe, Japan and Korea all ideologically driven?

The first of the many myths that the report perpetuates is that only 2.8 per cent of Canadians don't have access to prescription drug coverage. That's theoretically true, but doesn't reflect what happens in the real world. In Nova Scotia if you pay anything less than 25 per cent of your gross family income, there's no public coverage. In Manitoba, if your gross family income is above $75,000 annually you need to pay 7.59 per cent of your income before you qualify for coverage. Earn $75,000 and pay under $5,693 there's no coverage.

The hoariest of myths comes near the start of the report that maintains "that private plans typically offer significantly broader formularies and faster access to innovative treatments than public programs." As with all myths, there is a nugget of truth—but it's a distorted truth. Private plans do cover more drugs but that's primarily because they cover new drugs that offer little to no therapeutic benefits compared to existing treatments (but cost more).

Numerous studies, including one by me, consistently show that, at most, only about 20 per cent of new drugs offer a major therapeutic improvement. Some of these drugs are covered sooner by private plans, but one of the reasons is that drug companies delay submitting applications for recommendations for public coverage by 5.5 months more than they have to.

It's also important to remember that relatively little is known about the safety of new

# Political violence is already everywhere

## If we are going to condemn political violence, we should apply that condemnation universally

**RACHEL PETTIGREW**
**from Canadian Centre for Policy Alternative**

In recent weeks, pundits and political leaders have been united in their calls to end political violence. The killing of U.S. conservative activist Charlie Kirk prompted a wave of public statements. Federal Conservative leader Pierre Poilievre condemned the act, and Liberals have echoed calls for peace and civility. Across the political spectrum, politicians rallied around the principle that violence has no place in democracy.

It is important to notice the speed and intensity of that response. When the political class sees one of their own—especially a white, male, conservative political figure—harmed, their empathy flows without hesitation. When political violence targets Indigenous, Black, brown, queer, disabled, poor, or gendered communities, their outrage is significantly more absent. Often, they can even justify or downplay that violence, which may even be actively carried out by the state itself.

**Situating political violence**

The World Health Organization defines political violence simply: "the deliberate use of power and force to achieve political goals" (WHO, 2002). But this phrasing risks being so expansive that it becomes difficult to contextualize. Does all state power rest on violence? Some anarchist traditions and abolitionists would say yes. More importantly, the WHO sidesteps the deeper question: what do we mean when we say something is violent?

"Violence" is not a neutral category. Authorities are quick to name and condemn things like throwing the first brick at a riot, blocking access to a logging road, or slashing the tires of a police cruiser as violent. Yet they rarely apply that same label to acts like building weapons for war or passing laws that deny people health care. Why is something like property destruction automatically condemned, while the slow production of artillery shells or the bureaucratic denial of life-saving care is not?

Some scholars refer to these latter categories as "structural violence," that is, violence that is built into the structures of our political and economic systems. Those types of violence—unlike the spectacular acts like riots—are often tightly woven into the fabric of everyday life and invisible. That does not make them any less violent—in fact, many of these forms of structural violence produce more death and misery than even the most brutal types of obvious political violence.

Recognizing this imbalance is crucial if we want to take seriously the everyday political violence that communities endure. Political violence is more than assassinations or mass shootings. While these acts are certainly violent, the category also describes how laws, institutions, and state power structure everyday life. For marginalized communities, political violence is not a one time event, it is woven into our experiences.

**Political violence in the Canadian context**

Once we begin to recognize this type of political violence, we can see how it is embedded in Canada's own systems.

When Alberta and Saskatchewan introduce laws restricting queer and trans youth from expressing themselves or accessing gender-affirming health care, they are exercising political violence. These policies police gender expression and create hostile environments that place already vulnerable youth at greater risk.

The construction of government backed pipelines is both an ecological disaster and a deliberate act of violence against Indigenous nations. RCMP raids on Wet'suwet'en land defenders criminalize Indigenous sovereignty, while the resulting environmental destruction of fossil fuels undermines the health and livelihoods of entire communities. Here, the slow structural violence of fossil fuel infrastructure met the explosive violence of militarized police raids, where heavily armed agents of the state had an authorization to kill if they viewed it as necessary.

Political violence shapes who counts as a legitimate member of the community. Alberta's new citizenship-on-ID policy perpetuates racial profiling and effectively creates two classes of residents: those seen as fully 'Canadian' and those the authorities will treat with suspicion. Such policies erode the ability of migrants to participate equally in public life.

The federal government is engaged in political violence




when it denies Temporary Foreign Workers in Canada full labour protections, pathways to permanent residency, and language supports. This imposed precarity makes it risky for TFWs to speak out about abuse, wage theft, or unsafe working conditions. Their vulnerability is enforced and maintained through state action which created a system to allow for employers to exploit and harass migrants.

Police and security companies repress, surveil, arrest and discipline students protesting for Palestinian solidarity or racial justice. Their activism is framed as a threat to democracy rather than a necessary contribution.

These are not isolated incidents. They are pervasive, institutionalized forms of political violence that rarely spark bipartisan calls for reform, action, or empathy.In Canada, solidarity among elites runs deep. Their lives and their ability to move safely through political spaces are treated as inviolable. Meanwhile, the lives of those already pushed to the margins are treated as expendable.

Whether something is classified as political violence, in this framing, is not about power itself but about whose power is disrupted.

It is not about democracy, but about which bodies count as democratic subjects worthy of protection.

**Beyond selective empathy**

Political violence is a defining feature of the world we live in. Indigenous, Black, brown, queer, disabled, and poor communities have always lived under its weight. The danger lies in treating political violence as exceptional. As only worthy of recognition when it affects elites.

Our challenge is to name, resist, and dismantle the everyday violence embedded in white, capitalist, colonial nation-states like Canada. Solidarity cannot just flow upwards, protecting those who already wield power. It must flow laterally and down to the front lines, toward those who have always borne the brunt of violence.

Until we recognize political violence as an everyday reality for marginalized communities, calls to "end political violence" will remain unconvincing.

drugs when they enter the market. It takes Health Canada at least two years to issue warnings about safety problems with new drugs. One of the maxims in medicine is that unless every other treatment option has failed, doctors should wait at least three years before prescribing a new medicine. Faster access doesn't always mean better health.

One of the presentations at the CD Howe conference "emphasized superior private sector performance in program administration, citing faster listing procedures for novel medications, streamlined prior authorization processes, and enhanced customer service capabilities compared to government programs." No evidence was cited in the report for those statements. But the presentation forgot to mention that overhead for private insurance plans is about 13 per cent compared to between two and three per cent for public plans.

The Institute describes OHIP+ (the Ontario plan that covered prescription drugs for people under 25) as having "administrative complexities during the initial rollout, including frontline provider confusion, patient coverage disruptions, and inadequate engagement with healthcare delivery stakeholders." While there were teething problems when it was implemented, the use of IUDs and oral contraceptives increased dramatically. When the newly elected Conservatives rolled it back and opted for a fill-in-the-gaps model, the use of those types of birth control dropped for low-income women aged 15-24. There was no mention of these findings in the CD Howe report.

The Quebec model came in for considerable praise. Since 1997 Quebec has mandated that private employers who provide health benefits have to include drug coverage. Those without private coverage are insured through the public system but that includes paying premiums, monthly deductibles and coinsurance. According to the report the Quebec model "preserves universality without eliminating private coverage, allowing individuals with employer-sponsored benefits to maintain their existing arrangements while providing public coverage for those without private access."

On some measures, such as cost-related nonadherence, Quebec does better than other provinces—but given the relatively poor coverage in other provinces that is not the right comparison. The right comparison is with countries that provide universal public coverage, and on that measure Quebec lags behind countries such as Australia, Germany, Netherlands and the United Kingdom.

Similarly, a greater percentage of people in Quebec report spending more than $1000 out-of-pocket on drugs than in any other province and total per capita spending on drugs in Quebec ($1087) is substantially higher than the average in the rest of Canada ($912) and countries with universal coverage ($826).

Finally, the report ignores two other significant benefits of a universal, public pharmacare system. First, buying for the entire population can lower the price for brand-name drugs. There are a number of reasons why Australia pays 30 per cent less for patented drugs than Canada does, but one of the main reasons is bulk buying.

In fact, a pharmacare system could improve access to drugs as federal/provincial/territorial governments take advantage of their buying power to increase access at lower prices, while at the same time giving pharmaceutical companies a guaranteed market for the life of the contract. This is how Australia significantly increased the number of people getting access to medicines to treat the hepatitis C virus at a price that was estimated to be 40 per cent lower than it otherwise would have been. The existence of the agreement between the Australian government and the companies making the drugs strongly suggests that the companies found it attractive.

The other major advantage of a pharmacare system is that it can lead to better prescribing and better drug use by patients. The more money that governments invest in paying for prescription drugs, the more likely they are to want to ensure that the public money is being used in the best possible way. That can lead them to fund programs to improve prescribing and to improve the way that patients use the drugs that they are prescribed.

Some years ago, the great Canadian health economist Bob Evans wrote "every dollar of health care expenditure is equal to a dollar of someone's income." There is a debate about how much a public universal pharmacare system will save, but the overwhelming consensus is that it's less expensive than the fill-in-the-gaps approach advocated in the CD Howe Institute report.

Where does the extra cost end up? Hello pharmaceutical and insurance companies.

# Anti-Migrant Sentiment, violate the essence of Punjabiat and Sikhi

**Harjeshwar Pal Singh**
**Chandigarh**




The anti migrant narrative, simmering for years in the background in Punjab has now burst into the open following the gruesome incident of the killing of a child allegedly by a migrant in Hoshiarpur on September 9, 2025. The crime itself is highly condemnable, and justice must be delivered swiftly. Yet, the response to it-vilification of an entire community, anti migration protests, skirmishes in Mandis , Call of "Parwasi Bhajao, punjab bachao" (Expel Migrants, Save Punjab), and even official resolutions passed by Panchayats targeting them is deeply disturbing. Such actions are not only unconstitutional but also violate the very essence of Punjabiat and Sikhi, both of which emphasise inclusivity, justice, and Sarbat da Bhala.

The rise of anti-Parvasi sentiment largely against migrants from Uttar Pradesh and Bihar cannot be understood in isolation. It emerges from a complex web of factors: Punjab's worsening unemployment crisis, growing inequality, demographic anxieties, the collapse of regional political forces, rise of radicals and the amplifying role of social media. Much like the "anti migrant" waves in parts of India and West the anger of a distressed population has found a convenient target in the "outsider."

Unregulated migration has fuelled demographic anxieties in Punjab, the country's only Sikh-majority state. Sections of the local population view it as a threat to their culture, livelihoods, and way of life. This has sparked demands for stricter norms-ranging from background checks and employment restrictions to even barring migrants from land ownership and voting rights. While some measures, such as background checks and employment regulation, merit discussion, sweeping disenfranchisement can't be justified either morally, legally or constitutionally.

Sociologists would describe the current moment as a classical case of "moral panic." An isolated incident is inflated into a civilisational threat by fringe political actors, then multiplied by the viral engines of WhatsApp groups, YouTube sermons, and Facebook pages. The result is a climate of hysteria, where conspiracy theories flourish unchecked.

Among the most popular claims are that the Centre has deliberately encouraged migration into Punjab to alter its demography, that Parvasis are involved in large-scale crime, and that lakhs of them have been settled to vote en masse for the BJP. Yet, concrete evidence for these sweeping allegations is minimal. Instead, such narratives serve as political ammunition for extremist groups.

The polarisation is likely to benefit both extremes: on one hand, the radical Sikh right, particularly factions aligned with Amritpal Singh; on the other, the Hindu right led by the BJP. Each thrives on a climate of mistrust, fear, and siege mentality. By projecting Parvasis as a demographic and cultural threat on the one hand and posing as their saviour on the other, they hope to consolidate their respective constituencies.The deafening silence of the centrist parties-AAP, Congress and SAD (B) , except CM Bhagwant Mann makes the task of extremists easier .

The danger here is not limited to electoral calculations. The unchecked rise of extremist, and sectarian forces under the garb of religion corrodes Punjab's recent image as a land of sewa, struggle, and self-help. During the farmers' movement and the devastating floods, Punjab was hailed nationwide for its resilience and collective spirit. The current wave of hate risks undoing that hard-won goodwill.

Equally distressing is the vocal support of sections of the Punjabi diaspora for these campaigns. Many NRIs, comfortably settled in Canada, the UK, or the US, cheer on extremist rhetoric against Parvasis while ignoring the irony: they themselves face prejudice, stereotyping, and "demographic anxiety" in their adopted homelands. Their departure from Punjab in large numbers is one of the very reasons why demographic shifts occur in the first place.

Parvasis are not outsiders to Punjab's economy ;they are woven into its very fabric. Ever since the green revolution in the 1970s where they first arrived to transplant paddy in the state, they have become an integral part of Punjab's economy. From agricultural labour to industrial work, from small-scale retail to hospitality sector and domestic services, they fill essential roles that Punjabis have increasingly vacated. A mass ouster or boycott of Parvasis would hurt Punjab's already fragile economy, cripple its industries, and worsen its labour shortage. The consequences would be catastrophic.

Beyond economics, the moral and reputational cost is equally high. The campaign against Parvasis tarnishes Punjab's image, both within India and abroad. It also places Punjabis living outside Punjab in a precarious position. Thousands of young men and women leave each year for studies, jobs, and business opportunities across India and beyond. If Punjab normalises hostility towards migrants, it risks inviting similar treatment for its own people elsewhere.

The anti-Parvasi campaign represents a dangerous deviation from Punjab's ethos of inclusivity and justice. While isolated crimes must be punished and some steps taken to assuage the demographic anxiety ,the collective demonisation of communities is both unjust and self-destructive. The challenge for Punjab's political and civil society leadership is to confront this wave of hate before it spirals further. If unchecked, it could destabilise Punjab socially, politically, and economically, pushing it towards a path that history has already warned against.

# ਪੰਜਾਬੀ ਕਵਿਤਾ 'ਮੋਹ ਭਿੱਜੀ ਫੁਲਕਾਰੀ' ਦਾ ਸਰੀ ਸਿਟੀ ਸੈਂਟਰ ਲਾਇਬ੍ਰੇਰੀ ਵਿਚ ਵਿਸ਼ੇਸ਼ ਤੇ ਯਾਦਗਾਰੀ ਪ੍ਰਦਰਸ਼ਨ



**ਸਰੀ ਸ਼ਹਿਰ ਦੀ ਨਿਵਾਸੀ ਪਰਮਿੰਦਰ ਕੌਰ ਸਵੈਚ ਇਕ ਬਹੁਪੱਖੀ ਸ਼ਖਸੀਅਤ ਹੈ। ਉਹ ਇਕ ਉਘੀ ਸਮਾਜਿਕ ਕਾਰਕੁੰਨ, ਕਮਿਊਨਿਟੀ ਆਗੂ ਹੋਣ ਦੇ ਨਾਲ ਇਕ ਕਵਿਤਰੀ, ਲੇਖਕਾ, ਵਾਰਤਾਕਾਰ, ਨਾਟਕਕਾਰ ਤੇ ਉਘੀ ਰੰਗਕਰਮੀ ਹੈ। ਉਹਨਾਂ ਨੇ ਹੁਣ ਤੱਕ ਪੰਜਾਬੀ ਸਾਹਿਤ ਦੀ ਝੋਲੀ ਵਿਚ ਕਈ ਪੁਸਤਕਾਂ ਦਾ ਨਿੱਗਰ ਯੋਗਦਾਨ ਪਾਇਆ ਹੈ ਜਿਹਨਾਂ ਵਿਚ ਨਾਟ ਸੰਗ੍ਰਹਿ ਭਲਾ ਮੈਂ ਕੌਣ, ਬਲਦੇ ਬਿਰਖ, ਤਵਾਰੀਖ ਬੋਲਦੀ ਹੈ, ਕਾਵਿ ਸੰਗ੍ਰਹਿ-ਮਖੌਟਿਆਂ ਦੇ ਆਰ ਪਾਰ, ਲਹਿਰਾਂ ਦੀ ਵੇਦਨਾ, ਜ਼ਰਦ ਰੰਗਾਂ ਦਾ ਮੌਸਮ ਤੇ ਲੇਖ ਸੰਗ੍ਰਹਿ- ਜਾਗਦੀ ਅੱਖ ਦਾ ਹਲਫਨਾਮਾ ਤੇ ਜੰਨਤ ਦਾ ਵਿਸ਼ੇਸ਼ ਜ਼ਿਕਰ ਹੈ। ਉਹਨਾਂ ਦਾ ਰੰਗ ਮੰਚ ਨਾਲ ਬਹੁਤ ਹੀ ਗਾੜਾ ਰਿਸ਼ਤਾ ਹੈ। ਉਹਨਾਂ ਨੇ ਹੁਣ ਤੱਕ 24 ਦੇ ਕਰੀਬ ਨਾਟਕ, ਇਕਾਂਗੀ ਲਿਖੇ ਤੇ ਖੁਦ ਨਿਰਦੇਸ਼ਨ ਕਰਦਿਆਂ ਇਕ ਕਲਾਕਾਰ ਵਜੋਂ ਸਫਲ ਮੰਚਨ ਕੀਤਾ ਹੈ।**

**ਇਕ ਉਤਸ਼ਾਹੀ ਸਮਾਜਿਕ ਕਾਰਕੁੰਨ, ਉਸਾਰੂ ਸਾਹਿਤ ਨੂੰ ਪ੍ਰਣਾਈ ਲੇਖਕਾ, ਇਨਕਲਾਬੀ ਪਰੰਪਰਾ ਵਾਲੀ ਕਵਿਤਰੀ ਤੇ ਲੇਖਕਾ ਦੇ ਨਾਲ ਇਕ ਸਮਰਪਿਤ ਰੰਗਕਰਮੀ ਤੋਂ ਇਲਾਵਾ ਉਹ ਸਰੀ ਵਿਚ ਵਸਦੇ ਪੰਜਾਬੀ ਭਾਈਚਾਰੇ ਦੀ ਮਾਣਯੋਗ ਹਸਤੀ ਹੈ। ਸਰੀ ਨਿਵਾਸੀਆਂ ਤੇ ਪੰਜਾਬੀ ਪਿਆਰਿਆਂ ਲਈ ਇਹ ਬੜੀ ਮਾਣ ਵਾਲੀ ਗੱਲ ਹੈ ਕਿ ਪਿਛਲੇ ਦਿਨੀਂ ਸਰੀ ਸਿਟੀ ਦੇ ਪਬਲਿਕ ਆਰਟ ਵਿਭਾਗ ਵਲੋਂ ਉਹਨਾਂ ਦੀ ਇਕ ਪੰਜਾਬੀ ਕਵਿਤਾ ਨੂੰ ਸਰਬੋਤਮ ਹੋਣ ਦਾ ਮਾਣ ਦਿੰਦਿਆਂ, ਇਸ ਕਵਿਤਾ ਨੂੰ ਸਰੀ ਦੀ ਸੈਂਟਰ ਲਾਇਬਰੇਰੀ ਦੀ ਤੀਸਰੀ ਮੰਜਿਲ ਉਪਰ ਇਕ ਨਿਵੇਕਲੇ ਅੰਦਾਜ਼ ਤਹਿਤ ਪੌੜੀ ਦਰ ਪੌੜੀ ਪੰਜਾਬੀ ਤੇ ਅੰਗਰੇਜ਼ੀ ਅਨੁਵਾਦ ਸਮੇਤ ਉਕਰਦਿਆਂ ਪੰਜਾਬੀ ਭਾਸ਼ਾ ਨੂੰ ਵੱਡਾ ਮਾਣ ਦਿੱਤਾ ਹੈ। ਮੋਹ ਭਿੱਜੀ ਫੁਲਕਾਰੀ ਦੇ ਉਨਵਾਨ ਵਾਲੀ ਉਹਨਾਂ ਦੀ ਇਹ ਕਵਿਤਾ ਕੈਨੇਡਾ ਦੇ ਬਹੁ-ਸਭਿਆਚਾਰ ਵਿਚ ਪਰਵਾਸ ਤੇ ਪਰਵਾਸੀ ਭਾਈਚਾਰੇ ਦੀ ਇਸ ਧਰਤੀ ਤੇ ਸਭਿਆਚਾਰ ਨਾਲ ਸਾਂਝ ਦੇ ਰਿਸ਼ਤੇ ਨੂੰ ਇਕ ਨਵੇਂ ਅਰਥ ਪ੍ਰਦਾਨ ਕਰਦੀ ਹੈ। ਉਨ੍ਹਾਂ ਦੀ ਇਸ ਇਤਿਹਾਸਕ ਪ੍ਰਾਪਤੀ ਅਤੇ ਪੰਜਾਬੀ ਭਾਸ਼ਾ ਦਾ ਮਾਣ ਵਧਾਉਣ ਲਈ ਅਦਾਰਾ ਦੇਸ਼ ਪ੍ਰਦੇਸ ਵਲੋਂ ਢੇਰ ਸਾਰੀਆਂ ਮੁਬਾਰਕਾਂ।**

**ਇਹਨਾਂ ਕਾਲਮਾਂ ਵਿਚ ਉਹਨਾਂ ਦੀ ਇਸ ਕਵਿਤਾ ਦੇ ਨਾਲ ਕੁਝ ਹੋਰ ਕਵਿਤਾਵਾਂ ਪੇਸ਼ ਕਰਨ ਦੀ ਖੁਸ਼ੀ ਲੈ ਰਹੇ ਹਾਂ। - ਸੰਪਾਦਕ**

## 1. ਮੋਹ-ਭਿੱਜੀ ਫੁਲਕਾਰੀ

ਮੇਰਾ ਇੱਥੇ ਵਸਣਾ,
ਮਹਿਜ਼ ਇਤਫ਼ਾਕ ਨਹੀਂ ਸੀ
ਖਿੱਚ ਲਿਆਈਆਂ ਸਨ
ਕੁੱਝ ਮਜ਼ਬੂਰ ਤੰਦਾਂ
ਭਵਿੱਖਤ ਸੁਪਨੇ
ਰੁਜ਼ਗਾਰ, ਬਿਹਤਰ ਜ਼ਿੰਦਗੀ
ਜਦੋਂ ਜੜੋਂ ਵਿਹੂਣੀ ਟੁੱਟਣ ਲੱਗੀ ਤਾਂ
ਮੇਰੇ ਸ਼ਹਿਰ ਦੇ ਬਹੁ-ਸਭਿਆਚਾਰੀ
ਬੇਸ਼-ਕੀਮਤੀ
ਬਹੁ-ਰੰਗੀ ਤੰਦਾਂ ਨੇ
ਲਪੇਟ ਲਿਆ
ਮੋਹ-ਭਿੱਜੀ ਫੁਲਕਾਰੀ ਵਿੱਚ
ਤੇ ਮੈਂ ਸਦਾ ਲਈ ਇੱਥੋਂ ਦੀ ਹੋ ਗਈ।

## 2. ਅਜ਼ਾਦ ਫਿਤਰਤ-

ਇੱਕ ਚਿੜੀ
ਐਧਰੋਂ ਓਧਰ, ਓਧਰੋਂ ਐਧਰ
ਇਸ ਕੋਨੇ ਤੋਂ, ਉਸ ਕੋਨੇ ਤੱਕ
ਉਡਦੀ ਹੈ, ਦਾਣਾ ਚੁਗਦੀ ਹੈ
ਖੰਭ ਖਿਲਾਰਦੀ ਹੈ
ਅਜ਼ਾਦ, ਬੇਝਿਜਕ
ਕੁੱਝ ਕੁ ਲੋਕ
ਕਰ ਦਿੰਦੇ ਹਨ ਬੰਦ ਝਰੋਖੇ,
ਖਿੜਕੀਆਂ ਤੇ ਰੌਸ਼ਨਦਾਨ
ਚਾਹੁੰਦੇ ਹਨ ਫੜਨਾ
ਫੜ ਕੇ ਚਾਹੁੰਦੇ ਹਨ
ਸਿਖਾਉਣਾ, ਬੋਲਣਾ,
ਗਾਉਣਾ, ਖਾਣਾ, ਪੀਣਾ
ਬੈਠਣਾ, ਉਠਣਾ
ਉਹਨਾਂ ਮੁਤਾਬਕ
ਸਾਊ ਚਿੜੀ ਬਣ ਕੇ ਹੀ
ਸਭਿਆ ਸਮਾਜ ਵਿੱਚ ਰਹਿਣਾ
ਹੁਣ ਚਿੜੀ ਘੁੰਮ ਰਹੀ ਹੈ
ਦਾਇਰਿਆਂ ਵਿੱਚ, ਸੀਮਾਵਾਂ ਵਿੱਚ
ਇਸ ਕੋਨੇ ਤੋਂ ਉਸ ਕੋਨੇ
ਇੱਕ ਯਕੀਨ ਨਾਲ਼
ਵਿਸ਼ਵਾਸ ਨਾਲ਼
ਹੌਂਸਲੇ ਨਾਲ਼, ਦ੍ਰਿੜਤਾ ਨਾਲ਼
ਪਿਆਰ ਕਰਦੀ ਹੈ
ਸਿਰਫ਼ ਤੇ ਸਿਰਫ਼ ਆਪਣੀ
ਫਿਜ਼ਾ ਤੇ ਅਜ਼ਾਦੀ ਨੂੰ
ਉਹ ਫੜਫੜਾਉਂਦੀ ਹੈ
ਕੰਧਾਂ ਵਿੱਚ ਵੱਜਦੀ
ਰੌਸ਼ਨਦਾਨਾਂ ਨੂੰ ਤੋੜਨ ਦਾ ਹੀਆ ਕਰਦੀ
ਵਿਸ਼ਵਾਸ ਨਾਲ਼ ਸੋਚਦੀ ਹੈ
ਕਿ ਉਹ ਕਮਰੇ ਵਿੱਚ ਬੰਦ
ਜਿੱਤ ਜਾਵੇਗੀ
ਕੰਧਾਂ, ਰੌਸ਼ਨਦਾਨ ਢਾਹ ਦੇਵੇਗੀ
ਮੰਜ਼ਲ ਪਾ ਲਵੇਗੀ
ਮੈਨੂੰ ਵੀ ਉਸ ਦੀ
ਹਿੰਮਤ, ਵਿਸ਼ਵਾਸ
ਤੇ ਅਜ਼ਾਦੀ ਦੀ ਫਿਤਰਤ
ਬਹੁਤ ਚੰਗੀ ਲੱਗਦੀ ਹੈ।

## 3. ਮੈਂ ਤੇ ਮੇਰੀ ਕਵਿਤਾ-

ਸਾਰਾ ਸ਼ਹਿਰ ਸੁੱਤਾ ਹੈ
ਜਾਗਦੀ ਹੈ
ਮੈਂ ਤੇ ਮੇਰੀ ਕਵਿਤਾ।

ਇੱਕ ਇੱਕ ਕਰਕੇ ਸ਼ਬਦ
ਜ਼ਿਹਨ ਵਿੱਚੋਂ ਉਡਾਰੀਆਂ ਲਾ
ਕਲਮ ਦੀ ਕਾਨੀ 'ਤੇ ਬੈਠ
ਤਰਨ ਲੱਗਦੇ ਹਨ
ਕਾਗ਼ਜ਼ ਦੇ ਪੰਨੇ 'ਤੇ।

ਮਨ ਦੀਆਂ ਡੂੰਘਾਣਾਂ ਵਿੱਚੋਂ
ਉਤਪੰਨ ਹੋਏ ਖ਼ਿਆਲ
ਟੁਟੂੰ-ਟੁਟੂੰ ਕਰਨ ਲੱਗਦੇ ਹਨ
ਜਦੋਂ ਅੱਧੀ ਰਾਤ ਸੁਣਦੀ ਹਾਂ
ਗੋਲ਼ੀ ਚੱਲਣ ਦੀ ਅਵਾਜ਼
ਸਥਿਰ ਹੋ ਜਾਂਦੇ ਹਨ
ਕਲਮ ਤੇ ਕਾਗ਼ਜ਼
ਪਲਸੇਟੇ ਮਾਰਦੀ ਬੇਚੈਨ ਹਾਂ
ਭੰਨਾਂ-ਘੜਤਾਂ ਵਿੱਚ
ਲਾਉਂਦੀ ਹਾਂ ਅੰਦਾਜ਼ੇ।

ਫਿਰ ਮੇਰੇ ਮਨ ਵਿੱਚ
ਹੋ ਜਾਂਦਾ ਹੈ ਸ਼ੁਰੂ ਗਣਿਤ
ਚੜ੍ਹਦੇ-ਲਹਿੰਦੇ ਦੀਆਂ ਗਲ਼ੀਆਂ ਦਾ
ਉਸ ਗਲ਼ੀ ਵਿੱਚ ਕੌਣ
ਰਹਿੰਦਾ ਹੈ ਮੇਰਾ ਆਪਣਾ?
ਜਿੱਧਰੋਂ ਆਈ ਹੈ ਅਵਾਜ਼
ਹੌਲ਼ ਪੈਣ ਲੱਗਦਾ ਹੈ
ਕੰਬਣ ਲੱਗਦੀ ਹਾਂ ਇੱਕ ਡਰ ਨਾਲ਼
ਉਸ ਦੇ ਨਕਸ਼ ਸਾਲਮ ਉੱਗ ਆਏ ਹਨ
ਬੀਤੇ ਦੀਆਂ ਯਾਦਾਂ
ਲੱਗਦੀਆਂ ਹਨ ਘੜਮੱਸ ਪਾਉਣ
ਮੇਰੇ ਜ਼ਿਹਨ ਵਿੱਚ ਤੇ ਕਵਿਤਾ ਕਾਗ਼ਜ਼ 'ਤੇ।

## 4. ਕਿੰਨੀ ਕੁ ਔਰਤ-

ਕੇਹੀ ਕੌੜੀ ਸੱਚਾਈ ਹੈ
ਔਰਤ ਜੰਮੀ ਤੇ ਪੱਥਰ ਕਹਿ
ਦੁਰਕਾਰੀ ਗਈ,
ਖੁਸ਼ ਕਰਨ ਲਈ ਵਡੇਰਿਆਂ ਨੂੰ
ਕੰਜਕ ਬਣਾ ਲਈ,
ਆਪਣੀ ਖੁਸ਼ੀ ਲਈ
ਹੱਥ 'ਚ ਡੋਰ ਫੜ੍ਹ
ਅਸਮਾਨੀ ਚੜ੍ਹਾ ਦਿੱਤੀ।

ਮੁਜ਼ਰਾ ਦੇਖਣ ਲਈ
ਪੈਰਾਂ 'ਚ ਘੁੰਗਰੂ ਬੰਨ੍ਹ
ਬਿਠਾ ਦਿੱਤੀ ਕੋਠੇ 'ਤੇ,
ਰੰਡੀ ਦਾ ਖ਼ਿਤਾਬ ਦੇ ਕੇ
ਖੇਡ-ਖੇਡ ਦੀ ਲਤ ਵਿੱਚ
ਕਰ ਦਿੱਤੀ ਨਿਲਾਮ ਸ਼ਰੇ-ਬਜ਼ਾਰ।

ਚਾਰ ਲਾਵਾਂ ਜਾਂ ਸੱਤ ਫੇਰਿਆਂ ਦੇ
ਢੌਂਗ ਹੇਠ ਧਰਮ ਦਾ ਬੁਰਕਾ ਪਹਿਨਾ




ਤੋਰ ਦਿੱਤੀ ਬਿਗ਼ਾਨੇ ਘਰ
ਗਾਂਵਾਂ, ਮੱਝਾਂ ਵਾਂਗ,
ਮਰਦ ਦੀ ਦਾਸੀ ਕਹਿ
ਪੈਰ ਦੀ ਜੁੱਤੀ ਬਣਾ ਲਿਆ।

ਮਨੁੱਖੀ ਹੱਕਾਂ ਤੋਂ ਵਿਰਵੀ ਕਰ
ਗਿੱਚੀ ਪਿੱਛੇ ਮੱਤ ਕਹਿ
ਬਣਾ ਦਿੱਤੀ ਮੂਲ਼ੋਂ ਹੀ ਬੁੱਧੂ, ਬੇਅਕਲ,
ਮਰਦ ਦੀ ਜਾਇਦਾਦ ਕਹਿ
ਜੂਏ ਦੀ ਜਿੱਤ ਹਾਰ ਵਿੱਚ
ਦਾਓ 'ਤੇ ਲਾ ਦਿੱਤੀ,
ਆਪਣੀ ਇੱਜ਼ਤ ਦਾ ਢੰਡੋਰਾ ਪਿੱਟਣ ਲਈ
ਅਗਨ ਪ੍ਰਿਖਿਆ ਵਿੱਚ ਪਾ
ਤੋਰ ਦਿੱਤਾ ਸੜਦੇ ਕੋਲਿਆਂ 'ਤੇ।

ਵਸਤਾਂ ਦੇ ਵਿਉਪਾਰ ਜਾਂ ਮਸ਼ਹੂਰੀ ਲਈ
ਹਰ ਕੋਨੇ 'ਤੇ ਹਰ ਮੋੜ 'ਤੇ
ਡੰਮੀ ਬਣਾ ਸ਼ੀਸ਼ਿਆਂ ਵਿੱਚ
ਮੂਰਤ ਬਣਾ ਸਜਾ ਦਿੱਤੀ,
ਬਿਨ ਮਰਜ਼ੀ ਜਾਣੇ ਜਿਸਮ ਦੀ ਤ੍ਰਿਪਤੀ ਲਈ
ਖਿਲਾਰ ਦਿੱਤੀ ਬਿਸਤਰ ਵਿੱਚ,
ਪ੍ਰੰਪਰਾ ਦੀ ਦੇਵੀ ਕੱਪੜਿਆਂ ਵਿੱਚ ਲਪੇਟ
ਬਣਾ ਧਰੀ ਲੱਜਾ ਦੀ ਦੇਵੀ।

ਆਪਣੀ ਅਣਖ਼-ਇੱਜ਼ਤ ਦਾ ਸ਼ਮਲਾ ਟੰਗ
ਖੂਹਾਂ ਵਿੱਚ ਮਾਰਨ ਲਈ ਛਾਲ਼ਾਂ
ਕਰ ਦਿੱਤਾ ਮਜਬੂਰ,
ਆਪਸੀ ਵੈਰ ਕੱਢਣ ਲਈ
ਮਾਂ, ਭੈਣ ਤੇ ਧੀ ਦੀਆਂ ਗਾਲ਼ਾਂ
ਨਾਲ਼ ਗੱਡਦਾ ਹੈ ਝੰਡਾ ਜਿੱਤ ਦਾ।

ਪਰ ਫਿਰ ਵੀ
ਕੇਹੀ ਵਿਡੰਬਨਾ ਹੈ ਕਿ
ਉਹ
ਮਾਇਆ ਦੀ ਇੱਛਾ ਲਈ
ਕਰਦਾ ਹੈ ਪੂਜਾ
ਲਕਸ਼ਮੀ ਦੇਵੀ ਦੀ,
ਗਿਆਨਵਾਨ ਹੋਣ ਲਈ
ਸਰਸਵਤੀ ਦੇਵੀ ਦੀ,
ਤਾਕਤਵਰ ਹੋਣ ਲਈ
ਦੁਰਗਾਦੇਵੀ ਦੀ।
ਕੀ ਇਹ ਸਭ ਔਰਤਾਂ ਨਹੀਂ?

## ਅਦਿੱਖ ਜ਼ੰਜੀਰਾਂ

ਸ਼ੈਕਸਪੀਅਰ ਨੇ ਕਿਹਾ ਸੀ - 'ਦੁਨੀਆਂ ਇੱਕ ਸਟੇਜ ਹੈ'
ਪਰ ਉਸ ਰਾਜਸ਼ਾਹੀ ਦੇ ਕਾਲ ਵਿੱਚ
ਸਟੇਜ ਤੇ ਕੇਵਲ ਦਰਬਾਰੀ ਹੀ ਨੱਚਦੇ ਸਨ,
ਬਾਕੀ ਸਭ ਹਨੇਰੇ ਵਿੱਚ ਮੂਕ ਦਰਸ਼ਕ ਬਣੇ ਰਹਿੰਦੇ।

ਅੱਜ ਹਰ ਨਾਗਰਿਕ ਨੂੰ ਭਰਮ ਹੈ ਕਿ ਉਹ ਰਾਜਾ ਹੈ,
ਹਰ ਹੱਥ ਵਿੱਚ ਸਮਾਰਟਫੋਨ ਜਿਹਾ ਸਿੰਘਾਸਨ,
ਹਰ ਆਵਾਜ਼ ਵਿੱਚ ਤਾਕਤ ਦਾ ਸੁਪਨਾ।

ਸਾਡੇ ਬੱਚੇ ਹੁਣ ਉਦਾਸੀਨ ਦਰਸ਼ਕ ਨਹੀਂ,
ਉਹ ਬਿਰਤਾਂਤਕਾਰ ਹਨ - ਕਿੰਤੂ ਕਿਸ ਦੇ?
ਹਰ ਸਕ੍ਰੀਨ ਉਨ੍ਹਾਂ ਦਾ ਕੈਨਵਸ ਲਗਦਾ,
ਹਰ ਕਲਿੱਕ ਇਨਕਲਾਬ ਦਾ ਭਰਮ ਦਿੰਦਾ।

ਪਰ ਕੀ ਇਹ ਸਚਮੁਚ ਆਜ਼ਾਦੀ ਹੈ,
ਜਾਂ ਸੁੰਦਰ ਅਲਗੋਰਿਦਮਿਕ ਕੈਦਖਾਨਾ?
ਕੀ ਅਸੀਂ ਮੁਕਤ ਸਿਰਜਕ ਹਾਂ,
ਜਾਂ ਡੇਟਾ ਪੁਆਇੰਟਸ ਦਾ ਸਮੂਹ?

ਬਿਰਤਾਂਤ ਅਦਿੱਖ ਜੰਜੀਰਾਂ ਹਨ,
ਜੋ ਮਨ ਨੂੰ ਬੰਨ੍ਹਦੀਆਂ ਹਨ ਮੁਸਕਰਾਹਟ ਨਾਲ।
ਅਸੀਂ ਸਮਝਦੇ ਹਾਂ ਕਿ ਅਸੀਂ ਨਾਟਕ ਦੇ ਮੁੱਖ ਪਾਤਰ ਹਾਂ,
ਪਰ ਅਸਲ ਵਿੱਚ ਸਿਰਫ਼ ਐਲਗੋਰਿਦਮ ਦੇ ਸੇਵਕ।

ਸੋਸ਼ਲ ਮੀਡੀਆ ਨੇ ਸਾਨੂੰ ਮੰਤਰ ਪੜ੍ਹਾਇਆ:
'ਤੁਸੀਂ ਸਿਰਜਕ ਹੋ, ਨਿਰਮਾਤਾ ਹੋ!'
ਪਰ ਚੁਪਚਾਪ ਸਾਨੂੰ ਬਣਾ ਦਿੱਤਾ ਖਪਤਕਾਰ,
ਉਤਪਾਦਨ ਨਹੀਂ, ਸਿਰਫ਼ ਸੇਵਨ।

ਜ਼ੁਲਮ ਹੁਣ ਤਲਵਾਰ ਨਾਲ ਨਹੀਂ,
ਨੋਟੀਫਿਕੇਸ਼ਨ ਦੇ ਮਾਧਿਅਮ ਨਾਲ ਆਉਂਦਾ ਹੈ।
ਸੱਤਾ ਹੁਣ ਮਹਿਲਾਂ ਵਿੱਚ ਨਹੀਂ,
ਐਲਗੋਰਿਦਮ ਦੀਆਂ ਲੇਅਰਾਂ ਵਿੱਚ ਵੱਸਦੀ ਹੈ।
ਜੋ ਕੋਡ ਲਿਖਦਾ ਹੈ, ਉਹ ਕਾਨੂੰਨ ਲਿਖਦਾ ਹੈ,
ਜੋ ਫੀਡ ਡਿਜ਼ਾਇਨ ਕਰਦਾ ਹੈ, ਉਹ ਭਵਿੱਖ ਰਚਦਾ ਹੈ।
ਜੋ ਐਲਗੋਰਿਦਮ ਬਣਾਉਂਦਾ ਹੈ,
ਉਹ ਮਨੁੱਖਤਾ ਦੇ ਦਿਮਾਗ ਨੂੰ ਕੋਡ ਕਰਦਾ ਹੈ।

ਨੇਪਾਲ ਦੀ ਯੁਵਾ ਪੀੜ੍ਹੀ ਨੇ ਦਿਖਾ ਦਿੱਤਾ:
ਸੋਸ਼ਲ ਮੀਡੀਆ ਬੰਦ ਕਰਕੇ
ਸਾਡੀ ਆਵਾਜ਼ ਦਾ ਗਲਾ ਨਹੀਂ ਦਬਾਇਆ ਜਾ ਸਕਦਾ।
ਜੋ ਹੁਕਮਰਾਨ ਸਾਡੀ ਜ਼ੁਬਾਨ ਬੰਦ ਕਰਨਾ ਚਾਹੁੰਦੇ,
ਅਸੀਂ ਉਨ੍ਹਾਂ ਦੀ ਪ੍ਰਜਾ ਬਣੇ ਰਹਿਣ ਤੋਂ ਇਨਕਾਰੀ ਹਾਂ।
ਸਵਾਲ ਏਥੇ ਖਤਮ ਨਹੀਂ ਹੁੰਦਾ - ਸ਼ੁਰੂ ਹੁੰਦਾ ਹੈ:
ਨਵੇਂ ਡਿਜਿਟਲ ਸਮਰਾਟਾਂ ਦੀ ਗੁਲਾਮੀ ਤੋਂ
ਕਿਵੇਂ ਮੁਕਤੀ ਪ੍ਰਾਪਤ ਕਰਨੀ?

ਇਹ ਸਮਰਾਟ ਅਦਿੱਖ ਹਨ, ਪਰ ਜਾਣੀ ਜਾਣ,
ਸਾਡੇ ਹਰ ਖ਼ਿਆਲ, ਹਰ ਭਾਵਨਾ ਨੂੰ ਜਾਣਦੇ ਹਨ।
ਇਹ ਸਿੰਘਾਸਨ ਤੇ ਨਹੀਂ ਬੈਠਦੇ,
ਸਾਡੀਆਂ ਜੇਬਾਂ ਵਿੱਚ ਵੱਸ ਕੇ ਸ਼ਾਸਨ ਕਰਦੇ ਹਨ।

ਸਾਡੇ 'ਲਾਈਕ' ਉਨ੍ਹਾਂ ਦੀਆਂ ਵੋਟਾਂ ਹਨ,
ਸਾਡੇ 'ਸ਼ੇਅਰ' ਉਨ੍ਹਾਂ ਦੇ ਸ਼ਾਹੀ ਫ਼ਰਮਾਨ।
ਅਸੀਂ ਸਮਝਦੇ ਹਾਂ ਅਸੀਂ ਆਜ਼ਾਦ ਹਾਂ,
ਨਹੀਂ ਜਾਣਦੇ ਮਨ ਦੀ ਇਸ ਸੂਖਮ ਗੁਲਾਮੀ ਨੂੰ।

ਕਿੰਨਾ ਭਿਆਨਕ ਝੂਠ ਹੈ ਸਾਡੇ ਮੁਕਤੀ ਦਾ ਸੁਪਨਾ,
ਸੁਪਨੇ ਮੰਡੀ ਦੀ ਵਸਤ ਬਣ ਗਏ ਹਨ।
ਅਸੀਂ ਆਪਣੇ ਆਪ ਨੂੰ ਗਾਇਕ ਸਮਝਣ ਲੱਗ ਪੈਂਦੇ ਹਾਂ,
ਪਰ ਸਿਰਫ਼ ਗੂੰਜ ਹਾਂ ਕਿਸੇ ਹੋਰ ਦੀ।

ਆਪਣੇ ਨਾਟਕ ਦੇ
ਜਾਗਰੂਕ ਨਿਰਦੇਸ਼ਕ ਕਿਵੇਂ ਬਣਨਾ ਹੈ?
ਇਹ ਰਸਤਾ ਲੱਭਣਾ ਪਏਗਾ:
ਜਿੱਥੇ ਅਸੀਂ ਨਾ ਅੰਨ੍ਹੇ ਦਰਸ਼ਕ ਹੋਵਾਂਗੇ,
ਨਾ ਮਜਬੂਰ ਅਦਾਕਾਰ।

ਨਵੀਂ ਦੁਨੀਆਂ ਦਾ ਪ੍ਰਵੇਸ਼ ਦੁਆਰ
ਬਿਰਤਾਂਤ ਦੀ ਰਾਜਨੀਤੀ ਨੂੰ ਸਮਝਣ ਵਿੱਚ ਹੈ।

ਬਿਰਤਾਂਤ ਦੀ ਅਦਿੱਖ ਹਕੂਮਤ ਵਿਰੁੱਧ ਸੰਘਰਸ਼ -
ਇਹੀ ਹੈ ਮੁਕਤੀ ਮਾਰਗ।
ਨਵੇਂ ਯੁਗ ਦੀ ਨਵੀਂ ਚਨੌਤੀ:
ਬਿਰਤਾਂਤਕਾਰੀ ਹਕੂਮਤ ਵਿਰੁੱਧ
ਕਰਾਂਤੀ ਦਾ ਪਰਚਮ!

**- ਅਮਰਜੀਤ ਗਰੇਵਾਲ**

## ਅਜੇ ਤਾਂ....

ਅਜੇ ਤਾਂ! ਪਤਝੜ ਘੁੱਪ ਹਨ੍ਹੇਰੇ,
ਅਜੇ ਤਾਂ! ਚਾਨਣ, ਦੂਰ ਏ ਸੱਜਣਾਂ,
ਅਜੇ ਤਾਂ! ਗ਼ਫ਼ ਲਤਮਾਰੀ ਦੁਨੀਆ,
ਅਜੇ! ਦਲਿਤ ਮਜ਼ਬੂਰ ਏ ਸੱਜਣਾਂ।
ਅਜੇ! ਧਰਮ ਦੇ ਨਸ਼ੇ ਦੀ ਘੂਕੀ,
ਜਾਤ-ਪਾਤ ਵਿਚ ਚੂਰ ਏ ਸੱਜਣਾਂ।
ਤੇਰ-ਮੇਰ ਦੀ ਰੀਤ ਨੀ ਪੁੱਲਦੀ,
ਅਜੇ! ਸਵੇਰਾ ਦੂਰ ਏ ਸੱਜਣਾਂ,
ਆਗੂ ਬਣ ਕੇ ਆਉਣ ਲੁਟੇਰੇ,
ਇਨ੍ਹਾਂ ਦਾ ਦਸਤੂਰ ਏ ਸੱਜਣਾਂ।
ਜਦ ਤੱਕ ਤੀਜੀ ਅੱਖ ਨਾ ਖੁੱਲ੍ਹਣੀ,
ਨਹੀਂ ਅਸਾਂ ਨੂੰ ਬੂਰ-ਏ-ਸੱਜਣਾਂ।

**ਬਲਵਿੰਦਰ ਸੋਢੀ**
403-644-9810

**ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ ਸਿੰਘ 403-455-4220,**
**ਟੋਰਾਂਟੋ : ਹਰਬੰਸ ਸਿੰਘ 416-817-7142,**
**ਦੇਵਿੰਦਰ ਤੂਰ 416-902-9372**
**ਹਰਨੇਕ ਧਾਲੀਵਾਲ ਵਿਨੀਪੈੱਗ 204-488-6960**



ਡਾ. ਬਲਜਿੰਦਰ
94170-79720
singh.drbaljinder@gmail.com

# ਪ੍ਰਵਾਸੀ-ਪ੍ਰਵਾਸੀ ਦਾ ਸ਼ੋਰ ਕਿਓਂ?



ਪ੍ਰਵਾਸੀ ਭਜਾਓ, ਭੱਈਏ ਭਜਾਓ ਦੀ ਕਾਵਾਂਰੌਲੀ ਅੱਜ ਕੱਲ੍ਹ ਸੋਸ਼ਲ ਮੀਡੀਆ 'ਤੇ ਬਹੁਤ ਹੀ ਜ਼ੋਰ-ਸ਼ੋਰ ਨਾਲ ਪਾਈ ਜਾ ਰਹੀ ਹੈ। ਨਾ ਸਿਰਫ ਕਾਵਾਂਰੌਲੀ ਬਲਕਿ ਕਈ ਥਾਵਾਂ 'ਤੇ ਪ੍ਰਵਾਸੀਆਂ ਨੂੰ ਖੱਜਲ ਖੁਆਰ ਕਰਨ ਦੀਆਂ ਇੱਕਾਦੁੱਕਾ ਘਟਨਾਵਾਂ ਵੀ ਸਾਹਮਣੇ ਆਈਆਂ ਹਨ। ਇਸ ਕਾਵਾਂਰੌਲੀ ਦਾ ਤਾਜ਼ਾ ਸਬੱਬ ਬਣਾਇਆ ਜਾ ਰਿਹਾ ਹੈ ਇੱਕ ਪ੍ਰਵਾਸੀ ਵੱਲੋਂ ਹੁਸ਼ਿਆਰਪੁਰ ਦੇ ਪੰਜ ਸਾਲਾ ਬੱਚੇ ਹਰਵੀਰ ਦਾ ਬੇਰਹਿਮੀ ਨਾਲ ਕਤਲ ਕੀਤੇ ਜਾਣਾ। ਇਸ ਗੱਲ 'ਚ ਕੋਈ ਦੋ ਰਾਵਾਂ ਨਹੀਂ ਹਨ ਕਿ ਅਣਭੋਲ ਬਾਲਕ ਨੂੰ ਮੌਤ ਦੇ ਘਾਟ ਉਤਾਰਣ ਵਾਲੇ ਬੁਜ਼ਦਿਲ ਸ਼ਖਸ਼ ਦੀ ਪਹਿਚਾਣ ਹੋਣ ਦੇ ਨਾਲ ਨਾਲ ਉਹਨੂੰ ਕਾਨੂੰਨ ਮੁਤਾਬਕ ਬਣਦੀ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਪਰ ਇਹਦਾ ਮਤਲਬ ਇਹ ਨਹੀਂ ਬਣਦਾ ਕਿ ਸਾਰੇ ਪ੍ਰਵਾਸੀ ਭਾਈਚਾਰੇ ਨੂੰ ਹੀ ਦੋਸ਼ੀ ਕਰਾਰ ਦੇ ਦਿੱਤਾ ਜਾਵੇ ਅਤੇ ਉਸ ਭਾਈਚਾਰੇ ਵਿਰੁੱਧ ਅੱਗ ਵਰਤਾਈ ਜਾਵੇ। ਇਸ ਪ੍ਰਵਾਸੀ ਭਜਾਓ ਵਰਤਾਰੇ ਨੂੰ ਬਿਨਾਂ ਕੋਈ ਡੂੰਘੀ ਵਿਚਾਰ ਕੀਤਿਆਂ ਸਿਰਫ਼ ਕੁੱਝ ਕੁ ਸਿਰਫਿਰਿਆਂ ਸਿਰ ਦੋਸ਼ ਮੜ੍ਹਕੇ ਛੱਡ ਦੇਣਾ ਕੋਈ ਢੁੱਕਵਾਂ ਜੁਆਬ ਨਹੀਂ ਬਣਦਾ। ਇਹ ਮਾਮਲੇ ਦੀਆਂ ਡੂੰਘੀਆਂ ਤਹਿਆਂ ਫਰੋਲਣੀਆਂ ਪੈਣਗੀਆਂ। ਇਹਨੂੰ ਸਾਡੇ ਮੁਲਕ ਦੇ ਸਮੁੱਚੇ ਆਰਥਕ ਤੇ ਸਿਆਸੀ ਢਾਂਚੇ ਦੇ ਪ੍ਰਸੰਗ 'ਚ ਵਿਚਾਰਿਆਂ ਹੀ ਕਿਸੇ ਫਲਦਾਇਕ ਸਿੱਟੇ 'ਤੇ ਪਹੁੰਚਿਆ ਜਾ ਸਕਦਾ ਹੈ ਅਤੇ ਕੋਈ ਢੁਕਵੀਂ ਵਿਓਂਤਬੰਦੀ ਕੀਤੀ ਜਾ ਸਕਦੀ ਹੈ।

ਕੁੱਝ ਸੱਜਣ ਇਹ ਕਹਿੰਦੇ ਹਨ ਕਿ ਇਹ ਵਰਤਾਰਾ ਇਸ ਕਰਕੇ ਸਾਹਮਣੇ ਆਇਆ ਹੈ ਕਿ ਪ੍ਰਵਾਸੀ ਭੱਈਏ ਇੱਥੇ ਆਕੇ ਸਾਡੀਆਂ ਧੀਆਂ-ਭੈਣਾਂ ਨੂੰ ਮਾੜੀ ਨਜ਼ਰ ਨਾਲ ਦੇਖਦੇ ਹਨ ਅਤੇ ਉਹਨਾਂ ਨੂੰ ਉਧਾਲਕੇ ਲੈ ਜਾਂਦੇ ਹਨ ਜਾਂ ਫਿਰ ਲੈ ਜਾਣਗੇ। ਪੰਜਾਬ ਅੰਦਰ ਇਹਨਾਂ ਭਈਆਂ ਦੀ ਗਿਣਤੀ ਵਧ ਜਾਣ ਨਾਲ ਪੰਜਾਬ ਅੰਦਰ ਡੈਮੋਗਰਾਫਿਕ ਤਬਦੀਲੀਆਂ ਆ ਜਾਣਗੀਆਂ ਯਾਨੀ ਕਿ ਆਬਾਦੀ ਦੀ ਬਣਤਰ ਬਦਲ ਜਣ ਨਾਲ ਆਬਾਦੀ ਦਾ ਤਨਾਸਬ ਬਿਖ਼ਰ ਜਾਵੇਗਾ ਅਤੇ ਇਸ ਨਾਲ ਪੰਜਾਬ ਦੀ ਨਵੇਕਲੀ ਪਛਾਣ ਖ਼ਤਮ ਹੋ ਜਾਵੇਗੀ। ਪੰਜਾਬੀ ਕੌਮ ਖ਼ਤਮ ਹੋ ਜਾਵੇਗੀ ਆਦਿ ਦੇ ਖ਼ਦਸ਼ੇ ਵੀ ਪ੍ਰਗਟ ਕੀਤੇ ਗਏ ਹਨ।

ਧੀਆਂ-ਭੈਣਾਂ ਨੂੰ ਉਧਾਲਣ ਤੇ ਵਿਆਹ ਸਬੰਧ ਸਥਾਪਤ ਕਰਨ ਦੀ ਗੱਲ ਨੂੰ 'ਕੱਲੇ ਇੱਕ ਫਿਰਕੇ ਸਿਰ ਮੜ੍ਹਣਾ ਠੀਕ ਪਹੁੰਚ ਨਹੀਂ ਹੈ। ਇਸ ਮਾਮਲੇ ਅੰਦਰ ਬਹੁਤ ਸਾਰੇ ਕਾਰਕ ਸ਼ਾਮਲ ਹਨ, ਇਹਨਾਂ ਨੂੰ ਨਾ ਸਮਝਦਿਆਂ ਸਮਾਜ ਅੰਦਰ ਆਮ ਵਾਪਰ ਰਹੇ ਇਸ ਵਰਤਾਰੇ ਨੂੰ ਇਓਂ ਇੱਕ ਫਿਰਕੇ ਸਿਰ ਮੜ੍ਹਣਾ ਜਗੀਰੂ ਮਾਨਸਿਕਤਾ ਦਾ ਇਜ਼ਹਾਰ ਹੈ।

ਇਸਦੀ ਤਹਿ ਫਰੋਲਣ ਲਈ ਇਹ ਦੇਖੀਏ ਕਿ ਅਜਿਹੀ ਕਿਸਮ ਦਾ ਰੌਲਾ-ਰੱਪਾ ਹੁਣੇ ਹੀ ਕਿਓਂ ਸਾਹਮਣੇ ਆਇਆ ਹੈ ਅਤੇ ਇਹਨੂੰ ਹਵਾ ਦੇਣ ਵਾਲੇ ਕੌਣ ਹਨ? ਅਸੀਂ ਦੇਖਦੇ ਹਾਂ ਕਿ ਇਹ ਗੱਲ ਅੱਜ ਹੀ ਕਿਓਂ ਸਾਹਮਣੇ ਆਈ? ਅਗਸਤ ਮਹੀਨੇ ਦੇ ਅੰਤਲੇ ਹਫਤੇ 'ਚ ਆਏ ਮਾਨਸੂਨ ਦੇ ਭਾਰੇ ਮੀਹਾਂ ਨੇ ਉੱਤਰੀ ਭਾਰਤ ਦੇ ਹੋਰਨਾਂ ਇਲਾਕਿਆਂ ਦੇ ਨਾਲ-ਨਾਲ ਪੰਜਾਬ ਦੇ 13 ਜ਼ਿਲ੍ਹਿਆਂ ਦੇ 2100 ਤੋਂ ਵਧੇਰੇ ਪਿੰਡਾਂ ਦੇ ਲੱਖਾਂ ਲੋਕਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। 56 ਕੀਮਤੀ ਜਾਨਾਂ, ਲੱਖਾਂ ਏਕੜ ਫ਼ਸਲਾਂ, ਪਸ਼ੂ-ਡੰਗਰ, ਹਰਾ ਚਾਰਾ, ਮਕਾਨ, ਟਰੈਕਟਰ ਆਦਿ ਖੇਤੀ ਮਸ਼ੀਨਰੀ ਤੇ ਘਰਾਂ ਦੇ ਆਮ ਸਮਾਨ ਦਾ ਵੱਡੇ ਪੱਧਰ 'ਤੇ ਬੇਹਿਸਾਬਾ ਨੁਕਸਾਨ ਕੀਤਾ ਹੈ। ਇਸ ਦੁੱਖ ਦੀ ਘੜੀ ਅੰਦਰ ਸਰਕਾਰ ਜਾਂ ਸਰਕਾਰੀ ਮਸ਼ੀਨਰੀ ਨਾਂ ਦੀ ਚੀਜ਼ ਨਾਦਾਰਦ ਸੀ। ਲੋਕਾਂ ਦੀ ਭਾਈਚਾਰਕ ਸਾਂਝ ਨੇ ਹੀ ਇੱਕ ਦੂਜੇ ਦਾ ਹੱਥ ਵੰਡਾਇਆ ਅਤੇ ਲੋਕਾਂ ਨੂੰ ਰਾਹਤ ਪਹੁੰਚਾਈ ਹੈ। ਹੁਣ ਜਦੋਂ ਮੀਹਾਂ ਦਾ ਸੀਜ਼ਨ ਖ਼ਤਮ ਹੋ ਗਿਆ ਹੈ ਤਾਂ ਲੋਕਾਂ ਦੇ ਮਨਾਂ ਅੰਦਰ ਸਰਕਾਰੀ ਇਮਦਾਦ ਹਾਸਲ ਨਾ ਹੋਣ ਸਬੰਧੀ ਅਤੇ ਨੁਕਸਾਨੀ ਗਈ ਜਾਇਦਾਦ ਤੇ ਫ਼ਸਲਾਂ ਦੇ ਮੁਆਵਜ਼ੇ ਦੀ ਗੱਲ ਉਠਾਈ ਜਾਣੀ ਹੈ ਅਤੇ ਜ਼ੁੰਮੇਵਾਰੀ ਫਿਕਸ ਕੀਤੀ ਜਾਣੀ ਹੈ, ਹੜ੍ਹਾਂ ਕਾਰਨ ਫ਼ੈਲੀਆਂ ਬਿਮਾਰੀਆਂ ਵਰਗੀਆਂ ਮੈਡੀਕਲ ਸਮੱਸਿਆਵਾਂ ਨਾਲ ਜੂਝ ਰਹੇ ਹੜ੍ਹ ਪੀੜਤਾਂ ਨੂੰ ਕੋਈ ਰਾਹਤ ਪਹੁੰਚਾਈ ਜਾਣੀ ਹੈ ਤਾਂ ਹਾਕਮਾਂ ਨੂੰ ਲੋਕਾਂ ਦੇ ਇਸ ਗੁੱਸੇ ਦਾ ਡਰ ਲਗਾਤਾਰ ਹੀ ਸਤਾ ਰਿਹਾ ਹੈ। ਇਸ ਤੋਂ ਪਹਿਲਾਂ ਹੁਣੇ ਪਿੱਛੇ ਜਿਹੇ ਹੀ ਲੈਂਡ ਪੂਲਿੰਗ ਪਾਲਿਸੀ ਨੂੰ ਲੋਕਾਂ ਦੇ ਵੱਡੇ ਏਕੇ ਨਾਲ ਕੀਤੇ ਗਏ ਵਿਰੋਧ ਕਰਕੇ ਵਾਪਸ ਲੈਣ ਲਈ ਹਾਕਮਾਂ ਨੂੰ ਮਜ਼ਬੂਰ ਹੋਣਾ ਪਿਆ ਸੀ। ਲੋਕਾਂ ਦੇ ਅਜਿਹੇ ਵਿਸ਼ਾਲ ਏਕੇ ਤੋਂ ਯਰਕੇ ਹਾਕਮਾਂ ਨੇ ਹੜ੍ਹਾਂ ਤੋਂ ਅਤੇ ਲੋਕਾਂ ਨੂੰ ਦਰਪੇਸ਼ ਹੋਰਨਾਂ ਮਸਲਿਆਂ ਤੋਂ ਲੋਕਾਂ ਦਾ ਧਿਆਨ ਪਾਸੇ ਤਿਲਕਾਉਣ ਲਈ ਲੋਕਾਂ ਨੂੰ ਅੱਜ ਦਰਪੇਸ਼ ਤੰਗੀਆਂ-ਤੁਰਸ਼ੀਆਂ ਦਾ ਮੁੱਖ ਕਾਰਨ ਪ੍ਰਵਾਸੀਆਂ ਸਿਰ ਮੜ੍ਹਕੇ ਇਹ ਫੁੱਟਪਾਊ ਤੇ ਭਰਾਮਾਰ ਚਾਲ ਚੱਲੀ ਹੈ। ਇਹ ਪਹਿਲੀ ਵਾਰ ਨਹੀਂ ਹੈ ਕਿ ਅਜਿਹਾ ਕੁੱਝ ਵਾਪਰਿਆ ਹੈ। ਜਦੋਂ ਕਦੇ ਵੀ ਲੋਕ ਸਰਕਾਰ ਸਾਹਮਣੇ ਕੋਈ ਸਵਾਲ ਉਠਾਉਂਦੇ ਹਨ ਤਾਂ ਹਾਕਮਾਂ ਵੱਲੋਂ ਕੋਈ ਨਾ ਕੋਈ ਅਜਿਹਾ ਵੰਝ ਗੱਡਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਜੋ ਲੋਕਾਂ ਦਾ ਧਿਆਨ ਸਹੀ ਨਿਸ਼ਾਨੇ ਵੱਲ ਸੇਧਤ ਲੜਾਈ ਤੋਂ ਭਟਕਾਇਆ ਜਾ ਸਕੇ। ਪਿਛਲੇ ਇਤਿਹਾਸਕ ਕਿਸਾਨ ਘੋਲ ਦੌਰਾਨ ਵੀ ਧਰਮਾਂ-ਖਿੱਤਿਆਂ ਤੋਂ ਨਿਰਪੱਖ ਕਿਸਾਨਾਂ ਦੀ ਮਿਸਾਲੀ ਭਾਈਚਾਰਕ ਏਕਤਾ ਨੂੰ ਸੰਨ੍ਹ ਮਾਰਨ ਲਈ ਅਜਿਹਾ ਬਹੁਤ ਕੁੱਝ ਕਰਨ ਦੀਆਂ ਕੋਸ਼ਿਸ਼ਾਂ ਹਾਕਮਾਂ ਸਮੇਤ ਲੋਕ ਵਿਰੋਧੀ ਅਨਸਰਾਂ ਨੇ ਕੀਤੀਆਂ ਸਨ।

ਸੁਆਲ ਉੱਠਦਾ ਹੈ ਕਿ ਆਮ ਲੋਕ ਅਜਿਹੇ ਸਮਾਜ ਵਿਰੋਧੀ ਅਨਸਰਾਂ ਦੇ ਝਾਂਸੇ 'ਚ ਆਕੇ ਆਪਣੇ ਹੀ ਭਰਾਵਾਂ ਸੰਗ ਆਢ ?ਹਾ ਲਾਉਣ ਨੂੰ ਰਾਜ਼ੀ ਕਿਵੇਂ ਹੋ ਜਾਂਦੇ ਹਨ? ਮੁਲਕ ਅੰਦਰ ਵੱਡੀ ਪੱਧਰ 'ਤੇ ਫੈਲੀ ਬੇਰੁਜ਼ਗਾਰੀ ਇੱਕ ਅਜਿਹਾ ਕਾਰਕ ਹੈ ਜਿਹੜਾ ਅਜਿਹੇ ਲੋਕ ਵਿਰੋਧੀ ਅਨਸਰਾਂ ਲਈ ਰਿਜ਼ਰਵ ਫੋਰਸ ਯਾਨੀ ਕਿ ਸਟੋਰ ਹਾਊਸ ਦਾ ਕੰਮ ਕਰਦਾ ਹੈ ਅਤੇ ਇਹ ਗਰੀਬੀ-ਭੁੱਖਮਰੀ ਦੇ ਸਤਾਏ ਚੰਦ ਦਮੜਿਆਂ ਦੇ ਲਾਲਚ ਵੱਸ ਬਿਨ੍ਹਾਂ ਕੋਈ ਸੋਚ ਵਿਚਾਰ ਕੀਤਿਆਂ ਲੋਕ ਵਿਰੋਧੀ ਸਿਆਸੀ ਪਾਰਟੀਆਂ ਅਤੇ ਸੰਸਥਾਵਾਂ ਦੇ ਮਗਰ ਲੱਗ ਆਪਸੀ ਭਰਾਮਾਰ ਜ਼ੰਗ ਅੰਦਰ ਜਾ ਸ਼ਾਮਲ ਹੁੰਦੇ ਹਨ। ਅੰਕੜਿਆਂ 'ਤੇ ਇੱਕ ਮੋਟੀ ਝਾਤ ਹੀ ਇਸ ਗੱਲ ਦੀ ਸ਼ਾਹਦੀ ਭਰਦੀ ਹੈ ਕਿ 2021 ਦੀ ਜਨਗਨਣਾ ਨਾ ਕੀਤੇ ਜਾਣ ਕਰਕੇ ਇਸ ਤੋਂ ਪਹਿਲਾਂ ਹੋਈ 2011 ਦੀ ਜਨਗਣਨਾ ਮੁਤਾਬਕ ਪੰਜਾਬ ਦੀ ਕੁੱਲ ਆਬਾਦੀ 2.77 ਕਰੋੜ ਹੈ ਜਿਸ 'ਚੋਂ 98.97 ਲੱਖ ਕੰਮ ਕਰਨ ਵਾਲੇ ਹਨ। 22.22 ਲੱਖ ਲੋਕ ਬੇਰੁਜ਼ਗਾਰ ਹਨ, 15.55 ਲੱਖ ਕੰਮ ਦੀ ਤਲਾਸ਼ 'ਚ ਹਨ। ਅਤੇ 14.46 ਲੱਖ ਨੂੰ ਕਦੇ ਕਦਾਈਂ ਕੰਮ ਮਿਲ ਜਾਂਦਾ ਹੈ ਕਦੇ ਨਹੀਂ। ਜਿਨ੍ਹਾਂ ਨੂੰ ਕੰਮ ਮਿਲਦਾ ਵੀ ਹੈ



ਉਹ ਵੀ 3-6 ਮਹੀਨੇ ਹੀ ਕੰਮ ਕਰਦੇ ਹਨ (ਖੰਨਾ- 2018)। 18-29 ਸਾਲ ਦੀ ਉਮਰ ਵਾਲੇ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਦੀ ਦਰ 16.6% ਹੈ ਜਦਕਿ ਇਹੀ ਦਰ ਮੁਲਕ ਪੱਧਰ 'ਤੇ 10.2% ਹੈ। 2015-16 ਮੁਤਾਬਕ ਪੰਜਾਬ ਦੇ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਦੀ ਦਰ 16.5% ਹੈ ਜਦਕਿ ਮੁਲਕ ਪੱਧਰ 'ਤੇ ਇਹੀ ਦਰ 7% ਘੱਟ ਯਾਨੀ ਕਿ 9.2% ਹੀ ਹੈ। ਨੈਸ਼ਨਲ ਸੈਂਪਲ ਸਰਵੇ ਦੇ ਅਠਾਰਵੇਂ ਰਾਊਂਡ ਮੁਤਾਬਕ ਪੰਜਾਬ ਦੇ ਬੇਰੁਜ਼ਗਾਰਾਂ 'ਚੋਂ 72% ਪੜ੍ਹੇ ਲਿਖੇ ਹਨ ਅਤੇ ਇਨ੍ਹਾਂ 'ਚੋਂ 22% ਤਕਨੀਕੀ ਯੋਗਤਾ ਪ੍ਰਾਪਤ ਹਨ ਜਦਕਿ 78% ਗੈਰ ਤਕਨੀਕੀ ਯੋਗਤਾ ਹਾਸਲ ਹਨ (ਚੱਢਾ, 2015)।

ਸਾਮਰਾਜਵਾਦ ਤੇ ਕਾਰਪੋਰੇਟੀ ਵਿਕਾਸ ਮਾਡਲ ਵੀ ਲੋਕਾਂ ਅੰਦਰ ਫੈਲੀ ਬੇਚੈਨੀ ਦਾ ਇੱਕ ਕਾਰਨ ਹੈ। ਆਪਣੀ ਪੂੰਜੀ ਨੂੰ ਸੁਰੱਖਿਅਤ ਰੱਖਣ ਤੇ ਵਧਾਉਣ ਦੇ ਨਾਂ ਹੇਠ ਕੀਤਾ ਵਿਕਾਸ ਬਹੁਤ ਹੀ ਅਸਾਵਾਂ ਹੁੰਦਾ ਹੈ। ਭਾਰਤਮਾਲਾ ਸੜਕਾਂ ਦਾ ਨਿਰਮਾਣ, ਝੋਨੇ ਦੀ ਪੰਜਾਬ ਅੰਦਰ ਖੇਤੀ ਨੂੰ ਉਤਸ਼ਾਹਤ ਕਰਨਾ, ਇੱਕ ਪਾਸੇ ਪਰਾਲੀ ਸਾੜਕੇ ਪ੍ਰਦੂਸ਼ਣ ਫੈਲਾਉਣ ਦੇ ਦੋਸ਼ ਹੇਠ ਕਿਸਾਨਾਂ 'ਤੇ ਕੇਸ ਮੜ੍ਹਣੇ ਅਤੇ ਆਪਣੇ ਮਾਡਲ ਤਹਿਤ ਅਜਿਹੀਆਂ ਸਨਅਤਾਂ ਨੂੰ ਉਤਸ਼ਾਹਤ ਕਰਨਾ, ਜਿਹੜੀਆਂ ਪ੍ਰਦੂਸ਼ਣ ਫੈਲਾਕੇ ਲੋਕਾਂ ਨੂੰ ਕੈਂਸਰ, ਫੇਫੜਿਆਂ ਅਤੇ ਹੋਰ ਜਾਨਲੇਵਾ ਬਿਮਾਰੀਆਂ ਦੀ ਗ੍ਰਿਫ਼ਤ 'ਚ ਲਿਆ ਰਹੀਆਂ ਹਨ। ਅਜਿਹੇ ਅਸਾਵੇਂ ਵਿਕਾਸ ਨਾਲ ਲੋਕਾਂ ਦਾ ਚੌਤਰਫੀ ਵਿਕਾਸ ਕਿਸੇ ਰੂਪ 'ਚ ਵੀ ਸੰਭਵ ਨਹੀਂ ਹੈ। ਬਲਕਿ ਉਨ੍ਹਾਂ ਦੀ ਜ਼ਿੰਦਗੀ ਤਾਂ ਹੋਰ ਵੀ ਬਦਤਰ ਹੋ ਰਹੀ ਹੈ। ਲੋਕਾਂ ਅੰਦਰ ਬੇਚੈਨੀ ਦਾ ਇਹ ਵੀ ਇੱਕ ਕਾਰਨ ਹੈ।

ਆਪਣਾ ਉੱਲੂ ਸਿੱਧਾ ਕਰਨ ਲਈ ਹਾਕਮ ਬਹੁਤ ਸਾਰੇ ਮਸਲਿਆਂ ਨੂੰ ਲੋਕਾਂ ਦੀ ਆਮ ਰਾਇ ਨਾਲ ਹੱਲ ਕਰਨ ਦੀ ਬਜਾਏ ਆਪਣੇ ਹਿੱਤਾਂ ਮੂਜਬ ਹੱਲ ਕਰਦੇ ਹਨ। ਹਿੰਦੋਸਤਾਨ ਵਰਗਾ ਵਿਸ਼ਾਲ ਮੁਲਕ ਭਾਸ਼ਾਵਾਂ, ਪਹਿਰਾਵੇ, ਤਹਿਜ਼ੀਬ, ਧਰਮ, ਧਾਰਮਿਕ ਅਕੀਦਾ, ਜਾਤ-ਪਾਤ, ਜਨਜਾਤੀ ਤੇ ਆਦਿਵਾਸੀ ਕਬਾਇਲ ?ੀ ਲੋਕਾਂ ਆਦਿ ਵੱਖੋ-ਵੱਖਰੀਆਂ ਵੰਨਗੀਆਂ ਦੇ ਲੋਕਾਂ ਦਾ ਬਣਿਆ ਹੋਇਆ ਹੈ। ਅਜਿਹੇ ਵਖਰੇਵਿਆਂ ਨੂੰ ਨਜ਼ਰਅੰਦਾਜ਼ ਕਰਦਿਆਂ ਆਪਣੇ ਹੀ ਹਿੱਤਾਂ ਮੂਜਬ ਇਲਾਕਾਈ ਹੱਦਬੰਦੀਆਂ ਮੁਕੱਰਰ ਕਰਨੀਆਂ, ਅਲੱਗ ਅਲੱਗ ਇਲਾਕਿਆਂ ਦੀਆਂ ਬੋਲੀਆਂ ਨੂੰ ਪਾਸੇ ਰੱਖਦਿਆਂ ਹਿੰਦੀ ਨੂੰ "ਕੌਮੀ "ਭਾਸ਼ਾ ਦਾ ਰੁਤਬਾ ਦੇ ਕੇ ਮੁਲਕ ਦੇ ਸਮੂਹ ਲੋਕਾਂ ਸਿਰ ਮੜ੍ਹਣ ਵਰਗੇ ਕਦਮ ਜਿੱਥੇ ਇੱਕ ਪਾਸੇ ਲੋਕਾਂ ਅੰਦਰ ਪਨਪਦੇ ਰਹਿੰਦੇ ਹਨ ਅਤੇ ਨਾਲ ਹੀ ਉਹ ਗੱਦੀ 'ਤੇ ਬਿਰਾਜਮਾਨ ਹਾਕਮਾਂ ਅਤੇ ਸੱਤ ?ਹਾ ਤੋਂ ਬਾਹਰ ਰਹਿ ਰਹੇ ਹਾਕਮ ਹਿੱਸਿਆਂ ਨੂੰ ਵੀ ਅਜਿਹੀ ਜ਼ਰਖੇਜ਼ ਭੌਇੰ ਮੁਹੱਈਆ ਕਰਵਾਉਂਦੇ ਹਨ ਜਿਹੜੀ ਲੋਕਾਂ ਦੇ ਜ਼ਾਇਜ਼ ਤੇ ਹੱਕੀ ਸੰਘਰਸ਼ਾਂ ਨੂੰ ਭਟਕਾਉਣ ਤੇ ਲੀਹੋਂ ਲਾਹੁਣ 'ਚ ਵੀ ਸਹਾਈ ਹੁੰਦੀ ਹੈ।

ਪ੍ਰਵਾਸ, ਹਿਜ਼ਰਤ, ਇੰਮੀਗ੍ਰੇਸ਼ਨ, ਸੱਤ ਸਮੁੰਦਰੋਂ ਪਾਰ ਆਦਿ ਕਿੰਨੇ ਹੀ ਲਫ਼ਜ਼ ਹਨ ਜਿਹੜੇ ਕਿਸੇ ਵਿਅਕਤੀ ਦੇ ਇੱਕ ਥਾਂ ਤੋਂ ਕਿਸੇ ਦੂਜੇ ਥਾਂ 'ਤੇ ਜਾ ਵਸਣ ਨੂੰ ਬਿਆਨਦੇ ਹਨ। ਆਮ ਕਰਕੇ ਇਹ ਪ੍ਰਵਾਸ ਕਿਸੇ ਵਿਅਕਤੀ ਵੱਲੋਂ ਰੁਜ਼ਗਾਰ ਲਈ ਜਾਂ ਫਿਰ ਆਪਣੇ ਲਈ ਵਧੀਆ ਖ਼ੁਸ਼ਗਵਾਰ ਹਾਲਤਾਂ ਦੀ ਤਲਾਸ਼ ਕਰਨਾ ਹੈ। ਅਜਿਹੇ ਹਾਲਾਤ ਮੁੱਢ ਤੋਂ ਹੀ ਬਣਦੇ ਰਹੇ ਹਨ ਕਿ ਕਿਸੇ ਥਾਂ 'ਤੇ ਹਾਲਤਾਂ ਅਗਰ ਲੋਕਾਂ ਦੇ ਰਹਿਣ ਲਈ ਮੁਆਫ਼ਕ ਨਾ ਰਹੀਆਂ ਤਾਂ ਉਹ ਉਹ ਥਾਂ ਛੱਡਕੇ ਕਿਸੇ ਹੋਰ ਥਾਂ ਜਾ ਰਹਿਣ ਲੱਗ ਪਏ। ਮਨੁੱਖ ਜਾਤੀ ਨੇ ਆਪਣੇ ਮੁੱਢ ਤੋਂ ਹੀ ਅਜਿਹੀਆਂ ਨਾਖੁਸ਼ਗਵਾਰ ਤੇ ਖੁਸ਼ਗਵਾਰ ਹਾਲਤਾਂ ਦਾ ਸਾਹਮਣਾ ਕੀਤਾ ਹੈ। ਅਤੇ ਇਹਦਾ ਹੀ ਨਤੀਜਾ ਹੈ ਕਿ ਅੱਜ ਦਾ ਮਨੁੱਖ ਸਾਰੀ ਦੁਨੀਆਂ 'ਤੇ ਛਾਇਆ ਹੋਇਆ ਹੈ।

ਮਨੁੱਖਾ ਇਤਿਹਾਸ ਨੇ ਕਰਵਟ ਲਈ ਅਤੇ ਆਪੋ ਆਪਣੇ ਕਬੀਲੇ, ਪਰਿਵਾਰ ਆਦਿ ਦੀ ਸਲਾਮਤੀ ਬਣਾਈ ਰੱਖਣ ਲਈ ਖੋਹ-ਖਿੰਝ ਦੀ ਲੜਾਈ 'ਚ ਆਪੋ 'ਚ ਇਸ ਧਰਤੀ 'ਤੇ ਲਕੀਰਾਂ ਵਾਹ ਲਈਆਂ। ਇਹ ਮੁਲਕ, ਇਹ ਇਲਾਕਾ, ਇਹ ਦੇਸ਼, ਇੱਹ ਖਿੱਤਾ ਮੇਰਾ ਹੈ, ਇਹ ਤੇਰਾ ਹੈ। ਇਓਂ ਕਰਕੇ ਦੇਸ਼, ਮੁਲਕ ਆਦਿ ਹੋਂਦ 'ਚ ਆਏ। ਇਹ ਵੀ ਲੋਕਾਂ ਨੂੰ ਇੱਕ ਖਾਸ ਧਿਰ ਨਾਲ ਬੰਨ੍ਹਣ ਦਾ ਸਬੱਬ ਬਣਾਏ ਜਾਂਦੇ ਹਨ।

ਆਪਣੀ ਲੁੱਟ-ਖਸੁੱਟ ਤੇ ਗ਼ਲਬੇ ਵਾਲੇ ਅੱਜ ਦੇ ਕਾਰਪੋਰੇਟੀ ਪੂੰਜੀ ਤੇ ਸਾਮਰਾਜਵਾਦ ਦੀ ਜਕੜ ਵਾਲੇ ਸਮਿਆਂ ਅੰਦਰ ਪੱਛੜੇ ਮੁਲਕਾਂ ਦਾ ਵਿਕਾਸ ਸਾਵਾਂ-ਪੱਧਰਾ ਨਾ ਹੋਕੇ ਅਸਾਵਾਂ ਤੇ ਲੋਕ ਵਿਰੋਧੀ ਹੈ। ਇਸੇ ਦੀ ਹੀ ਦੇਣ ਹੈ ਕਿ ਹਰ ਪਾਸੇ ਗਰੀਬੀ, ਭੁੱਖਮਰੀ, ਅਣਪੜ੍ਹਤਾ, ਬੇਰੁਜ਼ਗਾਰੀ, ਭਰਾਮਾਰ ਲੜਾਈਆਂ, ਨਸਲੀ ਵਿਤਕਰੇ ਆਦਿ ਵਰਗੀਆਂ ਸਮਾਜ ਨੂੰ ਚਿੰਬੜੀਆਂ ਕੁਲਿਹਣੀਆਂ ਅਲਾਮਤਾਂ ਦਾ ਬੋਲਬਾਲਾ ਹੈ। ਵਿਤਕਰਿਆਂ ਦੇ ਇਸ ਦੌਰ ਅੰਦਰ ਹਾਕਮਾਂ ਦੀ ਇਹ ਕੋਸ਼ਿਸ਼ ਰਹਿੰਦੀ ਹੈ ਕਿ ਸਮਾਜ ਦੇ ਕਿਸੇ ਇੱਕ ਵਰਗ ਨੂੰ ਕਿਸੇ ਦੂਜੇ ਵਰਗ ਦੇ ਵਿਰੁੱਧ ਖੜ੍ਹਾ ਕੀਤਾ ਜਾਵੇ ਤਾਂ ਕਿ ਲੋਕ ਆਪਣੀ ਬਿਹਤਰੀ ਵੱਲ ਸਹੀ ਰੁਖ਼ ਕਦਮ ਨਾ ਵਧਾ ਸਕਣ ਅਤੇ ਉਹਨਾਂ ਦੀ ਲੁੱਟ-ਖਸੁੱਟ ਬਰਕਰਾਰ ਰਹੇ।

ਇੱਕ ਬੜਾ ਵੱਡਾ ਰੌਲਾ ਮਚਾਇਆ ਜਾ ਰਿਹਾ ਹੈ ਕਿ ਪ੍ਰਵਾਸੀਆਂ ਦੇ ਇੱਥੇ ਰਹਿਣ ਨਾਲ ਤੇ ਉਨ੍ਹਾਂ ਦੀ ਗਿਣਤੀ ਵਧ ਜਾਣ ਨਾਲ ਆਬਾਦੀ ਅੰਦਰ ਅਸੰਤੁਲਨ ਪੈਦਾ ਹੋ ਜਾਂਦਾ ਹੈ। ਫੇਸਬੁੱਕ 'ਤੇ ਇੱਕ ਬੜੀ ਸੁਲਝੀ ਹੋਈ ਪੋਸਟ ਇਸ ਬਾਰੇ ਸਾਰੇ ਭੁਲੇਖਿਆਂ ਨੂੰ ਦੂਰ ਕਰਨ ਲਈ ਕਾਫ਼ੀ ਹੈ। 2011 ਦੀ ਪਿਛਲੀ ਮਰਦਮਸ਼ੁਮਾਰੀ 'ਚ ਪੰਜਾਬ ਅੰਦਰ 13 ਲੱਖ ਪ੍ਰਵਾਸੀ ਸਨ। ਉਹ ਪੋਸਟ ਕਹਿੰਦੀ ਹੈ ਕਿ ਮੰਨ ਲਓ ਅੱਜ ਇਹ ਗਿਣਤੀ 30 ਲੱਖ ਵੀ ਹੋ ਗਈ ਹੋਊ। ਤਾਂ ਵੀ ਉਹ ਕੁੱਲ ਆਬਾਦੀ ਦਾ 0.85 ਫੀਸਦੀ ਹੀ ਬਣਦੀ ਹੈ। ਇਸੇ ਹੀ ਸਮੇਂ 2021 ਵਿੱਚ ਕਨੇਡਾ ਅੰਦਰ ਵੱਸਦੇ ਹਿੰਦੋਸਤਾਨੀਆਂ ਦੀ ਆਬਾਦੀ 3.3 ਫੀਸਦੀ ਸੀ ਇਹਦੇ 'ਚੋਂ ਪੰਜਾਬੀਆਂ ਦੀ ਗਿਣਤੀ 2.1 ਫੀਸਦੀ ਹੈ। ਸਿੰਗਾਪੁਰ ਅੰਦਰ ਹਿੰਦੋਸਤਾਨੀਆਂ ਦੀ 9% ਹੈ ਜਦਕਿ ਪੰਜਾਬੀਆਂ ਦੀ 0.85% ਹੈ। ਆਸਟਰੇਲੀਆ ਵਿੱਚ ਹਿੰਦੋਸਤਾਨੀਆਂ ਦੀ ਆਬਾਦੀ 3.2% ਹੈ ਜਦਕਿ ਪੰਜਾਬੀਆਂ ਦੀ ਗਿਣਤੀ 0.9% ਹੈ। ਇਹਨਾਂ ਮੁਲਕਾਂ ਅੰਦਰ ਤਾਂ ਪੰਜਾਬੀਆਂ ਨੇ ਉਹਨਾਂ ਲੋਕਾਂ ਦੇ ਆਬਾਦੀ ਤਨਾਸਬ ਨੂੰ ਪ੍ਰਭਾਵਤ ਨਹੀਂ ਕੀਤਾ ਤੇ ਨਾ ਹੀ ਸੱਭਿਆਚਾਰ ਨੂੰ ਕੋਈ ਨੁਕਸਾਨ ਪਹੁੰਚਾਇਆ ਹੈ। ਅਸਲ 'ਚ ਸੱਭਿਆਚਾਰ ਨੂੰ ਨੁਕਸਾਨ ਬਾਹਰੋਂ ਨਹੀਂ, ਅੰਦਰੋਂ ਹੁੰਦਾ ਹੈ। ਐਥੇ ਵੀ ਪੰਜਾਬੀ ਜ਼ੁਬਾਨ ਨੂੰ ਖ਼ਤਰਾ ਪੰਜਾਬੀਆਂ ਤੋਂ ਹੀ ਹੈ। ਆਪਣੀ ਗ਼ੁਲਾਮ ਜ਼ਹਿਨੀਅਤ ਦੇ ਹੁੰਦਿਆਂ ਪੰਜਾਬੀ ਜਦੋਂ ਵਿਆਹ ਸ਼ਾਦੀਆਂ ਦੇ ਸੱਦਾ ਪੱਤਰ ਅੰਗ੍ਰੇਜ਼ੀ 'ਚ ਛਪਾਉਂਦੇ ਹਨ ਅਤੇ ਆਪਣੇ ਬੱਚਿਆਂ ਨੂੰ ਪੰਜਾਬੀ ਜ਼ੁਬਾਨ ਵਾਲੇ ਸਕੂਲਾਂ ਦੀ ਬਜਾਏ ਅੰਗ੍ਰੇਜ਼ੀ ਮਾਧਿਅਮ ਵਾਲੇ ਸਕੂਲਾਂ 'ਚ ਪੜ੍ਹਣੇ ਪਾਉਂਦੇ ਹਨ ਤਾਂ ਪੰਜਾਬੀ ਜ਼ੁਬਾਨ ਨੂੰ ਉਚਾਈਆਂ ਵੱਲ ਪੰਜਾਬੀਆਂ ਦੀ ਥਾਂ ਕੌਣ ਲੈ ਕੇ ਜਾਊ? ਅਤੇ ਨਾਲ ਹੀ ਅਗਰ ਜ਼ੁਬਾਨ ਹੀ ਖੁੱਸ ਗਈ ਤਾਂ ਸੱਭਿਆਚਾਰ ਕੀਹਨੂੰ ਕਹਾਂਗੇ? ਅੱਜ ਦੇ ਜ਼ਮਾਨੇ 'ਚ ਅੰਗ੍ਰੇਜ਼ੀ ਦੇ ਗਿਆਨ ਨੂੰ ਐਨਾ ਅਹਿਮ ਇਸ ਲਈ ਮੰਨਿਆ ਜਾਣ ਲੱਗਿਆ ਹੈ ਕਿਓਂਕਿ ਸਾਮਰਾਜਵਾਦ ਨੇ ਪੱਛੜੇ ਮੁਲਕਾਂ ਦੇ ਅਰਥਚਾਰਿਆਂ ਨੂੰ ਇਸ ਢੰਗ ਨਾਲ ਆਪਣੇ ਜਕੜਪੰਜੇ ਹੇਠ ਲਿਆ ਹੋਇਆ ਹੈ ਕਿ ਅਗਰ ਕੋਈ ਵੀ ਆਪਣੇ ਆਪਨੂੰ ਤਰੱਕੀ ਦੇ ਰਾਹ 'ਤੇ ਲਿਜਾਣਾ ਚਾਹੁੰਦਾ ਹੈ ਤਾਂ ਉਹਨੂੰ ਅੰਗ੍ਰੇਜ਼ੀ ਪੜ੍ਹਨੀ ਹੀ ਪਊ।

ਇਨਸਾਫਪਸੰਦ ਲੋਕਾਂ ਦਾ ਇੱਕ ਛੋਟਾ ਜਿਹਾ ਹਿੱਸਾ ਇਹ ਵੀ ਕਹਿੰਦਾ ਸੁਣਿਆ ਗਿਆ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਰੋਜ਼ਗਾਰ ਅੰਦਰ ਰਾਖਵਾਂਕਰਨ ਕੀਤਾ ਜਾਵੇ। ਪਰ ਇਹ ਦਲੀਲ ਜੱਚਦੀ ਨਹੀਂ ਕਿਓਂਕਿ ਮੁਲਕ ਦੇ ਅਣਸਾਵੇਂ ਵਿਕਾਸ ਦੇ ਜ਼ਿੰਮੇਵਾਰ ਹਾਕਮਾਂ ਨੇ ਲੋਕਾਂ ਅੰਦਰ ਪਾਟਕ ਪਾਉਣ ਦੇ ਮਨਸ਼ਿਆਂ ਅਧੀਨ ਅੱਡ ਅੱਡ ਸੂਬਿਆਂ ਅੰਦਰ ਜ਼ਮੀਨ-ਜ਼ਾਇਦਾਦ ਦੀ ਮਾਲਕੀ ਸਬੰਧੀ ਤੇ ਨੌਕਰੀਆਂ 'ਚ ਸੂਬੇ ਦੇ ਵਸਨੀਕਾਂ ਲਈ ਰਾਖਵੇਂਕਰਨ ਦੀ ਤਰਕਹੀਣ ਨੀਤੀ ਲ ?ਾਗੂ ਕੀਤੀ ਹੋਈ ਹੈ। ਮੁਲਕ ਦੇ ਸਾਰੇ ਬਸ਼ਿੰਦਿਆਂ ਲਈ ਵਿਕਾਸ ਦੇ ਸਾਰੇ ਰਾਹ ਖੋਹਲਣ ਲਈ ਅਜਿਹੇ ਤਰਕਰਹਿਤ ਫ਼ੈਸਲਿਆਂ ਨੂੰ ਮੁੜ ਝਾਤੀ ਮਾਰਨ ਦੀ ਲੋੜ ਹੈ।

ਇੱਥੇ ਇਹ ਗੱਲ ਦਾ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੈ ਕਿ ਪ੍ਰਵਾਸੀਆਂ ਦਾ ਇਹ ਅਜੰਡਾ ਮੋਦੀ ਹਕੂਮਤ ਲਈ ਆਉਣ ਵਾਲੀਆਂ ਬਿਹਾਰ ਦੀਆਂ ਚੋਣਾਂ ਮੌਕੇ ਇੱਕ ਰਾਮਬਾਨ ਸਾਬਤ ਹੋਣ ਜਾ ਰਿਹਾ ਹੈ। ਭਾਜਪਾ ਦੀ ਮੋਦੀ ਹਕੂਮਤ ਇਹਨੂੰ ਆਪਣੀ ਫਿਰਕੂ ਫਾਸ਼ੀਵਾਦੀ ਸਿਆਸਤ ਨੂੰ ਅੱਗੇ ਵਧਾਉਣ ਦੇ ਸੰਦ ਦੇ ਰੂਪ 'ਚ ਵਰਤੇਗੀ।

ਇਸ ਦੌਰ ਅੰਦਰ ਇੱਕ ਹਾਂਪੱਖੀ ਵਰਤਾਰੇ ਦੀ ਗੱਲ ਕਰਨ ਬਿਨਾਂ ਇਹ ਲਿਖਤ ਅਧੂਰੀ ਲੱਗੇਗੀ ਕਿ ਤਨਾਕਨੀ ਦੇ ਇਸ ਦੌਰ ਅੰਦਰ ਲੋਕਾਂ ਇੱਕ ਬਹੁਤ ਵੱਡਾ ਹਿੱਸਾ ਅਜਿਹਾ ਵੀ ਸਾਹਮਣੇ ਆਇਆ ਹੈ ਜਿਸਨੇ ਇਸ ਮਸਾਲੇ ਨੂੰ ਬਹੁਤ ਹੀ ਤਵਾਜ਼ਨ ਨਾਲ ਲਿਆ ਹੈ ਅਤੇ ਆਪਣੀ ਬਣਦੀ ਹੈਸੀਅਤ ਮੂਜਬ ਪ੍ਰਵਾਸੀਆਂ ਦੀ ਇਮਦਾਦ ਕੀਤੀ ਹੈ ਤੇ ਉਹਨਾਂ ਦੇ ਖਦਸ਼ਿ ਨੂੰ ਦੂਰ ਕਰਨ ਲਈ ਯਤਨ ਜੁਟਾਏ ਹਨ।

ਯਾਦ ਰੱਖਿਆ ਜਾਣਾ ਚਾਹੀਦਾ ਹੈ ਕਿ ਕੋਈ ਵੀ ਪ੍ਰਵਾਸੀ ਕਿਸੇ ਮੂਲ ਬਸ਼ਿੰਦੇ ਦਾ ਦੋਖੀ ਨਹੀਂ ਹੁੰਦਾ। ਹਕੀਕਤ ਹੈ ਕਿ ਦੋਹਾਂ ਦੇ ਦੁਸ਼ਮਣ ਸਾਂਝੇ ਹਨ ਜਿਹੜੇ ਕਿਰਤ ਦੀ ਲੁੱਟ ਕਰਨ ਲਈ ਭਰਾਮਾਰ ਲੜਾਈਆਂ 'ਚ ਕਿਰਤੀ ਲੋਕਾਂ ਨੂੰ ਉਲ ?ਝਾਉਂਦੇ ਹਨ। ਜਮਹੂਰੀ ਤੇ ਇਨਸਾਫਪਸੰਦ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਲੋਕ ਏਕਤਾ ਦੀਆਂ ਕੋਸ਼ਿਸ਼ਾਂ ਕਰਦਿਆਂ ਇਨ੍ਹਾਂ ਲੋਕ ਦੋਖੀ ਹਾਕਮਾਂ ਤੋਂ ਮੁਕਤੀ ਲਈ ਵੀ ਅੱਗੇ ਆਉਣ।



# ਵੱਡੇ ਡੂੰਘੇ ਝੂਠ ਅਤੇ 'ਭਾਰਤੀ ਸਿੱਖਿਆ ਨੀਤੀ'

ਤਰਸੇਮ ਲਾਲ
94632-18707
tarsemgoyal.54@gmail.com

22 ਜਨਵਰੀ 2024 ਦਾ ਦਿਨ ਹਿੰਦੂ ਰਾਸ਼ਟਰ ਦੇ ਹਿੰਦੂ ਰਾਜ ਦੇ ਆਗਮਨ ਦਾ ਪਲ ਸੀ। ਜਦੋਂ ਰਾਮ ਦੇ ਪੱਥਰ ਦੇ ਬੁੱਤ ਵਿਚ ਪਰਾਣ ਪਾਏ ਜਾ ਰਹੇ ਸਨ। ਉਸੇ ਸਮੇਂ ਭਾਰਤੀ ਸੰਵਿਧਾਨ ਦੀ ਧਰਮ ਨਿਰਪੱਖਤਾ ਦੇ ਸਾਹ ਸੂਤੇ ਜਾ ਰਹੇ ਸਨ। ਬਸਤੀਵਾਦੀ ਕਦਰਾਂ ਕੀਮਤਾਂ ਨੂੰ ਖਤਮ ਕਰਨ ਦੇ ਨਾਮ 'ਤੇ ਸੱਚਾਈ ਅਤੇ ਅਸਲੀਅਤ ਨੂੰ ਨਵੇਂ ਰੂਪ ਵਿਚ ਹਿੰਦੂਤਵੀ ਵੈਦਿਕ ਧਾਰਨਾਵਾਂ ਦੇ ਰੂਪ ਵਿਚ ਘੜਿਆ ਜਾ ਰਿਹਾ ਸੀ।


ਭਾਵਨਾ ਅਤੇ ਨਿੱਜੀ ਵਿਸ਼ਵਾਸ ਦੀ ਉੱਚਤਾ ਵਾਲੇ ਸਮਿਆਂ ਵਿਚ ਜਦੋਂ ਨਕਲੀ ਵਿਗਿਆਨ, ਵਿਗਿਆਨ ਵਾਂਗ ਵਿਚਰੇ, ਰਹੱਸਵਾਦ ਵਿਗਿਆਨ ਢੰਗਾਂ ਤੇ ਹਾਵੀ ਹੋਵੇ, ਮਿੱਥਾਂ ਇਤਿਹਾਸ ਦਾ ਬਦਲ ਹੋਣ ਅਤੇ ਨੰਗੇ ਝੂਠ ਵਸਤੂਗਤ ਸੱਚਾਈਆਂ 'ਤੇ ਭਾਰੂ ਹੋਣ, ਧਰਮ ਨਿਰਪੱਖਤਾ ਦੇ ਖਾਤਮੇ ਵਾਲਾ ਇਹ ਭਾਰਤ ਜਜ਼ਬਾਤੀ ਸਮਾਜ ਬਣਨ ਜਾ ਰਿਹਾ ਸੀ।

ਜਜ਼ਬਾਤੀ ਭਾਰਤ ਗੁੰਡਾਗਰਦੀ ਅਤੇ ਅਸਲੀਅਤ ਦੇ ਸਭਿਆਚਾਰ ਦਾ ਪ੍ਰਗਟਾਵਾ ਹੈ। ਅਮਰੀਕਾ ਦੇ ਪਹਿਲੇ ਰਾਸ਼ਟਰਵਾਦੀ ਅਤੇ ਭਾਰਤ ਦੇ ਪਹਿਲੇ ਹਿੰਦੂਤਵੀ ਭਰਾ ਆਪਣੇ ਆਪਣੇ ਦੇਸ਼ਾਂ ਦੇ ਸਮਾਜਾਂ ਦਾ ਧਰਮ ਨਿਰਪੱਖ ਜਮਹੂਰੀ ਤਾਨਾ ਬਾਣਾ ਲੀਰੋ ਲੀਰ ਕਰਨ ਤੇ ਉੱਤਰ ਗਏ ਹਨ। ਭਾਰਤ ਵਿਚ ਰਾਜ ਪੱਧਰ 'ਤੇ ਹੀ ਹਿੰਦੂ ਰਾਸ਼ਟਰਵਾਦ ਦਾ ਐਲਾਨ ਕਰ ਦਿੱਤਾ ਗਿਆ ਹੈ। ਹਿੰਦੂਆਂ ਦਾ ਹਿੰਦੂਆਂ ਲਈ ਰਾਜ। ਜਦੋਂਕਿ ਇਸਾਈ ਰਾਸ਼ਟਰਵਾਦੀ ਅਮਰੀਕਾ ਵਿਚ ਅਜਿਹਾ ਐਲਾਨ ਕਰਨ ਤੋਂ ਹਿਚਕ ਰਹੇ ਹਨ। ਇਹ ਦੋਨੋਂ 'ਲੋਕਤੰਤਰ' ਜਜ਼ਬਾਤੀ ਕਲਯੁੱਗ ਵਿਚ ਦਾਖਲ ਹੋ ਗਏ ਹਨ। ਜਿਥੇ ਝੂਠ ਦੀ ਹੀ ਹਮੇਸ਼ਾ ਜਿੱਤ ਹੁੰਦੀ ਹੈ। ਇਨ੍ਹਾਂ ਵੱਡੇ ਡੂੰਘੇ ਝੂਠਾਂ ਵਿਚ ਸਿਆਸੀ ਆਵੇਗ ਵੀ ਜੁੜਿਆ ਹੋਇਆ ਏ ਤਾਂ ਜੋ ਸਾਡੇ ਵਿਚਾਰਾਂ ਨੂੰ ਆਪਣੇ ਧਾਰਮਿਕ ਸਿਆਸੀ ਏਜੰਡੇ ਅਨੁਸਾਰ ਫਿੱਟ ਕੀਤਾ ਜਾ ਸਕੇ। ਇਨ੍ਹਾਂ ਜਜ਼ਬਾਤੀ ਸਮਿਆਂ ਵਿਚ ਮਾਦੇ ਦੀ ਸੱਚਾਈ ਨੂੰ ਮੰਨਣ ਅਤੇ ਸੱਚਾਈ ਜਾਨਣ ਲਈ ਸਵਾਲ ਪੈਦਾ ਕਰਨਾ ਕੇਵਲ ਸਹੂਲਤ ਅਨੁਸਾਰ ਵਰਤਨ ਵਾਲੀ ਬਦਲਵੀਂ ਸੱਟਿਪਨੀ ਦੀ ਤਰ੍ਹਾਂ ਜਾਂ ਗਹਿਣੇ ਦੀ ਤਰ੍ਹਾਂ, ਮਰਜ਼ੀ ਹੈ ਪਹਿਨ ਲਓ ਨਹੀਂ ਮਰਜ਼ੀ ਤਾਂ ਨਾ ਪਹਿਣੋ ਜਿਵੇਂ ਕਿਸੇ ਪਾਰਟੀ ਵਿਚ ਜਾਣ ਲਈ ਪਹਿਨਣੇ ਹੋਣ।

ਇਹ ਜਜ਼ਬਾਤੀ (Post Truth) ਸ਼ਬਦ 2016 ਵਿਚ ਹੋਂਦ ਵਿਚ ਆਇਆ, ਜਿਸ ਦਾ ਭਾਵ ਹੈ ਕਿ ਉਹ ਹਾਲਤ ਜਦੋਂ ਵਸਤੂਗਤ ਸੱਚਾਈਆਂ ਦੀ ਥਾਂ 'ਤੇ ਜਜ਼ਬਾਤ ਅਤੇ ਨਿੱਜੀ ਵਿਸ਼ਵਾਸ ਲੋਕ ਰਾਏ ਬਣਨ ਲਈ ਭਾਰੂ ਹੋ ਜਾਣ। ਪੋਸਟ ਤੋਂ ਭਾਵ ਵੀ ਸੱਚਾਈ ਤੋਂ ਬਾਅਦ ਦਾ ਸਮਾਂ ਨਹੀਂ। ਸੱਚਾਈ ਤੋਂ ਬਾਅਦ ਦਾ ਸਮਾ ਮਰ ਚੁੱਕਿਆ ਹੈ। ਜੇ ਸੱਚਾਈ ਦਾ ਸਮਾਂ ਹੀ ਅਲੋਪ ਹੋ ਜਾਏ ਅਸੀਂ ਝੂਠ, ਅੱਧਾ ਝੂਠ ਚੌਥਾ ਹਿੱਸਾ ਝੂਠ ਜਾਂ ਕੋਰੀ ਬਕਵਾਸ ਕਿਵੇਂ ਲੱਭਾਂਗੇ।

ਦੋ ਅਤੇ ਦੋ ਚਾਰ ਹੀ ਹੁੰਦੇ ਹਨ। ਟਰੰਪ 2020 ਦੀ ਚੋਣ ਹਾਰ ਜਾਂਦਾ ਹੈ। ਸੰਘ ਪਰਿਵਾਰ ਦੇ ਘੱਟ ਗਿਣਤੀਆਂ ਦੇ ਤੁਸ਼ਟੀਕਰਨ ਦੇ ਝੂਠ, ਝੂਠ ਹੀ ਹਨ। ਭਾਵੇਂ ਕੋਈ ਇਨ੍ਹਾਂ ਨੂੰ ਕਿੰਨੇ ਵਾਰ ਦੁਹਰਾਈ ਜਾਵੇ। ਜਜ਼ਬਾਤੀ ਸੰਸਾਰ ਵਿਚ ਵਸਤੂਗਤ, ਸਿੱਧ ਕਰਨ ਯੋਗ ਸੱਚਾਈ ਦੀ ਸਮਾਜ ਅੰਦਰ ਮਹੱਤਤਾ ਖੁੱਸ ਜਾਂਦੀ ਹੈ ਲੋਕ ਇੰਨੇ ਜ਼ਿਆਦਾ ਢੀਠ ਹੋ ਜਾਂਦੇ ਹਨ ਕਿ ਝੂਠ ਅਤੇ ਬਨਾਉਟੀ ਵਿਗਿਆਨ ਉਸ ਦੀ ਖੁਰਾਕ ਬਣ ਜਾਂਦੇ ਹਨ। ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਅਤੇ ਭ੍ਰਿਸ਼ਟਾਚਾਰ ਨੂੰ ਭ੍ਰਿਸ਼ਟਾਚਾਰ ਕਹਿਣ ਦੀ ਹਿੰਮਤ ਵੀ ਗੁਆ ਲੈਂਦੇ ਹਨ। ਲੋਕ ਇੰਨੇ ਜ਼ਿਆਦਾ ਢੀਠ ਹੋ ਜਾਂਦੇ ਹਨ ਕਿ ਝੂਠ ਅਤੇ ਬਨਾਉਟੀ ਵਿਗਿਆਨ ਉਸ ਦੀ ਖੁਰਾਕ ਬਣ ਜਾਂਦਾ ਹੈ ਅਤੇ ਅਸੀਂ ਸੱਚ ਨੂੰ ਸੱਚ, ਝੂਠ ਨੂੰ ਝੂਠ ਅਤੇ ਭ੍ਰਿਸ਼ਟਾਚਾਰ ਨੂੰ ਭ੍ਰਿਸ਼ਟ ਕਹਿਣ ਦੀ ਯੋਗਤਾ ਵੀ ਖੋ ਬਹਿੰਦੇ ਹਨ।

ਜਿਵੇਂ ਕਿਸੇ ਨਦੀ ਨਾਲੇ ਵਿਚਲਾ ਘਾਹ ਉਸ ਨੂੰ ਚੌਕ ਕਰ ਦਿੰਦਾ ਹੈ ਇਸ ਤਰ੍ਹਾਂ ਇਹ ਬੇਵਕੂਫੀ ਪੂਰੇ ਸਮਾਜ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਕੇ ਜਜ਼ਬਾਤੀ ਬਣਾ ਦਿੰਦੀ ਹੈ। ਝੂਠੇ ਨੂੰ ਪਤਾ ਹੁੰਦਾ ਹੈ ਕਿ ਜੋ ਉਹ ਬੋਲ ਰਿਹਾ ਹੈ ਸੱਚ ਨਹੀਂ ਹੈ ਅਤੇ ਬਦਮਾਸ਼ ਨੂੰ ਇਸ ਦੀ ਪ੍ਰਵਾਹ ਹੀ ਨਹੀਂ ਹੁੰਦੀ ਕਿ ਜੋ ਉਹ ਬੋਲ ਰਿਹਾ ਹੈ ਸੱਚਾ ਹੈ ਜਾਂ ਝੂਠਾ ਜਿੰਨੀ ਦੇਰ ਉਸ ਨੂੰ ਉਹ ਚੀਜ਼ ਪ੍ਰਾਪਤ ਨਹੀਂ ਹੋ ਜਾਂਦੀ ਜੋ ਉਹ ਚਾਹੁੰਦਾ ਏ। ਝੂਠੇ ਨੂੰ ਸੱਚਾਈ ਦਾ ਪਤਾ ਹੁੰਦਾ ਪ੍ਰੰਤੂ ਉਹ ਉਸ ਨੂੰ ਛੁਪਾਉਂਦਾ ਹੈ ਜਦੋਂਕਿ ਬਦਮਾਸ਼ ਨੂੰ ਇਸ ਦੀ ਕੋਈ ਪ੍ਰਵਾਹ ਹੀ ਨਹੀਂ ਹੁੰਦੀ ਕਿ ਜੋ ਉਹ ਬੋਲ ਰਿਹਾ ਹੈ ਸੱਚ ਹੈ ਜਾਂ ਝੂਠ, ਜਿੰਨੀ ਦੇਰ ਉਸ ਨੂੰ ਉਹ ਚੀਜ਼ ਪ੍ਰਾਪਤ ਨਹੀਂ ਹੋ ਜਾਂਦੀ ਜੋ ਉਹ ਚਾਹੁੰਦਾ ਹੈ। ਝੂਠੇ ਨੂੰ ਸੱਚਾਈ ਦਾ ਪਤਾ ਹੁੰਦਾ ਪ੍ਰੰਤੂ ਉਹ ਉਸ ਨੂੰ ਛੁਪਾਉਂਦਾ ਹੈ, ਜਦੋਂਕਿ ਬਦਮਾਸ਼ ਨੂੰ ਇਸ ਦੀ ਕੋਈ ਪ੍ਰਵਾਹ ਹੀ ਨਹੀਂ ਹੁੰਦੀ। ਬਦਮਾਸ਼ੀ ਵਿਚ ਕੋਈ ਟਰੰਪ ਨੂੰ ਟਰੰਪ ਨਹੀਂ ਕਰ ਸਕਦਾ। ਉਸਦੀ ਇਸ ਬਦਮਾਸ਼ੀ ਨੇ ਉਸ ਨੂੰ ਵਾਈਟ ਹਾਊਸ ਦੀ ਕੁਰਸੀ 'ਤੇ ਬਿਠਾ ਦਿੱਤਾ।



ਭਾਰਤੀ ਦੀ ਬਦਮਾਸ਼ੀ ਬਨਾਉਟੀ ਵਿਗਿਆਨ ਦੇ ਰੂਪ ਵਿਚ 'ਉਚ' 'ਮਾਹਿਰਾਂ' ਵਲੋਂ ਉਛਾਲੀ ਜਾਂਦੀ ਹੈ, ਜਿਸ ਨੂੰ ਸਪੇਰਿਆਂ ਦਾ ਸਹਾਰਾ ਵੀ ਮਿਲ ਜਾਂਦਾ ਹੈ। ਇਹ ਅਜਿਹੇ ਦਾਅਵੇ ਕਰਦੇ ਹਨ ਕਿ ਵਿਗਿਆਨਕ ਸਚਾਈਆਂ ਦੇ ਅਧਾਰ 'ਤੇ ਹਨ, ਜਦੋਂਕਿ ਕਿਸੇ ਵੀ ਵਿਗਿਆਨਕ ਵਿਧੀ ਨਾਲ ਇਸ ਦਾ ਦੂਰ ਦਾ ਵਾਸਤਾ ਵੀ ਨਹੀਂ ਹੁੰਦਾ। ਇਹ ਬਦਮਾਸ਼ ਅਤੇ ਨਕਲੀ ਵਿਗਿਆਨੀ ਕੋਰੇ ਝੂਠੇ ਵਿਅਕਤੀਆਂ ਨਾਲੋਂ ਵੱਧ ਖਤਰਨਾਕ ਹੁੰਦੇ ਹਨ। ਝੂਠਾਂ ਨੂੰ ਕਿਸੇ ਕਸਵੱਟੀ ਤੇ ਝੂਠ ਸਾਬਤ ਕੀਤਾ ਜਾ ਸਕਦਾ ਹੈ ਜਦੋਂਕਿ ਟਰੰਪ ਆਲੀ ਬਦਮਾਸ਼ੀ ਵੱਡੇ ਝੂਠਾਂ ਨੂੰ ਅਮਰੀਕਾ ਵਿਚ ਸੱਚ ਬਣਾ ਦਿੰਦੀ ਹੈ ਅਤੇ ਭਾਰਤ ਅੰਦਰ ਭੇਦ ਭਰੇ ਝੂਠਾਂ ਵਿਚ ਤਬਦੀਲ ਕਰ ਦਿੰਦੀ ਹੈ।

ਦੋ ਤਰੀਕਿਆਂ ਨਾਲ ਸੱਚਾਈ ਨੂੰ ਜਜ਼ਬਾਤੀ ਦੌਰ ਵਿੱਚ ਖੋਖਲਾ ਕੀਤਾ ਜਾਂਦਾ ਹੈ। ਪਹਿਲਾ ਤਰੀਕਾ ਪੂਰੀ ਬਦਮਾਸ਼ੀ ਨਾਲ ਨੰਗੀਆਂ-ਚਿੱਟੀਆਂ ਝੂਠੀਆਂ ਗੱਲਾਂ ਨੂੰ ਜੋ ਸੱਚਾਈ ਤੋਂ ਕੋਹਾਂ ਦੂਰ ਹੁੰਦੀਆਂ ਹਨ ਸੱਚੀਆਂ ਸਾਬਤਾ ਕੀਤਾ ਜਾਂਦਾ ਹੈ। ਇਹ ਅੱਜ ਦੇ ਸੋਸ਼ਲ ਮੀਡੀਆ ਦੇ ਦੌਰ ਵਿਚ ਕਿਸੇ ਵੀ ਝੂਠ ਨੂੰ ਸੱਚਾਈ ਕਹਿ ਕੇ ਪਰੋਸ ਦਿੱਤਾ ਜਾਂਦਾ ਹੈ। ਅਜਿਹੀ ਬਦਮਾਸ਼ੀ ਜਨਤਕ ਤੌਰ 'ਤੇ ਚੁੱਭਦੀ ਹੈ ਅਤੇ ਇਸ ਨੂੰ ਸਾਧਾਰਨ ਸਬੂਤਾਂ ਅਤੇ ਦਲੀਲਾਂ ਰਾਹੀਂ ਰੱਦ ਕੀਤਾ ਜਾ ਸਕਦਾ ਹੈ। ਪ੍ਰੰਤੂ ਜੇ ਉਹ ਢੀਠਤਾਈ ਤੇ ਉਤਰ ਆਉਣ ਤਾਂ ਹਰ ਤਰ੍ਹਾਂ ਦੇ ਸਬੂਤਾਂ ਦੇ ਬਾਵਜੂਦ ਨਕਲੀ ਸੱਚਾਈ ਜਨਤਕ ਤੌਰ 'ਤੇ ਲਾਗੂ ਕਰ ਦਿੱਤੀ ਜਾਂਦੀ ਹੈ।

ਦੂਜੇ ਕਿਸਮ ਦੀ ਧਾਰਮਿਕ ਮੂਲਵਾਦ ਨਾਲ ਗੜੁੱਚ ਰਵਾਇਤੀ ਬਹੁਗਿਣਤੀ, ਧਰਮ ਨੂੰ ਤਰਕਸੰਗਤ ਅਤੇ ਠੀਕ ਲੱਗਣੀ ਚਾਹੀਦੀ ਹੈ। ਇਹ ਅਸਲ ਸੱਚਾਈ ਅਤੇ ਧਾਰਮਿਕ ਸਿਧਾਂਤ ਵਿਚਕਾਰਲੇ ਸਾਰੇ ਫਰਕ ਮਿਟਾ ਦਿੰਦੀ ਹੈ। ਇਹ ਮੂਲ ਸਬੂਤਾਂ ਦੁਆਰਾ ਸਥਾਪਤ ਸੱਚਾਈਆਂ ਅਤੇ ਦੇਵਤਿਆਂ ਅਤੇ ਧਾਰਮਿਕ ਪੂਰਵਜਾਂ ਦੁਆਰਾ ਦੱਸੀਆਂ ਸੱਚਾਈਆਂ, ਇਸੇ ਤਰ੍ਹਾਂ ਇਤਿਹਾਸ ਅਤੇ ਮਿਥਿਹਾਸ ਵਿਚਕਾਰਲੇ ਸਾਰੇ ਫਰਕ ਦੂਰ ਕਰ ਦਿੰਦੀ ਹੈ। ਇਹ ਬਦਮਾਸ਼ੀ ਨੂੰ ਰੱਦ ਕਰਨਾ ਹੋਰ ਵੀ ਔਖਾ ਹੈ ਕਿਉਂਕਿ ਇਹ ਧਰਮ ਨਿਰਪੱਖ-ਤਰਕ ਸੰਗਤ ਵਿਚਾਰਾਂ ਨੂੰ ਪੱਛਮੀ ਅਤੇ 'ਵਿਗਿਆਨਕ' ਕਹਿ ਕੇ ਚਿੜ੍ਹਾਇਆ ਜਾਂਦਾ ਹੈ। ਇਹ ਦੂਜੀ ਕਿਸਮ ਦੇ ਵੱਡੇ ਝੂਠ ਰੱਦ ਕਰਨੇ ਹੋਰ ਵੀ ਔਖੇ ਹਨ। ਦੋਨੋਂ ਕਿਸਮ ਦੇ ਝੂਠ ਵਸਤੂਗਤ ਸੱਚਾਈਆਂ ਦਾ ਮਖੌਲ ਉਡਾਉਂਦੇ ਹਨ ਅਤੇ ਪੜਤਾਲ ਨੂੰ ਰੱਦ ਕਰਦੇ ਹਨ।

ਰਾਸ਼ਟਰੀ ਸਿੱਖਿਆ ਨੀਤੀ-ਗੁੱਝਾ ਡੂੰਘਾ ਝੂਠ

ਵੱਡੇ ਝੂਠ ਅਤੇ ਗੁੱਝੇ ਝੂਠ ਵਿਚ ਅੰਤਰ ਦੇਖਣ ਲਈ ਟਰੰਪ ਦਾ ਅਮਰੀਕਾ ਅੰਦਰ ਵੱਡਾ ਝੂਠ, ਸਕੂਲ ਬੋਰਡਾਂ, ਕਾਲਜਾਂ, ਯੂਨੀਵਰਸਿਟੀਆਂ ਵਿਚ ਟਰੰਪੀਅਨ ਕੋਰਸ ਲਾਗੂ ਕਰਨਾ ਨਹੀਂ ਸੀ ਤਾਂ ਜੋ ਬਦਲਵੇਂ ਤੱਥ ਘੁੰਮਾਏ ਜਾਣ। ਟਰੰਪ ਅਤੇ ਉਸ ਦੀ ਰੀਪਬਲਿਕ ਪਾਰਟੀ ਵਲੋਂ ਸਭਿਆਚਾਰਕ ਜੰਗ ਨੂੰ ਹਵਾ ਦਿੱਤੀ ਜੋ ਨਫਰਤੀ, ਮੂਲਵਾਸੀ ਸਿਆਸਤ ਦੀ ਲਗਾਤਾਰ ਗੂੰਜ ਪੈਦਾ ਕਰ ਰਹੀ ਸੀ। ਸਿੱਖਿਆ ਸੰਸਥਾਵਾਂ ਅੰਦਰ ਜਾਤ, ਲਿੰਗਤਾ ਅਤੇ ਅਮਰੀਕੀ ਇਤਿਹਾਸ ਬਾਰੇ ਅਧਿਆਪਕ ਤੇ ਪਾਬੰਦੀਆਂ ਲਗਾ ਦਿੱਤੀਆਂ ਗਈਆਂ, ਕਿ ਉਹ ਉਨ੍ਹਾਂ ਵਲੋਂ ਤਹਿ ਕੀਤੇ ਮਿਆਰਾਂ ਅਨੁਸਾਰ ਹੀ ਬੋਲਣਗੇ। ਪ੍ਰੰਤੂ ਤਰਕ ਨਾਲ ਸੋਚਣ ਵਾਲੇ ਮੁੜ ਜਾਰਜ ਆਰਵੈਲ ਲੀਉਸ ਅਤੇ ਹੈਵਲ ਪੜ੍ਹਨ ਲੱਗ ਪਏ ਜੋ ਏਕਾਧਿਕਾਰਵਾਦੀ ਰਾਜ ਦੇ ਆਲੋਚਕ ਰਹੇ ਹਨ। ਇਸ ਤਰ੍ਹਾਂ ਲੋਕਤੰਤਰੀ ਪ੍ਰਗਟਾਵੇ ਰਾਹੀਂ ਬੁੱਧੀਜੀਵੀਆਂ ਨੇ ਵਿਗਿਆਨ ਅਤੇ ਤਰਕ ਭਰਪੂਰ ਸੋਚਣੀ ਲਈ ਨਵਾਂ ਸਥਾਨ ਲੱਭ ਲਿਆ।

ਇਸ ਦੇ ਮੁਕਾਬਲੇ ਭਾਰਤ ਵਿਚ ਵੱਡੇ ਝੂਠ, ਨਵੀਂ ਸਿੱਖਿਆ ਨੀਤੀ 2020 ਵਿੱਚ ਉਪਰੋਂ ਹੇਠਾਂ ਵੱਡੇ ਸੁਧਾਰ ਕਰਕੇ ਸਦੀਆਂ ਪੁਰਾਣੀ ਹਿੰਦੂਤਵੀ ਵਿਗਿਆਨਕ ਅਤੇ ਦਰਸ਼ਨ ਦੀ ਉਚਤਾ ਸਥਾਪਤ ਕਰਨ ਲਈ ਲਗਾ ਦਿੱਤੇ ਗਏ। ਸੁਝਾਈਆਂ ਗਈਆਂ ਤਬਦੀਲੀਆਂ, ਅਸਲੀ ਮਾਨਤਾਵਾਂ ਲਈ ਮੁਢਲੇ ਨਿਯਮ ਦੁਆਰਾ ਲਿਖਕੇ ਸੰਭਵ ਬਣਾਈਆਂ ਗਈਆਂ। ਜੇ ਆਧੁਨਿਕ ਧਰਮ ਨਿਰਪੱਖ ਸਿੱਖਿਆ ਤਰਕ ਭਰਪੂਰ ਸੋਚਣ ਵਿਧੀ ਰਾਹੀਂ, ਪ੍ਰਸ਼ਨ ਕਰਨ, ਮੁੜ ਦੁਹਰਾਈ ਕਰਨ ਅਤੇ ਅਜਿਹੇ ਵਿਚਾਰ ਜੋ ਇਨ੍ਹਾਂ ਮਿਆਰਾਂ ਤੇ ਖਰੇ ਨਹੀਂ ਉੱਤਰਦੇ ਉਨ੍ਹਾਂ ਨੂੰ ਤਿਆਗ ਦੇਣ ਦੀ ਨੀਤੀ ਅਨੁਸਾਰ ਸਨ। ਨਵੀਂ ਨੀਤੀ ਹਿੰਦੂਤਵੀ ਵਿਰਾਸਤ ਅਤੇ ਉਸ ਵਿਰਾਸਤ ਦੇ ਪੈਰੋਕਾਰਾਂ ਮੁਤਾਬਕ ਸੋਚਣ ਅਤੇ ਉਸ ਨੂੰ ਦੇਸ਼ ਭਗਤੀ ਦੀ ਮਿਸਾਲ ਦੇ ਤੌਰ 'ਤੇ ਦੇਖਣ।

ਨਵੀਂ ਸਿੱਖਿਆ ਨੀਤੀ ਦਾ ਮੁੱਖ ਮਕਸਦ ਗੈਰ ਬਸਤੀਵਾਦੀਕਰਨ ਅਤੇ ਸਿੱਖਿਆ ਦੀ ਅਧਿਆਤਮਕਤਾ ਕਾਇਮ ਕਰਨਾ ਹੈ। 1998-2004 ਦੀ ਬੀਜੇਪੀ ਸਰਕਾਰ ਵੇਲੇ ਦੇ ਕੁੱਢਰ ਢੰਗ ਜਿਸ ਰਾਹੀਂ ਗ੍ਰਹਿ ਸ਼ਾਸਤਰ ਅਤੇ ਧਾਰਮਿਕ ਰਸਮਾਂ ਦੇ ਡਿਗਰੀ ਕੋਰਸ ਸ਼ੁਰੂ ਕਰਨ ਦੀ ਥਾਂ ਮੋਦੀ ਦੀ ਸਿੱਖਿਆ ਨੀਤੀ ਰਵਾਇਤੀ ਵਿਗਿਆਨ ਦਰਸ਼ਨ ਨੂੰ ਭਾਰਤੀ ਗਿਆਨ ਸਿਸਟਮ (IKS) ਦੇ ਨਾਮ ਹੇਠ ਹਰ ਪੱਧਰ 'ਤੇ ਹਰ ਤਰ੍ਹਾਂ ਦੇ ਕੋਰਸਾਂ ਵਿਚ ਸ਼ਾਮਲ ਕਰ ਰਹੀ ਹੈ। ਇਸ ਦਾ ਮਕਸਦ ਹੈ ਕਿ ਰਵਾਇਤੀ ਹਿੰਦੂ ਅਧਿਆਤਮਕ ਚੇਤਨਾ ਰਾਹੀਂ ਪੈਦਾ ਕੀਤੇ ਵਿਸ਼ਵਾਸਾਂ ਦਾ ਜਾਲ ਬੁਣਿਆ ਜਾ ਸਕੇ। ਇਹ ਸ਼ਕਤੀਆਂ ਭੌਤਿਕ ਜਗਤ ਨੂੰ ਕਿਸੇ ਅਧਿਆਤਮਕ ਸ਼ਕਤੀ ਦੁਆਰਾ ਪੈਦਾ ਹੋਇਆ ਮੰਨਦੀਆਂ ਹਨ ਅਤੇ ਵੇਲਾ ਵਿਹਾ ਚੁੱਕੀਆਂ ਮਾਨਤਾਵਾਂ ਅਤੇ ਸਾਧੂ ਸੰਤਾਂ ਦੁਆਰਾ ਪ੍ਰਚਾਰੇ ਜਾਂਦੇ ਅਧਿਆਤਮਕ ਗਿਆਨ ਨੂੰ ਸਬੂਤ ਦੇ ਤੌਰ 'ਤੇ ਪ੍ਰਚਾਰਨਾ ਇਨ੍ਹਾਂ ਦਾ ਮੁੱਖ ਮਕਸਦ ਹੈ। ਬਹੁਤ ਸ਼ੋਰਗੁਲ ਦੁਆਰਾ ਪੈਦਾ ਕੀਤਾ, ਇਹ ਗਿਆਨ ਪ੍ਰਬੰਧ ਹਿੰਦੂ ਧਾਰਮਿਕ ਰਵਾਇਤਾਂ ਦਾ ਅਨਿੱਖੜਵਾਂ ਅੰਗ ਹੈ, ਜਿਸ ਦਾ ਮਕਸਦ ਵਸਤੂਗਤ ਗਿਆਨ ਜੋ ਪੂਰੇ ਸੰਸਾਰ ਵਿਚ ਪੈਦਾ ਹੋ ਰਿਹਾ ਹੈ ਤੋਂ ਧਿਆਨ ਮੋੜਕੇ ਭੌਤਿਕ ਸੰਸਾਰ ਤੋਂ ਆਤਮਿਕ ਮੁਕਤੀ ਵਾਲੇ ਪਾਸੇ ਲੈ ਕੇ ਜਾਣਾ ਹੈ। ਇਨ੍ਹਾਂ ਧਾਰਮਿਕ ਰਵਾਇਤਾਂ ਦਾ ਧਰਮ ਨਿਰਪੱਖ ਸਿੱਖਿਆ ਵਿਚ ਦਖ਼ਲ ਕਿਸੇ ਮਕਸਦ ਦੀ ਪੂਰਤੀ ਨਹੀਂ ਕਰਦਾ। ਇਹ ਕੇਵਲ ਭਾਰਤ ਦਾ ਸੰਸਾਰ ਅੰਦਰ ਵਿਸ਼ਵ ਗੁਰੂ ਦਾ ਫੋਕਾ ਘੁਮੰਡ ਪੈਦਾ ਕਰਦਾ ਹੈ ਅਤੇ ਬਸਤੀਵਾਦੀ ਤਾਕਤਾਂ ਦੇ ਗਲਬੇ ਤੋਂ ਛੁਟਕਾਰਾ ਪਾਉਣ ਦਾ ਐਲਾਨ ਕਰਦਾ ਹੈ।

ਇਹ ਰਵਾਇਤੀ ਢੰਗ ਤਰੀਕਿਆਂ ਦਾ ਭਾਰਤੀ ਸਿੱਖਿਆ ਪ੍ਰਣਾਲੀ ਵਿਚ ਦਾਖਲਾ ਨੁਕਸਾਨ ਰਹਿਤ ਹੀ ਨਹੀਂ ਸਗੋਂ ਪੱਛਮੀਕਰਨ ਤੋਂ ਛੁਟਕਾਰਾ ਵੀ ਦਿਵਾਉਂਦਾ ਹੈ। ਮੋਦੀ ਦੇ ਆਲੋਚਕ ਵੀ ਇਸ ਭਾਰਤੀ ਗਿਆਨ ਪ੍ਰਬੰਧਕ (IKS) ਤੇ ਕੱਛਾ ਵਜਾਉਂਦੇ ਹਨ। ਉਹ ਦਲੀਲ ਦਿੰਦੇ ਹਨ ਕਿ ਫਿਰ ਵੀ ਵਿਦਿਆਰਥੀ ਆਧੁਨਿਕ ਵਿਸ਼ੇ ਪੜ੍ਹਨਗੇ ਅਤੇ ਵਿਗਿਆਨ ਅਤੇ ਤਕਨੀਕ ਦੀਆਂ ਸੰਸਥਾਵਾਂ ਬੰਦ ਤਾਂ ਨਹੀਂ ਹੋਣ ਲੱਗੀਆਂ। ਫਿਰ ਇਹ ਦੇਸ਼ੀ ਗਿਆਨ ਪ੍ਰਬੰਧ ਦਾ ਕੀ ਨੁਕਸਾਨ ਹੈ?

ਉਹ ਇਹ ਨਹੀਂ ਸਮਝਦੇ ਕਿ ਇਹ ਭਾਰਤੀ ਗਿਆਨ ਪ੍ਰਬੰਧ ਹਿੰਦੂਤਵੀ ਵਿਚਾਰਾਂ ਦਾ ਕਪਟੀ ਘੋੜਾ (Trofan Horsh) ਹੈ। ਭਾਰਤੀ ਗਿਆਨ ਪ੍ਰਬੰਧ ਦਾ ਸਕੂਲੀ ਸਿਲੇਬਸ ਵਿਚ ਦਾਖਲਾ ਅਮਰੀਕਾ ਅੰਦਰ ਬੁਸ਼ ਦੇ ਰਾਜ ਭਾਗ ਸਮੇਂ ਡਾਰਵਿਨ ਦੇ ਵਿਕਾਸਵਾਦ ਦੇ ਨਾਲ-ਨਾਲ ਪ੍ਰਮਾਤਮਾ ਦੁਆਰਾ ਸ੍ਰਿਸ਼ਟੀ ਦੀ ਰਚਨਾ ਦਾ ਸਿਧਾਂਤ ਪੜ੍ਹਾ ਕੇ ਭੰਬਲਭੂਸਾ ਪੈਦਾ ਕਰਨ ਵਾਂਗ ਹੀ ਹੈ। ਅਮਰੀਕਾ ਵਿਚ ਪਹਿਲੀ ਸੋਧ ਹੀ ਧਰਮ ਦੇ ਸਰਕਾਰੀ ਪ੍ਰਬੰਧ ਵਿਚ ਦਾਖਲੇ ਤੇ ਰੋਕ ਲਗਾਉਂਦੀ ਹੈ। ਇਸ ਲਈ ਅਦਾਲਤਾਂ ਨੇ ਇਹ ਕਹਿ ਕੇ ਇਸ ਨੂੰ ਰੱਦ ਕਰ ਦਿੱਤਾ ਹੈ ਕਿ ਇਹ ਸਿਆਣਪ ਵਾਲਾ ਕਾਰਜ ਵਿਗਿਆਨਕ ਨਹੀਂ ਕਿਉਂਕਿ ਇਹ ਬਿਨਾਂ ਸਿੱਧ ਕੀਤੇ ਹੋਏ ਇਸਾਈਅਤ ਦੇ ਪ੍ਰਮਾਤਮਾ ਦੀ ਹੋਂਦ ਨਾਲ ਸਬੰਧਤ ਹੈ। ਭਾਰਤ ਵਿਚ ਅਜਿਹੇ ਹਿੰਦੂਤਵੀ ਗਿਆਨ ਪ੍ਰਬੰਧ ਦੇ ਦਾਖਲੇ 'ਤੇ ਕੋਈ ਰੋਕ ਨਹੀਂ ਜੋ ਸਰਬਵਿਆਪੀ ਅਤੇ ਸਰਬ ਗਿਆਨੀ ਹੈ।

ਨਵੀਂ ਸਿੱਖਿਆ ਨੀਤੀ, ਧਰਮ ਨਿਰਪੱਖ ਸਿੱਖਿਆ ਤੇ ਕੀਤਾ ਚੁੱਪ ਚੁਪੀਤਾ ਹਮਲਾ ਹੈ। ਹਿੰਦੂਤਵੀ ਅਧਿਆਤਮਕ ਦੇ ਟੀਕੇ ਧਰਮ ਨਿਰਪੱਖ ਸੋਚਣੀ ਤੇ ਜੋ ਭਾਰੂ ਨਹੀਂ ਵੀ ਹੁੰਦੇ ਤਾਂ ਵੀ ਸੋਚਣ ਦਾ ਇਕ ਬਦਲਵਾਂ ਢੰਗ ਪੈਦਾ ਕਰਦੇ ਹਨ, ਤਾਂ ਜੋ ਬਦਲਵੀਆਂ ਸੱਚਾਈਆਂ ਸੱਚ ਜਾਪਣ ਲੱਗ ਜਾਣ। 21ਵੀਂ ਸਦੀ ਵਿੱਚ ਵਿਗਿਆਨ ਵਿਚ ਹੋਈਆਂ ਖੋਜੀ ਵੱਡੀਆਂ ਪੁਲਾਂਘਾਂ ਦੇ ਬਾਵਜੂਦ ਅਜਿਹੇ ਨਵੇਂ ਰੱਦ ਕੀਤੇ ਹੋਏ ਢੰਗ ਤਰੀਕੇ ਘੁਸੋੜ ਕੇ ਵਿਗਿਆਨ ਨੂੰ ਨਵੇਂ ਢੰਗ ਨਾਲ ਲਿਖ ਕੇ, ਆਰੀਆ ਭੱਟ ਅਤੇ ਕੌਟੱਲਿਆ ਨੂੰ ਤਾਰਾ ਵਿਗਿਆਨ ਅਤੇ ਅਰਥ ਸ਼ਾਸਤਰ ਦੇ ਪਿਤਾਮਾ ਦੱਸਕੇ ਆਧੁਨਿਕ ਵਿਚਾਰਾਂ ਤੇ ਹਿੰਦੂ ਭਾਰਤ ਦੀ ਚੌਧਰ ਕਾਇਮ ਕੀਤੀ ਜਾਂਦੀ ਹੈ। ਇਸ ਤਰ੍ਹਾਂ ਪ੍ਰਾਚੀਨ ਨੂੰ ਆਧੁਨਿਕ ਦਾ ਸਮਕਾਲੀ ਬਣਾਕੇ ਵਿਦਿਆਰਥੀਆਂ ਵਲੋਂ ਆਲੋਚਨਾਤਮਕ ਢੰਗ ਨਾਲ ਸੋਚਣ ਦੇ ਢੰਗ ਨੂੰ ਮੁੱਢੋਂ ਹੀ ਬੰਦ ਕਰ ਦਿੱਤਾ ਜਾਂਦਾ ਹੈ।

ਇਸ ਤਰ੍ਹਾਂ ਦੀ ਬੌਧਿਕ ਦਖ਼ਲ-ਅੰਦਾਜ਼ੀ ਗੁੱਝੇ ਝੂਠਾਂ ਦੀਆਂ ਜੜ੍ਹਾਂ ਲਾਉਣ ਅਤੇ ਵੱਧਣ ਫੁੱਲਣ ਦੇ ਮੌਕੇ ਪੈਦਾ ਕਰਦੀ ਹੈ। ਅਜਿਹੇ ਵਾਤਾਵਰਣ ਵਿਚ ਝੂਠੇ ਤੱਥਾਂ ਨੂੰ ਜ਼ੋਰ ਦੇ ਕੇ ਵਿਗਿਆਨਕ ਤੱਥ ਬਣਾ ਦਿੱਤਾ ਜਾਂਦਾ ਹੈ। ਕਿਉਂਕਿ ਆਮ ਤੌਰ 'ਤੇ ਭੂਤਕਾਲ ਦੀਆਂ ਯਾਦਾਂ ਮਿੱਥਾਂ ਦੇ ਰੂਪ ਵਿਚ ਯਾਦ ਰੱਖੀਆਂ ਜਾਂਦੀਆਂ ਹਨ। ਅੱਜ ਕੱਲ੍ਹ ਇਹ ਮਿਥਾਂ ਇਤਿਹਾਸ ਬਣ ਗਈਆਂ ਹਨ ਕਿਉਂਕਿ ਇਹ ਸਾਡੇ ਪੁਰਖਿਆਂ ਦਾ ਬੌਧਿਕ ਰਵਾਇਤੀ ਗਿਆਨ ਹੈ। ਇਨ੍ਹਾਂ ਉਪਮਾਵਾਂ (ਸਮਾਨਤਾਵਾਂ) ਅਤੇ ਬੰਧੂਜ਼ (Correspondence) ਨੂੰ ਭਾਰਤੀ ਦਰਸ਼ਨਾਂ ਅੰਦਰ ਸਹੀ ਮੰਨਿਆ ਜਾਂਦਾ ਹੈ। ਵਸਤੂ ਸ਼ਾਸਤਰ ਅਤੇ ਖਗੋਲ ਸ਼ਾਸਤਰ ਜੋ ਇਨ੍ਹਾਂ ਸਮਾਨਤਾਵਾਂ ਅਤੇ ਬੰਧੂਜ਼ ਤੇ ਨਿਰਭਰ ਹਨ ਨੂੰ ਅਸਲੀ ਵਿਗਿਆਨ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਕਿਉਂਕਿ ਵੇਦਾਂ ਅਤੇ ਹੋਰ ਧਾਰਮਿਕ ਪੁਸਤਕਾਂ ਵਿਚ ਲਿਖੇ ਸ਼ਲੋਕਾਂ, ਸ਼ਬਦਾਂ ਅਤੇ ਸ਼ੀਸਤਾਂ ਨੂੰ ਕਿਸੇ ਪ੍ਰਮਾਣ ਦੀ ਲੋੜ ਨਹੀਂ ਹੁੰਦੀ ਇਸ ਲਈ ਇਹ ਸੱਚ ਹੁੰਦੇ ਹਨ।


ਛੋਟੇ-ਵੱਡੇ ਝੂਠਾ ਨੂੰ ਵਿਗਿਆਨਕ ਤੱਥਾਂ ਰਾਹੀਂ ਝੁਠਲਾਇਆ ਜਾ ਸਕਦਾ ਹੈ। ਡੂੰਘੇ, ਗੁੱਝੇ ਝੂਠ ਜੋ ਭਾਰਤੀ ਪ੍ਰੰਪਰਾਵਾਂ ਰਵਾਇਤਾਂ ਰਾਹੀਂ ਪੈਦਾ ਕੀਤੇ ਜਾਂਦੇ ਹਨ, ਨੂੰ ਝੂਠੇ ਸਾਬਤ ਕਰਨਾ ਹਿੰਦੂ ਵਿਚਾਰਾਂ ਨੂੰ ਝੂਠੇ ਸਾਬਤ ਕਰਨਾ ਹੋਵੇਗਾ ਜੋ ਕੋਈ ਵੀ ਕਰਨ ਦਾ ਹੀਆ ਨਹੀਂ ਕਰਦਾ।

ਮੀਰਾ ਨੰਦ ਦੇ ਵਾਇਰ ਵਿਚ ਲਿਖੇ ਆਰਟੀਕਲ ਦਾ ਸੰਖੇਪ ਰੂਪ



Galaxy Kitchen Cabinets Ltd.
Residential & Commercial

• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058

Hans
Demolition & Excavating


* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Ph : 604-240-8002
or : 604-250-3834
Free Estimates
3822 Marine Way
Burnaby, B.C. V5J 3H4


THE HARP GREWAL REAL ESTATE TEAM
ਹਰਪ ਗਰੇਵਾਲ
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC. BROKERAGE
HIGHER STANDARDS

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary


Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313

ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com

202-895 Lawrence Ave E, North York, ON M3C 3L2

GALAXY Frightline inc.
Hiring Drivers/Owners/Operators
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਕੈਲਗਰੀ ਵਿਖੇ ਯਾਦਗਾਰੀ ਨਾਟਕ ਅਤੇ ਪੁਸਤਕ ਮੇਲੇ ਮੌਕੇ ਜੁੜੀ ਇਕੱਤਰਤਾ ਵੱਲੋਂ ਪਾਸ ਮਤੇ



ਗੁਰਸ਼ਰਨ ਭਾਅ ਜੀ ਦੇ ਵਿਛੋੜੇ, ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਦੀ ਪੂਰਵ ਸੰਧਿਆ ਅਤੇ ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ (1925-2025) ਮੌਕੇ ਕੈਲਗਰੀ ਵਿਖੇ ਹੋ ਰਹੇ ਸਾਲਾਨਾ ਸਭਿਆਚਾਰਕ ਯਾਦਗਾਰੀ ਉਤਸ਼ਵ ਮੌਕੇ ਨਿਮਨ ਲਿਖਤ ਮਤੇ ਲੋਕਾਂ ਵੱਲੋਂ ਹੱਥ ਖੜ੍ਹੇ ਕਰਕੇ ਪਾਸ ਕੀਤੇ ਗਏ।

- ਅੱਜ ਦਾ ਸਮਾਗਮ ਕੌਮਾਂਤਰੀ ਮੰਚ 'ਤੇ ਸਭ ਤੋਂ ਸਿਖ਼ਰ ਤੇ ਮਘੇ ਭਖੇ ਫ਼ਲਸਤੀਨ ਦੇ ਹੱਕੀ ਸੰਗਰਾਮ ਦੇ ਹੱਕ 'ਚ ਆਵਾਜ਼ ਬੁਲੰਦ ਕਰਦਾ ਹੈ। ਅਮਰੀਕੀ ਸਾਮਰਾਜੀਆਂ ਤੋਂ ਥਾਪੜਾ ਲੈ ਕੇ ਫ਼ਲਸਤੀਨੀਆਂ ਦੀ ਨਸਲਕੁਸ਼ੀ ਤੇ ਉਤਾਰੂ ਇਜ਼ਰਾਈਲ ਵੱਲੋਂ ਗਾਜ਼ਾ ਤੇ ਮੁਕੰਮਲ ਕਬਜ਼ਾ ਕਰਨਾ ਤੁਰੰਤ ਬੰਦ ਕੀਤਾ ਜਾਏ। ਦੁਨੀਆਂ ਦੇ ਸਾਰੇ ਕਾਇਦੇ ਕਨੂੰਨ ਘੱਟੇ ਰੋਲ ਕੇ, ਲੋਕਾਂ ਨੂੰ ਭੁੱਖੇ, ਤਿਹਾਏ ਮਾਰ ਕੇ ਆਪਣੇ ਹੀ ਦੇਸ਼ ਤੋਂ ਦੇਸ਼ ਨਿਕਾਲਾ ਦੇਣ ਲਈ ਵਹਿਸ਼ੀ ਜ਼ਬਰ ਦੇ ਝੱਖੜ ਝੁਲਾ ਕੇ ਆਪਣਾ ਕਬਜ਼ਾ ਜਮਾਉਣ ਵਾਲੇ ਅਮਰੀਕੀ ਇਜ਼ਰਾਈਲੀ ਧੌਂਸ ਦਾ ਅੱਜ ਦਾ ਇਕੱਠ ਵਿਰੋਧ ਕਰਦਾ ਹੈ।
- ਸਾਮਰਾਜੀ ਕਾਰਪੋਰੇਟ ਘਰਾਣਿਆਂ ਵੱਲੋਂ ਆਪਣੇ ਸੰਕਟ ਨੂੰ ਟਾਲਣ ਅਤੇ ਲੋਕਾਂ ਦਾ ਧਿਆਨ ਅਸਲੀ ਮੁੱਦਿਆਂ ਤੋਂ ਪਾਸੇ ਕਰਨ ਲਈ ਪ੍ਰਵਾਸੀ ਮੁੱਦੇ ਨੂੰ ਹਥਿਆਰ ਵਜੋਂ ਵਰਤੇ ਜਾਣ ਕੌਮਾਂਤਰੀ ਭਾਈਚਾਰੇ ਵਿੱਚ ਨ਼ਫਰਤ, ਦੰਗੇ ਫ਼ਸਾਦ ਭੜਕਾਉਣ ਦੇ ਮਨਸਿਆਂ ਦੀ ਪੂਰਤੀ ਤੋਂ ਚੌਕੰਨੇ ਰਹਿਣ ਦੀ ਜ਼ੋਰਦਾਰ ਅਪੀਲ ਕਰਦਾ ਹੈ ਅੱਜ ਦਾ ਇਕੱਠ।
- ਸਾਡੇ ਮੁਲਕ ਦੇ ਕੌਮੀ ਮੰਚ ਤੇ ਸਭ ਤੋਂ ਵੱਧ ਧਿਆਨ ਖਿੱਚਦੇ ਮੁੱਦੇ ਆਦਿਵਾਸੀਆਂ ਦਾ ਕਤਲੇਆਮ ਅਤੇ ਕਮਿਊਨਿਸਟ ਇਨਕਲਾਬੀਆਂ ਮਾਓਵਾਦੀਆਂ ਦੇ 31 ਮਾਰਚ 2026 ਤੱਕ ਮੁਕੰਮਲ ਸਫਾਏ ਦੇ ਹਕੂਮਤ ਵੱਲੋਂ ਕੀਤੇ ਫਾਸ਼ੀ ਫੁਰਮਾਨਾਂ ਨੂੰ ਸੰਵਿਧਾਨ ਅਤੇ ਜਮਹੂਰੀ ਹੱਕਾਂ ਦਾ ਨੰਗਾ ਚਿੱਟਾ ਘਾਣ ਸਮਝਦਾ ਹੋਇਆ ਅੱਜ ਦਾ ਇਕੱਠ ਅਜੇਹੇ ਫਾਸ਼ੀ ਹੱਲੇ ਬੰਦ ਕਰਨ ਦੀ ਮੰਗ ਕਰਦਾ ਹੈ।
- ਹੜ੍ਹ ਅਤੇ ਜ਼ੋਰਦਾਰ ਮੀਂਹ ਦੇ ਭੰਨੇ ਪੰਜਾਬ ਵਾਸੀਆਂ ਨਾਲ ਗਹਿਰੀ ਹਮਦਰਦੀ ਦਾ ਇਜ਼ਹਾਰ ਕਰਦਾ ਹੋਇਆ ਅੱਜ ਦਾ ਸਮਾਗਮ ਪੀੜਤ ਲੋਕਾਂ ਦੀ ਹਰ ਸੰਭਵ ਮੱਦਦ ਕਰਨ ਦਾ ਵਿਸ਼ਵਾਸ ਦੁਆਉਂਦਾ ਹੈ।
- ਇਹ ਸਮਾਗਮ ਕੇਂਦਰ ਅਤੇ ਪੰਜਾਬ ਹਕੂਮਤ ਕੋਲੋਂ ਪੀੜਤ ਪਰਿਵਾਰਾਂ ਲਈ ਢੁਕਵੇਂ ਮੁਆਵਜ਼ੇ ਅਤੇ ਹਰ ਸੰਭਵ ਸਹਾਇਤਾ ਕਰਨ ਦੀ ਮੰਗ ਕਰਦਾ ਹੈ ।
- ਹੁਸ਼ਿਆਰਪੁਰ ਵਿਖੇ ਬੱਚੇ ਨਾਲ ਵਾਪਰੀ ਦਰਿੰਦਗੀ ਭਰੀ ਘਟਨਾ ਤੇ ਦੁੱਖ਼ ਦਾ ਪ੍ਰਗਟਾਵਾ ਕਰਦਿਆਂ ਦੋਸ਼ੀ ਨੂੰ ਸਖ਼ਤ ਸਜ਼ਾ ਦੇਣ ਦੀ ਮੰਗ ਕਰਦਾ ਅੱਜ ਦਾ ਇਕੱਠ ਇਹ ਵੀ ਸਮਝਦਾ ਹੈ ਕਿ ਕਿਸੇ ਵੀ ਜ਼ੁਰਮ ਦੀ ਸਜ਼ਾ ਲਈ ਕਿਸੇ ਸਮੁੱਚੇ ਭਾਈਚਾਰੇ ਨੂੰ ਨਿਸ਼ਾਨਾ ਬਣਾਉਣਾ ਸਰਾਸਰ ਗਲਤ ਹੈ ਅਤੇ ਇਸਦੇ ਨਤੀਜੇ ਬਹੁਤ ਹੀ ਖ਼ਤਰਨਾਕ ਸਾਬਤ ਹੋਣਗੇ।
- ਅੱਜ ਦਾ ਇਕੱਠ ਕੁੱਲ ਦੁਨੀਆਂ ਅੰਦਰ ਪ੍ਰਵਾਸ ਦੇ ਮੁੱਦੇ ਭੜਕਾਉਣ ਦੀ ਸੋਚੀ ਸਮਝੀ ਨੀਤੀ ਤੋਂ ਖ਼ਬਰਦਾਰ ਰਹਿਣ ਅਤੇ ਆਪਸੀ ਭਾਈਚਾਰਾ ਬਣਾਈ ਰੱਖਣ ਲਈ ਅਪੀਲ ਕਰਦਾ ਹੈ
- ਧੱਕੇ ਨਾਲ ਜ਼ਮੀਨਾਂ ਖੋਹਣ, ਪੰਚਾਇਤੀ ਜ਼ਮੀਨਾਂ ਦਾ ਭੋਗ ਪਾਉਣ ਦੀਆਂ ਨੀਤੀਆਂ ਬੰਦ ਕਰਨ ਦੀ ਮੰਗ ਕਰਦਾ ਹੈ।
- ਬੇਜ਼ਮੀਨੇ ਲੋਕਾਂ ਵੱਲੋਂ ਜ਼ਮੀਨ ਦੇ ਹੱਕ ਦੀ ਕੀਤੀ ਜਾ ਰਹੀ ਮੰਗ ਦੀ ਹਮਾਇਤ ਕਰਦਾ ਹੈ।
- ਅੱਜ ਦਾ ਸਮਾਗਮ ਮੁਲਕ ਅੰਦਰ ਬਿਨਾਂ ਮੁਕੱਦਮਾ ਚਲਾਏ ਇਨਕਲਾਬੀ ਕਾਰਕੁਨਾਂ ਨੂੰ ਵਰ੍ਹਿਆਂ ਤੋਂ ਜੇਲ੍ਹਾਂ ਅੰਦਰ ਤਾੜ ਕੇ ਰੱਖਣਾ ਬੰਦ ਕਰਨ ਅਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਮੂਹ ਕੈਦੀਆਂ ਨੂੰ ਰਿਹਾਅ ਕਰਨ ਦੀ ਮੰਗ ਕਰਦਾ ਹੈ
- ਅੱਜ ਦਾ ਇਕੱਠ ਮੁਲਕ ਦੇ ਚੋਟੀ ਦੇ ਵਿਦਵਾਨਾਂ ਦੀਆਂ ਕਿਤਾਬਾਂ ਉਪਰ ਪਾਬੰਦੀਆਂ ਮੜ੍ਹਨ ਨੂੰ ਖ਼ਤਰਨਾਕ ਅਲਾਰਮ ਸਮਝਦੇ ਹੋਏ ਅਜੇਹੇ ਗੈਰ ਜਮਹੂਰੀ ਕਦਮ ਤੁਰੰਤ ਬੰਦ ਕਰਨ ਦੀ ਮੰਗ ਕਰਦਾ ਹੈ
- ਅਸੀਂ ਸਭ ਮਿਲ ਕੇ ਵਿਚਾਰਾਂ ਦੇ ਪ੍ਰਗਟਾਵੇ ਦੀ ਆਜ਼ਾਦੀ ਦੇ ਗਲ ਗੂਠਾ ਦੇਣ ਦੇ ਗੈਰ ਜਮਹੂਰੀ ਕਦਮਾਂ ਦਾ ਵਿਰੋਧ ਕਰਦੇ ਹਾਂ।
- ਅੱਜ ਦਾ ਇਕੱਠ ਹੱਕ, ਸੱਚ, ਇਨਸਾਫ਼ ਲਈ ਲੰਮੇ ਅਰਸੇ ਤੋਂ ਲੜਦੇ ਆ ਰਹੇ ਵਿਸ਼ੇਸ਼ ਕਰਕੇ ਕਿਸਾਨ ਆਗੂਆਂ ਅਤੇ ਕਾਰਕੁਨਾਂ ਨੂੰ ਹਮਲੇ ਦਾ ਚੋਣਵਾਂ ਨਿਸ਼ਾਨਾ ਬਣਾਏ ਜਾਣ ਲਈ ਪੰਜਾਬ ਅੰਦਰ ਖਿੱਚੀਆਂ ਜਾ ਰਹੀਆਂ ਤਿਆਰੀਆਂ ਬੰਦ ਕਰਨ ਦੀ ਮੰਗ ਕਰਦਾ ਹੈ।

ਇਹ ਮਤੇ 27 ਸਤੰਬਰ 2025 ਨੂੰ ਕੈਲਗਰੀ (ਕੈਨੇਡਾ) ਪ੍ਰੋਗਰੈਸਿਵ ਕਲਾ ਮੰਚ, ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਅਤੇ ਸ਼ਹੀਦ ਭਗਤ ਸਿੰਘ ਪੁਸਤਕ ਮੇਲੇ ਮੌਕੇ ਜੁੜੀ ਇਕੱਤਰਤਾ ਵੱਲੋਂ ਹੱਥ ਖੜ੍ਹੇ ਕਰ ਕੇ ਪਾਸ ਕੀਤੇ ਗਏ।

# ਕਹਾਣੀ ਦੀ ਤਾਕਤ

**ਸਰੀ (ਬੀ.ਸੀ.) ਤੋਂ ਗੁਰਪ੍ਰੀਤ ਸਿੰਘ ਉੱਘੇ ਪੱਤਰਕਾਰ, ਲੇਖਕ ਅਤੇ ਰੈਡੀਕਲ ਦੇਸੀ ਦੇ ਸਹਿ-ਸੰਸਥਾਪਕ ਹਨ। ਉਹ 1 ਅਕਤੂਬਰ 2025 ਨੂੰ ਸ਼ਾਮ 6 ਵਜੇ ਯੂਟਿਊਬ ਉੱਪਰ ਰੋਜ਼ਾਨਾ ਖ਼ਬਰਾਂ ਅਤੇ ਸਮਕਾਲੀ ਮੁੱਦਿਆਂ ਦਾ ਪ੍ਰੋਗਰਾਮ ਸ਼ੁਰੂ ਕਰਨਗੇ।**




-ਗੁਰਪ੍ਰੀਤ ਸਿੰਘ ਕੈਨੇਡਾ

ਕੰਮ ਛੱਡੇ ਨੂੰ ਤਕਰੀਬਨ ਛੇ ਮਹੀਨੇ ਹੋ ਚੁੱਕੇ ਸਨ। ਬਿਨਾ ਕਿਸੇ ਕਮਾਈ ਦੇ ਘਰ ਬੈਠਿਆਂ ਕਈ ਵਾਰੀ ਆਪਣੇ ਆਪ 'ਤੇ ਸ਼ਰਮ ਵੀ ਆਉਣੀ, ਪਰ ਕਰਦਾ ਵੀ ਕੀ? ਜਿੱਥੇ ਕਿਤੇ ਕੋਈ ਨਵੀਂ ਨੌਕਰੀ ਲਈ ਦਸਤਕ ਦਿੱਤੀ ਅੱਗੋਂ ਕੋਈ ਹੁੰਗਾਰਾ ਵੀ ਨਹੀਂ ਸੀ ਮਿਲਦਾ। ਪਿਛਲੇ ਤਿੰਨ ਦਹਾਕਿਆਂ ਤੋਂ ਸਿਰਫ਼ ਅਖ਼ਬਾਰਾਂ ਲਈ ਜਾਂ ਫੇਰ ਕੈਨੇਡਾ ਆਉਣ ਪਿੱਛੋਂ ਰੇਡੀਓ ਸਟੇਸ਼ਨਾਂ 'ਤੇ ਖ਼ਬਰਾਂ ਦੇਣ ਅਤੇ ਗੱਲਬਾਤ ਕਰਨਾ ਹੀ ਜਾਣਦਾ ਸੀ। ਕਈ ਵਾਰ ਇੱਕ ਸਾਥੀ ਪੱਤਰਕਾਰ ਦੀ ਪੁਰਾਣੀ ਟਿੱਚਰ ਵੀ ਚੇਤੇ ਆਉਂਦੀ ਰਹਿੰਦੀ ਹੈ। ਉਹ ਅਕਸਰ ਹੀ ਕਿਹਾ ਕਰਦਾ ਕਿ ਅਸੀਂ ਹੋਰ ਕੁਝ ਕਰਨ ਜੋਗੇ ਵੀ ਤਾਂ ਨਹੀਂ। ਹੈ ਵੀ ਸੱਚ, ਲੋਕਾਂ ਤੇ ਤਵਾ ਲਾਉਣ ਵਾਲਿਆਂ ਨੂੰ ਕੰਮ ਟੁੱਟਣ 'ਤੇ ਕਿਹੜਾ ਮੂੰਹ ਲਾਵੇ!

ਖ਼ੈਰ, ਸਮਾਂ ਤਾਂ ਫੇਰ ਵੀ ਕੱਟਣਾ ਹੀ ਹੁੰਦਾ। ਸੋ ਜਾਂ ਤਾਂ ਸੈਰ ਕਰ ਲਈ, ਬੂਟਿਆਂ ਨੂੰ ਪਾਣੀ ਦੇ ਲਿਆ, ਬੇਟੀ ਨੂੰ ਸਕੂਲ ਛੱਡਣਾ ਅਤੇ ਮਗਰੋਂ ਘਰੇ ਵਾਪਸ ਲਿਆਉਣਾ, ਕੁਝ ਪੜ੍ਹ ਲਿਆ ਜਾਂ ਫੇਰ ਲਿਖ ਲਿਆ ਜਾਂ ਕਦੇ ਕਦੇ ਕੋਈ ਫਿਲਮ ਵੇਖ ਲਈ। ਨਾਲ ਦੀ ਨਾਲ ਕੰਮ ਦੀ ਭਾਲ ਲਈ ਪੂਰਾ ਜ਼ੋਰ ਲਾਈ ਰੱਖਣਾ। ਇਸੇ ਕਸ਼ਮਕਸ਼ ਵਿੱਚ ਇੱਕ ਦਿਨ ਇੱਕ ਨਾਵਲ ਚੁੱਕ ਲਿਆ। ਸੋਚਿਆ ਵੀ ਨਹੀ ਸੀ ਕਿ ਇਸ ਵਿਚਲੀ ਕਹਾਣੀ ਮੇਰੀ ਦਿਸ਼ਾ ਬਦਲ ਦੇਵੇਗੀ। ਪੜ੍ਹਨ ਬੈਠਾ ਤਾਂ ਖੁੱਭ ਹੀ ਗਿਆ। ਨਾਵਲ ਹਿੰਦ-ਪਾਕਿ ਵੰਡ ਦੇ ਦੁਖਾਂਤ ਬਾਰੇ ਸੀ। ਟਾਈਟਲ ਵੀ ਉਸਦਾ ਉਸ ਸਮੇਂ ਹੋਈ ਮਾਰ ਵੱਢ ਦੀ ਨਿਸ਼ਾਨਦੇਹੀ ਕਰਦਾ ਸੀ। "ਰੌਲਿਆਂ ਵੇਲੇ" ਦਾ ਮੁੱਖ ਪਾਤਰ ਵੀ ਗੁਰਪ੍ਰੀਤ ਸੀ, ਜਾਣੀ ਮੇਰੇ ਹੀ ਨਾਂ ਵਾਲਾ ਕਹਾਣੀ ਦਾ ਨਾਇਕ ਜਿਸਦੇ ਸਿਰ ਉੱਪਰ ਆਪਣੇ ਖੋਜ ਦੇ ਕੰਮ ਨੂੰ ਲੈਕੇ ਜਨੂੰਨ ਸਵਾਰ ਰਹਿੰਦਾ। ਉਹ ਦੇਸ਼ ਦੀ ਤਕਸੀਮ ਵੇਲੇ ਹੋਏ ਫਿਰਕੂ ਕਤਲੇਆਮ ਦਾ ਸ਼ਿਕਾਰ ਹੋਣ ਵਾਲਿਆਂ ਦੇ ਦਰਦ ਨੂੰ ਸਮਝਣ ਦੀ ਕੋਸ਼ਿਸ਼ ਕਰਦਾ, ਉਨ੍ਹਾਂ ਦੇ ਅਨੁਭਵ ਕਲਮਬੰਦ ਕਰਦਾ ਅਤੇ ਆਪਣੇ ਯੂਟਿਊਬ ਚੈਨਲ 'ਤੇ ਉਸ ਨਾਲ ਜੁੜੀਆਂ ਯਾਦਾਂ ਨੂੰ ਕੈਮਰੇ ਵਿੱਚ ਸਮੇਟਦਾ। ਉਸਨੂੰ ਇਸ ਗੱਲ ਦਾ ਕੋਈ ਝੋਰਾ ਵੀ ਨਹੀਂ ਸੀ ਕਿ ਉਹ ਇਸ ਕੰਮ 'ਚੋਂ ਕੀ ਕਮਾਏਗਾ ਜਾਂ ਨਹੀਂ। ਬਸ ਆਪਣੀ ਧੁਨ ਵਿੱਚ ਸਵਾਰ। ਉਹ ਤਾਂ ਇਸ ਗੱਲ ਨਾਲ ਵੀ ਕੋਈ ਸਮਝੌਤਾ ਨਹੀਂ ਸੀ ਕਰਦਾ ਕਿ ਪੈਸੇ ਬਣਾਉਣ ਲਈ ਵਿਆਹ ਸ਼ਾਦੀਆਂ ਦੀ ਰਿਕਾਰਡਿੰਗ ਕਰ ਲਵੇ।

ਕਾਫ਼ੀ ਹੱਦ ਤੱਕ ਉਹ ਮੈਨੂੰ ਆਪਣੇ ਹੀ ਵਰਗਾ ਜਾਪਿਆ। ਮੈਂ ਵੀ ਪੱਤਰਕਾਰੀ ਇਸੇ ਜਨੂੰਨ ਨਾਲ ਕਰਦਾ ਰਿਹਾ ਹਾਂ। ਕਹਾਣੀ ਪੜ੍ਹਨ ਤੋਂ ਪਿੱਛੋਂ ਮੇਰੀ ਇਕ ਮੁਸ਼ਕਲ ਤਾਂ ਹੱਲ ਹੋ ਗਈ। ਘੱਟੋ ਘੱਟ ਮੇਰੀ ਮੰਜ਼ਿਲ ਤੈਅ ਹੋ ਗਈ। ਨਾਵਲ ਵਾਲੇ ਗੁਰਪ੍ਰੀਤ ਨੇ ਜਿਵੇਂ ਮੂਹਰੇ ਖੜ੍ਹ ਕੇ ਮੈਨੂੰ ਸ਼ੀਸ਼ਾ ਵਿਖਾ ਦਿੱਤਾ, ਕਿ ਜੇ ਉਹ ਆਪਣੇ ਕੰਮ ਲਈ ਸਮਰਪਿਤ ਹੋ ਸਕਦਾ ਹੈ, ਪੈਸੇ ਧੇਲੇ ਦੀ ਪ੍ਰਵਾਹ ਕੀਤੇ ਬਿਨਾਂ ਤਾਂ ਮੈਂ ਕਿਉਂ ਨਹੀਂ। ਮੈਂ ਕੁਝ ਕੁ ਦਿਨਾਂ ਵਿੱਚ ਹੀ ਆਪਣੇ ਖ਼ਾਸ ਦੋਸਤਾਂ ਨਾਲ ਮਸ਼ਵਰਾ ਕਰਨ ਤੋ ਪਿੱਛੋਂ ਨਿਰਣਾ ਕਰ ਲਿਆ ਕਿ ਬਹੁਤ ਕਰ ਲਈ ਨੌਕਰੀ, ਹੁਣ ਆਪਣਾ ਆਜ਼ਾਦ ਯੂਟਿਊਬ ਚੈਨਲ ਸ਼ੁਰੂ ਕੀਤਾ ਜਾਵੇ। ਮੇਰੀ ਜੀਵਨ ਸਾਥੀ ਰਚਨਾ ਨੇ ਮੇਰੀ ਦੁਚਿੱਤੀ ਬਿਲਕੁਲ ਹੀ ਮੁਕਾ ਦਿੱਤੀ ਜਦੋਂ ਉਸਨੇ ਮੈਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਤੂੰ ਆਪਣਾ ਕੰਮ ਸ਼ੁਰੂ ਕਰ, ਪੈਸੇ ਬਾਅਦ ਵਿੱਚ ਆਉਂਦੇ ਰਹਿਣਗੇ। ਚੈਨਲ ਦੇ ਰਸਮੀ ਤੌਰ 'ਤੇ ਸ਼ੁਰੂ ਹੋਣ ਤੋਂ ਪਹਿਲਾਂ ਮੈਂ ਨਾਵਲ ਦੇ ਲੇਖਕ ਬਲਬੀਰ ਪਰਵਾਨਾ ਨੂੰ ਫ਼ੋਨ ਕਰਕੇ ਉਨ੍ਹਾਂ ਦਾ ਧੰਨਵਾਦ ਕੀਤਾ, ਜਿਸਦੇ ਨਾਵਲ 'ਚੋਂ ਮਿਲੀ ਪ੍ਰੇਰਣਾ ਮੇਰੀ ਅਗਲੀ ਮੰਜ਼ਲ ਤੈਅ ਕਰਨ 'ਚ ਸਹਾਈ ਹੋਈ।

# ਹਿੰਸਾ ਦੀਆਂ ਧਾਰਮਿਕ ਯਾਦਾਂ

## *ਢਾਹਾਂ ਇਨਾਮ ਦੇ ਫਾਈਨਲਿਸਟਾਂ 'ਚ ਸ਼ੁਮਾਰ*

**ਗੁਰਪ੍ਰੀਤ ਸਿੰਘ ਕੈਨੇਡਾ**

'ਰੌਲ਼ਿਆਂ ਵੇਲੇ' (ਅਸ਼ਾਂਤੀ ਦੇ ਸਮੇਂ), ਬਲਬੀਰ ਪਰਵਾਨਾ ਦਾ ਨਾਵਲ, ਇੱਕ ਯੂਟਿਊਬਰ ਦੀ ਕਹਾਣੀ ਹੈ ਜੋ ਭਾਰਤ-ਪਾਕਿਸਤਾਨ ਵੰਡ ਦੀ ਤ੍ਰਾਸਦੀ ਨੂੰ ਦਰਜ ਕਰਨ ਦੀ ਕੋਸ਼ਿਸ਼ ਕਰਦਾ ਹੈ। ਧਰਮ ਦੇ ਆਧਾਰ 'ਤੇ ਹੋਈ ਇਹ ਵੰਡ 1947 'ਚ ਭਾਰਤ ਤੋਂ ਪਾਕਿਸਤਾਨ ਦੇ ਵੱਖ ਹੋਣ ਦਾ ਕਾਰਨ ਬਣੀ। ਇਸ ਕਾਰਨ ਵੱਡੇ ਪੱਧਰ 'ਤੇ ਆਬਾਦੀ ਦਾ ਬਦਲਾਅ ਹੋਇਆ—ਹਿੰਦੂਆਂ ਅਤੇ ਸਿੱਖਾਂ ਨੂੰ ਨਵੇਂ ਬਣੇ ਮੁਸਲਮਾਨ-ਬਹੁਲ ਪਾਕਿਸਤਾਨ ਤੋਂ ਆਪਣੀਆਂ ਜ਼ਮੀਨਾਂ ਛੱਡਣ 'ਤੇ ਮਜਬੂਰ ਹੋਣਾ ਪਿਆ ਅਤੇ ਮੁਸਲਮਾਨਾਂ ਨੂੰ ਭਾਰਤ ਤੋਂ ਹਿੰਸਕ ਢੰਗ ਨਾਲ ਖਦੇੜਿਆ ਗਿਆ।

ਜਿੱਥੇ ਪਾਕਿਸਤਾਨ ਨੇ ਆਪਣੇ ਆਪ ਨੂੰ ਇੱਕ ਇਸਲਾਮੀ ਰਾਜ ਐਲਾਨਿਆਂ, ਓਥੇ ਭਾਰਤ ਧਰਮਨਿਰਪੱਖ ਰਿਹਾ ਅਤੇ ਮੁਸਲਮਾਨਾਂ ਨੂੰ ਆਪਣੀ ਝੋਲੀ 'ਚ ਥਾਂ ਦਿੱਤੀ। ਪਰ ਇਹ ਵੱਖਰੀ ਗੱਲ ਹੈ ਕਿ ਅੱਜ ਭਾਰਤ 'ਚ ਮੁਸਲਮਾਨ ਮੌਜੂਦਾ ਹਿੰਦੂ ਸ੍ਰੇਸ਼ਟਵਾਦੀ ਰਾਜ ਹੇਠ, ਝੂਠੀ ਧਰਮਨਿਰਪੱਖਤਾ ਦੀ ਆੜ 'ਚ, ਹੋਰ ਵੀ ਹਮਲਾਵਰ ਤਰੀਕੇ ਨਾਲ ਜਬਰ-ਜ਼ੁਲਮ ਦਾ ਸ਼ਿਕਾਰ ਹੋ ਰਹੇ ਹਨ। ਭਾਰਤ ਨੇ ਧਾਰਮਿਕ ਘੱਟਗਿਣਤੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਸੱਤਾਧਾਰੀ ਪਾਰਟੀ ਦੀ ਮੱਦਦ ਕਈ ਕਤਲੇਆਮ ਵੇਖੇ ਹਨ।


ਕਹਾਣੀ ਦਾ ਨਾਇਕ, ਗੁਰਪ੍ਰੀਤ ਸਿੰਘ (ਇਸ ਲੇਖ ਦੇ ਲੇਖਕ ਨਾਲ ਕੋਈ ਸੰਬੰਧ ਨਹੀਂ), ਆਪਣੇ ਕੰਮ ਪ੍ਰਤੀ ਬਹੁਤ ਜ਼ਿਆਦਾ ਜਨੂੰਨੀ ਹੈ। ਉਹ 1947 ਦੀ ਉਸ ਹਿੰਸਾ ਨੂੰ ਮੁੜ ਖੰਗਾਲਣ ਦੀ ਕੋਸ਼ਿਸ਼ ਕਰਦਾ ਹੈ, ਜਿਸ 'ਚ ਨਵੀਂ ਬਣੀ ਸਰਹੱਦ ਦੇ ਦੋਵੇਂ ਪਾਸੇ ਹਜ਼ਾਰਾਂ ਮੌਤਾਂ ਅਤੇ ਬਲਾਤਕਾਰ ਹੋਏ ਸਨ। ਉਹ ਗਵਾਹਾਂ ਨਾਲ ਇੰਟਰਵਿਊ ਕਰਦਾ ਹੈ, ਦਸਤਾਵੇਜ਼ ਤੇ ਯਾਦਾਂ ਇਕੱਠੀਆਂ ਕਰਦਾ ਹੈ। ਅਤੇ ਸਵਾਲ ਕਰਦਾ ਹੈ ਕਿ ਇਹ ਇਤਿਹਾਸ ਅਜੇ ਵੀ ਅਸਪਸ਼ਟ ਕਿਉਂ ਹੈ, ਜਦਕਿ ਇਸ ਦੌਰ ਦੀ ਫਿਰਕੂ ਹਿੰਸਾ 'ਚ ਹੀਰੋਸ਼ਿਮਾ ਤੇ ਨਾਗਾਸਾਕੀ ਬੰਬਾਰੀ ਨਾਲੋਂ ਕਿਤੇ ਵੱਧ ਲੋਕ ਮਾਰੇ ਗਏ ਸਨ।

**ਭਾਰਤੀ ਪੰਜਾਬ 'ਚ ਜੜ੍ਹਾਂ ਲੱਭਦੀ ਪਾਕਿਸਤਾਨੀ ਮੁਸਲਮਾਨ** : ਆਪਣੇ ਕੰਮ ਦੌਰਾਨ ਗੁਰਪ੍ਰੀਤ ਦੀ ਮੁਲਾਕਾਤ ਅਬੀਦਾ ਨਾਲ ਹੁੰਦੀ ਹੈ, ਜੋ ਕਿ ਕੈਨੇਡਾ 'ਚ ਰਹਿੰਦੀ ਪਾਕਿਸਤਾਨੀ ਖੋਜਕਰਤਾ ਹੈ। ਸੰਯੋਗ ਨਾਲ, ਅਬੀਦਾ ਦੇ ਪੇਕਾ ਪਰਿਵਾਰ ਦੀਆਂ ਜੜ੍ਹਾਂ ਭਾਰਤੀ ਪੰਜਾਬ ਦੇ ਉਸੇ ਖੇਤਰ 'ਚ ਹਨ, ਜਿੱਥੋਂ ਗੁਰਪ੍ਰੀਤ ਹੈ। ਗੁਰਪ੍ਰੀਤ ਇਹ ਜਾਣਨ ਲਈ ਉਤਸੁਕ ਹੈ ਕਿ ਸਮੇਂ ਦੇ ਨਾਲ ਉਨ੍ਹਾਂ ਦੀ ਪੁਸ਼ਤੈਨੀ ਧਰਤੀ ਦਾ ਭੂਗੋਲ ਕਿਵੇਂ ਬਦਲ ਗਿਆ ਹੈ। ਦੋਵੇਂ ਹੌਲੀ-ਹੌਲੀ ਦੋਸਤ ਬਣਦੇ ਹਨ ਅਤੇ ਰੋਮਾਂਚਕ ਰਿਸ਼ਤਾ ਵੀ ਵਿਕਸਤ ਹੁੰਦਾ ਹੈ। ਅਬੀਦਾ ਭਾਰਤ ਆਉਂਦੀ ਹੈ ਤਾਂ ਜੋ ਆਪਣੀਆਂ ਜੜ੍ਹਾਂ ਨਾਲ ਮੁੜ ਜੁੜ ਸਕੇ।

ਇਹ ਨਾਵਲ ਭਾਰਤ ਅਤੇ ਪਾਕਿਸਤਾਨ ਦਰਮਿਆਨ ਇੱਕ ਵਧੀਆ ਭਵਿੱਖ ਅਤੇ ਅਮਨ ਦੀ ਉਮੀਦ ਪੈਦਾ ਕਰਦਾ ਹੈ, ਜਿਨ੍ਹਾਂ ਨੇ ਪਹਿਲਾਂ ਹੀ ਦੋ ਵੱਡੇ ਯੁੱਧ ਲੜੇ ਹਨ ਅਤੇ ਅਜੇ ਵੀ ਉਨ੍ਹਾਂ ਦੇ ਸੰਬੰਧ ਵੈਰ-ਵਿਰੋਧ ਵਾਲੇ ਹਨ।

ਇਸ ਨਾਵਲ ਵਿਚ ਲੇਖਕ, ਭਾਵੇਂ ਕਿ ਬਹੁਤ ਘੱਟ ਹੀ ਸਹੀ, 1947 ਦੀ ਤ੍ਰਾਸਦੀ ਨੂੰ ਭਾਰਤ ਵਿਚ ਆਜ਼ਾਦੀ ਤੋਂ ਪਿੱਛੋਂ ਹੋਈਆਂ ਫਿਰਕੂ ਹਿੰਸਕ ਘਟਨਾਵਾਂ ਨਾਲ ਜੋੜਨ ਦੀ ਕੋਸ਼ਿਸ਼ ਕਰਦਾ ਹੈ। ਉਹ ਰਾਜਨੀਤਕ ਲੀਡਰਸ਼ਿੱਪ ਦੀ ਉਸ ਮਿਲੀਭੁਗਤ ਦੀ ਛਾਣਬੀਣ ਕਰਦਾ ਹੈ, ਜੋ ਸੱਤਾ ਨੂੰ ਬਰਕਰਾਰ ਰੱਖਣ ਦੀ ਖ਼ਾਤਰ ਲੋਕਾਂ ਦੀਆਂ ਸਭ ਤੋਂ ਨੀਵੀਆਂ ਭਾਵਨਾਵਾਂ ਨੂੰ ਭੜਕਾਉਂਦੀ ਹੈ।

**ਢਾਹਾਂ ਇਨਾਮ ਦੇ ਫਾਈਨਲਿਸਟ** : ਭਾਰਤ 'ਚ ਰਹਿੰਦੇ ਲੇਖਕ ਬਲਵੀਰ ਪਰਵਾਨਾ ਇਸ ਸਾਲ ਦੇ ਢਾਹਾਂ ਪੰਜਾਬੀ ਸਾਹਿਤ ਪੁਰਸਕਾਰ ਦੇ ਤਿੰਨ ਫਾਈਨਲਿਸਟਾਂ 'ਚ ਸ਼ੁਮਾਰ ਹਨ। ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਅਤੇ ਬ੍ਰਿਟਿਸ਼ ਕੋਲੰਬੀਆ




ਯੂਨੀਵਰਸਿਟੀ (ਯੂਬੀਸੀ) ਦੇ ਏਸ਼ੀਆਈ ਅਧਿਐਨ ਵਿਭਾਗ ਨੇ ਇਹ ਇਨਾਮ 2014 'ਚ ਸ਼ੁਰੂ ਕੀਤਾ ਸੀ, ਜਿਸ ਨੂੰ ਵੈਨਕੂਵਰ ਦੇ ਕਾਰੋਬਾਰੀ ਬਰਜ ਢਾਹਾਂ ਨੇ ਵਿੱਤੀ ਸਹਿਯੋਗ ਦਿੱਤਾ।


ਇਸ ਪੁਰਸਕਾਰ ਦਾ ਮਕਸਦ ਭਾਰਤ ਅਤੇ ਪਾਕਿਸਤਾਨ ਤੋਂ ਗੁਰਮੁਖੀ ਅਤੇ ਸ਼ਾਹਮੁਖੀ ਲਿਪੀ 'ਚ ਪ੍ਰਕਾਸ਼ਿਤ ਪੰਜਾਬੀ ਸਾਹਿਤ ਨੂੰ ਉਤਸ਼ਾਹਤ ਕਰਨਾ ਹੈ, ਨਾਲ ਹੀ ਪੰਜਾਬੀ ਪਰਵਾਸੀ ਲੇਖਕਾਂ ਵੱਲੋਂ ਲਿਖੀਆਂ ਰਚਨਾਵਾਂ ਨੂੰ ਵੀ ਸਨਮਾਨਿਤ ਕਰਨਾ ਹੈ। ਇਸ ਸਾਲ ਦੇ ਦੋ ਹੋਰ ਨਾਮਜ਼ਦ ਲੇਖਕ ਹਨ—ਪਾਕਿਸਤਾਨ ਤੋਂ ਮੁਦੱਸਰ ਬਸ਼ੀਰ ਆਪਣੇ ਨਾਵਲ 'ਗੋਇਲ' (ਅਨਮੋਲ ਆਸ਼ਰੇ) ਲਈ ਅਤੇ ਭਾਰਤ ਤੋਂ ਭਗਵੰਤ ਰਸੂਲਪੁਰੀ, ਆਪਣੇ ਨਿੱਕੀਆਂ ਕਹਾਣੀ ਦੇ ਸੰਗ੍ਰਹਿ 'ਡਿਲੀਵਰੀ ਮੈਨ' ਲਈ।

ਜੇਤੂ ਨੂੰ 25,000 ਡਾਲਰ ਦੀ ਰਕਮ ਮਿਲੇਗੀ ਅਤੇ ਦੋ ਉੱਪ-ਜੇਤੂਆਂ ਨੂੰ 10,000-10,000 ਡਾਲਰ ਦਿੱਤੇ ਜਾਣਗੇ। ਜੇਤੂ ਕਿਤਾਬ ਦਾ ਐਲਾਨ 13 ਨਵੰਬਰ ਨੂੰ ਸਰੀ ਵਿਖੇ ਨਾਰਥਵਿਊ ਗੌਲਫ ਐਂਡ ਕਨਟਰੀ ਕਲੱਬ 'ਚ ਕੀਤੀ ਜਾਵੇਗਾ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN
BBB ACCREDITED BUSINESS
www.kraftsmanelectric.ca
kelectric17@gmail.com
778-883-1313

# ਨਵ ਹੈ ਤਾਂ ਊਰਜਾ ਹੈ
# ਨਵ ਹੈ ਤਾਂ ਆਸ ਦੀ ਕਿਰਨ ਹੈ







ਉਹ ਢੁੱਡੀਕਿਆਂ ਦੀ ਧੀ ਐ..ਵੱਡੇ ਇਤਿਹਾਸਕ ਪਿੰਡ ਦੀ ਜਾਈ ਨਵਕਿਰਨਊਰਜਾ ਦਾ ਭੰਡਾਰ ਨਵਕਿਰਨਉਹ ਘਰੋਂ ਰਿਹਰਸਲ ਵੱਲ ਤੁਰੇ ਤਾਂ ਵੀ ਧਮਾਲ ਪੈਂਦੀ ਐ..ਰਿਹਰਸਲ 'ਤੇ ਪਹੁੰਚਦਿਆਂ ਈ ਪਤਾ ਲੱਗੇਗਾ ਕਿ ਕੋਈ ਆ ਗਿਆਤੇ ਜਾਣ ਵੇਲੇ ਵੀਉਹਨੂੰ ਅਦਾਕਾਰੀ ਕਰਨ ਦਾ ਜਨੂਨ ਐ..ਹਸਪਤਾਲ 'ਚ ਨੌਕਰੀ ਕਰਦੀ ਐ, ਸਮਾਂ ਕੱਢਣਾ ਔਖਾ ਐ ਪਰ ਉਹ ਵਲ ਫੇਰ ਪਾ ਕੇ ਕਿਵੇਂ ਨਾ ਕਿਵੇਂ ਆ ਪਹੁੰਚੇਗੀਉਹਦਾ ਸੀਨ ਆਏਗਾ, ਉਹਨੂੰ ਕਾਹਲ ਪਏਗੀ..ਇੱਕ ਅੱਖ ਮੇਰੇ ਵੱਲ ਰੱਖੇਗੀ..ਮੈਂ ਚੁੱਪ ਚਾਪ ਦੇਖਾਂ, ਤਾਂ ਵਿੱਚੋਂ ਰੁਕ ਕੇ ਖੁਦ ਈ ਪੁੱਛੇਗੀ; ਵੀਰ ਜੀ ਮੈਂ ਠੀਕ ਕਰ ਰਹੀ ਆਂ!.. ਉਦੋਂ ਉਹ ਬਾਹਲੀ ਮਾਸੂਮ ਲਗਦੀ ਆਨਵ ਮਾਸੂਮ ਹੈ ਵੀ..ਜ਼ਿੰਦਗੀ ਦੇ ਨਿੱਕੇ ਨਿੱਕੇ ਚਾਅ ਪਾਲਦੀ..ਆਪਣੇ ਘਰ ਨੂੰ ਸਜਾ ਕੇ ਰੱਖਣ ਦਾ ਉਹਨੂੰ ਝੱਲ ਐ..ਸਤੰਬਰ 'ਚ ਘਰ 'ਚ ਸੋਫਿਆਂ ਗੱਦੀਆਂ ਦਾ ਰੰਗ ਹੋਰ ਰੱਖੇਗੀ, ਫਰਵਰੀ 'ਚ ਹੋਰ, ਜੂਨ 'ਚ ਹੋਰ ਕੁੜੀਆਂ ਲਈ ਘਰ ਦੇ ਮਾਅਨੇ ਬਹੁਤ ਵੱਡੇ ਹੁੰਦੇ ਨੇ, ਉਹ ਘਰ ਨੂੰ ਵੀ ਜੁਆਕ ਵਾਂਗ ਪਾਲਦੀਆਂ ਨਵਕਿਰਨ ਵੀ ਆਪਣੇ ਦੋਵੇਂ ਜੁਆਕਾਂ ਸਮੇਤ ਘਰ ਪਾਲਦੀ ਹੈ!

ਨਵ ਨੂੰ ਜ਼ੋਰ ਨਾਲ ਪੈਰ ਧਰਤ 'ਤੇ ਮਾਰਨ ਦੀ ਆਦਤ ਐ ਉਹਦੇ ਪੈਰਾਂ ਦੇ ਖੜਾਕ ਤੋਂ ਪਤਾ ਲੱਗ ਜਾਂਦਾ ਕਿ ਉਹ ਪੌੜੀਆਂ ਉੱਤਰ ਕੇ ਆ ਰਹੀ ਐ..ਐਕਟਿੰਗ ਕਰਦਿਆਂ ਵੀ ਉਹਨੂੰ ਜ਼ੋਰ ਲਾਉਣ ਦੀ ਆਦਤ ਐਮੈਂ ਸਹਿਜ ਅਦਾਕਾਰੀ ਪਸੰਦ ਕਰਦਾਂ, ਉਹ ਸਮਝਦੀ ਹੈਜਿਵੇਂ ਮੈਂ ਚਾਹ ਰਿਹਾ ਹਾਂ, ਉਵੇਂ ਕਰਨ ਲਈ ਮਿਹਨਤ ਕਰਦੀ ਐ..ਸਿੱਖ ਕੇ ਕਰ ਦਿੰਦੀ ਐ..ਪਰ ਫੇਰ ਜੁਆਕਾਂ ਵਾਂਗ ਜ਼ਿੱਦ ਕਰੇਗੀ; ਵੀਰ ਜੀ, ਇੱਕ ਵਾਰ ਫੇਰ ਦੇਖ ਲਓ! ਮੈਂ ਆਖਾਂਗਾ ਕਿ ਹੁਣ ਸਹੀ ਐ ਉਹ ਹਠ ਕਰੇਗੀ; ਇੱਕ ਵਾਰ!ਮੈਨੂੰ ਪਤਾ ਹੁੰਦਾ ਕਿ ਹੁਣ ਕੀ ਹੋਵੇਗਾ ਓਹੀ ਹੋਏਗਾ..ਉਹ ਫਿਰ ਖਰਾਬ ਕਰ ਬਹੇਗੀ.. ਮੈਨੂੰ ਗੁੱਸਾ ਨਹੀਂ, ਪਿਆਰ ਆਏਗਾ.. ਉਸ ਨੂੰ ਕੁਝ ਦੇਰ ਆਰਾਮ ਕਰਨ ਲਈ ਕਹਾਂਗਾ..ਪਰ ਮਿੰਟ ਕੁ ਬਾਅਦ ਦੇਖਾਂਗਾ ਕਿ ਉਹਨੇ ਮੈਨੂੰ ਛੱਡ ਕਮਲ ਨੂੰ ਫੜ ਲਿਆ ਹੈ?

ਉਹਦੇ ਕੋਲ ਵੱਖਰੀ ਟੋਨ ਵਾਲੀ ਆਵਾਜ਼ ਐ..ਉਹ ਆਵਾਜ਼ ਦਰਸ਼ਕ ਕੋਲ ਸਿੱਧੀ ਨਹੀਂ ਆਉਂਦੀ, ਬਾਜ਼ੀਆਂ ਪਾਉਂਦੀ ਹੋਈ ਪਹੁੰਚਦੀ ਐ 'ਬੇਸਮੈਂਟ 'ਚ ਤਰੇੜ ਹੈ!' ਨਾਟਕ ਵਿਚ ਉਸ ਦੀ ਐਂਟਰੀ ਕਿਸੇ ਹੱਸਦੇ ਮੇਲ੍ਹਦੇ ਵਾਵਰੋਲੇ ਵਾਂਗ ਹੁੰਦੀ ਐਹਰ ਦਰਦ ਨੂੰ ਫੂਕ ਮਾਰ ਉਡਾ ਦੇਣ ਵਾਲੀ ਐਂਟਰੀ..ਪਰ ਜਦੋਂ ਉਹਦੀ ਕਮਜ਼ੋਰ ਰਗ ਜਾਗਦੀ ਹੈ ਤਾਂ ਤੂਫਾਨ ਆਉਂਦਾ ਹੈ ਉਦੋਂ ਨਵਕਿਰਨ ਦਾ ਸਰੀਰ ਤੇ ਮਨ ਇਕਸੁਰ ਹੋ ਕੇ ਜੋ ਰਾਗ ਛੇੜਦਾ ਹੈ, ਦਰਸ਼ਕ ਯਕੀਨਨ ਕੁਰਸੀ ਦੀ ਢੋਅ ਤੋਂ ਅੱਗੇ ਸਰਕੇਗਾ, ਕੁਰਸੀ ਦੀ ਨੁੱਕਰ ਵਲ ਨਵਕਿਰਨ ਦੀ ਧਮਾਲ ਦੇਖਣ ਲਈ!

ਪਹਿਲੇ ਦੋ ਸਾਲ ਮੈਂ ਮਾਸਟਰ ਭਜਨ ਸਿੰਘ ਕੋਲ ਰੁਕਿਆ ਸੀ..ਨਵ ਨੇ ਮੈਨੂੰ ਰਿਹਰਸਲ ਲਈ ਕਮਲ ਦੇ ਘਰ ਲੈ ਕੇ ਆਉਣਾ ਹੁੰਦਾ ਸੀ..ਉਹ ਲੇਟ ਪਹੁੰਚਣ ਲਈ ਪ੍ਰਸਿੱਧ ਹੋ ਚੁਕੀ ਸੀ ਪਰ ਮੈਂ ਘੁੰਡੀ ਬੁੱਝ ਲਈ ਸੀ..ਤੇ ਉਸ ਸਾਲ ਦੋ ਹਫਤੇ 'ਚ ਇਕ ਵਾਰ ਵੀ ਨਵਕਿਰਨ ਲੇਟ ਨਹੀਂ ਸੀ ਹੋਈ..ਰਿਹਰਸਲ ਦੀ ਸਪੇਸ 'ਤੇ ਸਭ ਤੋਂ ਪਹਿਲਾਂ ਅਸੀਂ ਦੋਵੇਂ ਪਹੁੰਚਦੇ ਸੀ..ਏਸ ਵਾਰ ਉਸ ਨੂੰ ਫੇਰ ਦੇਰ ਹੋ ਜਾਂਦੀ ਐ?..ਪਰ ਉਹ ਸਮਰਪਿਤ ਹੈ..ਦੇਰ ਕੱਢ ਦਿੰਦੀ ਹੈ..ਉਹ ਕਦੇ ਆਖੇਗੀ; ਤੁਹਾਨੂੰ ਅੰਕਲ ਕਹਾਂ! ਮੈਂ ਉਹਦੇ ਵਾਂਗ ਜ਼ਿੱਦ ਕਰਾਂਗਾ; ਨਹੀਂ, ਤੇਰੇ ਮੂਹੋਂ ਵੀਰ ਜੀ ਵਧੀਆ ਲਗਦੈ!..ਉਹ ਮੰਨ ਜਾਂਦੀ ਹੈ..ਉਹਦਾ ਜੀਵਨ ਸਾਥੀ ਜਸ਼ਨ ਵੀ ਤਾਂ ਮੈਨੂੰ ਵੀਰ ਜੀ ਕਹਿੰਦੈ!.. ਨਵਕਿਰਨ ਲਈ ਮੇਰੇ ਦਿਲ 'ਚੋਂ ਅਕਸਰ ਹੀ ਬਹੁਤ ਭਰਵੀਂ ਦੁਆ ਨਿਕਲਦੀ ਐ , 'ਏਸ ਕੁੜੀ ਦੇ ਆਲੇ ਦੁਆਲੇ ਖੁਸ਼ੀਆਂ ਦਾ ਵਾਸਾ ਰਹੇਨਵ ਨਿਵੇਕਲੀ ਐਨਵ ਕਿਰਨ ਐ..ਆਸ ਦੀ ਕਿਰਨਰੌਸ਼ਨ ਰਹੇ..ਰੌਸ਼ਨੀ ਵੰਡਦੀ ਰਹੇ!' ਦੁਆ ਕਾਮਯਾਬ ਹੋਵੇਗੀ..ਨਵਕਿਰਨ ਜ਼ਿੰਦਾਬਾਦ!

**ਨਵ ਦਾ ਵੀਰ (ਅੰਕਲ ਨਹੀਂ)**
**ਸਾਹਿਬ ਸਿੰਘ**

# ਗੁਰਸ਼ਰਨ ਸਿੰਘ ਯਾਦਗਾਰੀ ਲੈਕਚਰ ਕਮੇਟੀ ਵਲੋਂ ਇਨਾਮ ਜੇਤੂ ਦਸਤਾਵੇਜ਼ੀ ਫਿਲਮ 'ਇਨਕਲਾਬ ਦੀ ਖੇਤੀ' 5 ਅਕਤੂਬਰ ਨੂੰ ਸਰੀ ਵਿੱਚ ਦਿਖਾਈ ਜਾਵੇਗੀ

**ਸਾਧੂ ਬਿਨਿੰਗ**
**sadhu.binning@gmail.com**

ਇਨਕਲਾਬ ਦੀ ਖੇਤੀ (ਫਾਰਮਿੰਗ ਦਾ ਰੈਵੋਲਿਊਸ਼ਨ) ਭਾਰਤੀ ਸਰਕਾਰ ਦੇ ਨਿਆਂਹੀਣ ਖੇਤੀਬਾੜੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੇ ਸਾਲ ਭਰ ਚੱਲੇ ਮਹਾਨ ਅੰਦੋਲਨ (2020-21) ਉੱਤੇ ਨਿਰਦੇਸ਼ਕ ਨਿਸ਼ਠਾ ਜੇਨ ਵਲੋਂ ਬਣਾਈ ਇੱਕ ਦਸਤਾਵੇਜ਼ੀ ਫਿਲਮ ਹੈ ਜੋ ਹੁਣ ਤੱਕ ਕਈ ਇਨਾਮ ਜਿੱਤ ਚੁੱਕੀ ਹੈ। ਇਹ ਫਿਲਮ ਗੁਰਸ਼ਰਨ ਸਿੰਘ ਯਾਦਗਾਰੀ ਲੈਕਚਰ ਕਮੇਟੀ ਵਲੋਂ 5 ਅਕਤੂਬਰ ਨੂੰ ਸਰੀ ਵਿੱਚ ਦਿਖਾਈ ਜਾਵੇਗੀ।

ਭਾਰਤ ਦੀ ਅਮੀਰ ਜਮਾਤ ਲਈ ਕੰਮ ਕਰਨ ਵਾਲੀ ਭਾਰਤੀ ਸਰਕਾਰ ਨੇ ਗਰੀਬ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਲਈ ਤਿੰਨ ਨਵੇਂ ਕਾਨੂੰਨ ਬਣਾਏ ਸਨ। ਭਾਰਤੀ ਕਿਸਾਨਾਂ ਨੇ, ਤੇ ਖਾਸ ਕਰ ਪੰਜਾਬੀ ਕਿਸਾਨਾਂ ਨੇ, ਇਨ੍ਹਾਂ ਕਾਨੂੰਨਾਂ ਨੂੰ ਰੱਦ ਕਰਾਉਣ ਦਾ ਬੀੜਾ ਚੁੱਕਿਆ। ਕੋਵਿਡ ਮਹਾਂਮਾਰੀ ਦੇ ਲਾਕਡਾਊਨ ਸਮੇਂ ਦੌਰਾਨ ਹਰ ਕਿਸਮ ਦੇ ਤਸੀਹਿਆਂ ਵਰਗੇ ਮੌਸਮ ਅਤੇ ਸਰਕਾਰੀ ਤਾਕਤਾਂ ਵਲੋਂ ਕੀਤੀ ਹਰ ਕਿਸਮ ਦੀ ਹਿੰਸਾ ਦਾ ਮੁਕਾਬਲਾ ਕਰਦੇ ਹੋਏ ਲੱਖਾਂ ਦੀ ਗਿਣਤੀ ਵਿੱਚ ਕਿਸਾਨ ਆਪਣੇ ਘਰ-ਬਾਰ ਛੱਡ ਕੇ ਦਿੱਲੀ ਦੀ ਸਰਹੱਦ 'ਤੇ ਤੰਬੂ ਗੱਡ ਕੇ ਆਪਣੀਆਂ ਮੰਗਾਂ ਮੰਨਵਾਉਣ ਲਈ ਡਟੇ ਰਹੇ। ਦਿੱਲੀ ਦੇ ਬਾਹਰ ਸੜਕਾਂ 'ਤੇ ਕਿਸਾਨ ਸਾਲ ਤੋਂ ਵੱਧ ਸਮੇਂ ਲਈ ਆਪਣੇ ਨਿਸ਼ਾਨੇ ਲਈ ਦ੍ਰਿੜਤਾ ਨਾਲ ਲੜਦੇ ਰਹੇ, ਜਦ ਤੱਕ ਸਰਕਾਰ ਨੇ ਉਹ ਨਿਆਂਹੀਣ ਖੇਤੀਬਾੜੀ ਕਾਨੂੰਨ ਵਾਪਸ ਨਹੀਂ ਲਏ। ਹਰ ਉਮਰ, ਧਰਮ, ਜਮਾਤ ਅਤੇ ਜਾਤ ਦੇ ਮਰਦ ਔਰਤ ਕਿਸਾਨਾਂ ਵਲੋਂ ਲੜਿਆ ਇਹ ਘੋਲ਼ ਆਪਣੀ ਮਿਸਾਲ ਕਾਇਮ ਕਰ ਗਿਆ। ਭਾਰਤ ਦੇ ਇਤਿਹਾਸ ਵਿੱਚ ਇਹ ਘੋਲ਼ ਸਭ ਤੋਂ ਵੱਡਾ, ਤੇ ਲੰਮੇ ਸਮੇਂ ਲਈ ਸ਼ਾਂਤਮਈ ਢੰਗ ਨਾਲ ਚੱਲਿਆ ਘੋਲ਼ ਸਾਬਤ ਹੋਇਆ ਜੋ ਮਹਾਤਮਾ ਗਾਂਧੀ ਦੇ ਇਤਿਹਾਸਿਕ ਡੰਡੀ ਮਾਰਚ ਤੋਂ ਵੀ ਅੱਗੇ ਨਿਕਲ ਗਿਆ।

ਇਹ ਦਸਤਾਵੇਜ਼ੀ ਫਿਲਮ ਕਿਸਾਨਾਂ ਵਲੋਂ ਲੜੇ ਇਸ ਸ਼ਾਨਦਾਰ ਘੋਲ ਨੂੰ ਸ਼ਕਤੀਸ਼ਾਲੀ ਅਤੇ ਭਾਵਪੂਰਤ ਢੰਗ ਨਾਲ ਰਿਕਾਰਡ ਕਰਦੀ ਹੈ, ਜੋ ਉਨ੍ਹਾਂ ਨੇ ਭਾਰਤੀ ਸਰਕਾਰ ਵਲੋਂ ਅਬਾਨੀ ਅਤੇ ਅਡਾਨੀ ਵਰਗੇ ਕਰੋਨੀ ਪੂੰਜੀਵਾਦੀਆਂ ਦੇ ਹੱਕ ਵਿੱਚ ਬਣਾਏ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਲੜਿਆ।



ਫਿਲਮ ਦੀ ਨਿਰਦੇਸ਼ਕ ਨਿਸ਼ਠਾ ਜੇਨ ਸਾਰਾ ਸਮਾਂ ਕਿਸਾਨਾਂ ਦੇ ਘੋਲ਼ ਵਿਚ ਸ਼ਾਮਲ ਰਹੀ ਤੇ ਉਨ੍ਹਾਂ ਦੇ ਸੰਘਰਸ਼ ਨੂੰ ਰੀਕਾਰਡ ਕਰਦੀ ਰਹੀ। ਉਹਨੇ 600 ਘੰਟੇ ਤੋਂ ਵੱਧ ਸਮੇਂ ਦੀ ਰੀਕਾਰਡਿੰਗ ਕੀਤੀ। ਇਸ ਫਿਲਮ ਨੇ ਹੁਣ ਤੱਕ ਕਈ ਵਧੀਆ ਇਨਾਮ ਹਾਸਿਲ ਕੀਤੇ ਹਨ, ਸਣੇ, ਟਰਾਂਟੋ ਦੇ 2024 ਹੌਟਡੌਕਸ ਫੈਸਟੀਵਲ ਤੋਂ ਬੈਸਟ ਇੰਟਰਨੈਸ਼ਨਲ ਫੀਚਰ ਡਾਕੂਮੈਂਟਰੀ ਫਿਲਮ ਅਵਾਰਡ ਦੇ।

**ਫਿਲਮ ਦਾ ਸਮਾਂ ਤੇ ਸਥਾਨ:** ਐਤਵਾਰ, 5 ਅਕਤੂਬਰ, 2025, ਸ਼ਾਮ 3.00 ਵਜੇ, ਸਰੀ ਦੇ ਐਸ ਐਫ ਯੂ ਕੈਂਪਸ ਦਾ ਕਮਰਾ sryc2600 (ਪ੍ਰੋਸਪੇਰਾ ਕ੍ਰੈਡਿਟ ਯੂਨੀਅਨ ਥੀਏਟਰ) 250-13450 102 ਐਵੀਨਿਊ ਸਰੀ, ਬੀ.ਸੀ.

ਇਸ ਫਿਲਮ ਦੇ ਸ਼ੋਅ ਦੀ ਕੋਈ ਟਿਕਟ ਨਹੀਂ। ਫਿਲਮ ਦੇ ਸ਼ੋਅ ਬਾਅਦ ਇਸ ਦੀ ਡਾਇਰੈਕਟਰ ਨਿਸ਼ਠਾ ਜੇਨ ਨਾਲ ਵਿਚਾਰ ਵਟਾਂਦਰੇ ਲਈ ਸਮਾਂ ਹੋਵੇਗਾ ਜੋ ਕਿ ਭਾਰਤ ਤੋਂ ਵਿਸ਼ੇਸ਼ ਇਸ ਸ਼ੋਅ ਵਿੱਚ ਹਿੱਸਾ ਲੈਣ ਲਈ ਆ ਰਹੀ ਹੈ।

ਕਿਸਾਨਾਂ ਦੇ ਇਸ ਮਹਾਨ ਸੰਘਰਸ਼ ਨੂੰ ਕਨੇਡਾ ਦੇ ਸਾਊਥ ਏਸ਼ੀਅਨ ਭਾਈਚਾਰੇ ਅਤੇ ਕਨੇਡਾ ਦੀਆਂ ਟਰੇਡ ਯੂਨੀਅਨਾਂ ਸਣੇ, ਕਨੇਡੀਅਨ ਲੇਬਰ ਕਾਊਂਸਲ, ਬੀ ਸੀ ਫੈਡਰੇਸ਼ਨ ਆਫ ਲੇਬਰ, ਬੀ ਸੀ ਟੀਚਰ'ਜ਼ ਫੈਡਰੇਸ਼ਨ ਅਤੇ ਯੂਨੀਫਰ ਵਲੋਂ ਬਹੁਤ ਸਹਿਯੋਗ ਮਿਲਿਆ।

ਜਿਹੜੇ ਟਰੇਡ ਯੂਨੀਅਨ ਆਗੂਆਂ ਵਲੋਂ ਕਿਸਾਨਾਂ ਦੀ ਜੱਦੋ ਜਹਿਦ ਨੂੰ ਸਹਾਇਤਾ ਦਿੱਤੀ ਗਈ ਸਣੇ, ਸੁਜ਼ੈਨ ਸਕਿੱਡਮੋਰ, ਬੀ ਸੀ ਫੈਡਰੇਸ਼ਨ ਆਫ ਲੇਬਰ ਦੀ ਪ੍ਰੈਜ਼ੀਡੈਂਟ, ਅਤੇ ਹਰਮਿੰਦਰ ਸਿੰਘ ਕੈਲੇ, ਬੀ ਸੀ ਫੈਡਰੇਸ਼ਨ ਆਫ ਲੇਬਰ ਦੇ ਸਕੱਤਰ-ਖਜਾਨਚੀ, ਅਕਤੂਬਰ 5 ਨੂੰ ਫਿਲਮ ਦੇ ਸ਼ੋਅ ਵਿੱਚ ਸ਼ਾਮਲ ਹੋਣਗੇ। ਸੁਜ਼ੈਨ ਸਕਿੱਡਮੋਰ ਤਾਂ ਫਿਲਮ ਸ਼ੋਅ ਦੇ ਅਖੀਰ ਵਿਚ ਕੁਝ ਦੇਰ ਲਈ ਬੋਲੇਗੀ ਵੀ।

ਇਹ ਫਿਲਮ ਦਿਖਾਉਣ ਦੇ ਸਹਿਯੋਗੀ ਸਪਾਂਸਰ ਹਨ: ਇੰਸਟੀਚਿਊਟ ਫਾਰ ਦਾ ਹਿਊਮੈਨੀਟੀਜ਼ (SFU), ਡਾਕਟਰ ਹਰੀ ਸ਼ਰਮਾ ਫਾਊਂਡੇਸ਼ਨ ਅਤੇ ਸਾਊਥ ਏਸ਼ੀਅਨ ਨੈੱਟਵਰਕ ਫਾਰ ਸੈਕੂਲਰਇਜ਼ਮ ਐਂਡ ਡੈਮੋਕਰੇਸੀ (SANSAD)




DM TRANSPORT

ace ACI US & Canada Bonded

**Bob Dhaliwal**
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8

Email : bob@dmtransport.ca
Web : www.dmtransport.ca

**Hiring AZ drivers and owner operator**







**Description**
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
**What we are offering:**
• Great Pay • Great work environment • Consistent work & and miles! • Scale bypass
**Requirements for our AZ Truck Driver positions:**
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032



ਡਾ. ਸੁਖਦੇਵ ਸਿੰਘ ਝੰਡ
647-567-9128

# ਆਰਟੀਫ਼ਿਸ਼ੀਅਲ ਇੰਟੈਲੀਜੈਂਸ ਸੰਵਾਰਨ ਦੇ ਨਾਲ ਕਿੰਨਾ ਕੁਝ ਵਿਗਾੜੇਗੀ ਵੀ...

ਆਰਟੀਫ਼ਿਸ਼ੀਅਲ ਇੰਟੈਲੀਜੈਂਸ (ਏ.ਆਈ.) ਦੀ ਚਰਚਾ ਅੱਜਕੱਲ੍ਹ ਸਾਰੇ ਪਾਸੇ ਹੋ ਰਹੀ ਹੈ। ਇਹ ਮਨੁੱਖੀ ਸੋਚ ਦੀ 'ਹਾਣੀ' ਬਣਦੀ ਜਾ ਰਹੀ ਹੈ। ਕੇਵਲ 'ਹਾਣੀ' ਹੀ ਨਹੀਂ, ਕਈ ਖ਼ੇਤਰਾਂ ਵਿੱਚ ਤਾਂ ਇਹ ਉਸ ਤੋਂ ਅੱਗੇ ਵੀ ਲੰਘਣ ਦੀ ਕੋਸ਼ਿਸ਼ ਕਰ ਰਹੀ ਹੈ। ਵਿਗਿਆਨੀਆਂ ਵੱਲੋਂ ਇਸ ਨੂੰ ਮਨੁੱਖ ਦੇ 'ਸਹਾਇਕ' ਵਜੋਂ ਹੋਂਦ ਵਿੱਚ ਲਿਆਂਦਾ ਗਿਆ ਸੀ ਪਰ ਇਹ ਹੁਣ ਉਸ ਤੋਂ ਅੱਗੇ ਵੱਡੀਆਂ ਪੁਲਾਂਘਾਂ ਮਾਰ ਰਹੀ ਹੈ। ਵੱਡੀਆਂ-ਵੱਡੀਆਂ ਫ਼ੈਕਟਰੀਆਂ ਅਤੇ ਵੇਅਰ-ਹਾਊਸਾਂ ਵਿੱਚ 'ਰੋਬੋਟ' ਵਾਰ-ਵਾਰ ਦੁਹਰਾਏ ਜਾਣ ਵਾਲੇ ਕੰਮਾਂ (Repetitive Jobs) ਲਈ ਵਰਤੋਂ ਵਿੱਚ ਲਿਆਂਦੇ ਗਏ ਸਨ ਅਤੇ ਇਨ੍ਹਾਂ ਦੇ ਨਾਲ ਭਾਰੇ ਕੰਮ ਬੜੀ ਆਸਾਨੀ ਨਾਲ ਅਤੇ ਬੜੇ ਘੱਟ ਸਮੇਂ ਵਿੱਚ ਹੋਣ ਲੱਗ ਪਏ। ਇਸ ਨੇ ਹੁਣ ਮਨੁੱਖ ਦੀ ਰੋਜ਼ਾਨਾ ਜੀਵਨ-ਸ਼ੈਲੀ ਵਿੱਚ ਵੀ ਦਖ਼ਲ ਦੇਣਾ ਆਰੰਭ ਕਰ ਦਿੱਤਾ। ਏ.ਆਈ ਦੀ ਵਰਤੋਂ ਨਾਲ ਇਨ੍ਹਾਂ ਰੋਬੋਟਾਂ ਵਿੱਚ ਮਨੁੱਖ ਵਾਂਗ ਸੋਚਣ ਦੀ ਸ਼ਕਤੀ ਵੀ ਆ ਗਈ ਹੈ ਅਤੇ ਆਪਣੀ ਇਸ 'ਬਨਾਉਟੀ-ਬੁੱਧੀ' ਨਾਲ ਇਹ ਮਨੁੱਖ ਦੀ ਆਵਾਜ਼ ਸੁਣ ਕੇ ਉਸਦੇ ਵੱਲੋਂ ਦਿੱਤੇ ਗਏ ਹੁਕਮਾਂ ਦੀ ਪਾਲਣਾ ਵੀ ਕਰਨ ਲੱਗ ਪਏ ਹਨ। ਐਮਾਜ਼ੋਨ ਦੀ 'ਈਕੋ ਅਲੈਕਸਾ' (Echo Alexa) ਇਸ ਦੀ ਸੱਭ ਤੋਂ ਵਧੀਆ ਉਦਾਹਰਨ ਹੈ। ਇਸ ਤਰ੍ਹਾਂ ਰੋਬੋਟ ਹੁਣ 'ਏ.ਆਈ. ਅਸਿਸਟੈਂਟ' ਦੇ ਰੂਪ ਵਿੱਚ ਮਨੁੱਖ ਦਾ 'ਨਿੱਜੀ ਸਹਾਇਕ' ਬਣ ਗਿਆ ਹੈ ਅਤੇ ਇਹ ਉਸਦੇ ਨਿੱਤ ਵਰਤੋਂ ਦੇ ਕੰਮ ਬੜੇ ਵਧੀਆ ਢੰਗ ਨਾਲ ਕਰਨ ਲੱਗ ਪਿਆ ਹੈ।

**ਏ.ਆਈ ਮਨੁੱਖ ਲਈ ਲਾਹੇਵੰਦ** : ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਏ.ਆਈ. ਮਨੁੱਖ ਲਈ ਬੜੀ ਫ਼ਾਇਦੇਮੰਦ ਹੈ। ਇਸ ਦੀ ਵਰਤੋਂ ਜੇਕਰ ਸਹੀ ਤਰੀਕੇ ਨਾਲ ਸਹੀ ਦਿਸ਼ਾ ਵਿੱਚ ਕੀਤੀ ਜਾਏ ਤਾਂ ਇਹ ਮਨੁੱਖ ਲਈ ਵਰਦਾਨ ਹੈ। ਜਿਵੇਂ ਕਿ ਉੱਪਰ ਦੱਸਿਆ ਗਿਆ ਹੈ ਕਿ ਰੋਬੋਟਾਂ ਨੇ ਸੱਭ ਤੋਂ ਪਹਿਲਾਂ ਫ਼ੈਕਟਰੀਆਂ ਤੇ ਵੇਅਰਹਾਊਸਾਂ ਵਿੱਚ ਭਾਰਾ ਅਤੇ ਵਾਰ-ਵਾਰ ਕੀਤਾ ਜਾਣ ਵਾਲਾ ਕੰਮ ਸੰਭਾਲਿਆ ਅਤੇ ਹੁਣ ਇਹ ਰੋਬੋਟ ਹੋਰ ਬਹੁਤ ਸਾਰੇ ਕੰਮਾਂ ਲਈ ਵਰਤੇ ਜਾ ਰਹੇ ਹਨ। 'ਬਨਾਉਟੀ ਬੁੱਧੀ' ਜਾਂ 'ਮਸਨੂਈ ਸੋਚ' ਵਾਲੇ ਰੋਬੋਟ ਜਿੱਥੇ ਮਨੁੱਖ ਦੀ ਰਸੋਈ ਵਿੱਚ ਸੁਆਦਲੇ ਖਾਣੇ ਬਨਾਉਣ ਦੇ ਕੰਮ-ਕਾਜ ਬਹੁਤ ਵਧੀਆ ਢੰਗ ਨਾਲ ਕਰ ਰਹੇ ਹਨ, ਉੱਥੇ ਇਹ ਉਸਦੀ ਕਾਰ ਦੇ 'ਡਰਾਈਵਰ' ਵੀ ਬਣ ਗਏ ਹਨ। ਹੈਰਾਨੀ ਦੀ ਗੱਲ ਹੈ ਕਿ ਇਕੱਤਰ ਹੋਏ 'ਡੇਟੇ' ਅਤੇ ਆਪਣੀ 'ਮਸਨੂਈ ਬੁੱਧੀ' ਨਾਲ ਇਹ ਰੋਬੋਟ ਹੁਣ ਮਨੁੱਖ ਲਈ ਕਵਿਤਾਵਾਂ, ਗੀਤ, ਕਹਾਣੀਆਂ ਅਤੇ ਜਾਣਕਾਰੀ ਭਰਪੂਰ ਲੋੜੀਂਦੇ ਆਰਟੀਕਲ ਲਿਖਣ ਲੱਗ ਪਿਆ ਹੈ, ਸੰਗੀਤ ਦੀਆਂ ਧੁਨਾਂ ਵੀ ਤਿਆਰ ਕਰ ਰਿਹਾ ਹੈ ਅਤੇ ਇਸ ਨੇ ਤਸਵੀਰਾਂ ਵੀ ਬਨਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਮਨੁੱਖ ਦੇ ਕਹਿਣ 'ਤੇ ਇਹ ਉਸ ਦੇ ਹੁਕਮਾਂ ਦੀ ਪੂਰੀ ਤਰ੍ਹਾਂ ਪਾਲਣਾ ਵੀ ਕਰਨ ਲੱਗ ਪਿਆ ਹੈ। ਡਾਕਟਰਾਂ ਦੀ ਥਾਂ ਇਹ ਮਰੀਜ਼ਾਂ ਨੂੰ ਦਵਾਈਆਂ ਦੇਣ ਲੱਗ ਪਿਆ ਹੈ ਅਤੇ ਮਨ-ਪਸੰਦ ਥਾਵਾਂ ਉੱਪਰ ਜਾਣ ਲਈ ਲੋਕਾਂ ਨੂੰ ਸਲਾਹਾਂ ਵੀ ਦੇਣ ਲੱਗ ਪਿਆ ਹੈ।

**ਇਹ ਏ.ਆਈ. ਹੈ ਕੀ ਬਲਾਅ ?**

ਆਓ! ਪਹਿਲਾਂ ਵੇਖੀਏ ਕਿ ਇਹ ਏ.ਆਈ. ਹੈ ਕਿਹੜੀ 'ਬਲਾਅ' ਜੋ ਅੱਜਕੱਲ੍ਹ ਮਨੁੱਖੀ ਜੀਵਨ ਵਿੱਚ ਏਨੀ ਅਹਿਮੀਅਤ ਹਾਸਲ ਕਰ ਰਹੀ ਹੈ। ਮਨੁੱਖੀ ਦਿਮਾਗ ਨੇ ਕੰਪਿਊਟਰ ਮਸ਼ੀਨਾਂ ਦੀ ਸੋਧ-ਸੁਧਾਈ ਕਰਕੇ ਉਨ੍ਹਾਂ ਦੀ ਨਵੇਂ ਸਿਰਿਉਂ ਪ੍ਰੋਗਰਾਮਿੰਗ ਕਰਕੇ ਉਨ੍ਹਾਂ ਵਿੱਚ ਸੋਚਣ ਦੀ ਅਜਿਹੀ ਸ਼ਕਤੀ ਪਾ ਦਿੱਤੀ ਹੈ ਕਿ ਉਹ ਹੁਣ ਉਸਦੇ ਵਾਂਗ ਹੀ ਸੋਚਣ ਦਾ ਕੰਮ ਵੀ ਕਰਨ ਲੱਗ ਪਈਆਂ ਹਨ। ਇਸ ਨੂੰ ਉਸਦੇ ਵੱਲੋਂ 'ਮਸਨੂਈ ਬੁੱਧੀ' (ਆਰਟੀਫ਼ਿਸ਼ੀਅਲ ਇੰਟੈਲੀਜੈਂਸ) ਦਾ ਨਾਂ ਦਿੱਤਾ ਗਿਆ ਅਤੇ ਇਸ ਦਾ ਛੋਟਾ ਨਾਂ 'ਏ.ਆਈ.' ਰੱਖਿਆ ਗਿਆ ਹੈ ਤਾਂ ਜੋ ਇਹ ਜਲਦੀ ਲੋਕਾਂ ਦੇ ਮੂੰਹ ਚੜ੍ਹ ਜਾਏ। ਇਹ ਏ.ਆਈ. ਹੁਣ ਮਨੁੱਖ ਵਾਂਗ ਹੀ ਸੋਚ ਸਕਦੀ ਹੈ ਅਤੇ ਵੱਖ-ਵੱਖ ਫ਼ੈਸਲੇ ਲੈ ਸਕਦੀ ਹੈ। ਇਹ ਪਹਿਲਾਂ ਤੋਂ ਇਕੱਤਰਿਤ 'ਡੇਟੇ' ਤੋਂ ਲੋੜੀਂਦੀ ਜਾਣਕਾਰੀ ਹਾਸਲ ਕਰਦੀ ਹੈ ਅਤੇ ਅੱਗੋਂ ਲੋੜ ਅਨੁਸਾਰ ਉਸ ਦੀ ਵਰਤੋਂ ਕਰਦੀ ਹੈ। ਇਹ ਮਨੁੱਖੀ ਸਮੱਸਿਆਵਾਂ ਨੂੰ ਸਮਝ ਸਕਦੀ ਹੈ ਅਤੇ ਉਨ੍ਹਾਂ ਦੇ ਹੱਲ ਕੱਢ ਸਕਦੀ ਹੈ। ਇਹ ਮਨੁੱਖ ਦੀ ਬੋਲੀ ਤੇ ਉਸ ਦੀ ਭਾਸ਼ਾ ਨੂੰ ਸਮਝ ਕੇ ਉਸ ਦੇ ਯੋਗ ਉੱਤਰ ਦੇ ਸਕਦੀ ਹੈ। ਇਸ ਤਰ੍ਹਾਂ ਇਹ ਮਨੁੱਖ ਦੀ ਵਧੀਆ 'ਸਾਥੀ' ਤੇ 'ਸਲਾਹਕਾਰ' ਸਾਬਤ ਹੋ ਸਕਦੀ ਹੈ।

**ਏ.ਆਈ. ਦਾ ਸੰਖੇਪ ਇਤਿਹਾਸ** : ਅਮਰੀਕਾ ਦੇ ਸ਼ਹਿਰ ਬੋਸਟਨ ਵਿੱਚ 4 ਸਤੰਬਰ 1927 ਨੂੰ ਜਨਮੇਂ ਜੌਹਨ ਮੈਕਕਾਰਥੀ ਜਿਸ ਨੇ ਹਿਸਾਬ ਦੇ 'ਪ੍ਰੋਜੈੱਕਸ਼ਨ ਆਪਰੇਟਰਜ਼ ਐਂਡ ਪਾਰਸ਼ਲ ਡਿਫ਼ਰੈਂਸ਼ੀਅਲ ਇਕੁਏਸ਼ਨਜ਼' ਵਿਸ਼ੇ ਉੱਪਰ ਪ੍ਰਿੰਸਟਨ ਯੂਨੀਵਰਸਿਟੀ ਤੋਂ 1951 ਵਿੱਚ ਪੀਐੱਚ.ਡੀ. ਕੀਤੀ, ਕੰਪਿਊਟਰ ਸਾਇੰਸ ਉੱਪਰ ਕੰਮ ਕਰਨ ਵਾਲੇ ਮੋਢੀ ਵਿਗਿਆਨੀਆਂ ਵਿੱਚੋਂ ਇੱਕ ਹੈ। ਉਸ ਨੇ 1955 ਵਿੱਚ ਟਰਮ 'ਆਰਟੀਫ਼ਿਸ਼ੀਅਲ ਇੰਟੈਲੀਜੈਂਸ' ਈਜਾਦ ਕੀਤੀ ਸੀ। ਮਾਰਚ 1956 ਵਿੱਚ ਹੋਈ 'ਡਾਰਟਮਾਊਥ ਕਾਨਫ਼ਰੰਸ' ਵਿੱਚ ਉਸ ਨੇ ਇਸਦੇ ਬਾਰੇ ਆਪਣੇ ਵਿਗਿਆਨੀ ਸਾਥੀਆਂ ਐਲਨ ਟੂਰਿੰਗ, ਮਾਰਵਿਨ ਮਿਨਸਕੀ, ਐਲਨ ਨਿਊਵੈੱਲ ਅਤੇ ਹਰਬਰਟ ਏ. ਸਾਈਮਨ ਨਾਲ ਵਿਚਾਰ ਸਾਂਝਾ ਕੀਤਾ। 1960'ਵਿਆਂ ਤੇ 1970'ਵਿਆਂ ਵਿੱਚ ਜੌਹਨ ਮੈਕਕਾਰਥੀ ਨੇ ਏ.ਆਈ. ਉੱਪਰ ਮੁੱਢਲੀ ਖੋਜ ਕੀਤੀ। 1980'ਵਿਆਂ ਵਿੱਚ ਜਪਾਨ ਸਰਕਾਰ ਵੱਲੋਂ ਮਿਲੀ ਵਿੱਤੀ ਸਹਾਇਤਾ ਨਾਲ ਵਿਗਿਆਨੀਆਂ ਵੱਲੋਂ ਕਈ 'ਐਕਸਪਰਟ ਸਿਸਟਮਜ਼' ਲਿਆਂਦੇ ਗਏ ਜਿਨ੍ਹਾਂ ਨਾਲ ਏ.ਆਈ. ਨੂੰ ਚੰਗਾ ਹੁਲਾਰਾ ਮਿਲਿਆ। 2000 ਦੇ ਸ਼ੁਰੂ ਵਿੱਚ 'ਮਸ਼ੀਨ ਲਰਨਿੰਗ' ਨੂੰ ਅਕਾਦਮਿਕ ਅਤੇ ਉਦਯੋਗਾਂ ਦੀਆਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਵਰਤਿਆ ਜਾਣ ਲੱਗਿਆ ਜਿਸ ਦੇ ਫਲਸਰੂਪ ਕਈ ਕਿਸਮ ਦੇ ਰਿਬੋਟ ਤਿਆਰ ਕੀਤੇ ਗਏ। ਇਸ ਤੋਂ ਬਾਅਦ 'ਡੀਪ ਲਰਨਿੰਗ' ਰਾਹੀਂ 2017 ਵਿੱਚ 'ਜਨਰਲ ਏ.ਆਈ.' ਦੀ ਸ਼ੁਰੂਆਤ ਹੋਈ ਜਿਸ ਨੇ ਏ.ਆਈ. ਦੇ ਖ਼ੇਤਰ ਵਿੱਚ ਆਪਣੀ ਵਧੀਆ ਜਗ੍ਹਾ ਬਣਾ ਲਈ ਅਤੇ ਹੁਣ ਏ.ਆਈ. ਦਾ 'ਅਜੋਕਾ ਜਾਦੂ' ਮਨੁੱਖਤਾ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਇਸ ਦੇ ਬਾਰੇ ਬਹੁਤ ਸਾਰੀਆਂ ਪੁਸਤਕਾਂ ਛਪੀਆਂ ਹਨ। ਇਸ ਸਾਲ 2025 ਵਿੱਚ ਡਾ. ਡੀ.ਪੀ. ਸਿੰਘ ਦੀ ਪੁਸਤਕ 'ਈਕੋਜ਼ ਆਫ਼ ਏ ਡਿਜੀਟਲ ਡਾਅਨ : ਏ.ਆਈ'ਜ਼ ਟਰਾਇੰਫ਼ਸ ਐਂਡ ਟਰਾਇਲਜ਼' ਆਈ ਹੈ ਜਿਸ ਵਿੱਚ ਉਨ੍ਹਾਂ ਨੇ 18 ਕਲਪਿਤ ਕਹਾਣੀਆਂ ਰਾਹੀਂ ਆਉਂਦੇ 40-50 ਸਾਲਾਂ ਵਿੱਚ ਹੋਣ ਵਾਲੀ ਏ.ਆਈ. ਦੀ ਚੰਗੀ ਤੇ ਮਾੜੀ ਦੋਹਾਂ ਤਰ੍ਹਾਂ ਦੀ ਵਰਤੋਂ ਨੂੰ ਬਾਖ਼ੂਬੀ ਦਰਸਾਇਆ ਹੈ।

**ਏ.ਆਈ. ਦੀਆਂ ਕਿਸਮਾਂ** : ਇਹ ਏ.ਆਈ. ਤਿੰਨ ਤਰ੍ਹਾਂ ਦੀ ਹੈ। ਪਹਿਲੀ ਕਿਸਮ ਦੀ ਏ.ਆਈ. ਕਾਫ਼ੀ ਕਮਜ਼ੋਰ ਗਿਣੀ ਜਾਂਦੀ ਹੈ ਅਤੇ ਇਹ ਕੇਵਲ ਵਾਰ-ਵਾਰ ਕੀਤੇ ਜਾਣ ਵਾਲੇ ਕੁਝ ਸੀਮਤ ਕੰਮ ਹੀ ਕਰ ਸਕਦੀ ਹੈ। ਇਸ ਦੀ ਦੂਸਰੀ ਕਿਸਮ 'ਜਨਰਲ ਏ.ਆਈ.' ਹੈ ਜਿਸ ਵਿੱਚ ਮਨੁੱਖੀ ਵਾਂਗ ਸਾਰੇ ਕੰਮ ਕਰਨ ਦੀ ਸਮਰੱਥਾ ਹੈ। ਇਸ ਲਈ ਇਸ ਨੂੰ 'ਮਜ਼ਬੂਤ ਏ.ਆਈ.' ਦਾ ਨਾਂ ਦਿੱਤਾ ਗਿਆ ਹੈ। ਤੀਸਰੀ ਕਿਸਮ 'ਸੁਪਰ ਏ.ਆਈ.' ਹੈ ਜੋ ਮਨੁੱਖੀ ਬੁੱਧੀ ਤੋਂ ਵੀ ਅੱਗੇ ਸੋਚ ਸਕਦੀ ਹੈ ਅਤੇ ਕਿਸੇ ਵੀ ਬੌਧਿਕ ਕੰਮ ਨੂੰ ਕਰਨ ਦੇ ਸਮਰੱਥ ਹੈ। ਇਨ੍ਹਾਂ ਕਠਨ ਕਾਰਜਾਂ ਵਿੱਚ ਸਮੱਸਿਆਵਾਂ ਦੇ ਹੱਲ ਕੱਢਣੇ, ਵੱਖ-ਵੱਖ ਤਰ੍ਹਾਂ ਦੇ ਫ਼ੈਸਲੇ ਲੈਣੇ ਅਤੇ ਉਨ੍ਹਾਂ ਦਾ ਵਿਸਥਾਰ ਬਿਆਨ ਕਰਨੇ, ਆਦਿ ਸ਼ਾਮਲ ਹਨ। ਪਹਿਲੀਆਂ ਦੋ ਕਿਸਮਾਂ ਮਨੁੱਖ ਲਈ ਲਾਭਕਾਰੀ ਹਨ ਪਰ ਤੀਸਰੀ ਕਿਸਮ ਦੀ ਸੁਪਰ ਏ.ਆਈ. ਦੀ ਵਰਤੋਂ ਫ਼ਾਇਦੇਮੰਦ ਹੋਣ ਦੇ ਨਾਲ ਨਾਲ ਨੁਕਸਾਨਦਾਇਕ ਵੀ ਸਾਬਤ ਹੋ ਸਕਦੀ ਹੈ। ਉਸ ਦਾ ਕਾਰਨ ਹੈ ਕਿ ਕੁਝ ਵਿਨਾਸ਼ਕਾਰੀ ਬੁੱਧੀ ਵਾਲੇ ਲੋਕਾਂ ਵੱਲੋਂ ਇਸ ਦੀ ਵਰਤੋਂ ਮਾੜੇ ਕੰਮਾਂ ਲਈ ਵੀ ਕੀਤੀ ਜਾ ਰਹੀ ਹੈ ਜਿਸ ਦਾ ਮਨੁੱਖਤਾ ਨੂੰ ਨੁਕਸਾਨ ਹੋ ਸਕਦਾ ਹੈ ਅਤੇ ਇਹ ਕਾਫ਼ੀ ਹੱਦ ਤੱਕ ਹੋ ਵੀ ਰਿਹਾ ਹੈ।




**ਏ.ਆਈ ਦੀ ਦੁਰਵਰਤੋਂ ਖ਼ਤਰਨਾਕ** : ਏ.ਆਈ. ਤਕਨਾਲੌਜੀ ਦੇ ਜਿੱਥੇ ਲਾਭ ਹਨ, ਉੱਥੇ ਇਸ ਦੇ ਕਈ ਨੁਕਸਾਨ ਵੀ ਵੇਖਣ ਵਿੱਚ ਆ ਰਹੇ ਹਨ। ਇਹ ਨੁਕਸਾਨ ਉਦੋਂ ਹੁੰਦੇ ਹਨ ਜਦੋਂ ਇਸ ਦੀ ਵਰਤੋਂ ਮਾੜੇ ਕੰਮਾਂ ਲਈ ਕੀਤੀ ਜਾਂਦੀ ਹੈ ਅਤੇ ਏ.ਆਈ. ਦੀ ਦੁਰਵਰਤੋਂ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਮਨੁੱਖ ਵੱਲੋਂ ਇਸ ਦੇ ਸਿਸਟਮ ਮਾੜੇ ਮੰਤਵਾਂ ਲਈ ਜਾਂ ਇਹ ਗ਼ਲਤ ਢੰਗਾਂ ਨਾਲ ਵਰਤੇ ਜਾਂਦੇ ਹਨ। ਗ਼ਲਤ ਢੰਗਾਂ ਵਾਲੀ ਗੱਲ ਤਾਂ ਸਮਝ ਵਿੱਚ ਆਉਂਦੀ ਹੈ ਕਿ ਇਨਸਾਨੀ ਗ਼ਲਤੀ ਨਾਲ ਕੋਈ ਮਾੜੀ ਘਟਨਾ ਕਿਸੇ ਕਾਰਨ ਕਿਸੇ ਵੀ ਸਮੇਂ ਅਚਾਨਕ ਵਾਪਰ ਸਕਦੀ ਹੈ ਪਰ ਮਾੜੇ ਮੰਤਵ ਜਾਂ ਉਦੇਸ਼ ਨਾਲ ਇਸ ਦੀ ਵਰਤੋਂ ਕੁਝ ਲੋਕਾਂ ਵੱਲੋਂ ਜਾਣ ਬੁੱਝ ਕੇ ਕੀਤੀ ਜਾਂਦੀ ਹੈ ਅਤੇ ਇਸ ਨੂੰ ਗ਼ਲਤੀ ਨਹੀਂ, ਸਗੋਂ ਗੰਭੀਰ 'ਅਪਰਾਧ' ਕਹਿਣਾ ਬਣਦਾ ਹੈ, ਕਿਉਂਕਿ ਅਜਿਹਾ ਮਾੜਾ ਕੰਮ ਉਨ੍ਹਾਂ ਅਪਰਾਧੀਆਂ ਵਾਲਿਆਂ ਵੱਲੋਂ ਮਾੜੇ ਇਰਾਦੇ ਨਾਲ ਕਿਸੇ ਨੂੰ ਨੁਕਸਾਨ ਪਹੁੰਚਾਉਣ ਲਈ ਕੀਤਾ ਜਾਂਦਾ ਹੈ।

**ਡਰੋਨਾਂ ਦੀ ਖੁੱਲ੍ਹੀ-ਡੁੱਲ੍ਹੀ ਵਰਤੋਂ** : ਏ.ਆਈ. ਦੀ ਬਨਾਉਟੀ ਅਕਲ ਵਾਲੇ ਡਰੋਨ ਵੱਖ-ਵੱਖ ਦੇਸ਼ਾਂ ਦੀਆਂ ਸਰਹੱਦਾਂ ਦੇ ਆਰ-ਪਾਰ ਨਸ਼ੀਲੇ ਪਦਾਰਥਾਂ ਦੀ ਤਸਕਰੀ ਲਈ ਵਰਤੇ ਜਾ ਰਹੇ ਹਨ। ਹੈ। ਭਾਰਤ-ਪਾਕਿਸਤਾਨ ਦੀ ਸਰਹੱਦ ਉੱਪਰ ਇਨ੍ਹਾਂ ਡਰੋਨਾਂ ਦੀ ਵਰਤੋਂ ਇਸ ਕੰਮ ਲਈ ਆਮ ਹੀ ਵੇਖੀ ਜਾ ਰਹੀ ਹੈ। ਹੋਰ ਦੇਸ਼ਾਂ ਦੀਆਂ ਸਰਹੱਦਾਂ ਉੱਪਰ ਵੀ ਇਹ ਹੁੰਦੀ ਹੋਵੇਗੀ। ਇੱਥੇ ਹੀ ਬੱਸ ਨਹੀਂ, ਫ਼ੌਜੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਹੁਣ ਇਹ 'ਡਰੋਨ' ਹੁਣ ਦੁਸ਼ਮਣ ਦੇ ਇਲਾਕੇ ਵਿੱਚ ਜਾ ਕੇ ਬੰਬ ਸੁੱਟ ਰਹੇ ਹਨ। ਰੂਸ ਤੇ ਯੂਕਰੇਨ ਦੀ ਲੜਾਈ ਵਿੱਚ ਇਹ ਵੱਡੀ ਗਿਣਤੀ ਵਿੱਚ ਵਰਤੇ ਜਾ ਰਹੇ ਹਨ। 'ਅਪਰੇਸ਼ਨ ਸੰਧੂਰ' ਦੌਰਾਨ ਭਾਰਤ ਵੱਲੋਂ ਪਾਕਿਸਤਾਨ ਦੇ ਕਥਿਤ ਅੱਤਵਾਦੀਆਂ ਦੇ ਸਿਖਲਾਈ ਕੇਂਦਰਾਂ ਉੱਪਰ ਬੰਬਾਰੀ ਕਰਨ ਲਈ ਅਜਿਹੇ ਡਰੋਨਾਂ ਦੀ ਵਰਤੋਂ ਕੀਤੀ ਗਈ ਹੈ। ਭਵਿੱਖ ਵਿੱਚ ਹੋਣ ਵਾਲੇ ਸੰਭਾਵਿਤ 'ਤੀਸਰੇ ਵਿਸ਼ਵ ਯੁੱਧ' ਦੂਰ ਮਾਰ ਕਰਨ ਵਾਲੀਆਂ ਏ.ਆਈ. 'ਏ.ਆਈ. ਗਾਈਡਿਡ-ਮਿਜ਼ਾਈਲਾਂ' (A I Guided Missiles) ਰਾਹੀਂ ਹਜ਼ਾਰਾਂ ਮੀਲ ਦੂਰ ਜਾ ਕੇ ਦੁਸ਼ਮਣ ਦੇਸ਼ਾਂ ਵਿੱਚ ਬੰਬ ਸੁੱਟਣ ਦੇ ਅਭਿਆਸ ਵੀ ਕੀਤੇ ਜਾ ਰਹੇ ਹਨ। ਅਸੀਂ ਵੇਖਦੇ ਹਾਂ ਕਿ ਜੰਗਾਂ-ਯੁੱਧਾਂ ਮਾਰੂ ਹਥਿਆਰਾਂ ਨੂੰ ਯੁੱਧ ਖ਼ੇਤਰ ਵਿੱਚ ਅੱਗੇ ਲਿਜਾਣ ਲਈ ਡਰੋਨਾਂ ਦੀ ਖੁੱਲ੍ਹੀ-ਡੁੱਲ੍ਹੀ ਵਰਤੋਂ ਕੀਤੀ ਜਾ ਰਹੀ ਹੈ।

**ਸਾਈਬਰ ਹਮਲੇ** : ਸਾਈਬਰ ਹਮਲਿਆਂ ਦੀ ਚਰਚਾ ਅੱਜਕੱਲ੍ਹ ਚਾਰੇ ਪਾਸੇ ਸੁਣਾਈ ਦੇ ਰਹੀ ਹੈ। ਦੁਨੀਆਂ-ਭਰ ਦੇ ਦੇਸ਼ਾਂ ਵਿੱਚ ਕਈ ਪ੍ਰਕਾਰ ਦੇ ਸਾਈਬਰ ਹਮਲੇ ਕੀਤੇ ਅਤੇ ਕਰਵਾਏ ਜਾ ਰਹੇ ਹਨ। ਇਹ ਸਾਈਬਰ ਹਮਲੇ ਕਿਸੇ ਵੀ ਦੂਰੀ ਧਿਰ ਵੱਲੋਂ ਕੰਪਿਊਟਰੀ ਉਪਕਰਣਾਂ ਦਾ ਗ਼ੈਰ-ਮਨਜ਼ੂਰਸ਼ੁਦਾ ਢੰਗ ਨਾਲ ਡਾਟਾ ਚੁਰਾਉਣ, ਉਸ ਨੂੰ ਬਦਲਣ ਜਾਂ ਉਸ ਵਿੱਚ ਕੋਈ ਵਿਘਨ ਪਾਉਣ ਦਾ ਘਟੀਆ 'ਕਾਰਾ' ਹੈ ਜੋ ਉਸ ਦੇ ਵੱਲੋਂ ਨੁਕਸਾਨ ਕਰਨ ਦੇ ਇਰਾਦੇ ਨਾਲ ਜਾਣ-ਬੁੱਝ ਕੇ ਕੀਤਾ ਜਾਂਦਾ ਹੈ। ਇਹ ਕਾਰਾ ਕਰਨ ਵਾਲੇ ਇਸ ਕੰਮ ਲਈ 'ਮਾਲਵੇਅਰ ਅਟੈਕ', 'ਸੋਸ਼ਲ ਇੰਜੀਨੀਅਰਿੰਗ ਸਕੈਮ' ਅਤੇ 'ਪਾਸਵਰਲਡ ਚੋਰੀ ਕਰਨ' ਵਰਗੇ ਘਟੀਆ 'ਹਥਿਆਰ' ਵਰਤਦੇ ਹਨ। ਇਹ ਸਾਈਬਰ ਹਮਲੇ ਲੋਕਾਂ ਅਤੇ ਕੰਪਨੀਆਂ ਦੇ ਵੱਡੇ-ਵੱਡੇ ਬਿਜ਼ਨੈੱਸ ਵੀ ਤਬਾਹ ਕਰ ਦਿੰਦੇ ਹਨ। ਇਨ੍ਹਾਂ ਹਮਲਿਆਂ ਦੇ ਕਾਰਨ ਅਪਰਾਧਕ, ਸਿਆਸੀ ਅਤੇ ਨਿੱਜੀ ਕੋਈ ਵੀ ਹੋ ਸਕਦੇ ਹਨ। ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੀ ਰੂਸ-ਯੂਕਰੇਨ ਜੰਗ ਵਿੱਚ ਹਵਾਈ ਅਤੇ ਜ਼ਮੀਨੀ ਹਮਲਿਆਂ ਤੋਂ ਪਹਿਲਾਂ ਇੱਕ ਦੂਸਰੇ ਵੱਲੋਂ ਵੱਡੀ ਗਿਣਤੀ ਵਿੱਚ ਸਾਈਬਰ ਹਮਲੇ ਹੀ ਕੀਤੇ ਗਏ ਸਨ ਜਿਨ੍ਹਾਂ ਰਾਹੀਂ ਇੱਕ ਦੂਸਰੇ ਦੇਸ਼ ਦੇ 'ਡਾਟੇ' ਦੀ ਚੋਰੀ ਕੀਤੀ ਗਈ। ਬਾਅਦ ਵਿੱਚ ਇਹ 'ਜੰਗ' ਜ਼ਮੀਨੀ ਪੱਧਰ 'ਤੇ ਭਖ਼ ਪਈ ਸੀ।

**ਫ਼ਰਾਡ ਤੇ ਸਕੈਮ** : ਏ.ਆਈ. ਦੀ ਦੁਰਵਰਤੋਂ ਸਦਕਾ ਅੱਜਕੱਲ੍ਹ ਕਈ ਤਰ੍ਹਾਂ ਦੇ ਫ਼ਰਾਡ ਅਤੇ ਸਕੈਮ ਚੱਲ ਰਹੇ ਹਨ ਜਿਨ੍ਹਾਂ ਦੇ ਨਾਲ ਲੋਕਾਂ ਦਾ ਨਾ ਕੇਵਲ ਮਾਲੀ ਨੁਕਸਾਨ ਹੀ ਹੁੰਦਾ ਹੈ, ਸਗੋਂ ਇਨ੍ਹਾਂ ਨਾਲ ਉਨ੍ਹਾਂ ਨੂੰ ਕਈ ਕਿਸਮ ਦੀਆਂ ਮਾਨਸਿਕ ਪ੍ਰੇਸ਼ਾਨੀਆਂ ਵਿੱਚੋਂ ਵੀ ਗੁਜ਼ਰਨਾ ਪੈਂਦਾ ਹੈ। ਏ.ਆਈਂ ਨਾਲ ਕਲੋਨ ਕੀਤੀ ਗਈ ਆਵਾਜ਼ ਵਿੱਚ ਕਈ ਲੋਕਾਂ ਨੂੰ ਫ਼ੋਨ ਆਉਂਦੇ ਹਨ ਜੋ ਉਨ੍ਹਾਂ ਨੂੰ ਬਿਲਕੁਲ 'ਸਹੀ' ਲੱਗਦੇ ਹਨ ਪਰ ਹੁੰਦੇ ਉਹ ਫ਼ਰਾਡੀਏ ਕਿਸਮ ਦੇ ਲੋਕਾਂ ਦੇ ਹਨ ਜੋ ਉਨ੍ਹਾਂ ਕੋਲੋਂ ਕਿਸੇ ਗੰਭੀਰ ਮੰਤਵ ਲਈ ਪੈਸੇ ਵਗ਼ੈਰਾ ਦੀ ਮੰਗ ਕਰਦੇ ਹਨ ਅਤੇ ਲੋਕ ਕਈ ਵਾਰ ਉਨ੍ਹਾਂ ਦੇ ਝਾਂਸੇ ਵਿੱਚ ਆ ਜਾਂਦੇ ਹਨ। ਬੈਂਕਾਂ ਵਿੱਚ ਫ਼ਰਾਡ ਦੇ ਕਈ ਕੇਸ ਨਿੱਤ ਸਾਹਮਣੇ ਆਉਂਦੇ ਰਹਿੰਦੇ ਹਨ।

**ਸ਼ਨਾਖ਼ਤੀ ਚੋਰੀ (ਆਈਡੈਂਟਿਟੀ ਥੈੱਫਟ)** : ਜਦੋਂ ਕੋਈ ਵਿਅਕਤੀ ਕਿਸੇ ਦੂਸਰੇ ਵਿਅਕਤੀ ਦੇ ਨਾਂ, ਉਸ ਦੇ ਸ਼ਨਾਖ਼ਤੀ ਨੰਬਰ ਜਾਂ ਕਰੈਡਿਟ ਕਾਰਡ ਦੇ ਨੰਬਰ ਦੀ ਵਰਤੋਂ ਉਸਦੀ ਜਾਣਕਾਰੀ ਅਤੇ ਆਗਿਆ ਤੋਂ ਬਿਨਾਂ ਕਰਦਾ ਹੈ ਤਾਂ ਇਸਨੂੰ 'ਸ਼ਨਾਖ਼ਤੀ ਚੋਰੀ' ਕਿਹਾ ਜਾਂਦਾ ਹੈ। ਇਹ ਟਰਮ ਸੱਭ ਤੋਂ ਪਹਿਲਾਂ 1964 ਵਿੱਚ ਇੰਗਲੈਂਡ ਵਿੱਚ ਪ੍ਰਭਾਸ਼ਿਤ ਕੀਤੀ ਗਈ। ਸ਼ਨਾਖ਼ਤੀ ਚੋਰੀ ਕਰਨ ਵਾਲਾ ਵਿਅੱਕਤੀ ਇਸ ਸ਼ਨਾਖ਼ਤ ਦੀ ਵਰਤੋਂ ਕਰਕੇ ਕਈ ਵਿੱਤੀ ਅਤੇ ਹੋਰ ਲਾਭ ਪ੍ਰਾਪਤ ਕਰ ਲੈਂਦਾ ਹੈ ਅਤੇ ਸ਼ਨਾਖ਼ਤ ਚੋਰੀ ਹੋਣ ਵਾਲੇ ਵਿਅੱਕਤੀ ਨੂੰ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਦਾ ਨਾਂ, ਜਨਮ-ਮਿਤੀ, ਸੋਸ਼ਲ ਸਕਿਉਰਿਟੀ ਨੰਬਰ, ਡਰਾਈਵਿੰਗ ਲਾਇਸੈਂਸ ਨੰਬਰ, ਬੈਂਕ ਖ਼ਾਤੇ ਦਾ ਨੰਬਰ, ਕਰੈਡਿਟ ਕਾਰਡ ਦੇ ਨੰਬਰ, ਆਦਿ ਦੀ ਜਾਣਕਾਰੀ ਉਸ ਸ਼ਨਾਖ਼ਤੀ-ਚੋਰ ਕੋਲ ਚਲੇ ਜਾਂਦੀ ਹੈ ਅਤੇ ਉਹ ਕਿਸੇ ਵੀ ਸਮੇਂ ਇਸ ਦੀ ਦੁਰਵਰਤੋਂ ਕਰ ਸਕਦਾ ਹੈ। ਰੱਬ ਹੀ ਬਚਾਏ! ਇਨ੍ਹਾਂ 'ਸ਼ਨਾਖ਼ਤੀ ਚੋਰਾਂ' ਤੋਂ।

**ਹੈਕਿੰਗ** : ਹੈਕਿੰਗ ਨੇ ਅੱਜਕੱਲ੍ਹ ਲੋਕਾਂ ਨੂੰ ਕਾਫ਼ੀ ਪ੍ਰੇਸ਼ਾਨ ਕਰ ਰੱਖਿਆ ਹੈ। ਡਿਜੀਟਲ ਉਪਕਰਣਾਂ ਅਤੇ ਨੈੱਟਵਰਕਾਂ ਦੀ ਸਬੰਧਿਤ ਵਿਅੱਕਤੀ ਜਾਂ ਸੰਸਥਾ ਦੀ ਆਗਿਆ ਤੋਂ ਬਿਨਾਂ ਕਿਸੇ ਹੋਰ ਕੰਪਿਊਟਰ ਸਿਸਟਮ ਉੱਪਰ ਅਯੋਗ ਵਰਤੋਂ ਨੂੰ ਕੰਪਿਊਟਰ ਵਿਗਿਆਨੀਆਂ ਵੱਲੋਂ 'ਹੈਕਿੰਗ' ਦਾ ਨਾਂ ਦਿੱਤਾ ਗਿਆ ਹੈ। ਇਸ ਦੀ ਵਰਤੋਂ ਸਾਈਬਰ-ਚੋਰਾਂ ਵੱਲੋਂ ਨਿੱਜੀ (ਗੁਪਤ) ਜਾਣਕਾਰੀ ਪ੍ਰਾਪਤ ਕਰਨ, ਡੇਟਾ ਤੇ ਦਸਤਾਵੇਜ਼ ਚੋਰੀ ਕਰਨ ਅਤੇ ਕਿਸੇ ਦੇ ਨਿੱਜੀ ਡੇਟੇ ਵਿੱਚ ਖ਼ਰਾਬੀ ਪੈਦਾ ਕਰਨ ਲਈ ਕੀਤੀ ਜਾਂਦੀ ਹੈ ਜੋ ਕਿ ਇੱਕ ਅਪਰਾਧਕ ਕਾਰਜ ਹਨ। ਇਹ ਹੈਕਰ ਸੌਫ਼ਟਵੇਅਰ, ਪ੍ਰੋਗਰਾਮਿੰਗ ਅਤੇ ਕੋਡਿੰਗ ਦੇ ਖ਼ੇਤਰ ਵਿੱਚ ਮਾਹਿਰ ਹੁੰਦੇ ਹਨ ਅਤੇ ਬੜੀ ਸ਼ਾਤਰਤਾ ਨਾਲ ਇਹ ਸਾਰਾ ਕੰਮ ਕਰਦੇ ਹਨ। ਇਨ੍ਹਾਂ ਦੀ ਗਿਣਤੀ ਵਿੱਚ ਅੱਜਕੱਲ੍ਹ ਚੋਖਾ ਵਾਧਾ ਹੋ ਰਿਹਾ ਹੈ। ਇਹ ਲੋਕਾਂ ਦੇ ਫ਼ੋਨ, ਈ-ਮੇਲ ਤੇ ਫੇਸਬੁੱਕ ਖ਼ਾਤਿਆਂ ਨੂੰ ਹੈਕ ਕਰਕੇ ਉਨ੍ਹਾਂ ਹੀ ਨਾਵਾਂ ਉੱਪਰ ਆਪਣੇ ਵੱਲੋਂ ਨਵੇਂ ਖ਼ਾਤੇ ਬਣਾ ਲੈਂਦੇ ਹਨ ਅਤੇ ਉਨ੍ਹਾਂ ਉੱਪਰ ਫ਼ੋਨ ਜਾਂ ਈ-ਮੇਲ ਕਰਕੇ ਸਬੰਧਿਤ ਵਿਅੱਕਤੀਆਂ ਦੇ ਜਾਣਕਾਰਾਂ ਕੋਲੋਂ ਕਿਸੇ ਗੰਭੀਰ ਮੰਤਵ ਲਈ ਪੈਸੇ, ਆਦਿ ਦੀ ਮੰਗ ਕਰਦੇ ਹਨ।

ਏ.ਆਈ. ਦੀ ਸੋਸ਼ਲ ਮੀਡੀਏ ਉੱਪਰ ਦੁਰਵਰਤੋਂ

ਸੋਸ਼ਲ ਮੀਡੀਏ ਉੱਪਰ ਵੀ ਏ.ਆਈ. ਦੀ ਖ਼ੂਬ ਦੁਰਵਰਤੋਂ ਹੋ ਰਹੀ ਹੈ। ਕਈ ਤਰ੍ਹਾਂ ਦੀਆਂ ਵੀਡੀਓਜ਼ ਤੇ ਰੀਲਾਂ ਅੱਜਕੱਲ੍ਹ ਸੋਸ਼ਲ ਮੀਡੀਏ ਉੱਪਰ ਪਾਈਆਂ ਜਾ ਰਹੀਆਂ ਹਨ ਜਿਨ੍ਹਾਂ ਦਾ ਬੁਰਾ ਪ੍ਰਭਾਵ ਸਮਾਜ ਉੱਪਰ ਪੈਂਦਾ ਹੈ। ਏਹਨੀਂ ਦਿਨੀਂ ਪੰਜਾਬ ਵਿੱਚ ਆਏ ਹੜ੍ਹਾਂ ਨਾਲ ਪ੍ਰਭਾਵਿਤ ਖ਼ੇਤਰਾਂ ਦੀਆਂ ਕਈ ਤਸਵੀਰਾਂ ਦੀ ਏ.ਆਈ. ਨਾਲ ਛੇੜ-ਛਾੜ ਕਰਕੇ ਉਨ੍ਹਾਂ ਨੂੰ ਅਤੀ-ਭਾਵੁਕ ਅਤੇ ਹੋਰ ਦੁਖਦਾਈ ਬਣਾ ਕੇ ਵਿਖਾਇਆ ਜਾ ਰਿਹਾ ਹੈ। ਉਦਾਹਰਨ ਵਜੋਂ, ਪਿਛਲੇ ਦਿਨੀਂ ਵਾਇਰਲ ਹੋਈ ਇੱਕ ਤਸਵੀਰ ਵਿੱਚ ਰੋਂਦੀ ਹੋਈ ਇੱਕ ਛੋਟੀ ਜਿਹੀ ਬੱਚੀ ਨੂੰ ਵੱਡੇ ਸਾਰੇ ਕੁੱਤੇ ਉੱਪਰ ਬੈਠੀ ਹੜ੍ਹ ਦੇ ਵਗਦੇ ਪਾਣੀ ਵਿੱਚੋਂ ਲੰਘਦੇ ਹੋਏ ਵਿਖਾਇਆ ਹੈ, ਜਦਕਿ ਏਨਾ ਛੋਟਾ ਬੱਚਾ ਕੁੱਤੇ ਉੱਪਰ ਬੈਠ ਕੇ ਤੇਜ਼ ਵਗਦੇ ਪਾਣੀ ਵਿੱਚ ਠਿੱਲ੍ਹਣ ਦਾ ਹੌਸਲਾ ਨਹੀਂ ਕਰ ਸਕਦਾ। ਏਸੇ ਤਰ੍ਹਾਂ ਇੱਕ ਦੋ-ਮੰਜ਼ਲੀ ਇਮਾਰਤ ਨੂੰ ਹੜ੍ਹ ਦੇ ਤੇਜ਼ ਵਹਿੰਦੇ ਪਾਣੀ ਨਾਲ ਡਿੱਗਦੇ ਵਿਖਾਇਆ ਜਾ ਰਿਹਾ ਅਤੇ ਪਿੱਛੇ ਰਿਕਾਰਡ ਹੋਈਆਂ ਲੋਕਾਂ ਦੀਆਂ ਆਵਾਜ਼ਾਂ ਆ ਰਹੀਆਂ ਹਨ, "ਲੈ ਬਈ, ਇਹ ਤਾਂ ਗਈ ਲੈ, ...ਏ, ਔਹ ਗਈ ਲੈ, ਜਿਵੇਂ ਉਹ ਲੋਕ ਇਸ ਡਿੱਗ ਰਹੀ ਇਮਾਰਤ ਨੂੰ ਵੇਖ ਕੇ ਆਪਣਾ ਮਨ-ਪ੍ਰਚਾਵਾ ਕਰ ਰਹੇ ਹੋਣ। ਇਨ੍ਹਾਂ ਵੀਡੀਓਜ਼ ਤੋਂ ਸਾਫ਼ ਨਜ਼ਰ ਆਉਂਦਾ ਹੈ ਕਿ ਇਹ ਅਤੇ ਅਜਿਹੀਆਂ ਕਈ ਹੋਰ ਵੀਡੀਓਜ਼ ਏ.ਆਈ.ਦੀ ਸਹਾਇਤਾ ਨਾਲ ਬਣਾਈਆਂ ਗਈਆਂ ਹਨ। ਇਸ ਦੇ ਨਾਲ ਹੀ ਅੱਜਕੱਲ੍ਹ ਟਰੰਪ, ਪੁਤਿਨ, ਮੋਦੀ, ਜ਼ਿਨਪਿੰਗ ਤੇ ਕਈ ਹੋਰ ਲੀਡਰਾਂ ਦੀਆਂ ਏ.ਆਈ. ਨਾਲ ਬਣੀਆਂ ਹਾਸੇ-ਮਜ਼ਾਕ ਵਾਲੀਆਂ ਕਈ ਵੀਡੀਓਜ਼ ਸੋਸ਼ਲ ਮੀਡੀਏ ਉੱਪਰ ਖ਼ੂਬ ਚੱਲ ਰਹੀਆਂ ਹਨ ਜਿਨ੍ਹਾਂ ਦੀ ਕੋਈ ਤੁਕ ਨਹੀਂ ਬਣਦੀ। ਮਨੋਰੰਜਨ ਲਈ ਵੀ ਅਜਿਹੀਆਂ ਘਟੀਆ ਵੀਡੀਓਜ਼ ਦੀ ਲੋੜ ਨਹੀਂ ਹੈ। ਇਨ੍ਹਾਂ ਤੋਂ ਇਲਾਵਾ ਕਈ ਅਸ਼ਲੀਲ ਵੀਡੀਓਜ਼ ਵੀ ਮੀਡੀਏ ਦਾ ਸ਼ਿੰਗਾਰ ਬਣੀਆਂ ਹੋਈਆਂ ਹਨ ਜਿਨ੍ਹਾਂ ਦਾ ਪ੍ਰਭਾਵ ਸਮਾਜ ਉੱਪਰ ਨਾਂਹ-ਵਾਚੀ ਪੈ ਰਿਹਾ ਹੈ।

**ਏ.ਆਈ. ਕਾਰਨ ਖੁੱਸ ਰਹੀਆਂ ਨੇ ਕਈ ਨੌਕਰੀਆਂ** : ਏ.ਆਈ. ਦੇ ਵੱਖ-ਵੱਖ ਮਾਡਲ ਵਾਰ-ਵਾਰ ਦੁਹਰਾਏ ਜਾਣ ਵਾਲੇ ਕੰਮਾਂ (Repetitive Jobs) ਨੂੰ ਤੇਜ਼ੀ ਨਾਲ ਸਵੈਚਾਲਕ ਢੰਗਾਂ/ਤਰੀਕਿਆਂ ਨਾਲ ਕਰਨ ਲਈ ਤਿਆਰ ਕੀਤੇ ਗਏ ਸਨ ਅਤੇ ਇਨ੍ਹਾਂ ਵਿੱਚ ਕਾਮਯਾਬੀ ਵੀ ਹਾਸਲ ਹੋਈ ਹੈ। ਏ.ਆਈ. ਦੇ ਖ਼ੇਤਰ ਵਿੱਚ ਕੰਮ ਕਰਨ ਵਾਲਿਆਂ ਦੀ ਅਤੇ ਇਸ ਦੇ ਲਈ 'ਡੇਟਾ' ਹੰਘਾਲਣ ਵਾਲਿਆਂ ਦੀ ਮੰਗ ਅੱਜਕੱਲ੍ਹ ਬਹੁਤ ਵੱਧ ਰਹੀ ਹੈ। ਇਸ ਦੇ ਨਾਲ ਜੁੜੀਆਂ ਕੰਪਨੀਆਂ ਨੇ ਇਨ੍ਹਾਂ ਸਿੱਖਿਅਤ ਕਾਮਿਆਂ

ਕੋਲੋਂ ਕਈ ਪੁੱਠੇ-ਸਿੱਧੇ ਕੰਮ ਕਰਵਾਉਣੇ ਹੁੰਦੇ ਹਨ। ਪਰ ਇਸਦੇ ਨਾਲ ਹੀ ਇਹ ਵੀ ਖ਼ਬਰ ਹੈ ਕਿ ਏ.ਆਈ. ਦੇ ਕਾਰਨ ਬਹੁਤ ਸਾਰੀਆਂ ਨੌਕਰੀਆਂ ਖ਼ਤਮ ਵੀ ਹੋ ਰਹੀਆਂ ਹਨ।

ਸਟੈਨਫੋਰਡ ਦੇ ਇੱਕ ਅਧਿਐਨ ਅਨੁਸਾਰ ਏ. ਆਈ ਦਾ ਸੱਭ ਤੋਂ ਬੁਰਾ ਪ੍ਰਭਾਵ ਚੈਟਰਜੀਪੀਟੀ ਵਰਗੇ ਜਨਰੇਟਿਵ ਏ.ਆਈ. ਟੂਲ ਕੋਡਿੰਗ ਅਤੇ ਹੋਰ ਐਂਟਰੀ ਪੱਧਰ ਦੀਆਂ ਨੌਕਰੀਆਂ 'ਤੇ ਪੈ ਰਿਹਾ ਹੈ ਜਿਨ੍ਹਾਂ ਉੱਪਰ 22 ਤੋਂ 25 ਸਾਲ ਦੇ ਨੌਜੁਆਨ ਕੰਮ ਕਰ ਰਹੇ ਹਨ। ਇਸ ਰਿਪੋਰਟ ਮੁਤਾਬਿਕ ਉੱਭਰਦੇ ਡਿਵੈੱਲਪਰ ਸੱਭ ਤੋਂ ਵਧੇਰੇ ਖ਼ਤਰੇ ਵਿੱਚ ਹਨ ਜਿਨ੍ਹਾਂ ਵੱਲੋਂ ਕੋਡ ਲਿਖਣ ਜਾਂ 'ਡੀਬਗਿੰਗ' (Debugging) ਵਰਗੇ ਕੀਤੇ ਜਾ ਰਹੇ ਕੰਮ ਹੁਣ ਏ.ਆਈ ਵੱਲੋਂ ਤੇਜ਼ੀ ਨਾਲ ਸੰਭਾਲੇ ਜਾ ਰਹੇ ਹਨ। ਇੱਕ ਪ੍ਰਕਾਸ਼ਿਤ ਡੇਟੇ ਅਨੁਸਾਰ 2022 ਤੋਂ ਏ.ਆਈ. ਨਾਲ ਪ੍ਰਭਾਵਿਤ ਉਦਯੋਗਾਂ ਵਿੱਚ ਨੌਜੁਆਨ ਕਾਮਿਆਂ ਦੇ ਰੁਜ਼ਗਾਰ ਵਿੱਚ ਲੱਗਭੱਗ 16 ਪ੍ਰਤੀਸ਼ਤ ਦੀ ਗਿਰਾਵਟ ਆਈ ਹੈ ਅਤੇ ਸਾਫ਼ਟਵੇਅਰ ਇੰਜੀਨੀਅਰਿੰਗ ਖ਼ੇਤਰ ਸੱਭ ਤੋਂ ਵਧੇਰੇ ਪ੍ਰਭਾਵਿਤ ਹੋਇਆ ਹੈ। ਇੱਕ ਹੋਰ ਜਾਣਕਾਰੀ ਅਨੁਸਾਰ 2030 ਤੱਕ ਅਮਰੀਕਾ ਵਿੱਚ 30% ਕੰਮ ਸਵੈਚਾਲਕ ਢੰਗਾਂ ਤਰੀਕਿਆਂ ਨਾਲ ਹੋਣ ਲੱਗ ਪੈਣਗੇ ਅਤੇ ਇਹ ਉੱਥੇ ਬੇਰੁਜ਼ਗਾਰੀ ਵਿੱਚ ਵਾਧਾ ਹੋਣ ਦਾ ਵੱਡਾ ਕਾਰਨ ਬਣੇਗਾ।

ਇਸ ਤਰ੍ਹਾਂ ਏ.ਆਈ. ਤਕਨਾਲੌਜੀ ਦੇ ਲਾਭਾਂ ਦੇ ਨਾਲ ਕਈ ਨੁਕਸਾਨ ਵੀ ਹਨ ਜਿਨ੍ਹਾਂ ਬਾਰੇ ਇਸ ਆਰਟੀ ਕਲ ਵਿੱਚ ਸੰਖੇਪ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਨੁਕਸਾਨ ਵੀ ਏ.ਆਈ. ਦੀ ਵਰਤੋਂ ਮਾੜੇ ਕੰਮਾਂ ਲਈ ਕੀਤੇ ਜਾਣ ਕਾਰਨ ਹੋ ਰਹੇ ਹਨ। ਇਨਸਾਨੀ ਬੁੱਧੀ ਸੱਭ ਤੋਂ ਉੱਤਮ ਹੈ ਅਤੇ ਇਹ ਜੇਕਰ ਚਾਹੇ ਤਾਂ ਏ.ਆਈ. ਦੀ ਬੁਰੇ ਕਾਰਜਾਂ ਲਈ ਵਰਤੋਂ ਨੂੰ ਰੋਕ ਸਕਦੀ ਹੈ। ਤਕਨਾਲੌਜੀ ਕੋਈ ਵੀ ਮਾੜੀ ਨਹੀਂ ਹੈ। ਗੱਲ ਤਾਂ ਇਸ ਨੂੰ 'ਸਹੀ ਸੇਧ' ਦੇਣ ਦੀ ਹੈ। ਏ.ਆਈ ਨੂੰ ਜੇਕਰ ਸਹੀ ਸੇਧ ਦੇ ਕੇ ਸਾਰਥਿਕ ਕੰਮਾਂ ਲਈ ਵਰਤਿਆ ਜਾਏ ਤਾਂ ਇਸ ਦੇ ਉਪਰੋਕਤ ਵਰਨਣ ਬੁਰੇ ਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ। ਮਨੁੱਖੀ ਦਿਮਾ.ਗ ਹੀ ਇਨ੍ਹਾਂ ਮਸ਼ੀਨਾਂ ਨੂੰ ਸਹੀ ਸੇਧ ਦੇ ਸਕਦਾ ਹੈ ਅਤੇ ਇਨ੍ਹਾਂ ਕੰਪਿਊਟਰੀ ਮਸ਼ੀਨਾਂ ਉੱਪਰ ਮਨੁੱਖ ਦਾ ਕੰਟਰੋਲ ਹੋਣਾ ਜ਼ਰੂਰੀ ਹੈ।

# ਸ਼ਹੀਦ ਭਗਤ ਸਿੰਘ ਇਕ ਅਧਿਆਪਕ ਵਜੋਂ

## *ਉਹ ਪਿੰਡ ਜਿਸਦੇ ਹਰ ਘਰ ਅੰਦਰ ਸ਼ਹੀਦ ਭਗਤ ਸਿੰਘ ਦੀ ਫੋਟੋ ਲੱਗੀ ਹੋਈ ਹੈ*







**ਬਹਾਦਰ ਸਿੰਘ ਰਾਓ**
+91 98723 09987


ਸਕੂਲ ਸਮੇਂ ਦੌਰਾਨ ਸ਼ਹੀਦ ਭਗਤ ਸਿੰਘ ਬਾਰੇ ਪੜ੍ਹਦੇ ਸੀ ਅਤੇ ਅਧਿਆਪਕਾਂ ਤੋਂ ਸੁਣਦੇ ਸੀ ਕਿ ਕਿਵੇਂ ਉਹ ਬਚਪਨ ਵਿੱਚ ਬੰਦੂਕਾਂ ਬੀਜਦਾ ਸੀ। ਕਿਵੇਂ ਉਸ ਨੇ ਲਾਲਾ ਲਾਜਪਤ ਰਾਏ ਦੀ ਸ਼ਹਾਦਤ ਲਈ ਜ਼ਿੰਮੇਵਾਰ ਸਮਝੇ ਜਾਂਦੇ ਅੰਗਰੇਜ਼ ਪੁਲਿਸ ਅਫਸਰ ਜੇਮਸ ਸਕਾਟ ਦੀ ਥਾਂ ਜੌਹਨ ਸਾਂਡਰਸ ਨੂੰ ਮਾਰ ਮੁਕਾਇਆ ਸੀ ਅਤੇ ਕੇਂਦਰੀ ਅਸੈਂਬਲੀ ਵਿੱਚ ਨਕਲੀ ਬੰਬ ਸੁੱਟ ਕੇ ਅੰਗਰੇਜ਼ ਸਰਕਾਰ ਦੇ ਬੋਲੇ ਕੰਨਾਂ ਵਿੱਚ ਇਨਕਲਾਬ ਜ਼ਿੰਦਾਬਾਦ ਦੇ ਨਾਹਰਿਆਂ ਰਾਹੀਂ ਇਹ ਆਵਾਜ਼ ਪਹੁੰਚਾਈ ਸੀ ਕਿ ਤੁਸੀਂ ਹੁਣ ਭਾਰਤ ਨੂੰ ਬਹੁਤੀ ਦੇਰ ਗੁਲਾਮ ਬਣਾ ਕੇ ਨਹੀਂ ਰੱਖ ਸਕਦੇ। ਇਹ ਵੀ ਕਿਧਰੇ ਪੜ੍ਹਿਆ ਜਾਂ ਸੁਣਿਆ ਸੀ ਕਿ ਸਰਦਾਰ ਭਗਤ ਸਿੰਘ ਨੇ ਕੁੱਝ ਸਮਾਂ ਇੱਕ ਅਧਿਆਪਕ ਵੱਜੋਂ ਪੜ੍ਹਾਇਆ ਵੀ ਸੀ। ਪਰ ਇਹ ਨਹੀਂ ਸੀ ਪਤਾ ਕਿ ਉਸ ਨੇ ਕਦੋਂ, ਕਿਸ ਜਗ੍ਹਾ, ਕਿਹਨਾਂ ਹਾਲਾਤਾਂ ਵਿੱਚ ਅਤੇ ਕਿੰਨੀ ਦੇਰ ਪੜ੍ਹਾਇਆ ਸੀ। ਇਹਨਾਂ ਸਵਾਲਾਂ ਦੇ ਜਵਾਬ ਜਾਂ ਸਰਦਾਰ ਭਗਤ ਸਿੰਘ ਦੀ ਜ਼ਿੰਦਗੀ ਦੇ ਇਸ ਪੱਖ ਬਾਰੇ ਜਾਣਕਾਰੀ ਸੌਖਿਆਂ ਉਪਲਬਧ ਨਹੀਂ। ਪਿਛਲੇ ਕੁੱਝ ਅਰਸੇ ਤੋਂ ਸਰਦਾਰ ਭਗਤ ਸਿੰਘ ਦੀ ਹੱਥ ਵਿੱਚ ਪਿਸਤੌਲ ਜਾਂ ਮੁੱਛ ਤੇ ਹੱਥ ਵਾਲੀ ਫੋਟੋ ਆਮ ਦੇਖਣ ਨੂੰ ਮਿਲ ਜਾਂਦੀ ਹੈ ਜਿਸ ਦੇ ਨਾਲ ਇਹ ਲਿਖਿਆ ਹੁੰਦਾ ਹੈ ਕਿ 'ਅੰਗਰੇਜ਼ ਖੰਘੇ ਸੀ ਤਾਂ ਹੀ ਟੰਗੇ ਸੀ।' ਇਹ ਦੇਖ ਕੇ ਜਾਪਦਾ ਹੈ ਕਿ ਹੁਣ ਦੀ ਨੌਜਵਾਨ ਪੀੜ੍ਹੀ ਨੂੰ ਸਰਦਾਰ ਭਗਤ ਸਿੰਘ ਦੀ ਜ਼ਿੰਦਗੀ ਦੇ ਇੱਕ ਪੱਖ ਬਾਰੇ ਹੀ ਪਤਾ ਹੈ ਤੇ ਉਸਦੀ ਜ਼ਿੰਦਗੀ ਦੇ ਦੂਸਰੇ ਪੱਖ ਨੂੰ ਸਾਹਮਣੇ ਲਿਆਉਣਾ ਵੀ ਜਰੂਰੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਰਦਾਰ ਭਗਤ ਸਿੰਘ ਨੇ ਗੋਲੀਆਂ ਚਲਾਈਆਂ ਅਤੇ ਬੰਬ ਵੀ ਚਲਾਏ ਪਰ ਉਹ ਇੱਕ ਚੰਗਾ ਲੇਖਕ ਵੀ ਸੀ। ਸੋਲ਼ਾਂ ਸਾਲ ਦੀ ਉਮਰ ਵਿੱਚ ਭਗਤ ਸਿੰਘ ਨੇ ਕਾਲਜ ਪੜ੍ਹਦਿਆਂ ਪੰਜਾਬ ਦੀਆਂ ਸਮੱਸਿਆਵਾਂ ਬਾਰੇ ਲੇਖ ਲਿਖ ਕੇ ਲੇਖ ਮੁਕਾਬਲਾ ਜਿੱਤਿਆ ਸੀ। ਇਹ ਜਾਣਕਾਰੀ ਤਾਂ ਆਮ ਹੈ ਕਿ ਉਸਨੇ 'ਕਿਰਤੀ' ਨਾਮ ਦੇ ਇੱਕ ਕ੍ਰਾਂਤੀਕਾਰੀ ਰਸਾਲੇ ਦੀ ਸੰਪਾਦਨਾ ਕੀਤੀ ਅਤੇ ਉਸ ਵਿੱਚ ਲੇਖ ਲੜੀਆਂ ਵੀ ਲਿਖੀਆਂ। ਉਹ ਅਖ਼ਬਾਰ 'ਵੀਰ ਅਰਜਨ' ਲਈ ਵੀ ਨਾਮ ਬਦਲ ਕੇ ਲਿਖਦਾ ਰਿਹਾ। ਉਸ ਦੀ ਲਿਖਤ 'ਮੈਂ ਨਾਸਤਿਕ ਕਿਉਂ ਹਾਂ' ਮਸ਼ਹੂਰ ਵੀ ਹੈ ਅਤੇ ਉਪਲਬਧ ਵੀ ਹੈ। ਪਰ ਇਹ ਜਾਣਕਾਰੀ ਆਮ ਉਪਲਬਧ ਨਹੀਂ ਕਿ ਸਰਦਾਰ ਭਗਤ ਸਿੰਘ ਇੱਕ ਅਧਿਆਪਕ ਵੱਜੋਂ ਵੀ ਵਿਚਰਿਆ ਸੀ। ਖੋਜ ਕਰਨ ਤੇ ਮੈਨੂੰ ਪਤਾ ਲੱਗਿਆ ਕਿ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਅਲੀਗੜ੍ਹ ਦੀ ਤਹਿਸੀਲ ਖੈਰ ਅਧੀਨ ਪੈਂਦੇ ਪਿੰਡ ਸ਼ਾਦੀਪੁਰ ਵਿੱਚ ਸਰਦਾਰ ਭਗਤ ਸਿੰਘ ਅਠਾਰਾਂ ਮਹੀਨੇ ਰੂਪੋਸ਼ ਰਿਹਾ ਸੀ ਤੇ ਉਸਨੇ ਉੱਥੇ ਬੱਚਿਆਂ ਨੂੰ ਪੜ੍ਹਾਇਆ ਵੀ ਸੀ। ਉੱਥੇ ਜਾ ਕੇ ਵਧੇਰੇ ਜਾਣਕਾਰੀ ਹਾਸਲ ਕਰਨ ਦੀ ਇੱਛਾ ਹੋਈ ਤਾਂ ਮੈਂ ਪੀਐਨਓ ਮੀਡੀਆ ਗਰੁੱਪ ਵਾਲੇ ਸੁਖਨੈਬ ਸਿੰਘ ਸਿੱਧੂ ਨਾਲ ਇਸ ਬਾਰੇ ਗੱਲ ਕੀਤੀ ਤੇ ਅਸੀਂ ਉੱਤਰ ਪ੍ਰਦੇਸ਼ ਦੇ ਪਿੰਡ ਸ਼ਾਦੀਪੁਰ ਜਾ ਪਹੁੰਚੇ। ਸਭ ਤੋਂ ਪਹਿਲਾਂ ਅਸੀਂ ਇੱਕ ਨੌਜਵਾਨ ਸੂਰਜ ਕੁਮਾਰ ਨੂੰ ਮਿਲੇ ਜਿਸ ਨੇ ਸਾਨੂੰ ਪਿੰਡ ਦੇ ਸੇਵਾਮੁਕਤ ਪੋਸਟ ਮਾਸਟਰ ਤਾਊ ਰੋਹਤਾਸ ਜੀ ਨੂੰ ਮਿਲਾਇਆ। ਉੱਥੋਂ ਦੇ ਲੋਕਾਂ ਵੱਲੋਂ ਸਾਡਾ ਨਿੱਘਾ ਸਵਾਗਤ ਕੀਤਾ ਗਿਆ। ਤਾਊ ਰੋਹਤਾਸ ਨੇ ਸਾਨੂੰ ਦੱਸਿਆ ਕਿ 1928 ਵਿੱਚ ਅੰਗਰੇਜ਼ ਪੁਲਿਸ ਅਫਸਰ ਜੌਹਨ ਸਾਂਡਰਸ ਨੂੰ ਮੌਤ ਦੇ ਘਾਟ ਉਤਾਰਨ ਤੋਂ ਬਾਅਦ ਜਦੋਂ ਭਗਤ ਸਿੰਘ ਭੇਸ ਬਦਲ ਕੇ ਛੁਪਦਾ ਹੋਇਆ ਕਾਨ੍ਹਪੁਰ ਪਹੁੰਚਿਆ ਤਾਂ ਉੱਥੇ ਉਸਦੇ ਕ੍ਰਾਂਤੀਕਾਰੀ ਸਾਥੀਆਂ ਨੇ ਸਲਾਹ ਮਸ਼ਵਰਾ ਕੀਤਾ ਕਿ ਭਗਤ ਸਿੰਘ ਦਾ ਕਾਨ੍ਹਪੁਰ ਰਹਿਣਾ ਖਤਰੇ ਤੋਂ ਖਾਲੀ ਨਹੀਂ। ਸੋ ਉਸਦਾ ਸਾਥੀ ਗਣੇਸ਼ ਸ਼ੰਕਰ ਵਿ ?ਦਿਆਰਥੀ ਭਗਤ ਸਿੰਘ ਨੂੰ ਨਾਲ ਲੈ ਕੇ ਅਲੀਗੜ੍ਹ ਹੁੰਦਾ ਹੋਇਆ ਇਸ ਪਿੰਡ ਸ਼ਾਦੀਪੁਰ ਵਿੱਚ ਠਾਕੁਰ ਟੋਡਰ ਸਿੰਘ ਦੀ ਰਿਹਾਇਸ਼ ਤੇ ਲੈ ਆਇਆ। ਠਾਕੁਰ ਟੋਡਰ ਸਿੰਘ ਚੰਗੀ ਜਾਇਦਾਦ ਵਾਲਾ ਇੱਕ ਅਮੀਰ ਜਿਮੀਂਦਾਰ ਸੀ। ਉਸ ਦੀ ਰਿਹਾਇਸ਼ ਵਾਲੀ ਇਮਾਰਤ ਕਾਫੀ ਵੱਡੀ ਅਤੇ ਪ੍ਰਭਾਵਸ਼ਾਲੀ ਸੀ ਜਿਸ ਨੂੰ ਗੜ੍ਹੀ ਕਿਹਾ ਜਾਂਦਾ ਸੀ। ਇਸ ਤੋਂ ਇਲਾਵਾ ਉਸ ਦੀਆਂ ਅਲੀਗੜ੍ਹ ਵਿੱਚ ਵੀ ਛੇ ਕੋਠੀਆਂ ਸਨ। ਠਾਕੁਰ ਟੋਡਰ ਸਿੰਘ ਕ੍ਰਾਂਤੀਕਾਰੀਆਂ ਦਾ ਹਮਾਇਤੀ ਸੀ। ਗਣੇਸ਼ ਸ਼ੰਕਰ ਵਿਦਿਆਰਥੀ ਨੇ ਠਾਕੁਰ ਟੋਡਰ ਸਿੰਘ ਨੂੰ ਭਗਤ ਸਿੰਘ ਬਾਰੇ ਦੱਸਿਆ ਤਾਂ ਉਸ ਨੇ ਭਗਤ ਸਿੰਘ ਨੂੰ ਸਿਰਫ ਪਨਾਹ ਹੀ ਨਹੀਂ ਦਿੱਤੀ ਸਗੋਂ ਆਪਣੇ ਬਾਗ ਵਿੱਚ ਬਣੀ ਇਮਾਰਤ ਉਸਨੂੰ ਰਹਿਣ ਲਈ ਦਿੱਤੀ ਤੇ ਉਸਨੂੰ ਸਲਾਹ ਦਿੱਤੀ ਕਿ ਉਹ ਉੱਥੇ ਪਿੰਡ ਦੇ ਬੱਚਿਆਂ ਨੂੰ ਪੜ੍ਹਾਇਆ ਵੀ ਕਰੇ। ਇਹ ਜਗ ?ਹਾ ਪਿੰਡ ਤੋਂ ਅੱਠ ਸੌ ਮੀਟਰ ਦੂਰ ਸੀ। ਭਗਤ ਸਿੰਘ ਨੇ ਉੱਥੇ ਆਪਣਾ ਨਾਮ ਬਦਲ ਕੇ ਬਲਵੰਤ ਸਿੰਘ ਕਰ ਲਿਆ ਸੀ। ਉਸ ਜਗ ?ਹਾ ਦੇ ਨੇੜੇ ਇੱਕ ਖੂਹ ਵੀ ਸੀ ਜਿਸ ਦੇ ਪਾਣੀ ਦੀ ਵਰਤੋਂ ਭਗਤ ਸਿੰਘ ਆਪਣੀਆਂ ਲੋੜਾਂ ਲਈ ਕਰਦਾ ਸੀ। ਭਗਤ ਸਿੰਘ ਉੱਥੇ ਕਸਰਤ ਵੀ ਕਰਦਾ ਸੀ ਅਤੇ ਪਿੰਡ ਦੇ ਨੌਜਵਾਨਾਂ ਨੂੰ ਕੁਸ਼ਤੀ ਵੀ ਸਿਖਾਉਂਦਾ ਸੀ। ਇਸ ਦੌਰਾਨ ਅੰਗਰੇਜ਼ ਹਕੂਮਤ ਨੂੰ ਭਗਤ ਸਿੰਘ ਦੇ ਇੱਥੇ ਹੋਣ ਬਾਰੇ ਸ਼ੱਕ ਵੀ ਹੋ ਗਿਆ ਸੀ ਤੇ ਪੁਲਿਸ ਨੇ ਪਿੰਡ ਦੀ ਤਲਾਸ਼ੀ ਵੀ ਲਈ ਪਰ ਭਗਤ ਸਿੰਘ ਨੂੰ ਲੱਭ ਨਹੀਂ ਸਕੀ। ਉੱਥੇ ਰਹਿੰਦਿਆਂ 18 ਮਹੀਨੇ ਬੀਤਣ ਤੋਂ ਬਾਅਦ ਭਗਤ ਸਿੰਘ ਨੇ ਪਿੰਡ ਵਾਲਿਆਂ ਨੂੰ ਕਿਹਾ ਕਿ ਮੇਰੀ ਮਾਂ ਬਿਮਾਰ ਹੈ ਇਸ ਕਰਕੇ ਮੈਂ ਆਪਣੇ ਪਿੰਡ ਜਾਣਾ ਚਾਹੁੰਦਾ ਹਾਂ ਤਾਂ ਠਾਕੁਰ ਟੋਡਰ ਸਿੰਘ ਨੇ ਭਗਤ ਸਿੰਘ ਨੂੰ ਖੁਰਜਾ ਜੰਕਸ਼ਨ ਭੇਜਣ ਲਈ ਟਾਂਗਾ ਤਿਆਰ ਕਰ ਦਿੱਤਾ। ਟਾਂਗੇ ਵਿੱਚ ਬੈਠ ਕੇ ਭਗਤ ਸਿੰਘ ਨੇ ਪਿੰਡ ਦੇ ਲੋਕਾਂ ਨੂੰ ਦੱਸ ਦਿੱਤਾ ਕਿ ਮੈਂ ਬਲਵੰਤ ਸਿੰਘ ਨਹੀਂ ਭਗਤ ਸਿੰਘ ਹਾਂ ਤੇ ਮੈਨੂੰ ਜਨਮ ਦੇਣ ਵਾਲੀ ਮਾਂ ਬਿਮਾਰ ਨਹੀਂ ਸਗੋਂ ਮੇਰੀ ਭਾਰਤ ਮਾਤਾ ਬਿਮਾਰ ਹੈ ਜਿਸ ਦੀ ਸੇਵਾ ਲਈ ਮੈਂ ਜਾਣਾ ਚਾਹੁੰਦਾ ਹਾਂ। ਜੇ ਮੈਂ ਜਿਉਂਦਾ ਰਿਹਾ ਤਾਂ ਦੁਬਾਰਾ ਫਿਰ ਇੱਥੇ ਆ ਕੇ ਸੇਵਾ ਕਰਾਂਗਾ। ਇਹ ਜਾਣ ਕੇ ਪਿੰਡ ਦੇ ਲੋਕ ਭਾਵੁਕ ਹੋ ਗਏ ਅਤੇ ਭਗਤ ਸਿੰਘ ਦੇ ਉੱਥੋਂ ਜਾਣ ਤੇ ਬਹੁਤ ਉਦਾਸ ਹੋਏ। ਵਾਪਸ ਜਾ ਕੇ ਭਗਤ ਸਿੰਘ ਫੇਰ ਕ੍ਰਾਂਤੀਕਾਰੀ ਗਤੀਵਿਧੀਆਂ ਵਿੱਚ ਸ਼ਾਮਿਲ ਹੋ ਗਿਆ ਤੇ ਕੌਮੀ ਅਸੈਂਬਲੀ ਵਿੱਚ ਬੰਬ ਸੁੱਟਣ ਤੋਂ ਬਾਅਦ ਉੱਥੇ ਹੀ ਗ੍ਰਿਫਤਾਰ ਹੋ ਗਿਆ ਅਤੇ ਇਨਕਲਾਬ ਜਿੰਦਾਬਾਦ ਦੇ ਨਾਅਰੇ ਲਾਉਂਦਾ ਹੋਇਆ 23 ਮਾਰਚ 1931 ਨੂੰ ਫਾਂਸੀ ਦੇ ਰੱਸੇ ਨੂੰ ਚੁੰਮ ਕੇ ਗਲ ਵਿੱਚ ਪਾ ਕੇ ਸ਼ਹੀਦੀ ਜਾਮ ਪੀ ਗਿਆ। ਪਿੰਡ ਸ਼ਾਦੀਪੁਰ ਦੇ ਹਰ ਘਰ ਵਿੱਚ ਸ਼ਹੀਦ ਭਗਤ ਸਿੰਘ ਦੀ ਫੋਟੋ ਲੱਗੀ ਹੋਈ ਹੈ ਅਤੇ ਹਰ ਉਮਰ ਅਤੇ ਵਰਗ ਦੇ ਵਾਸ਼ਿੰਦੇ ਨੂੰ ਭਗਤ ਸਿੰਘ ਅਤੇ ਉਸ ਦੀ ਕੁਰਬਾਨੀ ਬਾਰੇ ਜਾਣਕਾਰੀ ਹੈ। ਇਸ ਪਿੰਡ ਵਿੱਚ ਪਿਛਲੇ ਤੀਹ-ਬੱਤੀ ਸਾਲਾਂ ਤੋਂ ਹਰ ਸਾਲ 23 ਮਾਰਚ ਨੂੰ ਸ਼ਹੀਦ ਭਗਤ ਸਿੰਘ ਦਾ ਬਲੀਦਾਨ ਦਿਵਸ ਮਨਾਇਆ ਜਾਂਦਾ ਹੈ ਅਤੇ ਦੋ ਸਾਲਾਂ ਤੋਂ 27 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਵੀ ਮਨਾਇਆ ਜਾਣ ਲੱਗਿਆ ਹੈ। ਪਿੰਡ ਦੀ ਪੰਚਾਇਤ ਦੀ ਸੱਤ ਬਿੱਘੇ ਜਮੀਨ ਸ਼ਹੀਦ ਭਗਤ ਸਿੰਘ ਪਾਰਕ ਦੇ ਨਾਮ ਕਰਕੇ ਉਸ ਵਿੱਚ ਭਗਤ ਸਿੰਘ ਦਾ ਬੁੱਤ ਬਣਾਇਆ ਗਿਆ ਹੈ। ਜਿੱਥੇ ਭਗਤ ਸਿੰਘ ਬੱਚਿਆਂ ਨੂੰ ਪੜ੍ਹਾਉਂਦਾ ਰਿਹਾ ਉਹਨਾਂ ਕਮਰਿਆਂ ਦੀਆਂ ਹੁਣ ਸਿਰ.ਫ ਨੀਹਾਂ ਮੌਜੂਦ ਹਨ ਅਤੇ ਖੂਹ ਖਸਤਾ ਹਾਲਤ ਵਿੱਚ ਹੈ। ਉਹ ਤਿੰਨ ਬਿੱਘੇ ਜਗ ?ਹਾ ਭਾਵੇਂ ਹੁਣ ਪੰਚਾਇਤੀ ਹੈ ਪਰ ਲੋਕ ਉਸ ਨੂੰ ਪਾਥੀਆਂ ਅਤੇ ਤੂੜੀ ਰੱਖਣ ਲਈ ਵਰਤ ਰਹੇ ਹਨ। ਸ਼ਹੀਦ ਭਗਤ ਸਿੰਘ ਦੀ ਜ਼ਿੰਦਗੀ ਦੇ ਇਸ ਅਧਿਆਏ ਨੂੰ ਆਮ ਲੋਕਾਂ ਅਤੇ ਖਾਸ ਤੌਰ ਤੇ ਨੌਜਵਾਨਾਂ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ ਅਤੇ ਸਕੂਲਾਂ ਕਾਲਜਾਂ ਵਿੱਚ ਪੜ੍ਹਾਏ-ਲਿਖਾਏ ਜਾਂਦੇ ਸ਼ਹੀਦ ਭਗਤ ਸਿੰਘ ਦੇ ਲੇਖ ਵਿੱਚ ਵੀ ਇਹ ਪੱਖ ਦਰਜ ਹੋਣਾ ਚਾਹੀਦਾ ਹੈ। ਪਿੰਡ ਸ਼ਾਦੀਪੁਰ ਵਿੱਚ ਰਹਿੰਦੇ ਹੋਏ ਜਿਸ ਜਗ੍ਹਾ ਤੇ ਭਗਤ ਸਿੰਘ ਬੱਚਿਆਂ ਨੂੰ ਪੜ੍ਹਾਉਂਦੇ ਰਹੇ ਹਨ ਉੱਥੇ ਸ਼ਹੀਦ ਭਗਤ ਸਿੰਘ ਦੀ ਯਾਦ ਨੂੰ ਸਮਰਪਿਤ ਸਕੂਲ ਜਾਂ ਕਾਲਜ ਉਸਾਰਨਾ ਸਰਕਾਰ ਲਈ ਕੋਈ ਮੁਸ਼ਕਿਲ ਜਾਂ ਵੱਡਾ ਕਾਰਜ ਨਹੀਂ। ਇਸ ਦੇ ਨਾਲ ਹੀ ਠਾਕੁਰ ਟੋਡਰ ਸਿੰਘ ਦੀ ਯਾਦ ਨੂੰ ਸਮਰਪਿਤ ਵੀ ਕੋਈ ਹਸਪਤਾਲ ਵਗੈਰਾ ਉਸਾਰਿਆ ਜਾਣਾ ਚਾਹੀਦਾ ਹੈ। ਹੁਣ ਪਿੰਡ ਵਾਸੀਆਂ ਨੇ ਸ਼ਹੀਦ ਭਗਤ ਸਿੰਘ ਦੇ ਨਾਮ ਤੇ ਇੱਕ ਸੰਸਥਾ ਬਣਾ ਕੇ ਰਜਿਸਟਰ ਕਰਵਾਈ ਹੈ ਜਿਸ ਰਾਹੀਂ ਫੰਡ ਇਕੱਠਾ ਕਰਕੇ ਭਗਤ ਸਿੰਘ ਦੇ ਨਾਮ ਤੇ ਉਸੇ ਜਗ੍ਹਾ ਤੇ ਲੜਕੀਆਂ ਲਈ ਹਾਈ ਸਕੂਲ ਬਣਾਉਣ ਦਾ ਬੀੜਾ ਚੁੱਕਿਆ ਹੈ। ਇਸ ਵਾਰ ਉੱਥੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ 28 ਸਤੰਬਰ 2025 ਨੂੰ ਮਨਾਇਆ ਜਾਣਾ ਹੈ।


**(ਰਿਟਾ: ਡੀ ਐਸ ਪੀ ਪੰਜਾਬ ਪੁਲਿਸ)**

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

BEAUTY BLISS
Mediaesthetics
INSTAGRAM: BOTOXINJECTORYYC_NAV
EMAIL: NAV.BEAUTYBLISS@GMAIL.COM
Contact :
Nav Gill RN BScN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com


# ਕੈਲਗਰੀ ਵਿਚ ਪੰਜਾਬੀ ਰੰਗਮੰਚ ਦੀ ਧਮਾਲ !










ਕੈਲਗਰੀ, (ਹਰਚਰਨ ਪ੍ਰਹਾਰ): ਪ੍ਰੌਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵਲੋਂ ਹਰ ਸਾਲ ਦੀ ਤਰ੍ਹਾਂ ਬੀਤੇ ਦਿਨੀਂ 27 ਸਤੰਬਰ, 2025 ਨੂੰ ਰੈਡ ਸਟੋਨ ਥੀਏਟਰ ਦੇ ਦਰਸ਼ਕਾਂ ਨਾਲ਼ ਖਚਾ-ਖਚ ਭਰੇ ਹਾਲ ਵਿੱਚ ਦੋ ਨਾਟਕਾਂ ਦਾ ਆਯੋਜਨ ਕੀਤਾ ਗਿਆ। ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਰਾਂ ਦੇ ਸਹਿਯੋਗ ਨਾਲ਼ ਉਘੇ ਲੇਖਕ, ਨਿਰਦੇਸ਼ਕ ਅਤੇ ਅਦਾਕਾਰ ਡਾ. ਸਾਹਿਬ ਸਿੰਘ ਵਲੋਂ ਲਿਖਤ ਅਤੇ ਨਿਰਦੇਸ਼ਤ ਨਾਟਕ ਖੇਡੇ ਗਏ। ਪਹਿਲਾ ਸੋਲੋ ਨਾਟਕ 'ਤੂੰ ਅਗਲਾ ਵਰਕਾ ਫੋਲ' ਡਾ ਸਾਹਿਬ ਸਿੰਘ ਵਲੋਂ ਖੇਡਿਆ ਗਿਆ ਅਤੇ ਦੂਜਾ ਨਾਟਕ 'ਬੇਸਮੈਂਟ 'ਚ ਤ੍ਰੇੜ ਹੈ' ਉਨ੍ਹਾਂ ਦੀ ਹੀ ਨਿਰਦੇਸ਼ਨਾ ਹੇਠ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਕਾਲਕਾਰਾਂ ਵਲੋਂ ਬੇਹੱਦ ਖ਼ੂਬਸੂਰਤ ਅੰਦਾਜ਼ ਵਿੱਚ ਖੇਡਿਆ ਗਿਆ। ਨਾਟਕ ਮੇਲੇ ਦੀ ਸ਼ੁਰੂਆਤ ਮਾਸਟਰ ਭਜਨ ਸਿੰਘ ਵਲੋਂ ਸਾਰੇ ਦਰਸ਼ਕਾਂ, ਸਹਿਯੋਗੀਆਂ, ਸਪੌਂਸਰਾਂ, ਮੀਡੀਆ ਅਤੇ ਵਲੰਟੀਅਰਜ਼ ਦੇ ਧੰਨਵਾਦ ਅਤੇ ਜੀ ਆਇਆਂ ਕਹਿਣ ਨਾਲ਼ ਕੀਤਾ। ਇਹ ਨਾਟਕ ਮੇਲਾ ਪੰਜਾਬੀ ਨਾਟਕ ਜਗਤ ਦੇ ਪਿਤਾਮਾ ਭਾਜੀ ਗੁਰਸ਼ਰਨ ਜੀ ਨੂੰ ਸਮਰਪਿਤ ਕੀਤਾ ਗਿਆ। ਮੇਲੇ ਦੀ ਸ਼ੁਰੂਆਤ ਕੁਲਦੀਪ ਚਾਨੇ ਵਲੋਂ ਕਵਿੰਦਰ ਚਾਂਦ ਦੇ ਖ਼ੂਬਸੂਰਤ ਇਨਕਲਾਬੀ ਗੀਤ ਨੂੰ ਬੁਲੰਦ ਆਵਾਜ਼ ਵਿੱਚ ਗਾ ਕੇ ਕੀਤੀ।

ਡਾ ਸਾਹਿਬ ਸਿੰਘ ਵੱਲੋਂ ਲਿਖਿਆ ਤੇ ਨਿਰਦੇਸ਼ਿਤ ਕੀਤਾ ਨਾਟਕ "ਤੂੰ ਅਗਲਾ ਵਰਕਾ ਫੋਲ" ਸੋਲੋ ਨਾਟਕਾਂ ਦੇ ਇਤਿਹਾਸ ਵਿੱਚ ਇੱਕ ਨਵਾਂ ਨਿਵੇਕਲਾ ਤੇ ਸ਼ਾਨਦਾਰ ਵਰਕਾ ਲਿਖ ਗਿਆ। ਡਾ. ਸਾਹਿਬ ਸਿੰਘ ਦੀ ਅਦਾਕਾਰੀ ਨੇ ਡੂਢ ਘੰਟੇ ਤੱਕ ਕੈਲਗਰੀ ਦੇ ਦਰਸ਼ਕਾਂ ਨੂੰ ਮੰਤਰ ਮੁਗਧ ਕਰੀ ਰੱਖਿਆ। ..ਇਹ ਨਾਟਕ ਸੰਤਾਲੀ ਵੇਲੇ ਉਜੜੀ ਸਮੀਨਾ ਉਰਫ਼ ਬਚਨ ਕੌਰ ਦੀ ਮੁੜ ਵਸਣ-ਉਜੜਨ ਦੀ ਕਹਾਣੀ ਨੂੰ 2025 ਤੱਕ ਲੈ ਜਾਂਦਾ ਹੈ ਤੇ ਜਿਸ ਮਾਰਮਕ ਢੰਗ ਨਾਲ ਪੇਸ਼ ਕੀਤਾ ਹੈ, ਚਿਰਾਂ ਤੱਕ ਚੇਤਿਆਂ 'ਚ ਵਸਿਆ ਰਹੇਗਾ। ਇਸ ਨਾਟਕ ਦੇ ਗੀਤ ਪ੍ਰਸਿੱਧ ਕਵੀ ਕਵਿੰਦਰ ਚਾਂਦ ਨੇ ਲਿਖੇ ਤੇ ਸੰਗੀਤ ਸ਼ਰਨਜੀਤ ਸ਼ਾਨੂ ਨੇ ਤਿਆਰ ਕੀਤਾ ਹੈ। ਜਿਸਨੂੰ ਰੁਪਿੰਦਰ ਪੰਧੇਰ ਨੇ ਸੰਚਾਲਿਤ ਕੀਤਾ। ਡਾ. ਸਾਹਿਬ ਸਿੰਘ ਨੇ ਇਸ ਨਾਟਕ ਨੂੰ ਇਵੇਂ ਪੇਸ਼ ਕੀਤਾ ਹੈ। ਜਿਵੇਂ ਕਿੱਸਾਕਾਰ ਲੋਕਾਂ ਨੂੰ ਸਾਰੀ-ਸਾਰੀ ਰਾਤ ਆਪਣੀ ਕਿੱਸਾਗੋਈ ਰਾਹੀਂ ਕੀਲ ਕੇ ਰੱਖਦੇ ਸਨ। ਬਸ਼ੀਰ ਅਹਿਮਦ, ਅਰਜਣ ਸਿੰਘ, ਸੰਜੂ ਤੇ ਨਵਚੇਤਨ ਦੇ ਕਿਰਦਾਰਾਂ ਨੂੰ ਨਿਭਾਉਂਦਿਆਂ ਸਾਹਿਬ ਸਿੰਘ ਨੇ ਬਹੁਤ ਸੂਖਮ ਛੋਹਾਂ ਦਿੱਤੀਆਂ, ਮੁਹੱਬਤ, ਗੁੱਸਾ, ਦਰਦ, ਲਲਕਾਰ, ਲਗਭਗ ਹਰ ਰਸ ਪੇਸ਼ ਕੀਤਾ। ਧਰਮ, ਨਸਲ, ਜ਼ਾਤ ਤੋਂ ਉੱਪਰ ਉੱਠ ਕੇ ਮਨੁੱਖ ਹੋਣ ਦਾ ਸੱਦਾ ਏਨੇ ਜ਼ੋਰਦਾਰ ਢੰਗ ਨਾਲ ਇਸ ਨਾਟਕ ਦੀ ਕਹਾਣੀ ਦੇ ਆਰ-ਪਾਰ ਫੈਲਿਆ ਹੋਇਆ ਹੈ ਕਿ ਦਰਸ਼ਕ ਖੁਦ ਅਗਲਾ ਵਰਕਾ ਫੋਲਣ ਦੀ ਲੋੜ ਮਹਿਸੂਸ ਕਰਨ ਲਗਦਾ ਹੈ। ਇਸ ਨਾਟਕ ਦਾ ਅੱਜ ਦੇ ਨਫ਼ਰਤੀ ਤੇ ਜੰਗੀ ਮਾਹੌਲ ਵਿੱਚ ਪੇਸ਼ ਹੋਣਾ ਹੋਰ ਵੀ ਮਹੱਤਵਪੂਰਨ ਹੋ ਜਾਂਦਾ ਹੈ ਤੇ ਇਹ ਨਾਟਕ ਦੁਨੀਆਂ ਦੀ ਹਰ ਭਾਸ਼ਾ ਵਿੱਚ ਖੇਡਿਆ ਜਾਣਾ ਚਾਹੀਦਾ ਹੈ।

ਇਸ ਮੌਕੇ 'ਤੇ ਡਾ. ਸਾਹਿਬ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਮਾਸਟਰ ਭਜਨ ਸਿੰਘ, ਰਿਸ਼ੀ ਨਾਗਰ, ਗੁਰਸ਼ਰਨ ਢੁੱਡੀਕੇ, ਡਾ. ਅਮਜ਼ਦ ਖਾਨ, ਕਮਲ ਪੰਧੇਰ ਵਲੋਂ ਸਨਮਾਨਿਤ ਕੀਤਾ ਗਿਆ। ਅਮੋਲਕ ਸਿੰਘ ਵਲੋਂ ਲਿਖੀ ਗਦਰੀ ਦੇਸ਼ ਭਗਤ ਬੀਬੀ ਗੁਲਾਬ ਕੌਰ ਦੀ ਜੀਵਨੀ ਅਧਾਰਿਤ ਕਿਤਾਬ ਹਰਚਰਨ ਪਰਹਾਰ, ਬਲਜਿੰਦਰ ਸੰਘਾ, ਡਾ. ਅਹਿਮਦ, ਸੰਦੀਪ ਗਿੱਲ, ਜਸਵਿੰਦਰ ਮਾਨ ਵਲੋਂ ਰਿਲੀਜ਼ ਕੀਤੀ ਗਈ। ਇਸ ਨਾਟਕ ਮੇਲੇ ਵਿੱਚ ਸ਼ਾਮਿਲ ਹੋਣ ਲਈ ਵਿਸ਼ੇਸ਼ ਤੌਰ 'ਤੇ ਸਰੀ (ਬੀ. ਸੀ.) ਤੋਂ ਆਏ ਹੋਏ ਉਘੇ ਕਵੀ ਕਵਿੰਦਰ ਚਾਂਦ ਅਤੇ ਅਮਰੀਕ ਪਲ਼ਾਹੀ ਨੂੰ ਡਾ. ਸਾਹਿਬ ਸਿੰਘ, ਮੈਡਮ ਬਲਵਿੰਦਰ ਬਰਾੜ, ਗੁਰਚਰਨ ਕੌਰ ਥਿੰਦ, ਮੈਡਮ ਮਾਨ, ਸੁੱਖਵੀਰ ਗਰੇਵਾਲ, ਗੁਰਦਿਆਲ ਸਿੰਘ ਖੈਰ੍ਹਾ, ਸੁਰਜੀਤ ਸਿੰਘ ਹੇਅਰ ਵਲੋਂ ਸਨਮਾਨਿਤ ਕੀਤਾ ਗਿਆ।

ਦੂਜਾ ਨਾਟਕ "ਬੇਸਮੈਂਟ 'ਚ ਤਰੇੜ ਹੈ" ਪ੍ਰੌਗਰੈਸਿਵ ਕਲਾ ਮੰਚ ਦੇ ਕਲਾਕਾਰਾਂ ਵਲੋਂ ਕਮਾਲ ਦੀ ਊਰਜਾ ਸਹਿਤ ਪੇਸ਼ ਕੀਤਾ ਗਿਆ। ਇਹ ਨਾਟਕ ਵੀ ਡਾ. ਸਾਹਿਬ ਸਿੰਘ ਦੁਆਰਾ ਲਿਖਿਆ ਤੇ ਨਿਰਦੇਸ਼ਿਤ ਕੀਤਾ ਗਿਆ। ਕੈਨੇਡਾ ਵਿੱਚ ਪੰਜਾਬੀਆਂ ਦੀ ਜ਼ਿੰਦਗੀ ਵਿੱਚ ਆ ਰਹੀਆਂ ਸਮਾਜਿਕ, ਮਨੋਵਿਗਿਆਨਕ ਤਰੇੜਾਂ ਦੀ ਗੱਲ ਕਰਦਿਆਂ, ਇਹ ਨਾਟਕ ਉਹ ਸਭ ਕੁਝ ਕਹਿ ਗਿਆ। ਜਿਸ ਬਾਰੇ ਅਸੀਂ ਜਾਣਦੇ ਹੋਏ ਵੀ ਖੁੱਲ੍ਹ ਕੇ ਬੋਲਦੇ ਨਹੀਂ। ਕਮਲਪ੍ਰੀਤ ਪੰਧੇਰ ਨੇ ਇੱਕ ਪੀੜਤ ਕੁੜੀ, ਸੰਦੀਪ ਗਿੱਲ ਨੇ ਜ਼ਿੰਦਗੀ ਦੀਆਂ ਸੱਧਰਾਂ ਨਾਲ ਭਰੀ ਕੁੜੀ, ਨਵਕਿਰਨ ਨੇ ਪਲ-ਪਲ ਸੰਤਾਪ ਹੰਢਾਉਂਦੀ ਕੁੜੀ, ਹਰਪ੍ਰੀਤ ਕੌਰ ਨੇ ਨਿੱਕੇ ਨਿੱਕੇ ਵਿਤਕਰੇ ਸਹਿੰਦੀ ਔਰਤ ਦਾ ਕਿਰਦਾਰ ਏਨਾ ਖੁੱਭ ਕੇ ਨਿਭਾਇਆ ਕਿ ਦਰਸ਼ਕਾਂ ਦੀਆਂ ਅੱਖਾਂ ਨਮ ਹੋ ਗਈਆਂ। ਅੰਮ੍ਰਿਤ ਨੇ ਦਵੰਦ ਸਹਿੰਦੇ ਪਤੀ ਦਾ ਕਿਰਦਾਰ, ਬੌਬੀ ਢਿੱਲੋਂ ਨੇ ਬਿਲਡਰ ਤੇ ਕੌਂਸਲਰ ਦਾ ਕਿਰਦਾਰ, ਵਿਜੇ ਸਚਦੇਵਾ ਨੇ ਸਹੁਰੇ ਦਾ, ਅਮਰਬੀਰ ਨੇ ਕੌਂਸਲਰ ਦਾ ਕਿਰਦਾਰ ਖ਼ੂਬ ਨਿਭਾਇਆ। ਰਾਜਵਿੰਦਰ ਸਿੰਘ, ਜੱਸ ਅਤੇ ਆਨੀਆਂ ਨੇ ਕੋਰਸ ਦੀ ਭੂਮਿਕਾ ਵਿੱਚ ਜਾਨ ਪਾਈ ਤੇ ਸਾਹਿਬ ਪੰਧੇਰ ਨੇ ਨਾਟਕ ਦਾ ਪਿੱਠਵਰਤੀ ਸੰਗੀਤ ਸੰਚਾਲਨ ਕੀਤਾ। ਇਹ ਨਾਟਕ ਬਹੁਤ ਹੀ ਦਿਲਚਸਪ ਤਰੀਕੇ ਨਾਲ ਪੇਸ਼ ਕੀਤਾ ਗਿਆ ਤੇ ਸੋਚਣ ਲਈ ਮਜਬੂਰ ਕਰਦਾ ਹੈ।

ਸਮਾਗਮ ਦੇ ਅਖੀਰ ਵਿੱਚ ਡਾ. ਸਾਹਿਬ ਸਿੰਘ ਵਲੋਂ ਨਾਟਕ ਦੇ ਕਾਲਕਾਰਾਂ ਦੀ ਦਰਸ਼ਕਾਂ ਨਾਲ਼ ਜਾਣ-ਪਛਾਣ ਕਰਾਈ। ਮਾਸਟਰ ਭਜਨ ਸਿੰਘ ਨੇ ਦਰਸ਼ਕਾਂ ਦਾ ਪ੍ਰੋਗਰਾਮ ਸਫਲ ਕਰਾਉਣ ਵਾਸਤੇ ਮਾਇਕ ਸਹਾਇਤਾ ਕਰਨ ਲਈ ਧੰਨਵਾਦ ਕੀਤਾ।

SUPER VISA INSURANCE



MDRT
The Premier Association of Financial Professionals

Punjab Insurance Inc

LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA

HARPREET RANA 416-871-3571
NIAMAT RANA 416-206-1616

WWW.PUNJABINSURANCE.CA





Taralake Dental

Taralake Dental offers Full Range of General and Cosmetic Dental Services

TARALAKE DENTAL

We Offer

Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

Buy or Sell Any Residential or Commercial Real Estate with Insta Realty Team.




www.instarlt.com

403.681.8689
Email: info@instarlt.com

#3256, 4310-104 Ave NE Calgary AB T3N 1W3